
ਸਿਰਜਣਾ
ਜੁਲਾਈ-ਸਤੰਬਰ 2021
201
50 ਰੁਪਏ

# ਸਿਰਜਣਾ

201

ਜੁਲਾਈ-ਸਤੰਬਰ 2021

ਸੰਪਾਦਕ : ਰਘਬੀਰ ਸਿੰਘ
Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

**_SIRJANA_**
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਮਹਾਮਾਰੀ ਦੇ ਦੌਰ ਵਿਚ ਪੱਤਰਕਾਰੀ ਦੀਆਂ ਪਰਤਾਂ/1
ਜਗਦੀਪ ਸਿੱਧੂ/ਨਵੀਆਂ ਕਵਿਤਾਵਾਂ/3
ਮਲਵਿੰਦਰ/ਨਿੱਕੀਆਂ ਕਵਿਤਾਵਾਂ/6
ਸੁਕੀਰਤ/ਕਹਾਣੀ/ਇਕ ਬੁੱਲਾ ਹਵਾ ਦਾ/9
ਪਰਗਟ ਸਿੰਘ ਸਤੌਜ/ਕਹਾਣੀ/ਤੂੰ ਮੈਨੂੰ ਪਿਆਰ ਨਹੀਂ ਕਰਦਾ/16
ਗੁਰਮੀਤ ਆਰਿਫ/ਕਹਾਣੀ/ਕਸ਼ਮਕਸ਼/28
ਬਲਬੀਰ ਸੰਘੇੜਾ/ਕਹਾਣੀ/ਕਿਣਕਾ ਕਿਣਕਾ ਕਿਰਦੇ ਪਲ/36
ਆਦੇਸ਼ ਅੰਕੁਸ਼/ਲੇਖ/ਪਰਤ ਗਏ ਦੇਵਤੇ/46
ਰਘਬੀਰ ਸਿੰਘ/ਲੇਖ/ਸ੍ਰੇਸ਼ਟ ਕਹਾਣੀਕਾਰ ਕੁਲਵੰਤ ਸਿੰਘ ਵਿਰਕ/51
ਬਲਜੀਤ ਬਾਸੀ/ਲੇਖ/ਲਸ਼ਕਰ ਦੀ ਚੜ੍ਹਾਈ ਤੇ ਉਤਰਾਈ/67
ਮੁਦੱਸਰ ਬਸ਼ੀਰ/ਲੇਖ/ਚਿਰਾਗ਼ਾਂ ਦਾ ਮੇਲਾ ਤੇ ਸ਼ਾਹ ਹੁਸੈਨ/70
ਗੁਲਜ਼ਾਰ ਸਿੰਘ ਸੰਧੂ/ਰਿਵਿਊ/ਆਜ਼ਾਦੀ ਸੰਗਰਾਮ ਦੀ ਕਵਿਤਾ/76
ਹਰਿੰਦਰ ਸਿੰਘ/ਰਿਵਿਊ/ਹਨੇਰੇ ਰਾਹ/79/ਮੁਹੱਬਤ ਵੇਲ਼ਾ/81
ਪਰਗਟ ਸਿੰਘ ਬਰਾੜ/ਰਿਵਿਊ/ਉਹ ਇੱਕੀ ਦਿਨ/83/ਯਾਦਾਂ ਦੀ ਬੁੱਕਲ/94
ਜੇ.ਬੀ. ਸੇਖੋਂ/ਰਿਵਿਊ/ਰੋਹ ਵਿਦਰੋਹ/85
ਸਤਿੰਦਰਪਾਲ ਸਿੰਘ ਬਾਵਾ/ਰਿਵਿਊ/ਮੁੱਕਦੀ ਗੱਲ/88
ਹਰਵਿੰਦਰ ਸਿੰਘ/ਰਿਵਿਊ/ਓਰੇ/90
ਰਾਜਵੰਤ ਕੌਰ/ਰਿਵਿਊ/ ਪਰਤਾਂ ਵਿਚ ਜਿਉਂਦੇ ਮਨੁੱਖ/92

ਟਾਈਟਲ ਚਿੱਤਰ : ਦੇਵ

ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ

*ਸੰਪਾਦਕੀ*

# ਮਹਾਮਾਰੀ ਦੇ ਦੌਰ ਵਿਚ ਪੱਤਰਕਾਰੀ ਦੀਆਂ ਪਰਤਾਂ

ਕੋਵਿਡ-19 ਨੇ ਕੁੱਲ ਜਹਾਨ ਵਿਚ ਬੜਾ ਡੂੰਘਾ ਅਸਰ ਪਾਇਆ ਹੈ। ਹਾਲਾਤ ਅਤੇ ਹਕੀਕਤ ਤੋਂ ਜਾਪਦਾ ਹੈ, ਇਹ ਅਸਰ ਅਜੇ ਬਹੁਤ ਦੇਰ ਤਕ ਰਹਿਣਾ ਹੈ। ਇਸ ਅਸਰ ਦੀਆਂ ਕਈ ਪਰਤਾਂ ਤਾਂ ਹੁਣੇ ਨਜ਼ਰੀਂ ਪੈ ਰਹੀਆਂ ਹਨ ਅਤੇ ਬਹੁਤ ਸਾਰੀਆਂ ਪਰਤਾਂ ਅਜੇ ਭਵਿੱਖ ਵਿਚ ਖੁਲ੍ਹਣੀਆਂ ਹਨ। ਦੂਜੇ ਬੰਨੇ, ਸਥਾਪਤੀ ਨੇ ਇਸ ਮਹਾਮਾਰੀ ਨੂੰ ਸੁਨਹਿਰੀ ਮੌਕਾ ਜਾਣ ਕੇ ਮਨਮਰਜ਼ੀ ਕੀਤੀ ਹੈ ਅਤੇ ਇਹ ਅਵਾਮ ਉੱਤੇ ਸੱਤਾ ਦਾ ਸ਼ਿਕੰਜਾ ਹੋਰ ਜ਼ਿਆਦਾ ਕੱਸਣ ਦੇ ਰਾਹ ਪਈ ਹੈ। ਹੋਰ ਖੇਤਰਾਂ ਵਾਂਗ ਪੱਤਰਕਾਰੀ ਉੱਤੇ ਵੀ ਇਸ ਮਹਾਮਾਰੀ ਦਾ ਸਿੱਧਾ ਤੇ ਗਹਿਰਾ ਅਸਰ ਪਿਆ ਹੈ ਅਤੇ ਇਸ ਖੇਤਰ ਵਿਚ ਸਿਫ਼ਤੀ ਤਬਦੀਲੀਆਂ ਲਈ ਵੀ ਰਾਹ ਖੋਲ੍ਹ ਦਿੱਤੇ ਹਨ।

1990ਵਿਆਂ ਵਿਚ ਜਦੋਂ ਮੁਲਕ ਅੰਦਰ ਨਵੀਆਂ ਆਰਥਿਕ ਨੀਤੀਆਂ ਦਾ ਆਗਾਜ਼ ਕੀਤਾ ਗਿਆ ਸੀ, ਉਦੋਂ ਤੋਂ ਹੀ ਪੱਤਰਕਾਰੀ ਦੇ ਖੇਤਰ ਵਿਚ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਮਜ਼ਮੂਨ ਅਤੇ ਤਕਨੀਕੀ ਪੱਖ ਤੋਂ ਬੜਾ ਕੁਝ ਬਦਲਿਆ। ਮਿਸ਼ਨ/ਮਕਸਦ ਨੇ ਪ੍ਰੋਫੈਸ਼ਨ/ਪੇਸ਼ੇ ਦਾ ਰੂਪ ਵਟਾਇਆ ਅਤੇ ਇਸ ਖੇਤਰ ਨਾਲ ਵੀ ਕਾਰੋਬਾਰੀ ਤਰਜੀਹਾਂ ਜੁੜ ਗਈਆਂ। ਪਹਿਲਾਂ ਸਾਰਾ ਦਾਰੋਮਦਾਰ ਸੰਪਾਦਕੀ ਅਮਲੇ ਅਤੇ ਉਨ੍ਹਾਂ ਦੇ ਫ਼ੈਸਲਿਆਂ ‘ਤੇ ਹੁੰਦਾ ਸੀ, ਹੌਲੀ-ਹੌਲੀ ਫ਼ੈਸਲੇ ਕਰਨ ਕਰਵਾਉਣ ਦੀ ਤਾਕਤ ਪ੍ਰਬੰਧਕਾਂ ਕੋਲ ਜਮ੍ਹਾਂ ਹੋਣ ਲੱਗ ਪਈ। ਇਹੀ ਉਹ ਦੌਰ ਸੀ ਜਦੋਂ ਇਹ ਖੇਤਰ ਨਿਰੋਲ ਵਪਾਰ ਵਾਲੀ ਲੀਹ ‘ਤੇ ਚੜ੍ਹਿਆ। ਹੁਣ ਤਾਂ ਇਹ ਤਵਾਜ਼ਨ ਪੂਰੀ ਤਰ੍ਹਾਂ ਪ੍ਰਬੰਧਕਾਂ ਦੇ ਪੱਲੜੇ ਵਿਚ ਹੈ। ਰਹਿੰਦੀ ਕਸਰ 2014 ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਬਣੀ ਕੇਂਦਰ ਸਰਕਾਰ ਨੇ ਕੱਢ ਦਿੱਤੀ। ਇਸ ਨੇ ਮੀਡੀਆ ਨੂੰ ‘ਦਰਬਾਰੀ ਮੀਡੀਆ’ ਬਣਾਉਣ ਲਈ ਪੂਰੀ ਜਾਨ ਲਾ ਦਿੱਤੀ, ਇਉਂ ਇਸ ਖੇਤਰ ਵਿਚ ਆਜ਼ਾਦੀ ਦਾ ਸਾਹ ਹੀ ਸੂਤ ਲਿਆ ਗਿਆ। ਪਹਿਲਾਂ ਇਲੈਕਟ੍ਰੌਨਿਕ ਮੀਡੀਆ ਦਾ ਵੱਡਾ ਹਿੱਸਾ ਸਰਕਾਰ ਦੀ ਸ਼ਰਨ ਵਿਚ ਆਇਆ ਅਤੇ ਫਿਰ ਪ੍ਰਿੰਟ ਮੀਡੀਆ ਦੀਆਂ ਤਾਰਾਂ ਨੂੰ ਵੀ ਤੁਣਕੇ ਵੱਜਣ ਲੱਗ ਪਏ, ਬੁਲੰਦ ਆਵਾਜ਼ ਮਾਂਦ ਪੈਣ ਲੱਗੀ। ਇਹ ਉਹ ਵਕਤ ਸੀ ਜਦੋਂ ਕੋਵਿਡ-19 ਨਾਲ ਨਜਿੱਠਣ ਦੇ ਨਾਂ ‘ਤੇ ਲੌਕਡਾਊਨ ਲਾਇਆ ਗਿਆ।

ਲੌਕਡਾਊਨ ਨੇ ਸਭ ਤੋਂ ਪਹਿਲਾਂ ਤਾਂ ਅਖ਼ਬਾਰਾਂ ਦੀ ਇਸ਼ਾਇਤ ‘ਤੇ ਅਸਰ ਪਾਇਆ। ਜਦੋਂ ਸੋਸ਼ਲ ਮੀਡੀਆ ਉੱਤੇ ਇਹ ਅਫਵਾਹਾਂ ਘੁੰਮਣ ਲੱਗੀਆਂ ਕਿ ਅਖ਼ਬਾਰ ਨਾਲ ਤੁਹਾਡੇ ਘਰ ਕਰੋਨਾ ਵਾਇਰਸ ਵੀ ਆ ਸਕਦਾ ਹੈ ਤਾਂ ਪਾਠਕਾਂ ਨੇ ਅਖ਼ਬਾਰਾਂ ਨੂੰ ਦੂਰੋਂ ਹੀ ਸਲਾਮ ਆਖ ਦਿੱਤੀ। ਵੱਖ-ਵੱਖ ਅਦਾਰਿਆਂ ਦੀਆਂ ਮੈਨੇਜਮੈਂਟਾਂ ਨੇ ਬਥੇਰੀਆਂ ਦਲੀਲਾਂ ਦਿੱਤੀਆਂ, ਫਿਰ ਸੈਨੇਟਾਈਜ਼ਰ ਨਾਲ ਛਪਾਈ ਵਾਲੀਆਂ ਵਿਡੀਓਜ਼ ਵੀ ਨਸ਼ਰ ਕੀਤੀਆਂ, ਮਗਰੋਂ ਸੰਸਾਰ ਸਿਹਤ ਸੰਸਥਾ (World Health Organisation) ਨੇ ਵੀ ਕਿਹਾ ਕਿ ਵੱਖ-ਵੱਖ ਹੱਥਾਂ ਵਿਚੋਂ ਨਿੱਕਲ ਕੇ ਘਰੇ ਪੁੱਜਦੇ ਅਖ਼ਬਾਰ ਤੋਂ ਵਾਇਰਸ ਲੱਗਣ ਦਾ ਜੋਖ਼ਮ ਬਹੁਤ ਹੀ ਘੱਟ ਹੁੰਦਾ ਹੈ, ਅਮਰੀਕੀ ਸੰਸਥਾ ‘ਸੈਂਟਰ ਫਾਰ ਡਿਸੀਜ਼ ਕੰਟਰੋਲ’ (ਸੀ.ਡੀ.ਸੀ.) ਨੇ ਵੀ ਇਸ ਤੱਥ ਦੀ ਪੁਸ਼ਟੀ ਕੀਤੀ ਪਰ ਉਦੋਂ ਤਕ ਸਥਾਪਤੀ ਨੇ ਕਰੋਨਾ ਵਾਇਰਸ ਬਾਬਤ ਅਵਾਮ ਅੰਦਰ ਇੰਨਾ ਖ਼ੌਫ਼ ਭਰ ਦਿੱਤਾ ਸੀ ਕਿ ਅਖ਼ਬਾਰਾਂ/ਮੈਗਜ਼ੀਨਾਂ ਦੀ ਛਪਣ ਗਿਣਤੀ ਨਿੱਤ ਦਿਨ ਟੁੱਟਦੀ ਗਈ। ਅਖ਼ਬਾਰਾਂ ਦੀ ਇਸ਼ਾਇਤ ਪਿੱਛੇ ਪਹਿਲਾਂ ਵੱਖ-ਵੱਖ ਅਦਾਰਿਆਂ ਵਿਚਕਾਰ ਗਲ਼-ਵੱਢ ਮੁਕਾਬਲਾ ਚੱਲਦਾ ਸੀ ਪਰ ਲੌਕਡਾਊਨ ਵਾਲੀ ਮਾਰ ਨੇ ਅਦਾਰਿਆਂ ਨੂੰ ਇਸ਼ਾਇਤ ਦੀ ਥਾਂ ਡਿਜੀਟਲ ਮੀਡੀਆ ਬਾਰੇ ਸੋਚਣ ਦੇ ਰਾਹ ਪਾ ਦਿੱਤਾ।

ਲੌਕਡਾਊਨ ਦੌਰਾਨ ਜਦੋਂ ਸਭ ਤਰ੍ਹਾਂ ਦੀ ਸਿਆਸੀ ਸਰਗਰਮੀ, ਕਾਰੋਬਾਰੀ ਸਮਾਗਮ, ਖੇਡਾਂ ਆਦਿ ਠੱਪ ਹੋਏ ਤਾਂ ਇਸ਼ਤਿਹਾਰਾਂ ਉਤੇ ਸਿੱਧਾ ਅਸਰ ਪੈਣਾ ਸੁਭਾਵਕ ਸੀ। ਇਹ ਝਟਕਾ ਇਸ਼ਾਇਤ ਟੁੱਟਣ ਨਾਲੋਂ ਕਿਤੇ ਵੱਡਾ ਸੀ। ਇਸ ਦਾ ਸਭ ਤੋਂ ਜ਼ਿਆਦਾ ਅਸਰ ਪ੍ਰਿੰਟ ਮੀਡੀਆ ਉੱਤੇ ਹੀ ਹੋਇਆ। ਪ੍ਰਿੰਟ ਮੀਡੀਆ ਦਾ ਕੁੱਲ ਖਰਚਾ ਤਾਂ ਪਹਿਲਾਂ ਹੀ ਬਹੁਤ ਵੱਧ ਸੀ, ਵਿੱਤੀ ਸਰੋਤ ਸੁੱਕਣ ਕਾਰਨ ਸੰਕਟ ਹੋਰ ਡੂੰਘਾ ਹੋ ਗਿਆ। ਇੰਡੀਅਨ ਨਿਊਜ਼ਪੇਪਰ ਸੁਸਾਇਟੀ ਦੇ ਅੰਕੜੇ ਹਨ ਕਿ ਮਾਰਚ-ਅਪਰੈਲ 2020 ਦੌਰਾਨ ਪ੍ਰਿੰਟ ਮੀਡੀਆ ਦਾ ਘਾਟਾ 4500 ਕਰੋੜ ਤਕ ਅੱਪੜ ਗਿਆ ਸੀ। ਇਸ ਖੇਤਰ ਨਾਲ 30 ਲੱਖ ਤੋਂ ਵੱਧ ਲੋਕ ਜੁੜੇ ਹੋਏ ਹਨ ਅਤੇ ਇਨ੍ਹਾਂ ਵਿਚੋਂ 10 ਲੱਖ ਲੋਕਾਂ ਦਾ ਇਸ ਨਾਲ ਸਿੱਧਾ ਸੰਬੰਧ ਹੈ, ਬਾਕੀ 20 ਲੱਖ ਲੋਕ ਅਸਿੱਧੇ ਰੂਪ ਵਿਚ ਕਿਸੇ ਨਾ ਕਿਸੇ ਢੰਗ-ਤਰੀਕੇ ਜੁੜੇ ਹੋਏ ਹਨ। ਇਸ਼ਤਿਹਾਰ ਬੰਦ ਹੋਣ ਨਾਲ ਜਦੋਂ ਮੈਨੇਜਮੈਂਟਾਂ ਖਰਚ ਘਟਾਉਣ ਵਾਲੇ ਪਾਸੇ ਤੁਰੀਆਂ ਤਾਂ ਸਭ ਤੋਂ ਪਹਿਲਾ ਵਾਰ ਮੁਲਾਜ਼ਮਾਂ ‘ਤੇ ਹੋਇਆ। ਉਨ੍ਹਾਂ ਦੀਆਂ ਤਨਖਾਹਾਂ ਵਿਚ ਕਟੌਤੀ ਹੋਈ। ਫਿਰ ਪੰਨੇ ਘਟਾਏ ਜਾਣ ਲੱਗੇ। ਵਿੱਤੀ ਸੰਕਟ ਦੀ ਕਾਟ ਲਈ ਮੈਨਜਮੈਂਟਾਂ ਨੇ ਡਿਜੀਟਲ ਮੀਡੀਆ ਦਾ ਰੁਖ਼ ਕੀਤਾ ਜਿਸ ਨੂੰ ਹੁਣ ਇੰਡਸਟਰੀ ਵਿਚ ਅਗਲਾ ਮੀਡੀਆ ਮੈਦਾਨ ਤਸੱਵੁਰ ਕੀਤਾ ਜਾ ਰਿਹਾ ਹੈ। ਇਸ ਸਾਰਾ ਤਰੱਦਦ ਮੀਡੀਆ ਲਈ ਵਿੱਤੀ ਸਰੋਤ ਲੱਭਣ ਖਾਤਰ ਹੀ ਕੀਤਾ ਜਾ ਰਿਹਾ ਹੈ। ਇਕ ਰਾਹ ਵੈੱਬ ਮੀਡੀਆ ਵੱਲ ਵੀ ਖੁੱਲ੍ਹਿਆ। ਉਂਝ ਸਮੇਂ ਦਾ ਸੱਚ ਇਹੀ ਹੈ ਕਿ ਪ੍ਰਿੰਟ ਮੀਡੀਆ ਲਈ ਅੱਜ ਵੀ ਇਸ਼ਤਿਹਾਰ ਉਡੀਕੇ ਜਾ ਰਹੇ ਹਨ ਅਤੇ ਇਸ਼ਾਇਤ ਵਧਾਉਣ ਲਈ ਮੁੜ ਤੋਂ ਪਾਠਕਾਂ ਨਾਲ ਰਾਬਤਾ ਬਣਾਇਆ ਜਾ ਰਿਹਾ ਹੈ। ਮਤਲਬ ਸਾਫ ਹੈ ਕਿ ਭਰੋਸੇਯੋਗਤਾ ਦਾ ਮੁੱਲ ਪੈ ਰਿਹਾ ਹੈ। ਸ਼ਾਇਦ ਇਸੇ ਕਾਰਨ ਪ੍ਰਿੰਟ ਮੀਡੀਆ ਅੰਦਰ ਕੁਕਨਸ ਦੀ ਕਹਾਣੀ ਦੁਹਰਾਉਣ ਦੀ ਵਿਥਿਆ ਲੁਕੀ ਹੋਈ ਹੈ।

ਪ੍ਰਿੰਟ ਮੀਡੀਆ ਲਈ ਇਹ ਸੰਕਟ ਵਾਕਈ ਬਹੁਤ ਵੱਡਾ ਹੈ ਪਰ ਇਹ ਕੋਈ ਪਹਿਲਾ ਜਾਂ ਆਖ਼ਰੀ ਸੰਕਟ ਨਹੀਂ। ਚਿਰ ਪਹਿਲਾਂ ਟੈਲੀਵਿਜ਼ਨ ਦੀ ਆਮਦ ਵੇਲ਼ੇ ਵੀ ਪ੍ਰਿੰਟ ਮੀਡੀਆ ਦੀ ਹੋਂਦ ਬਾਰੇ ਸਵਾਲ ਉੱਠੇ ਸਨ ਪਰ ਇਤਿਹਾਸ ਦੱਸਦਾ ਹੈ ਕਿ ਅਦਾਰਿਆਂ ਦੀ ਗਿਣਤੀ ਲਗਾਤਾਰ ਵਧੀ ਹੈ, ਅਖ਼ਬਾਰਾਂ ਦੀ ਇਸ਼ਾਇਤ ਵੀ ਵਧੀ ਹੈ ਤੇ ਪਾਠਕ ਵੀ ਦੂਣ ਸਵਾਏ ਹੋਏ ਹਨ। ਸੋਸ਼ਲ ਮੀਡੀਆ ਦੀ ਝੱਖੜ ਵਰਗੀ ਆਮਦ ਨੇ ਤਾਂ ਹੋਂਦ ਵਾਲੇ ਸਵਾਲ ਨੂੰ ਕੁਝ ਜ਼ਿਆਦਾ ਹੀ ਜ਼ਰਬ ਦਿੱਤੀ ਸੀ ਪਰ ਮੀਡੀਆ ਦੀ ਸ਼ਾਨ ਅਤੇ ਸਲਾਮਤੀ ਇਸ ਦੇ ਮਿਸ਼ਨ/ਮਕਸਦ ਅੰਦਰ ਗਿਰੀ ਵਾਂਗ ਸਾਂਭੀ ਪਈ ਹੈ। ਜਾਪਦਾ ਹੈ, ਇਹ ਜਲੌਅ ਇਸ ਦੇ ਸੰਪਾਦਕੀ ਜ਼ਬਤ ਦਾ ਹੈ। ਵਾਰ-ਵਾਰ ਸਾਬਤ ਹੋ ਰਿਹਾ ਹੈ ਕਿ ਪੱਤਰਕਾਰੀ ਦੇ ਖੇਤਰ ਵਿਚ ਸੰਪਾਦਕੀ ਕੁੰਡਾ ਵੀ ਕੋਈ ਸ਼ੈਅ ਹੈ ਜਿਸ ਦਾ ਕੋਈ ਤੋੜ ਨਹੀਂ। ਸ਼ਾਇਦ ਇਸੇ ਕਰਕੇ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਪ੍ਰਿੰਟ ਮੀਡੀਆ ਦਾ ਇਹ ਜਲੌਅ ਬਰਕਰਾਰ ਹੈ। ਇਹ ਜਲੌਅ ਹਰ ਹਾਲ ਬਰਕਰਾਰ ਵੀ ਰਹਿਣਾ ਚਾਹੀਦਾ ਹੈ, ਕਿਉਂਕਿ ਇਲੈਕਟ੍ਰੌਨਿਕ ਮੀਡੀਆ ਦੇ ਵੱਡੇ ਹਿੱਸੇ ਨੇ ਜਿਸ ਤਰ੍ਹਾਂ ਸਰਕਾਰ ਦੀ ਸ਼ਰਨ ਵਿਚ ਜਾ ਕੇ ਮੀਡੀਆ ਦੀ ਪਿੱਠ ਲੁਆ ਦਿੱਤੀ ਸੀ, ਇਸ ਦੀ ਲਾਜ ਪ੍ਰਿੰਟ ਮੀਡੀਆ ਨੇ ਹੀ ਰੱਖੀ ਹੈ।

ਸਾਹਿਤਕ ਪਰਚਿਆਂ, ਖ਼ਾਸਕਰ ਪੰਜਾਬੀ ਦੇ ਸਾਹਿਤਕ ਪਰਚਿਆਂ ਦਾ ਮਿਜ਼ਾਜ ਇਸ ਤੋਂ ਕੁਝ ਵੱਖਰਾ ਹੈ। ਦਰਅਸਲ, ਇਨ੍ਹਾਂ ਦਾ ਨਾੜੂਆ ਮੁੱਖ ਰੂਪ ਵਿਚ ਮਿਸ਼ਨ ਨਾਲ ਜੁੜਿਆ ਹੋਇਆ ਹੈ। ਕਈ ਕਾਰਨਾਂ ਕਰਕੇ ਸਾਹਿਤਕ ਪਰਚੇ ਭਾਵੇਂ ਬੰਦ ਹੁੰਦੇ ਰਹੇ ਹਨ ਜਿਸ ਵਿਚੋਂ ਮੁੱਖ ਕਾਰਨ ਆਰਥਿਕਤਾ ਦਾ ਹੀ ਹੁੰਦਾ ਸੀ ਪਰ ਇਨ੍ਹਾਂ ਦੀ ਅਮੀਰ ਵਿਰਾਸਤ ਤੋਂ ਕੋਈ ਵੀ ਇਨਕਾਰੀ ਨਹੀਂ। ਕੋਵਿਡ-19 ਮਹਾਮਾਰੀ ਨੇ ਇਨ੍ਹਾਂ ਨੂੰ ਵਕਤੀ ਝਟਕਾ ਤਾਂ ਜ਼ਰੂਰ ਦਿੱਤਾ ਪਰ ਇਨ੍ਹਾਂ ਦੀ ਪਹਿਲਾਂ ਵਾਲੀ ਮੜਕ ਬਾਕਾਇਦਾ ਕਾਇਮ ਹੈ। ਕੋਵਿਡ-19 ਦੇ ਅਸਰ ਕਾਰਨ ਸਾਹਿਤਕ ਖੇਤਰ ਵਿਚ ਆਡੀਓ-ਵਿਡੀਓ ਮੰਚਾਂ ਦੀ ਆਮਦ ਨੇ ਸਗੋਂ ਇਸ ਖੇਤਰ ਨੂੰ ਅਮੀਰ ਹੀ ਕੀਤਾ ਹੈ। 000

# ਕੁਝ ਨਵੀਆਂ ਕਵਿਤਾਵਾਂ: ਜਗਦੀਪ ਸਿੱਧੂ

## ਘਰ ਲਈ

ਕਈ ਵਾਰ ਹੱਸਦਿਆਂ ਪਤਨੀ ਨੂੰ ਕਹਿੰਦਾ:
ਮੇਰੀ ਮਾਂ ਹੀ ਨਾ ਬਣਨ ਲੱਗ ਜਾਇਆ ਕਰ
ਤਦ ਕਹਿੰਦੀ:
ਘਰ ਦੇ ਭਲੇ ਲਈ
ਪਤੀ ਪਤਨੀ ਨੂੰ ਇਕ ਦੂਜੇ ਦੇ
ਮਾਂ ਪਿਓ ਵੀ ਬਣਨਾ ਪੈਂਦਾ

ਇਸ ਤਰ੍ਹਾਂ ਦੀਆਂ ਗੱਲਾਂ
ਸੱਚੀਆਂ ਤਦ ਲੱਗੀਆਂ ਮੈਨੂੰ
ਜਦ ਘਰ ਆਇਆ ਬੱਚਾ ਸਾਡਾ

ਪਤਨੀ ਕਹਿੰਦੀ:
ਇਸ ਨੂੰ ਜੀ ਤੇ ਤੁਸੀਂ ਕਹਿ ਕੇ ਬੁਲਾਇਆ ਕਰੋ
ਤਾਂ ਇਹ ਆਪਾਂ ਨੂੰ ਰੀਸ ਨਾਲ਼
ਜੀ,ਤੁਸੀਂ ਕਹਿ ਕੇ ਬੁਲਾਇਆ ਕਰੂ

ਤੇ ਤੁਸੀਂ ਮੈਨੂੰ ਮੰਮੀ ਤੇ ਮੈਂ ਤੁਹਾਨੂੰ
ਪਾਪਾ ਕਹਿ ਕੇ ਬੁਲਾਇਆ ਕਰਨਾ

ਨਹੀਂ ਤਾਂ ਸਾਡੇ ਪਿੱਛੇ-ਪਿੱਛੇ
ਨਾਂਅ ਲਿਆ ਕਰਨਾ ਇਹਨੇ ਸਾਡਾ

ਤੇ ਅੱਜ ਚੇਤੇ ਆਈ ਉਹ ਗੱਲ
ਕਿਹਾ ਸੀ ਜਦ ਪਤਨੀ ਨੂੰ:
ਮੇਰੀ ਮਾਂ ਹੀ ਨਾ ਬਣਨ ਲੱਗ ਜਾਇਆ ਕਰ 00

## ਆਪਣੇ-ਆਪਣੇ

ਵਿਆਹ ਤੋਂ ਪਹਿਲਾਂ
ਪਿਆਰ ਦੀ ਸਿਖ਼ਰ 'ਤੇ
ਰੱਖ ਦਿੰਦੇ
ਆਪਣੇ ਬੱਚਿਆਂ ਦੇ ਨਾਂਅ
ਬਾਅਦ ਵਿਚ

ਜਦ ਨਹੀਂ ਚੜ੍ਹਦੀ ਸਿਰੇ ਗੱਲ
ਰੱਖਦੇ ਹਾਂ
ਆਪਣੇ-ਆਪਣੇ ਬੱਚਿਆਂ ਦੇ ਨਾਂਅ

ਦੇਖ ਲੈ
ਦੋ ਵਾਰ ਆ ਗਿਆ 'ਆਪਣੇ'
ਫੇਰ ਵੀ ਕੁਝ ਨਹੀਂ 'ਆਪਣਾ'

ਛੱਡ ਰਹਿਣ ਦੇ ਯਾਦ ਕਰਨ ਨੂੰ
ਦੁਹਰਾਉਣ ਨਾਲ਼ ਵਾਰ-ਵਾਰ
ਉਹ ਗੱਲ ਨਹੀਂ ਬਣਦੀ 00

## ਬਸ ਇਹ ਵੀ ਦੇਖ ਲਿਆ

ਬੰਨਵੇਂ 'ਚ ਆਇਆ ਟੀ.ਵੀ. ਸਾਡੇ
ਸਵੇਰ ਸ਼ਾਮ
ਹਰ ਪ੍ਰੋਗਰਾਮ ਦੇਖਣ ਦੀ ਚਾਹਤ

ਵੱਡੇ ਹੋਏ-ਦੇਖੇ ਸਿਨਮੇ
ਫਿਲਮਾਂ ਬੇਸ਼ੁਮਾਰ
ਭਾਵੁਕ, ਮਾਰਧਾੜ

ਆਇਆ ਫ਼ੋਨ
ਫੇਰ ਦੁਨੀਆ ਮੁੱਠੀ ਵਿਚ

ਆਈਆਂ ਖ਼ੂਨ ਦੀਆਂ ਉਲਟੀਆਂ
ਜਾਨ ਮੁੱਠੀ 'ਚ
ਗਏ ਅੰਦਰ ਕੈਮਰੇ

ਬਸ!
ਇਹ ਵੀ ਦੇਖ ਲਿਆ ਸਕਰੀਨ 'ਤੇ 00

## ਕੋਲ਼ ਦੀ

ਆਖ਼ਰੀ ਵਾਰ ਦਿਸੀ
ਉਹ ਮੈਨੂੰ ਖਿੜਕੀ 'ਚੋਂ

ਕਿੰਨੇ ਕਿੰਨੇ ਵਾਰ
ਮਿਲੇ ਅਸੀਂ, ਕਿਵੇਂ ਕਿਵੇਂ

ਉਹ ਬਸ ਨਹੀਂ ਚੜ੍ਹੀ

ਜਿੱਥੇ ਉਸ ਨੇ ਪਹੁੰਚਣਾ ਸੀ
ਮੈਂ ਉਸ ਦੇ
ਕੋਲ਼ ਦੀ ਹੋ ਕੇ ਜਾਣਾ ਸੀ 00

## ਇਹ ਸਮਾਂ

ਫੇਸਬੁੱਕ, ਇੰਸਟਾ, ਯੂਟਿਊਬ, ਗੂਗਲ
ਕਿੱਥੇ-ਕਿੱਥੇ ਲੱਭਦਾ ਰਹਿਨਾਂ ਤੈਨੂੰ
ਬਸ ਛੂਹ ਹੀ ਲਵਾਂਗਾ
ਉਂਗਲਾਂ ਤੇਜ਼ੀ ਨਾਲ਼ ਚਲਦੀਆਂ

ਸੈਂਕੜੇ ਨਾਮ
ਆ ਜਾਂਦੇ ਤੇਰੇ ਨਾਂਅ ਦੇ

ਬਸ ਇਸੇ ਤਰ੍ਹਾਂ ਹੀ
ਹੋਰ ਵੀ ਔਖਾ ਹੋ ਜਾਂਦਾ ਜਿਉਣਾ
ਇਸ ਆਧੁਨਿਕ ਯੁਗ ਵਿਚ 00

## ਦੁੱਗਣਾ ਕਸ਼ਟ

ਮਰ ਰਹੇ ਨੇ ਲੋਕ
ਇਕ ਇਕ ਕਰਕੇ

ਜ਼ਮੀਨ ’ਤੇ, ਅੱਧ ਆਸਮਾਨ ’ਤੇ
ਉਪਰ, ਥੱਲੇ, ਹਰ ਥਾਂ

ਜ਼ਮੀਰ ਤੋਂ ਵੀ
ਮਰ ਰਹੇ ਨੇ ਲੋਕ

ਇਕ ਮਰਿਆ ਅੱਜ
ਉਹ ਜਿਊਂਦਾ ਸੀ?

ਪਤਾ ਲੱਗਿਆ ਅੱਜ
ਇਸ ਤਰ੍ਹਾਂ ਦੋ ਦੋ ਵਾਰ ਵੀ
ਮਰ ਰਹੇ ਨੇ ਲੋਕ। 000

***(181 ਮਾਡਰਨ ਵੈਲੀ, ਲੁਧਿਆਣਾ ਰੋਡ, ਖਰੜ, ਜ਼ਿਲ੍ਹਾ ਮੁਹਾਲੀ***
***ਫੋਨ: 82838-26876)***

# ਮਲਵਿੰਦਰ ਦੀਆਂ ਨਿੱਕੀਆਂ ਕਵਿਤਾਵਾਂ

## ਜਿਉਣ ਛਿਣ

ਨਾ ਮੈਂ ਨਕੋਰ ਸਾਂ
ਨਾ ਉਹ ਸੁੱਚੀ ਸੀ

ਦੋਵੇਂ ਭਰਮ ਸਾਂ

ਇਕ ਦੂਜੇ ਦੀ ਦੇਹ 'ਚ ਕੰਬੇ ਸਾਂ
ਟੁੱਟਣ ਤੋਂ ਪਹਿਲਾਂ ਜੁੜੇ ਸਾਂ

ਮਰਨ ਤੋਂ ਪਹਿਲਾਂ
ਜਿਉਣ ਛਿਣ ਹੰਢਾਇਆ ਸੀ 00

## ਸਹਾਇ

ਮੇਰੇ ਬੋਝੇ ਵਿਚ ਟਾਫ਼ੀਆਂ ਹੋਣ
ਤਾਂ ਖ਼ਿਆਲਾਂ ਵਿਚ ਰਹਿੰਦੀ ਹੈ
ਉਹ ਨਿੱਕੀ ਕੁੜੀ
ਕਦੇ ਵੀ, ਕਿਤੇ ਵੀ
ਪ੍ਰਗਟ ਹੋ ਜਾਵੇ

ਮਮਤਾ ਨਾਲ ਭਰਿਆ ਹਾਂ ਮੈਂ
ਕੁੜੀ ਦਾ ਨਾਂ ਨਹੀਂ ਦੱਸਾਂਗਾ 00

## ਡਾਇਰੀ

ਕੰਪਿਊਟਰ ਦੇ ਮੋਨੀਟਰ 'ਚ ਖਪ ਗਈ
ਕਵਿਤਾਵਾਂ ਵਾਲੀ ਡਾਇਰੀ
ਜਿਵੇਂ ਸੁਖ-ਸਹੂਲਤਾਂ 'ਚ ਖ਼ਪ ਗਈ ਤੂੰ

ਅਣਗੌਲ਼ੀ ਜਿਹੀ ਪਈ ਰਹਿੰਦੀ ਹੈ ਡਾਇਰੀ
ਭੁੱਲੀ-ਵਿਸਰੀ ਰਹਿੰਦੀ ਹੈਂ ਤੂੰ

ਕਿਸੇ ਦਿਨ ਆ
ਪੁਰਾਣੀ ਡਾਇਰੀ ਫਰੋਲੀਏ 00

## ਠੋਕਰਾਂ

ਚੰਦਰਮਾ ਦੀ ਚਾਨਣੀ ਦਾ ਧੰਨਵਾਦ ਕਰੋ
ਤੇ ਪੈਦਲ ਤੁਰੋ

ਤੁਰਦਿਆਂ ਰਾਹ ਬਣਦੇ
ਸਿਖ਼ਰ ਦੁਪਹਿਰੇ
ਰੁੱਖ ਦਾ ਧੰਨਵਾਦ ਕਰੋ
ਬੋਝੇ 'ਚ ਛਾਂ ਪਾ ਕੇ
ਪੈਦਲ ਤੁਰੋ
ਤੁਰਦਿਆਂ ਰਾਹ ਬਣਦੇ

ਮੱਸਿਆ ਦੀ ਰਾਤ
ਹਨੇਰੇ ਦਾ ਧੰਨਵਾਦ ਕਰੋ
ਪੈਦਲ ਤੁਰੋ
ਠੋਕਰਾਂ - ਰਾਹਾਂ ਦਾ ਸਿਰਨਾਵਾਂ ਹੁੰਦੀਆਂ 00

**ਉਡੀਕ**

ਤੈਨੂੰ ਭੁੱਲਣ ਲਈ
ਮੈਨੂੰ ਯਤਨ ਨਹੀਂ ਕਰਨਾ ਪਿਆ
ਪੁੰਗਰਨ ਤੋਂ ਪਹਿਲਾਂ ਹੀ
ਮੁਰਝਾ ਗਈ ਆਸ

ਸਿਰਜਣਾ ਦਾ ਭੇਤ ਸਾਂਭੀ
ਵਿਹਲੀ ਹੈ ਹੁਣ ਮਿੱਟੀ

ਇਹ ਉਡੀਕ ਦਾ ਆਨੰਦ ਹੈ 00

**ਬਾਹਰ**

ਨਵੀਂ ਫ਼ਰਾਕ ਪਹਿਨੀ
ਧੁੱਪ ਨੂੰ ਉਡੀਕਦੀ ਰਹੀ ਉਹ
ਚੰਦਰਾ ਮੀਂਹ
ਬਾਰੀ ਵਿਚੋਂ ਬਾਹਰ ਵੇਖਦੀ
ਮਾਂ ਵੀ ਉਦਾਸ ਰਹੀ 00

**ਨਿੱਕੀਆਂ ਪਿਆਰੀਆਂ**

ਮੈਂ ਅਣਗੌਲ਼ਿਆਂ ਕਰਦਾ ਰਿਹਾ
ਇਹ ਸਹਿੰਦੀਆਂ ਰਹੀਆਂ
ਹੁਣ ਜਦ ਮੋਹਣ ਲੱਗੀਆਂ
ਅੱਖ ਨਹੀਂ ਮਿਲਾਉਂਦੀਆਂ
ਨਿੱਕੀਆਂ ਨਿੱਕੀਆਂ - ਪਿਆਰੀਆਂ ਕਵਿਤਾਵਾਂ 00

**ਜਿਉਂਦੇ**

ਕਿੰਨੇ ਮਰ ਗਏ
ਕਵਿਤਾਵਾਂ ਲਿਖਦੇ
ਮਹਿਫ਼ਲਾਂ ਵਿਚ ਮਿਲਦੇ
ਰਿੰਗ-ਟੋਨ ਬਣਦੇ

ਪਰ ਜਿਉਣ ਕਈ ਸਦੀਆਂ ਉਲੰਘ

ਕਵਿਤਾਵਾਂ 'ਚ ਜਿਉਂਦਾ
ਕਦ ਕੋਈ ਮਰਦਾ 00

**ਖ਼ਿਲਾਰਾ**

ਰੋਜ਼ ਦੁਹਰਾਉਂਦੇ ਹਾਂ
ਨਿੱਕੀ ਬੱਚੀ ਹੱਥੋਂ
ਜ਼ਲੀਲ ਹੋਣ ਦਾ ਸ਼ੌਕ
ਰੋਜ਼ ਮਮਤਾ ਦਾ
ਖ਼ਿਲਾਰਾ ਪਾਉਂਦੇ ਹਾਂ 00

**ਵਾਹ**

ਕਸੂਤਾ ਜਿਹਾ ਕੀ ਝਾਕਨਾਂ

ਗੱਲ ਨਾ ਕਰ
ਝਾਕ ਤਾਂ ਸੁਨੱਖਾ 00

**ਰਿਸ਼ਤਾ**

ਇਹ ਘਰ ਉਸਦਾ ਹੈ
ਇਹੋ ਸੋਚਦਿਆਂ
ਦਰ ਮੂਹਰਿਓਂ ਲੰਘਦਿਆਂ
ਚਿੱਤ ਪ੍ਰਸੰਨ ਹੋ ਜਾਂਦਾ 00

**ਨਿਰਣਾ**

ਸੈਰ ਤੋਂ ਪਰਤਦਿਆਂ
ਡਿਗਰੀਆਂ ਦੀ ਗੱਲ ਹੋਈ
ਉਮਰਾਂ ਦੀ, ਸਿਆਣਪ ਦੀ

ਤਿੰਨਾਂ ਦਾ ਆਪੋ ਵਿਚ
ਕੋਈ ਰਿਸ਼ਤਾ ਨਾ ਜੁੜਿਆ 00

**ਡਰ**

ਵਿਹੜੇ 'ਚ ਡਿਗਿਆ ਅਖ਼ਬਾਰ
ਕਮਰਿਆਂ 'ਚ ਫੈਲ ਗਿਆ ਖ਼ੌਫ਼
ਡਰ ਨਾਲ ਕੰਬਦੀਆਂ ਕੰਧਾਂ ਨੂੰ
ਧੁੱਪ ਅਤੇ ਚਹਿਚਹਾਉਂਦੇ ਪੰਛੀਆਂ ਨੇ
ਧਰਵਾਸ ਦਿੱਤਾ

ਬਿਰਖਾਂ ਦਾ ਧਰਵਾਸ ਅਜੇ ਬਾਕੀ ਹੈ 000

***(ਏ-195, ਲੇਨ 12, ਗੁਰੂ ਅਮਰਦਾਸ ਐਵਨਿਊ, ਏਅਰਪੋਰਟ ਰੋਡ, ਅੰਮ੍ਰਿਤਸਰ-143008 ਫੋਨ: 97795-91344)***

# ਇਕ ਬੁੱਲਾ ਹਵਾ ਦਾ: ਕਹਾਣੀ: ਸੁਕੀਰਤ

"ਨੀਤਾ ਭਾਰਦਵਾਜ?"

ਕਿਸੇ ਐਨ ਕੋਲ਼ ਆਣ ਕੇ ਖੜੋਣ ਵਾਲੇ ਬੰਦੇ ਨੇ ਸਵਾਲੀਆ ਲਹਿਜੇ ਵਿਚ ਕਿਹਾ ਤੇ ਅਸਾਂ ਦੋਨਾਂ ਨੇ ਇਕੋ ਵੇਲੇ ਪਿੱਛੇ ਮੁੜ ਕੇ ਦੇਖਿਆ। ਮਾਮਾ ਨੇ ਰਤਾ ਤ੍ਰਭਕਦਿਆਂ, ਤੇ ਮੈਂ ਹੈਰਾਨੀ ਨਾਲ। ਮਾਮਾ ਨੂੰ ਉਨ੍ਹਾਂ ਦੇ ਬਚਪਨ ਦੇ ਨਾਂਅ ਨਾਲ ਬੁਲਾਣ ਵਾਲਾ ਇਹ ਕੌਣ ਸੀ?

ਪਿੱਛੇ ਖੜ੍ਹਾ ਆਦਮੀ ਉਹੋ ਜਿਹਾ ਸੀ ਜਿਨ੍ਹਾਂ ਨੂੰ ਪੁਨੀਤ ਕੁਝ ਕੁਝ ਹਸਦ ਰਲ਼ੇ ਵਿਅੰਗ ਨਾਲ 'ਇੰਡੀਆ ਇੰਟਰਨੈਸ਼ਨਲ ਟਾਈਪ' ਕਹਿੰਦਾ ਹੁੰਦਾ ਹੈ: ਰੰਗਦਾਰ ਕੁਰਤੇ ਪਾ ਕੇ ਤੇੜ ਮੇਲਵੇਂ ਪਜਾਮੇ ਪਾਣ ਵਾਲੇ; ਕੱਪੜੇ ਹਮੇਸ਼ਾ ਹਿੰਦੁਸਤਾਨੀ, ਪਰ ਅੰਗਰੇਜ਼ੀ ਅੰਗਰੇਜ਼ਾਂ ਵਾਂਗ ਬੋਲਣ ਵਾਲੇ। ਜਿਹੜੇ ਜਵਾਨੀ ਤੋਂ ਬੁਢਾਪੇ ਤਕ ਆਪਣਾ ਇਕੋ ਸਟਾਈਲ ਕਾਇਮ ਰੱਖਦੇ ਹਨ, ਜ਼ਮਾਨੇ ਦੇ ਫੈਸ਼ਨ ਭਾਂਵੇਂ ਬਦਲਦੇ ਜਾਣ। ਫਬਵੇਂ ਤਰਾਸ਼ੇ ਵਾਲ਼ਾਂ, ਅਤੇ ਆਮ ਤੌਰ 'ਤੇ ਇਕਹਿਰੇ ਸਰੀਰ ਵਾਲੇ।

ਵੈਸੇ ਏਸ ਆਦਮੀ ਦੇ ਸਿਰ 'ਤੇ ਇਕ ਵੀ ਵਾਲ਼ ਨਹੀਂ ਸੀ, ਦਾੜ੍ਹੀ ਜ਼ਰੂਰ ਸੁਆਰ ਕੇ ਤਰਾਸ਼ੀ ਹੋਈ ਸੀ ਤੇ ਫਬ ਵੀ ਰਹੀ ਸੀ। ਸਰੀਰ ਜੇ ਇਕਹਿਰਾ ਨਹੀਂ ਸੀ ਤਾਂ ਵਾਧੂ ਭਰਿਆ ਹੋਇਆ ਵੀ ਨਹੀਂ ਸੀ। ਮਾਮਾ ਨੇ ਪਛਾਣਨ ਵਿਚ ਦੇਰ ਨਾ ਲਾਈ, "ਤੇਜੀ?"

ਮੈਂ ਭਾਵੇਂ ਨਾਂਅ ਤੋਂ ਵੀ ਪਛਾਣ ਨਾ ਸਕੀ, ਪਰ ਚਿਹਰਾ ਜ਼ਰੂਰ ਕੁਝ ਕੁਝ ਪਛਾਣਿਆ ਲੱਗ ਰਿਹਾ ਸੀ।

"ਬੜੀ ਛੇਤੀ ਪਛਾਣ ਲਿਆ ਈ, ਆਈ ਐਮ ਇੰਪ੍ਰੈਸਡ।"

"ਤੂੰ ਗੰਜਾ ਜ਼ਰੂਰ ਹੋ ਗਿਆ ਹੈਂ, ਪਰ ਤੇਰੀ ਆਵਾਜ਼ ਥੋੜ੍ਹੇ ਬਦਲ ਗਈ ਹੈ।"

ਮਾਮਾ ਵਿਚ ਏਨੀ ਬੇਤਕੱਲਫ਼ੀ! ਪੈਂਦੀ ਸੱਟੇ ਕਿਸੇ ਦੇ ਗੰਜੇਪਣ ਵੱਲ ਇਸ਼ਾਰਾ ਕਰ ਦਿੱਤਾ। ਅੱਜਕੱਲ ਤਾਂ ਉਹ ਵੈਸੇ ਹੀ ਘੱਟ ਬੋਲਦੇ ਹਨ।

"ਆਈ ਐਮ ਸਟਿਲ ਇੰਪ੍ਰੈਸਡ, ਨੀਤਾ।"

"ਮੇਰੀ ਬੇਟੀ ਨੂੰ ਮਿਲ – ਸੁਮੇਧਾ। ਮੇਧੂ, ਇਹ ਤੇਜੀ, ਮੇਰਾ ਮਤਲਬ ਤੇਜੇਸ਼ਵਰ ਹੈ, ਮੇਰਾ ਬਚਪਨ ਦਾ ਦੋਸਤ। ਸਦੀਆਂ ਬਾਅਦ ਮਿਲਿਆ ਹੈ।" ਮਾਮਾ ਨੇ ਅਚਾਨਕ ਫੇਰ, ਬੜੇ ਅਰਸੇ ਮਗਰੋਂ ਮੈਨੂੰ ਮੇਧੂ ਕਿਹਾ, ਵਰਨਾ ਹੁਣ ਹਮੇਸ਼ਾ ਸੁਮੇਧਾ ਹੀ ਕਹਿੰਦੇ ਹਨ।

"ਹਲੋ, ਸੁਮੇਧਾ। ਤੁਹਾਡੀ ਸ਼ਕਲ ਨੀਤਾ ਨਾਲ ਕਾਫ਼ੀ ਮਿਲਦੀ ਹੈ", ਮਾਮਾ ਦੇ ਬਚਪਨ ਦੇ ਦੋਸਤ ਨੇ ਦਸਤਪੰਜੇ ਲਈ ਆਪਣਾ ਹੱਥ ਅੱਗੇ ਵਧਾਇਆ।

ਵੈਸੇ ਮੇਰੀ ਸ਼ਕਲ ਮਾਮਾ ਨਾਲ ਕੋਈ ਖ਼ਾਸ ਨਹੀਂ ਮਿਲਦੀ। ਬਚਪਨ ਤੋਂ ਸੁਣਦੀ ਰਹੀ ਹਾਂ ਕਿ ਮੈਂ ਬਿਲਕੁਲ ਦਾਦਕਿਆਂ 'ਤੇ ਹਾਂ। ਇਸ ਤੇਜੀ, ਮੇਰਾ ਮਤਲਬ ਤੇਜੇਸ਼ਵਰ, ਨਾਲ ਹੱਥ ਮਿਲਾਂਦਿਆਂ ਸੋਚ ਰਹੀ ਸਾਂ ਕਿ ਬਸ ਕੁਝ ਕਹਿਣ ਖਾਤਰ ਕਹਿ ਰਿਹਾ ਹੈ। ਪਰ ਉਸ ਤੋਂ ਵੀ ਵੱਧ ਇਹ ਸਵਾਲ ਮਨ ਵਿਚ ਉਭਰ ਰਿਹਾ ਸੀ ਕਿ ਇਸ ਬੰਦੇ ਨੂੰ ਪਹਿਲਾਂ ਕਿੱਥੇ ਦੇਖਿਆ ਸੀ!

ਵੀਹ ਮਿੰਟ ਬਾਅਦ ਅਸੀਂ ਇਸ 'ਇੰਡੀਆ ਇੰਟਰਨੈਸ਼ਨਲ ਟਾਈਪ' ਦੇ ਸੱਦੇ ਉੱਤੇ ਸੱਚਮੁੱਚ ਇੰਡੀਆ ਇੰਟਰਨੈਸ਼ਨਲ ਸੈਂਟਰ ਦੇ ਰੈਸਤੋਰਾਂ ਵਿਚ ਬੈਠੇ ਹੋਏ ਸਾਂ: "ਮੇਰੀ ਸਾਢੇ ਸੱਤ ਵਜੇ ਦੀ ਫਲਾਈਟ ਹੈ, ਅਜੇ ਦੋ ਘੰਟੇ ਹੈਣ, ਚਲੋ ਚੱਲ ਕੇ ਇੰਡੀਆ ਇੰਟਰਨੈਸ਼ਨਲ ਸੈਂਟਰ ਬੈਠਦੇ ਹਾਂ।"

ਮਾਮਾ, ਜਿਹੜੇ ਅੱਜਕੱਲ ਕੁਝ ਵੀ ਕਰ ਕੇ ਰਾਜ਼ੀ ਨਹੀਂ, ਜਿਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਅੱਜ ਸੋਫਿਆਂ ਦੇ ਉਛਾੜਾਂ ਦੀ ਖ਼ਰੀਦ ਦੇ ਬਹਾਨੇ ਤਕਰੀਬਨ ਧਰੂਹ ਕੇ ਹੀ ਘਰੋਂ ਬਾਹਰ ਲਿਆਈ ਸਾਂ,

ਇਸ ਆਦਮੀ ਦੀ ਗੱਲ ਝੱਟ ਮੰਨ ਗਏ ਸਨ।

ਜਦੋਂ ਦੇ ਪਾਪਾ ਪੂਰੇ ਹੋਏ ਨੇ, ਮਾਮਾ ਪਹਿਲਾਂ ਵਾਲੇ ਮਾਮਾ ਨਹੀਂ ਰਹੇ। ਜਿਵੇਂ ਪਾਪਾ ਆਪਣੇ ਨਾਲ ਹੀ ਮਾਮਾ ਅੰਦਰਲੇ ਸਾਰੇ ਚਾਅ, ਜਿਊਣ ਦੀ ਸਾਰੀ ਇੱਛਾ ਵੀ ਚੂਸ ਕੇ ਨਾਲ ਲੈ ਗਏ ਹੋਣ। ਆਪਣੇ ਆਪ ਵਿਚ ਹੀ ਗੁਆਚੇ ਰਹਿੰਦੇ ਹਨ। ਪੁਨੀਤ ਨੂੰ ਮਾਮਾ ਦੇ ਏਸ ਡੂੰਘੇ ਡਿਪ੍ਰੈਸ਼ਨ ਦੀ ਸਮਝ ਨਹੀਂ ਪੈਂਦੀ:"ਤੇਰੇ ਮਾਮਾ ਨੂੰ ਮੈਂ ਹਮੇਸ਼ਾ ਬੜੀ 'ਮੈਚਿਓਰ ਪਰਸਨੈਲਿਟੀ' ਸਮਝਦਾ ਰਿਹਾ ਹਾਂ, ਹੈਰਾਨ ਹਾਂ ਕਿ ਪਾਪਾ ਦੀ ਮੌਤ ਦੀ ਸਚਾਈ ਨਾਲ 'ਡੀਲ' ਕਰਨ ਲਈ ਉਹ ਏਨੇ ਕਮਜ਼ੋਰ ਨਿਕਲੇ।"

ਮੈਨੂੰ ਆਪ ਇਸ ਡਿਪ੍ਰੈਸ਼ਨ ਦੀ ਸਮਝ ਪੈਂਦੀ ਵੀ ਹੈ ਤੇ ਨਹੀਂ ਵੀ ਪੈਂਦੀ। ਕਦੀ ਜਾਪਦਾ ਹੈ ਕਿ ਉਹ ਪਾਪਾ ਲਈ ਕਿਸੇ ਡੂੰਘੇ ਸੋਗ ਵਿਚ ਲਹਿ ਗਏ ਹੋਣ, ਤੇ ਕਦੀ ਜਾਪਦਾ ਹੈ ਕਿ ਉਹ ਉਸ ਜ਼ਿੰਦਗੀ ਦਾ ਮਾਤਮ ਕਰ ਰਹੇ ਹਨ ਜੋ ਪਾਪਾ ਦੇ ਜਾਣ ਬਾਅਦ ਉਨ੍ਹਾਂ ਦੀ ਨਹੀਂ ਰਹੀ ਜਾਂ ਉਹੋ ਜਿਹੀ ਨਹੀਂ ਰਹੀ।

ਸੋਗ ਦੇ ਪਹਿਲੇ ਦਿਨਾਂ ਵਿਚ ਮੈਂ ਵੀ ਮਾਮਾ ਦੇ ਨਾਲ ਰਹੀ, ਤੇ ਸਵੀਡਨ ਤੋਂ ਆਇਆ ਸੁਨੀਲ ਤਾਂ ਪੂਰਾ ਇਕ ਮਹੀਨਾ ਉਨ੍ਹਾਂ ਕੋਲ਼ ਰਹਿ ਕੇ ਗਿਆ। ਪਰ ਜਾਣ ਵੇਲ਼ੇ ਮੈਨੂੰ ਤਾਕੀਦ ਕਰ ਗਿਆ, "ਮਾਮਾ ਇਜ਼ ਨੌਟ ਇਨ ਏ ਗੁਡ ਸਟੇਟ ਰਾਈਟ ਨਾਓ, ਤੂੰ ਉਨ੍ਹਾਂ ਨੂੰ ਕੁਝ ਚਿਰ ਲਈ ਆਪਣੇ ਕੋਲ਼ ਲੈ ਜਾ। ਇਹ ਅਜੇ ਇਕੱਲੇ ਰਹਿਣ ਵਾਲੀ ਹਾਲਤ ਵਿਚ ਨਹੀਂ।"

ਸੁਨੀਲ ਸਾਡੇ ਘਰ ਵਿਚ ਸਭ ਤੋਂ ਵੱਧ ਨਾਪ-ਤੋਲ ਕੇ ਗੱਲ ਕਰਨ ਵਾਲਾ ਜੀਅ ਹੈ। ਮੇਰੇ ਤੋਂ ਉਲਟ ਆਪਣੇ ਹਰ ਮਾਨਸਿਕ ਉਤਾਰ-ਚੜ੍ਹਾਅ ਨੂੰ ਅੰਦਰ ਹੀ ਠੱਪ ਕੇ ਰੱਖਦਾ ਹੈ, ਸਹਿਜੇ ਕੀਤੇ ਸਾਂਝਿਆਂ ਨਹੀਂ ਕਰਦਾ। ਨਾ ਹੀ ਕਦੇ ਵਾਧੂ ਜਜ਼ਬਾਤੀ ਹੁੰਦਾ ਹੈ। ਸੁਨੀਲ ਨੇ ਜੇ ਇਹ ਗੱਲ ਕਹੀ ਹੈ ਤਾਂ ਬੜਾ ਸੋਚ ਵਿਚਾਰ ਕੇ ਕਹੀ ਹੋਵੇਗੀ। ਤੇ ਮੈਂ ਮਾਮਾ ਨੂੰ ਦਿੱਲੀ ਆਪਣੇ ਕੋਲ਼ ਲੈ ਆਈ।

ਹੁਣ ਛੇ ਤੋਂ ਵੱਧ ਮਹੀਨੇ ਹੋ ਗਏ ਨੇ, ਮਾਮਾ ਨੇ ਇਕ ਵਾਰ ਵੀ ਵਾਪਸ ਗੁੜਗਾਵਾਂ ਜਾਣ, ਜਾ ਕੇ ਆਪਣੇ ਘਰ ਦਾ ਹਾਲ ਦੇਖਣ ਦੀ ਗੱਲ ਤਕ ਨਹੀਂ ਕੀਤੀ। ਡਿਪ੍ਰੈਸ਼ਨ ਦੀ ਇਸ ਤੋਂ ਵੱਡੀ ਨਿਸ਼ਾਨੀ ਹੋਰ ਕੀ ਹੋਣੀ ਏ! ਆਪਣੇ ਘਰ ਨੂੰ ਹਮੇਸ਼ਾ ਟਿਚਨ ਰੱਖਣ ਵਾਲੇ, ਬਾਲਕੋਨੀ ਦੇ ਗਮਲਿਆਂ ਵਿਚ ਆਪਣੇ ਲਾਏ ਬੂਟਿਆਂ 'ਤੇ ਜਾਨ ਨਿਛਾਵਰ ਕਰਨ ਵਾਲੇ ਮਾਮਾ ਨੇ ਕਦੇ ਇਹ ਵੀ ਨਹੀਂ ਪੁੱਛਿਆ ਕਿ ਮੇਰੇ ਫੁੱਲ-ਬੂਟਿਆਂ ਦਾ ਕੀ ਕੀਤਾ ਈ। ਮੈਂ ਹੀ ਦੋ ਮਹੀਨੇ ਤਕ ਸਾਹਮਣਲੇ ਫਲੈਟ ਵਾਲਿਆਂ ਨੂੰ ਨੇਮ ਨਾਲ ਪਾਣੀ ਪੁਆਉਣ ਲਈ ਚਾਬੀ ਦਿੱਤੀ ਰੱਖੀ, ਤੇ ਫੇਰ ਹਾਰ ਕੇ ਸਾਰੇ ਗਮਲੇ ਚਾਹਵਾਨ ਲੋਕਾਂ ਵਿਚ ਵੰਡਣੇ ਪਏ। ਕਿੰਨੀ ਕੁ ਦੇਰ ਗੁਆਂਢੀਆਂ 'ਤੇ ਇਹ ਭਾਰ ਪਾਈ ਰੱਖਦੀ!

ਤੇ ਮਾਮਾ ਦਾ ਇਹ ਡਿਪ੍ਰੈਸ਼ਨ ਹੁਣ ਹੌਲ਼ੀ ਹੌਲ਼ੀ ਸਾਡੇ ਘਰ ਦੀ ਫ਼ਿਜ਼ਾ 'ਤੇ ਤਾਰੀ ਹੋ ਗਿਆ ਹੈ। ਬੱਚੇ ਅਜੇ ਉਸ ਉਮਰ ਵਿਚ ਹਨ ਜਦੋਂ ਉਹ ਦਾਅਵੇਦਾਰੀ ਤਾਂ ਵੱਡੇ ਹੋ ਗਏ ਹੋਣ ਦੀ ਕਰਦੇ ਹਨ, ਪਰ ਰਹਿੰਦੇ ਆਪਣੀ ਉਸ ਬੇਖ਼ਬਰ ਦੁਨੀਆ ਵਿਚ ਹਨ ਜਿਸ ਵਿਚ ਆਪਣੀਆਂ ਜ਼ਿੰਮੇਵਾਰੀਆਂ ਸਮਝਣ ਜਾਂ ਚੁੱਕਣ ਦਾ ਅਹਿਸਾਸ ਘੱਟ ਹੀ ਹੁੰਦਾ ਹੈ। ਗੀਤੀ ਤੇ ਸ਼ਿਸ਼ਿਰ, ਦੋਵੇਂ, ਕੁਝ ਚਿਰ ਤਾਂ ਨਾਨੀ ਦਾ ਦਰਦ ਸਮਝਣ-ਵੰਡਾਉਣ ਦੀ ਕੋਸ਼ਿਸ਼ ਕਰਦੇ ਰਹੇ, ਵਕਤ ਬੇਵਕਤ ਮਾਮਾ ਕੋਲ਼ ਬਹਿਣ, ਉਨ੍ਹਾਂ ਨੂੰ ਪਰਚਾਉਣ ਦੀਆਂ ਘਾੜਤਾਂ ਘੜਦੇ ਰਹੇ, ਪਰ ਹੌਲ਼ੀ ਹੌਲ਼ੀ ਕੋਈ ਅਸਰ ਨਾ ਹੁੰਦਾ ਦੇਖ ਹੁਣ ਅਵੇਸਲ਼ੇ ਹੋ ਗਏ ਹਨ। ਖਾਨਾਪੂਰਤੀ ਜੋਗੀ ਸਵੇਰੇ-ਸ਼ਾਮ ਨਾਨੀ ਨਾਲ 'ਹੈਲੋ ਹਾਏ' ਕਰ ਲੈਂਦੇ ਹਨ , ਤੇ ਬਸ। ਸ਼ਿਸ਼ਿਰ ਤੇ ਕੁਝ ਨਹੀਂ ਕਹਿੰਦਾ, ਪਰ ਹਮੇਸ਼ਾ ਤੋਂ ਆਦਤਨ ਮੂੰਹ ਫਟ ਰਹੀ ਗੀਤੀ ਤਾਂ ਕਦੇ ਕਦੇ ਕਹਿ ਵੀ ਦੇਂਦੀ ਹੈ, "ਨਾਨੀ ਹੈਜ਼ ਬਿਕਮ ਸਚ ਅ ਡਿਪ੍ਰੈਸ਼ਨ ਜ਼ੋਨ ਨਾਓ, ਉਨ੍ਹਾਂ ਕੋਲ਼ ਬੈਠਣ ਦਾ ਵੀ ਕੀ ਫ਼ਾਇਦਾ? ਗੱਲ ਤਾਂ ਕੋਈ ਕਰਦੇ ਨਹੀਂ।" ਇਕ ਵਾਰ ਤਾਂ ਗੀਤੀ ਦੀਆਂ ਇਹੋ ਜਿਹੀਆਂ ਗੱਲਾਂ ਸੁਣਕੇ ਉਸ ਨਾਲ ਲੜ ਹੀ ਪਈ ਸਾਂ, ਖਿਝੀ ਹੋਈ ਨੇ ਉਸਨੂੰ 'ਹਾਰਟ-ਲੈੱਸ' ਤੇ ਸੁਆਰਥੀ ਕਹਿ ਦਿੱਤਾ ਸੀ। ਫੇਰ ਸਾਡੇ ਵਿਚਕਾਰ ਉਹ ਜੰਗ ਛਿੜੀ, ਕਿ ਰਹੇ ਰੱਬ ਦਾ ਨਾਂਅ। ਗੀਤੀ ਨੇ ਉਨ੍ਹਾਂ ਸਾਰੀਆਂ ਵਧੀਕੀਆਂ ਦਾ ਪੁਲੰਦਾ ਖੋਲ੍ਹ ਲਿਆ ਜੋ ਉਸ ਮੁਤਾਬਕ ਬਚਪਨ ਤੋਂ ਉਸ

ਨੂੰ ਮੇਰੇ ਹੱਥੋਂ ਸਹਿਣੀਆਂ ਪਈਆਂ ਸਨ। ਏਨੀਆਂ ਸਾਰੀਆਂ ਝੂਠੀਆਂ ਸੱਚੀਆਂ ਤੁਹਮਤਾਂ ਸੁਣ ਕੇ ਮੈਨੂੰ ਵੀ ਵੱਸੋਂ ਬਾਹਰੀ ਤਪ ਚੜ੍ਹ ਗਈ ਸੀ, ਤੇ ਮੈਂ ਭੁੱਲ ਹੀ ਗਈ ਕਿ ਮੈਂ ਮਾਂ ਹਾਂ ਤੇ ਉਹ ਧੀ। ਤੇ ਅਸੀਂ ਹਮਉਮਰਾਂ ਵਾਂਗ ਲੜੀਆਂ ਸਾਂ, ਉਮਰ ਤੇ ਸਿਆਣਪ ਦੇ ਸਾਰੇ ਉਛਾੜ ਪਰ੍ਹਾਂ ਸੁੱਟ ਕੇ। ਮਗਰੋਂ ਆਪਣੇ ਆਪ 'ਤੇ ਸ਼ਰਮ ਵੀ ਆਈ ਤੇ ਖਿਝ ਵੀ, ਗੀਤੀ ਤੇ ਫੇਰ ਅਜੇ ਬਾਲੜੀ ਮੰਨੀ ਜਾ ਸਕਦੀ ਹੈ, ਮੈਨੂੰ ਸਿਆਣੀ ਬਿਆਣੀ ਔਰਤ ਨੂੰ ਕੀ ਹੋ ਗਿਆ ਕਿ ਲੜਦਿਆਂ ਹਰ ਜ਼ਾਬਤਾ ਤੋੜ ਦਿੱਤਾ। ਪਰ ਮਾਂ ਹਾਂ ਨਾ, ਮਨਾਉਣਾ ਵੀ ਮੈਨੂੰ ਹੀ ਪਿਆ ਸੀ, ਉਹ ਵੀ ਇਹ ਕਹਿ ਕੇ ਕਿ ਮਾਮਾ ਦੇ ਡਿਪ੍ਰੈਸ਼ਨ ਕਰਕੇ ਮੈਂ ਬੜੇ ਭਾਰ ਹੇਠ ਹਾਂ ਤੇ ਉਸੇ ਟੈਂਸ਼ਨ ਵਿਚ ਅਵਾ-ਤਵਾ ਬੋਲ ਗਈ, ਤੇ ਗੀਤੀ ਮੇਰੀ ਕਹੀ ਕੋਈ ਵੀ ਗੱਲ ਮਨ 'ਤੇ ਨਾ ਲਾਵੇ। ਭਾਂਵੇਂ ਗੱਲਾਂ ਮੈਂ ਸੱਚੀਆਂ ਹੀ ਕਹੀਆਂ ਸਨ, ਪਰ ਕਹਿ ਉਹ ਦਿੱਤੀਆਂ ਜੋ ਕਹਿਣ ਵਾਲੀਆਂ ਹੁੰਦੀਆਂ ਨਹੀਂ, ਜਾਂ ਇਹ ਸਮਝੋ ਕਿ ਅੱਜਕੱਲ ਦੇ ਬੱਚਿਆਂ ਨੂੰ ਕਹੀਆਂ ਜਾ ਨਹੀਂ ਸਕਦੀਆਂ।

ਵੈਸੇ ਮਾਮਾ ਦੇ ਡਿਪ੍ਰੈਸ਼ਨ ਕਰਕੇ ਮੈਂ ਭਾਰ ਹੇਠ ਹਾਂ ਜ਼ਰੂਰ। ਪੁਨੀਤ ਕੁਝ ਨਹੀਂ ਕਹਿੰਦਾ, ਪਰ ਮੈਂ ਜਾਣਦੀ ਹਾਂ ਕਿ ਮਾਮਾ ਦੀ ਬੀਮਾਰੀ-ਇਸ ਨਾ ਮੁੱਕਣ ਵਾਲੇ ਸੋਗ ਨੂੰ ਬੀਮਾਰੀ ਹੀ ਤਾਂ ਕਹੋਗੇ- ਕਾਰਨ, ਉਸ ਨਾਲ ਘਰ ਵਿਚ ਤਣੇ ਹੋਏ ਮਾਹੌਲ ਕਰਕੇ ਉਹ ਕਿੰਨਾ ਪਰੇਸ਼ਾਨ ਹੈ। ਉਸਦੀ ਇਹ ਪਰੇਸ਼ਾਨੀ ਇਕ ਠੰਡੀ ਜਿਹੀ ਬੇਵਾਸਤਗੀ ਵਿਚ ਤਬਦੀਲ ਹੋ ਗਈ ਹੈ, ਉਹ ਮਾਮਾ ਨਾਲ ਗੱਲ ਤਕ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਜਿਵੇਂ ਇਸ ਮਾਹੌਲ ਤੋਂ ਅੱਕ ਗਿਆ ਹੋਵੇ, ਆਪਣੇ ਦੁਆਲ਼ੇ ਇਸ ਲੰਮੇ ਸਮੇਂ ਤੋਂ ਪੱਸਰੀ ਤੁਰੀ ਆਂਦੀ ਚੁੱਪ ਤੋਂ ਖਿਝ ਗਿਆ ਹੋਵੇ। ਇਹ ਅਕੇਵਾਂ ਸਾਡੀ ਸੈਕਸ-ਜ਼ਿੰਦਗੀ 'ਤੇ ਵੀ ਅਸਰ ਕਰ ਗਿਆ ਹੈ, ਹੁਣ ਹਰ ਵਾਰ ਪਹਿਲ ਮੈਨੂੰ ਹੀ ਕਰਨੀ ਪੈਂਦੀ ਹੈ। ਤੇ ਪੁਨੀਤ ਜਵਾਬ ਵਿਚ ਖਾਨਾਪੂਰਤੀ ਜਿਹੀ ਕਰਦਾ ਹੈ, ਮੈਨੂੰ ਵਰਚਾਣ ਜੋਗੀ ਕੋਸ਼ਿਸ਼ ਜਿਸ ਵਿਚੋਂ ਉਤਸ਼ਾਹ ਗ਼ਾਇਬ ਹੁੰਦਾ ਹੈ। ਪਰ ਮੈਂ ਇੰਝ ਮਹਿਸੂਸ ਕਰਦਿਆਂ ਵੀ ਪੁਨੀਤ ਨਾਲ ਇਸ ਬਾਰੇ ਗੱਲ ਨਹੀਂ ਕਰਦੀ। ਡਰਦੀ ਹਾਂ, ਕਿਤੇ ਕੁਝ ਗ਼ਲਤ ਨਾ ਆਖ ਬੈਠਾਂ, ਗੱਲ ਕਿਤੇ ਮੇਰੇ ਹੱਥੋਂ ਨਿਕਲ ਨਾ ਜਾਵੇ। ਗੀਤੀ ਨਾਲ ਹੋਈ ਲੜਾਈ ਤੋਂ ਮਗਰੋਂ ਮੈਨੂੰ ਆਪਣੇ ਆਪ 'ਤੇ ਹੀ ਭਰੋਸਾ ਨਹੀਂ ਰਿਹਾ, ਥੋੜ੍ਹੀ ਜਿਹੀ ਗੱਲ ਕਹਿਣ ਦੀ ਕੋਸ਼ਿਸ਼ ਕਰਦਿਆਂ ਕਿਤੇ ਕੁਝ ਬੇਲੋੜਾ ਤੇ ਵਾਧੂ ਮੇਰੇ ਮੂੰਹੋਂ ਨਾ ਨਿਕਲ ਜਾਵੇ। ਤੇ ਮਗਰੋਂ ਪਛਤਾਂਦੀ ਫਿਰਾਂ, ਮਾਫ਼ੀਆਂ ਮੰਗਦੀ ਫਿਰਾਂ। ਕਦੀ ਕਦੀ ਲੱਗਦਾ ਹੈ ਮਾਮਾ ਦਾ ਡਿਪ੍ਰੈਸ਼ਨ ਮੇਰੇ ਅੰਦਰ ਵੀ ਵੜਦਾ ਜਾ ਰਿਹਾ ਹੈ, ਮੈਨੂੰ ਅੰਦਰੋ-ਅੰਦਰ ਟੁੱਕਣ ਲੱਗ ਪਿਆ ਹੈ। ਮਾਮਾ ਦਾ ਖਿਆਲ ਰੱਖਣ, ਉਨ੍ਹਾਂ ਦਾ ਰੌਂ ਸਾਂਵਾਂ ਰੱਖਣ ਦੀ ਸਾਰੀ ਜ਼ਿੰਮੇਵਾਰੀ ਤਾਂ ਮੇਰੀ ਹੈ ਹੀ, ਘਰ ਦੇ ਮਾਹੌਲ ਨੂੰ ਵੱਲ ਰੱਖਣ ਦਾ ਸਾਰਾ ਭਾਰ ਵੀ ਮੇਰੇ 'ਤੇ ਹੀ ਹੈ। ਮਾਂ ਤੇ ਮੇਰੀ ਹੈ ਨਾ, ਬਾਕੀਆਂ ਨਾਲ ਤਾਂ ਉਨ੍ਹਾਂ ਦਾ ਰਿਸ਼ਤਾ ਇਕ ਦਰਜਾ ਦੂਰ ਦਾ ਹੈ, ਕਿਸੇ ਲਈ ਸੱਸ ਹਨ ਤੇ ਕਿਸੇ ਲਈ ਨਾਨੀ। ਤੇ ਮੇਰੇ ਵਾਂਗ ਜਿਸ ਹੋਰ ਜਣੇ ਦੀ ਮਾਂ ਹਨ, ਉਹ ਕਿੰਨੇ ਸਾਲਾਂ ਤੋਂ ਸਵੀਡਨ ਜਾ ਵੱਸਿਆ ਹੈ, ਹਰ ਜ਼ਿੰਮੇਵਾਰੀ ਤੋਂ ਮੁਕਤ। ਸੁਨੀਲ ਏਥੇ ਰਹਿੰਦਾ ਹੁੰਦਾ ਤਾਂ ਇਹ ਸਾਰਾ ਭਾਰ ਮੈਨੂੰ ਇਕੱਲੀ ਨੂੰ ਨਹੀਂ ਸੀ ਝੱਲਣਾ ਪੈਣਾ। ਸੋਗ ਦੇ ਖੂਹ ਵਿਚ ਡੁੱਬਦੇ ਜਾਂਦੇ ਮਾਮਾ ਦਾ ਹੱਥ ਹਰ ਵੇਲੇ ਫੜੀ ਰੱਖਣ ਦੀ ਜ਼ਿੰਮੇਵਾਰੀ ਸਿਰਫ਼ ਮੇਰੇ ਸਿਰ ਨਹੀਂ ਸੀ ਪੈਣੀ। ਤੇ ਏਸੇ ਲਈ ਕਦੇ ਕਦੇ ਸੁਨੀਲ ਦੇ ਬਾਹਰ ਜਾ ਵੱਸਣ ਦੇ ਫੈਸਲੇ ਉੱਤੇ ਮੈਨੂੰ ਖਿਝ ਜਹੀ ਚੜ੍ਹਦੀ ਹੈ। ਉਹ ਕਿਉਂ ਨਹੀਂ ਲੰਮੀ ਛੁੱਟੀ ਲੈ ਕੇ ਕੁਝ ਚਿਰ ਲਈ ਮਾਮਾ ਨੂੰ ਸਾਂਭ ਸਕਦਾ? ਨਾ ਚਾਹੁੰਦਿਆਂ ਵੀ ਇਕ ਖਿਆਲ ਵਾਰ-ਵਾਰ ਮੈਨੂੰ ਆਣ ਦਬੋਚਦਾ ਹੈ ਕਿ ਕਿੰਨੀ ਕੁ ਦੇਰ ਅਜੇਹੇ ਮਾਹੌਲ ਨੂੰ ਝੱਲਣਾ ਪਵੇਗਾ! ਮੇਰੀ ਕਿਤੇ ਬਸ ਹੀ ਨਾ ਹੋ ਜਾਵੇ।

ਪਰ ਅੱਜ ਮਾਮਾ ਨੂੰ ਮੁੜ ਕੁਝ ਖੁਸ਼-ਰੌਂਅ ਦੇਖ ਰਹੀ ਹਾਂ। ਇਸ 'ਇੰਡੀਆ ਇੰਟਰਨੈਸ਼ਨਲ ਟਾਈਪ' ਦੀਆਂ ਗੱਲਾਂ ਗਹੁ ਨਾਲ ਸੁਣ ਰਹੇ ਹਨ, ਸੁਣ ਹੀ ਨਹੀਂ ਰਹੇ, ਉਸਨੂੰ ਸਵਾਲ ਵੀ ਕਰ ਰਹੇ ਹਨ।

"ਤੂੰ ਕਿਸ ਚੀਜ਼ ਦਾ ਡਾਕਟਰ ਹੈਂ?"

"ਸਪੈਸ਼ਲਾਈਜ਼ ਤਾਂ ਮੈਂ ਫੌਰੈਂਸਿਕ ਪੈਥੌਲੋਜੀ ਵਿਚ ਕੀਤਾ ਸੀ, ਪਰ ਹੁਣ ਬੜੇ ਸਾਲਾਂ ਤੋਂ ਡਾਕਟਰੀ ਨਹੀਂ ਕਰਦਾ, ਸਿਰਫ਼ ਲਿਖਦਾ ਹਾਂ।"

"ਵਾਹ, ਤੂੰ ਲੇਖਕ ਹੋ ਗਿਆ ਹੈਂ। ਕਹਾਣੀਆਂ ਲਿਖਦਾ ਏਂ? ਵੈਸੇ ਕਹਾਣੀਆਂ ਬਣਾਣ ਦੀ ਆਦਤ ਤੇ ਤੈਨੂੰ ਉਦੋਂ ਵੀ ਬਹੁਤ ਸੀ।"

"ਕਹਾਣੀਆਂ ਨਹੀਂ, ਜਾਸੂਸੀ ਨਾਵਲ ਲਿਖਦਾ ਹਾਂ।"

ਇਹ ਸੁਣ ਕੇ ਮਾਮਾ ਦੇ ਚਿਹਰੇ ‘ਤੇ ਬੇਯਕੀਨੀ ਵਾਲਾ ਭਾਵ ਉਪਜਦਾ ਹੈ, ਜਿਵੇਂ ਜਾਚ ਰਹੇ ਹੋਣ ਕਿ ਸਾਹਮਣੇ ਬੈਠਾ ਆਦਮੀ ਮਖੌਲ ਤੇ ਨਹੀਂ ਕਰ ਰਿਹਾ। ਪਰ ਇਹ ਸੁਣ ਕੇ ਮੈਨੂੰ ਇਕਦਮ ਚਾਨਣਾ ਹੁੰਦਾ ਹੈ ਕਿ ਇਹ ਮੁਹਾਂਦਰਾ ਪਛਾਣਿਆ ਪਛਾਣਿਆ ਕਿਉਂ ਜਾਪ ਰਿਹਾ ਸੀ। ਫੌਰੈਂਸਿਕ ਪੈਥੌਲੋਜੀ, ਯਾਨੀ ਮੁਰਦਿਆਂ ਦੀ ਚੀਰ-ਫਾੜ ਰਾਹੀਂ ਮੌਤ ਦਾ ਅਸਲੀ ਕਾਰਨ ਲੱਭਣ ਦੀ ਵਿਗਿਆਨ ਸ਼ਾਖਾ।

"ਓਹੋ, ਤੁਸੀਂ ਟੀ ਜੇ ਸੈਂਡਰਜ਼ ਹੋ। ਕਿੰਨੇ ਚਿਰ ਤੋਂ ਸੋਚੀ ਜਾ ਰਹੀ ਸਾਂ ਕਿ ਤੁਹਾਨੂੰ ਪਹਿਲਾਂ ਕਿੱਥੇ ਦੇਖਿਆ ਹੈ। ਹੁਣ ਤੁਸੀ ਫੌਰੈਂਸਿਕ ਪੈਥੌਲੋਜੀ ਦਾ ਜ਼ਿਕਰ ਕੀਤਾ ਤਾਂ ਯਾਦ ਆ ਗਿਆ ਕਿ ਤੁਹਾਡੀ ਤਸਵੀਰ ਤਾਂ ਤੁਹਾਡੇ ਨਾਵਲਾਂ ਦੇ ਪਿਛਲੇ ਪਾਸੇ ਛਪੀ ਕਈ ਵਾਰ ਦੇਖੀ ਹੈ। ਪੁਨੀਤ, ਮੇਰਾ ਪਤੀ, ਤਾਂ ਫੈਨ ਹੈ ਤੁਹਾਡਾ। ਡਾ. ਇਮੈਨੁਐਲ ਦੇ ਪਾਤਰ ਵਾਲੀ ਸੀਰੀਜ਼ ਦੀ ਹਰ ਕਿਤਾਬ ਸਾਡੇ ਘਰ ਮੌਜੂਦ ਹੈ।" ਚਾਅ ਵਿਚ ਮੈਂ ਕਈ ਕੁਝ ਇਕੋ ਸਾਹੇ ਕਹਿ ਗਈ। ਉਹ ਜਵਾਬ ਵਿਚ ਸਿਰਫ਼ ਮੁਸਕਰਾਂਦਾ ਰਿਹਾ।

"ਟੀ ਜੇ ਸੈਂਡਰਜ਼? ਇਹ ਕਿਹੋ ਜਿਹਾ ਨਾਂਅ ਰੱਖ ਲਿਆ ਈ?" ਮਾਮਾ ਨੇ ਪੁੱਛਿਆ।

"ਦਰਅਸਲ ਜਦੋਂ ਮੈਂ ਇੰਗਲੈਂਡ ਬੈਠੇ ਨੇ ਲਿਖਣਾ ਸ਼ੁਰੂ ਕੀਤਾ ਤਾਂ ਮੇਰੇ ਪਹਿਲੇ ਹੀ ਪ੍ਰਕਾਸ਼ਕ ਨੇ ਕਿਹਾ ਕਿ ਅੰਗਰੇਜ਼ੀ ਪਾਠਕਾਂ ਲਈ ਤੇਜੇਸ਼ਵਰ ਸੰਧੂ ਬੜਾ ਓਪਰਾ ਨਾਂਅ ਹੋਵੇਗਾ। 'ਮਿਸਟ੍ਰੀ' ਨਾਵਲਾਂ ਦੇ ਕਈ ਚਾਹਵਾਨ ਤਾਂ ਸ਼ਾਇਦ ਇਸ ਨਾਂਅ ਤੋਂ ਉਪਰਾਂਦਿਆਂ ਨਾਵਲ ਨੂੰ ਚੁੱਕ ਕੇ ਦੇਖਣ ਵੀ ਨਾ। ਸੋ, ਪੀ ਡੀ ਜੇਮਜ਼ ਵਰਗੇ ਮਸ਼ਹੂਰ 'ਮਿਸਟ੍ਰੀ' ਲੇਖਕ ਦੀ ਤਰਜ਼ ‘ਤੇ ਉਹਨੇ ਤੇਜੇਸ਼ਵਰ ਸੰਧੂ ਦਾ ਟੀ ਜੇ ਸੈਂਡਰਜ਼ ਬਣਾ ਦਿੱਤਾ।"

"ਤੂੰ ਹੁਣ ਪੱਕਾ ਇੰਗਲੈਂਡ ਵਾਸੀ ਹੀ ਹੋ ਗਿਆ ਹੈਂ, ਟੀ ਜੇ ਸੈਂਡਰਜ਼? ਤਾਂ ਹੀ ਏਨੇ ਸਾਲਾਂ ਤੋਂ ਤੇਰੀ ਕੋਈ ਉਘ-ਸੁਘ ਨਹੀਂ ਸੀ," ਮਾਮਾ ਨੂੰ ਇੰਝ ਮਜ਼ਾਕ ਕਰਦਿਆਂ ਦੇਖ ਮੈਨੂੰ ਬੜਾ ਚੰਗਾ ਲੱਗ ਰਿਹਾ ਸੀ। ਜਾਪਿਆ ਜਿਵੇਂ ਕੋਈ ਭਾਰ ਉਨ੍ਹਾਂ ਦੀ ਹੀ ਨਹੀਂ ਮੇਰੀ ਛਾਤੀ ਤੋਂ ਵੀ ਲਹਿ ਰਿਹਾ ਹੋਵੇ।

"ਨਹੀਂ,ਬੜੇ ਸਾਲ ਪਹਿਲਾਂ ਇੰਗਲੈਂਡ ਛੱਡ ਕੇ ਮਿਊਨਿਖ਼ ਆ ਗਏ ਸਾਂ। ਮੇਰੀ ਜਰਮਨ ਪਤਨੀ ਦੇ ਮਾਪੇ ਬਜ਼ੁਰਗ ਹੋ ਰਹੇ ਸਨ ਤੇ ਉਹ ਘਰ ਵਿਚ ਇਕਲੌਤੀ ਧੀ ਸੀ। ਮਾਪਿਆਂ ਦੇ ਕੋਲ਼ ਰਹਿਣਾ ਜ਼ਰੂਰੀ ਹੋ ਗਿਆ; ਮੈਂ ਤੇ ਕਿਤੇ ਵੀ ਬੈਠਾ ਲਿਖ ਸਕਦਾ ਸਾਂ, ਸੋ ਅਸੀਂ ਜਰਮਨੀ ਆ ਗਏ।"

"ਮਤਲਬ ਹੁਣ ਜਰਮਨੀ ਰਹਿੰਦਾ ਹੈਂ?"

"ਅੱਧਾ ਸਾਲ ਜਰਮਨੀ ਤੇ ਫੇਰ ਸਰਦੀਆਂ ਦੇ ਮਹੀਨਿਆਂ ਵਿਚ ਏਥੇ ਗੋਆ ਆ ਜਾਂਦਾ ਹਾਂ। ਏਨੇ ਸਾਲ ਵਤਨੋਂ ਦੂਰ ਰਹਿਣ ਮਗਰੋਂ ਹਰ ਸਾਲ ਕੁਝ ਮਹੀਨੇ ਆਪਣੇ ਮੁਲਕ ਵਿਚ ਕੱਟਣਾ ਚੰਗਾ ਲੱਗਦਾ ਹੈ।"

"ਤੇ ਤੇਰੀ ਬੀਵੀ ਨੂੰ?"

"ਹੇਲਗਾ ਹੁਣ ਨਹੀਂ ਰਹੀ, ਉਸ ਨੂੰ ਗਿਆਂ ਛੇ ਸਾਲ ਹੋ ਚੱਲੇ ਨੇ। ਪੈਨਕ੍ਰੀਆਸ ਦਾ ਕੈਂਸਰ ਸੀ, ਪਰ ਜਦੋਂ ਤਕ ਪਤਾ ਲੱਗਾ ਬਹੁਤ ਦੇਰ ਹੋ ਚੁੱਕੀ ਸੀ। ਤਿੰਨ ਮਹੀਨਿਆਂ ਵਿਚ ਹੀ ਮੁੱਕ ਗਈ।"

"ਓਹ!", ਮਾਮਾ ਨੂੰ ਸਮਝ ਨਹੀਂ ਪੈਂਦੀ ਕਿ ਹੋਰ ਕੀ ਆਖਣ, ਤੇ ਨਾ ਹੀ ਮੈਨੂੰ ਅਫ਼ਸੋਸ ਦਾ ਕੋਈ ਸ਼ਬਦ ਕਹਿਣਾ ਅਹੁੜਦਾ ਹੈ। ਪਰ ਓਸ ਚੁਭਵੀਂ ਚੁੱਪ ਨੂੰ ਉਹ ਆਪਣੇ ਆਪ ਹੀ ਭਰ ਦੇਂਦਾ

ਹੈ। ਬੜੇ ਸਹਿਜ ਢੰਗ ਨਾਲ ਹੇਲਗਾ ਦੀਆਂ ਗੱਲਾਂ ਸੁਨਾਣ ਲੱਗ ਪੈਂਦਾ ਹੈ, ਜਿਨ੍ਹਾਂ ਵਿਚੋਂ ਜਾ ਚੁੱਕੀ ਸਾਥਣ ਲਈ ਪਿਆਰ ਤੇ ਕਦਰ ਦਾ ਭਰਵਾਂ ਅਹਿਸਾਸ ਦਿਸਦਾ ਹੈ। ਉਸਦੇ ਸ਼ਬਦਾਂ ਵਿਚ ਆਪਣੀ ਬੀਵੀ ਲਈ ਲਗਾਤਾਰ ਤੁਰਿਆ ਆਂਦਾ ਉਸਦਾ ਵਿਗੋਚਾ ਤਾਂ ਮਹਿਸੂਸ ਹੁੰਦਾ ਹੈ, ਪਰ ਲਹਿਜਾ ਮਾਤਮੀ ਸੁਰ ਤੋਂ ਵਿਰਵਾ ਹੈ। ਸਗੋਂ ਜਾਪਦਾ ਇਹ ਹੈ ਜਿਵੇਂ ਉਹ ਕਿਸੇ ਬਹੁਤ ਪਿਆਰੇ ਦੀਆਂ ਗੱਲਾਂ ਸੁਣਾ ਰਿਹਾ ਹੋਵੇ ਜੋ ਅਜੇ ਵੀ ਉਸਦੇ ਅੰਗ-ਸੰਗ ਹੈ। ਆਪਣੀ ਇਕੋ ਇਕ ਧੀ ਬਾਰੇ ਦੱਸਦਾ ਹੈ, ਜਿਸਨੇ ਆਪਣੇ ਡਾਕਟਰ ਮਾਪਿਆਂ ਤੋਂ ਉਲਟ ਸੰਗੀਤ ਵਰਗੀ ਕੋਮਲ ਕਲਾ ਨੂੰ ਆਪਣੇ ਕਿੱਤੇ ਵਜੋਂ ਚੁਣਿਆ ਤੇ ਹੁਣ ਵੀਆਨਾ ਰਹਿੰਦੀ ਹੈ, ਭਾਂਵੇਂ ਆਪਣੀ ਮੰਡਲੀ ਨਾਲ ਹਮੇਸ਼ਾ ਦੌਰਿਆਂ ‘ਤੇ ਹੀ ਰਹਿੰਦੀ ਹੈ। ਮੁਲਾਕਾਤਾਂ ਜ਼ਰੂਰ ਕਦੇ ਕਦਾਈਂ ਹੀ ਹੁੰਦੀਆਂ ਹਨ, ਪਰ ਦੁਨੀਆ ਦੇ ਜਿਹੜੇ ਮਰਜ਼ੀ ਕੋਨੇ ਵਿਚ ਵੀ ਗਈ ਹੋਵੇ, ਹਰ ਵਰ੍ਹੇ ਨੇਮ ਨਾਲ ਕ੍ਰਿਸਮਸ ਜ਼ਰੂਰ ਗੋਆ ਆ ਕੇ ਪਿਉ ਨਾਲ ਮਨਾਂਦੀ ਹੈ।

ਮਾਮਾ ਤੇ ਮੈਂ ਦੋਵੇਂ ਬੜੇ ਧਿਆਨ ਨਾਲ ਉਸਦੀਆਂ ਗੱਲਾਂ ਸੁਣਦੇ ਹਾਂ। ਮੈਨੂੰ ਨਹੀਂ ਪਤਾ ਕਿ ਮਾਮਾ ਦੇ ਮਨ ਵਿਚੋਂ ਕੀ ਲੰਘਦਾ ਹੈ ਪਰ ਮੈਂ ਸੋਚਦੀ ਹਾਂ ਕਿ ਇਸ ਆਦਮੀ ਦੀ ਜ਼ਿੰਦਗੀ ਕਿੰਨੀ ਦਿਲਚਸਪ ਤੇ ਭਰਵੀਂ ਹੈ। ਡਾਕਟਰੀ ਛੱਡ ਕੇ ਰਹੱਸ ਭਰਪੂਰ ਨਾਵਲ ਲਿਖਣ ਲੱਗ ਪਿਆ ਤੇ ਆਪਣੇ ਡਾਕਟਰੀ ਗਿਆਨ ਨਾਲ ਜਾਸੂਸੀ ਵਿੱਦਿਆ ਨੂੰ ਰਲ਼ਾ ਕੇ ਇਸਨੇ ਡਾ. ਇਮੈਨੁਐਲ ਦਾ ਜਿਹੜਾ ਪਾਤਰ ਘੜਿਆ ਹੈ, ਉਸ ਕਿਰਦਾਰ ਵਾਲੇ ਨਾਵਲ ਹੁਣ ਦੁਨੀਆ ਦੀਆਂ ਸਾਰੀਆਂ ਜ਼ੁਬਾਨਾਂ ਵਿਚ ਅਨੁਵਾਦ ਹੁੰਦੇ ਹਨ। ਇਕ ਦੋ ਉੱਤੇ ਬੀ ਬੀ ਸੀ ਦੇ ਟੀ ਵੀ ਸੀਰੀਅਲ ਵੀ ਬਣ ਚੁੱਕੇ ਹਨ। ਪਰ ਬੰਦੇ ਵਿਚ ਕਿਤੇ ਕਿਸੇ ਆਕੜ ਦਾ ਕੋਈ ਝਾਉਲ਼ਾ ਨਹੀਂ, ਆਪਣੇ ਮਸ਼ਹੂਰ ਹੋਣ ਕਾਰਨ ਕੋਈ ਡੁਲ੍ਹ ਡੁਲ੍ਹ ਪੈਣ ਵਾਲਾ ਮਾਣ ਨਹੀਂ। ਜਿਸ ਔਰਤ ਦੀ ਮੁਹੱਬਤ ਖ਼ਾਤਰ ਉਸਨੇ ਵਤਨ ਤਜਿਆ, ਉਹ ਅੱਧਵਾਟੇ ਹੀ ਸਾਥ ਛੱਡ ਗਈ, ਤਾਂ ਵੀ ਕਿੰਨੀ ਭਰਪੂਰ ਜ਼ਿੰਦਗੀ ਜਿਉਂ ਰਿਹਾ ਹੈ। ਆਪਣੀ ਇਕਲੌਤੀ ਧੀ ਨੂੰ ਸਾਲ ਵਿਚ ਇਕ ਅੱਧੀ ਵਾਰ ਹੀ ਮਿਲ ਸਕਣ ਦੀ ਗੱਲ ਵੀ ਇੰਝ ਸੁਣਾਈ ਸੂ ਕਿ ਉਸ ਵਿਚੋਂ ਲੱਭਿਆਂ ਵੀ ਨਿਹੋਰੇ ਵਾਲੀ ਸੁਰ ਨਾ ਲੱਭ ਸਕੇ। ਜਦਕਿ ਮੈਨੂੰ, ਤੇ ਪੁਨੀਤ ਨੂੰ ਵੀ, ਹਰ ਵੇਲ਼ੇ ਇਹੋ ਸ਼ਿਕਾਇਤ ਰਹਿੰਦੀ ਹੈ ਕਿ ਸਾਡੇ ਬੱਚੇ ਜਦੋਂ ਦੇ ਵੱਡੇ ਹੋਏ ਹਨ ਆਪਣੀ ਦੁਨੀਆ ਵਿਚ ਹੀ ਮਸਤ ਰਹਿੰਦੇ ਹਨ, ਸਾਨੂੰ ਬਣਦੀ ਤਵੱਜੋ ਨਹੀਂ ਦੇਂਦੇ।

"ਮੈਂ ਆਪਣੀਆਂ ਹੀ ਗੱਲਾਂ ਕਰੀ ਜਾ ਰਿਹਾ ਹਾਂ, ਤੂੰ ਦੱਸ ਨੀਤਾ ਆਪਣੇ ਮਿਸਟਰ ਬਾਰੇ। ਕੀ ਕਰਦੇ ਹਨ?"

ਉਹ ਪਲ ਆ ਗਿਆ ਹੈ ਜਿਸਦਾ ਮੈਨੂੰ ਡਰ ਸੀ, ਮਾਮਾ ਫੇਰ ਓਸੇ ਹਨੇਰੇ ਖੂਹ ਵਿਚ ਨਾ ਲਹਿ ਜਾਣ...

"ਅਰੋੜਾ ਸਾਹਿਬ, ਛੇ ਮਹੀਨੇ ਹੋਏ, ਗੁਜ਼ਰ ਗਏ ਹਨ", ਮਾਮਾ ਸੰਖੇਪ ਜਿਹਾ ਜਵਾਬ ਦੇਂਦੇ ਹਨ, ਪਰ ਬਿਨਾਂ ਫਿਸਿਆਂ। ਨਹੀਂ ਤੇ ਅੱਜਕੱਲ ਪਾਪਾ ਦੀ ਗੱਲ ਕਰਦਿਆਂ ਹੀ ਉਨ੍ਹਾਂ ਦਾ ਗੱਚ ਭਰ ਆਂਦਾ ਹੈ। ਅਸੀਂ ਸਾਰੇ ਏਸੇ ਕਾਰਨ ਪਾਪਾ ਦਾ ਜ਼ਿਕਰ ਕਰਨੋਂ ਵੀ ਝਿਜਕਦੇ ਹਾਂ।

ਉਹਦੇ ਹੱਥ ਜਿਵੇਂ ਆਪ ਮੁਹਾਰੇ ਮੇਜ਼ ਨੂੰ ਪਾਰ ਕਰ ਕੇ ਪਰਲੇ ਪਾਸੇ ਬੈਠੇ ਮਾਮਾ ਦੇ ਹੱਥਾਂ ਨੂੰ ਛੋਹ ਲੈਂਦੇ ਹਨ, ਅਤੇ ਕੁਝ ਚਿਰ ਓਥੇ ਹੀ ਟਿਕੇ ਰਹਿੰਦੇ ਹਨ। ਕਹਿੰਦਾ ਉਹ ਕੁਝ ਵੀ ਨਹੀਂ। ਤੇ ਫੇਰ ਕੁਝ ਪਲ ਛਾਈ ਰਹੀ ਚੁੱਪ ਨੂੰ ਤੋੜਦਿਆਂ ਮਾਮਾ ਦੱਸਣ ਲੱਗ ਪੈਂਦੇ ਹਨ, ਕਿਵੇਂ ਪਾਪਾ ਨੂੰ ਅਚਾਨਕ ਦਿਲ ਦਾ ਦੌਰਾ ਪਿਆ, ਕਿਵੇਂ ਨੌਕਰ ਗੁਆਂਢੀਆਂ ਨੂੰ ਬੁਲਾ ਕੇ ਲਿਆਇਆ ਕਿਉਂਕਿ ਐਮਰਜੰਸੀ ਸੇਵਾਵਾਂ ਵਾਲੇ ਬਹੁੜ ਹੀ ਨਹੀਂ ਸਨ ਰਹੇ, ਤੇ ਕਿਵੇਂ ਪਾਪਾ ਨੇ ਰਾਹ ਵਿਚ ਹੀ ਦਮ ਤੋੜ ਦਿੱਤਾ। ਉਹ ਸਾਰਾ ਵੇਰਵਾ, ਜਿਸਨੂੰ ਵਾਰ ਵਾਰ , ਹਰ ਕਿਸੇ ਕੋਲ ਦੁਹਰਾਣਾ ਮਾਮਾ ਦੀ ਆਦਤ ਹੋ ਗਈ ਹੈ। ਜਿਵੇਂ ਉਨ੍ਹਾਂ ਅਭਾਗੇ ਪਲਾਂ ਨੂੰ ਮੁੜ ਮੁੜ ਚਿਤਾਰ ਕੇ ਉਨ੍ਹਾਂ ਨੂੰ ਕੋਈ ਅਜਬ ਜਿਹੀ ਧਰਵਾਸ ਮਿਲਦੀ ਹੋਵੇ, ਜਾਂ ਸ਼ਾਇਦ ਇੰਝ ਦੁਹਰਾਇਆਂ ਉਹ ਆਪਣੇ ਆਪ ਨੂੰ ਸਮਝਾ ਰਹੇ ਹੁੰਦੇ ਹਨ ਕਿ ਇਹ ਉਨ੍ਹਾਂ

ਨੂੰ ਕੋਈ ਭੈੜਾ ਸੁਪਨਾ ਨਹੀਂ ਆ ਰਿਹਾ, ਇਹ ਸਭ ਕੁਝ ਸੱਚਮੁੱਚ ਵਾਪਰ ਚੁੱਕਾ ਹੈ।

ਇਸ ਲੰਮੀ ਕਥਾ ਤੋਂ ਮੈਂ ਬੇਆਰਾਮ ਹੋ ਰਹੀ ਹਾਂ, ਪਰ ਮਾਮਾ ਨੂੰ ਟੋਕ ਕੇ ਗੱਲਬਾਤ ਨੂੰ ਕੋਈ ਹੋਰ ਮੋੜ ਵੀ ਨਹੀਂ ਦੇ ਸਕਦੀ। ਕੋਈ ਵਿਰਲ ਲੱਭੇ ਤਾਂ ਸਹੀ ...

ਉਹ ਚੁੱਪਚਾਪ ਮਾਮਾ ਨੂੰ ਸੁਣਦਾ ਰਹਿੰਦਾ ਹੈ, ਉਨ੍ਹਾਂ ਨੂੰ ਆਪਣੇ ਵਹਿਣ ਵਿਚ ਵਗੀ ਜਾਣ ਦੇਂਦਾ ਹੈ, ਨਾ ਟੋਕਦਾ ਹੈ ਨਾ ਕੁਝ ਪੁੱਛਦਾ ਹੈ ਤੇ ਫੇਰ ਅਚਾਨਕ ਇਕ ਢੁਕਵੇਂ ਮੌਕੇ 'ਤੇ ਵਿਰਲ ਲੱਭ ਕੇ ਕਹਿੰਦਾ ਹੈ, "ਨੀਤਾ, ਅਰੋੜਾ ਸਾਹਿਬ ਦਾ ਕੋਈ ਨਾਂ ਵੀ ਤਾਂ ਹੋਵੇਗਾ, ਤੂੰ ਕੀ ਪੁਰਾਣੇ ਜ਼ਮਾਨੇ ਦੀਆਂ ਔਰਤਾਂ ਵਾਂਗ ਅਰੋੜਾ ਸਾਹਿਬ, ਅਰੋੜਾ ਸਾਹਿਬ ਲਾਈ ਹੋਈ ਏ?"

ਮਾਮਾ ਉਸਦੀ ਮਿੱਠੀ ਜਿਹੀ ਝਾੜ 'ਤੇ ਮੁਸਕਰਾ ਪੈਂਦੇ ਹਨ, "ਵਿਨੋਦ ਸੀ ਉਨ੍ਹਾਂ ਦਾ ਨਾਂਅ।"

"ਤੇ ਸ਼੍ਰੀ ਵਿਨੋਦ ਅਰੋੜਾ ਨੇ ਪੰਡਤਾਂ ਦੀ ਕੁੜੀ ਕਿਵੇਂ ਫਸਾ ਲਈ? ਬੜੀ ਜੱਦੋਜਹਿਦ ਕਰਨੀ ਪਈ ਹੋਵੇਗੀ ਉਨ੍ਹਾਂ ਨੂੰ ਅੜੀਅਲ ਬਾਹਮਣਾਂ ਦਾ ਜਵਾਈ ਬਣਨ ਲਈ।" ਇਹ ਕਹਿੰਦਿਆਂ ਉਹ ਮੇਰੇ ਵੱਲ ਦੇਖਕੇ ਖੱਬੀ ਅੱਖ ਹਲਕੀ ਜਿਹੀ ਦਬਾਂਦਾ ਹੈ, ਜਿਵੇਂ ਕਹਿ ਰਿਹਾ ਹੋਵੇ, 'ਤੇਰੀ ਮਾਂ ਦਾ ਹਾਣੀ ਹਾਂ ਨਾ, ਏਨੀ ਕੁ ਖੁਲ੍ਹ ਤਾਂ ਲੈ ਹੀ ਸਕਦਾ ਹਾਂ।'

"ਜੱਦੋਜਹਿਦ ਤੇ ਵਾਕਈ ਬਹੁਤ ਕਰਨੀ ਪਈ ਸੀ, ਘਰ ਵਿਚ ਤਕਰੀਬਨ ਦੋ ਸਾਲ ਸ਼ੀਤ-ਯੁੱਧ ਚਲਦਾ ਰਿਹਾ ਸੀ। ਪਰ ਇਰਾਦੇ ਦੀ ਮੈਂ ਵੀ ਪੱਕੀ ਸਾਂ ਤੇ ਵਿਨੋਦ ਵੀ। ਆਖਰ ਘਰ ਦਿਆਂ ਨੂੰ ਮੰਨਣਾ ਹੀ ਪਿਆ।"

ਅਚਾਨਕ ਮਨ ਵਿਚ ਖਿਆਲ ਆਂਦਾ ਹੈ ਕਿ ਏਨੀ ਬੇਤਕੱਲਫੀ, ਏਨੀ ਖੁਲ੍ਹ ਨਾਲ ਮਾਮਾ ਨਾਲ ਗੱਲ ਕਰਨ ਵਾਲਾ ਇਹ ਆਦਮੀ ਜਵਾਨੀ ਵੇਲ਼ੇ ਮਾਮਾ ਦਾ ਪ੍ਰੇਮੀ ਤਾਂ ਨਹੀਂ ਸੀ ਕਿਤੇ! ਮਾਮਾ ਤੇ ਪਾਪਾ ਦੇ ਮਿਲਣ ਦੇ ਦਿਨਾਂ ਤੋਂ ਪਹਿਲਾਂ ਵਾਲੇ ਸਮਿਆਂ ਵਿਚ। ਕੀ ਪਤਾ ਉਸ ਵੇਲ਼ੇ ਇਹ ਸ਼ਖ਼ਸ ਤੇ ਮਾਮਾ, ਸਾਡੇ ਨਾਨਾ ਜੀ ਦੇ ਸਖ਼ਤ ਸੁਭਾਅ ਨਾਲ ਜੱਦੋਜਹਿਦ ਨਾ ਕਰ ਸਕੇ ਹੋਣ ਤੇ ਇਹਨਾਂ ਦੁਹਾਂ ਦੀ ਮੁਹੱਬਤ ਅੱਧਵਾਟੇ ਹੀ ਰਹਿ ਗਈ ਹੋਵੇ। ਵਿਆਹ ਲਈ ਰਾਜ਼ੀ ਕਰਾਣ ਵਾਸਤੇ ਮਾਮਾ ਤੇ ਪਾਪਾ ਦੀ ਘਰਦਿਆਂ ਨਾਲ ਲੰਮੀ ਚੱਲੀ ਲੜਾਈ ਦੀਆਂ ਕਹਾਣੀਆਂ ਅਸੀਂ ਸਾਰੇ ਸੁਣਦੇ ਰਹੇ ਹਾਂ। ਵੱਡੇ ਮਾਮਾ ਜੀ ਨੂੰ ਠਿੱਠ ਕਰਨ ਦਾ ਤਾਂ ਪਾਪਾ ਕੋਈ ਮੌਕਾ ਨਹੀਂ ਸਨ ਜਾਣ ਦੇਂਦੇ ,"ਤੈਨੂੰ ਬਸ ਛੋਟੀ ਭੈਣ 'ਤੇ ਹੀ ਰੋਹਬ ਪਾਣਾ ਆਂਦਾ ਸੀ, ਸਾਡਾ ਵਿਆਹ ਰੁਕਵਾਣ ਦੇ ਮਾਮਲੇ ਵਿਚ ਤੂੰ ਦੋ ਸਾਲ ਪਿਤਾ ਜੀ ਦਾ ਰੱਜ ਕੇ ਸਾਥ ਦੇਂਦਾ ਰਿਹਾ। ਹੁਣ ਤੇਰੇ ਦੋਵਾਂ ਪੁੱਤਰਾਂ ਨੇ ਹੀ ਸਿੱਖਾਂ ਦੀਆਂ ਕੁੜੀਆਂ ਨਾਲ ਵਿਆਹ ਕਰਾਏ ਹਨ ਤੇ ਤੇਰੀ ਚੂੰ ਕਰਨ ਦੀ ਵੀ ਹਿੰਮਤ ਨਹੀਂ ਹੋਈ।" ਵਿਚਾਰੇ ਮਾਮਾ ਜੀ ਪਾਪਾ ਦੀਆਂ ਸਭ ਸਲਵਾਤਾਂ ਵੀ ਬਿਨਾਂ ਚੂੰ ਕੀਤਿਆਂ ਸੁਣ ਲੈਂਦੇ ਸਨ, ਆਪਣੇ ਜੀਜੇ ਅੱਗੇ ਮੂੰਹ ਨਹੀਂ ਸਨ ਖੋਲ੍ਹਦੇ। ਪਰ ਇਹ ਖਿਆਲ ਤੇ ਮੈਨੂੰ ਕਦੀ ਆਇਆ ਹੀ ਨਹੀਂ ਕਿ ਜੇ ਪਾਪਾ ਪਿੱਛੇ ਮਾਮਾ ਦੋ ਸਾਲ ਆਪਣੇ ਘਰਦਿਆਂ ਨਾਲ ਆਢਾ ਲੈ ਸਕਦੇ ਸਨ ਤਾਂ ਕਾਲਿਜ ਦੇ ਦਿਨਾਂ ਵਿਚ ਪਾਪਾ ਤੋਂ ਪਹਿਲਾਂ ਉਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਹੋਰ ਵੀ ਤਾਂ ਆਇਆ ਹੋ ਸਕਦਾ ਹੈ। ਇੰਝ ਹੋਇਆ ਹੋ ਵੀ ਸਕਦਾ ਹੈ, ਤੇ ਨਹੀਂ ਵੀ। ਕੀ ਫ਼ਰਕ ਪੈਂਦਾ ਹੈ ਹੁਣ। ਤਾਂ ਵੀ ਇੰਝ ਸੋਚ ਕੇ ਮੈਨੂੰ ਖਚਰਾ ਜਿਹਾ ਮਜ਼ਾ ਆਂਦਾ ਹੈ।

ਪਰ ਏਸ ਵੇਲ਼ੇ ਮਾਮਾ ਆਪਣੇ ਪੁਰਾਣੇ ਦੋਸਤ ਨਾਲ ਖੁਲ੍ਹ ਕੇ ਗੱਲਾਂ ਕਰ ਰਹੇ ਹਨ, ਜਿਵੇਂ ਅਰਸੇ ਬਾਅਦ ਉਨ੍ਹਾਂ ਨੂੰ ਕੋਈ ਅਜਿਹਾ ਮਿਲਿਆ ਹੋਵੇ ਜਿਸ ਨਾਲ ਗੱਲਾਂ ਕਰ ਕੇ ਉਨ੍ਹਾਂ ਨੂੰ ਮਜ਼ਾ ਆ ਰਿਹਾ ਹੋਵੇ, ਜਿਸ ਨਾਲ ਗੱਲਾਂ ਕਰਨ 'ਤੇ ਉਨ੍ਹਾਂ ਦਾ ਜੀਅ ਕਰ ਰਿਹਾ ਹੋਵੇ। ਤੇ ਉਹ ਬੜੇ ਧਿਆਨ ਨਾਲ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਹੈ। ਸਿਰਫ਼ ਸੁਣ ਹੀ ਨਹੀਂ ਰਿਹਾ, ਅੱਗੇ ਤੋਂ ਅੱਗੇ ਪੁੱਛਦਾ ਵੀ ਜਾ ਰਿਹਾ ਹੈ। ਪਾਪਾ ਬਾਰੇ, ਸੁਨੀਲ ਬਾਰੇ, ਸਵੀਡਨ ਵਿਚ ਉਸਦੀ ਜ਼ਿੰਦਗੀ ਬਾਰੇ, ਮੇਰੇ ਤੇ ਮੇਰੇ ਪਰਿਵਾਰ ਬਾਰੇ। ਉਨ੍ਹਾਂ ਲੋਕਾਂ ਬਾਰੇ ਜਿਨ੍ਹਾਂ ਨੂੰ ਉਹ ਕਦੇ ਨਹੀਂ ਮਿਲਿਆ, ਤੇ ਜਿਨ੍ਹਾਂ ਨਾਲ ਉਸਦਾ ਟਾਕਰਾ ਸ਼ਾਇਦ ਕਦੇ ਹੋਣਾ ਵੀ ਨਹੀਂ। ਪਰ ਪੂਰੀ ਦਿਲਚਸਪੀ ਨਾਲ ਸੁਣ ਰਿਹਾ ਹੈ। ਤੇ ਮਾਮਾ ਹਰ ਗੱਲ ਦਾ ਜਵਾਬ ਏਨੇ ਵਿਸਤਾਰ ਨਾਲ ਦੇ ਰਹੇ ਹਨ ਕਿ ਮੈਂ ਬੋਰ ਹੋਣ ਲੱਗ ਪਈ ਹਾਂ, ਮੇਰੇ ਲਈ

ਇਨ੍ਹਾਂ ਗੱਲਾਂ, ਇਨ੍ਹਾਂ ਬੇਲੋੜੇ ਵੇਰਵਿਆਂ ਵਿਚ ਕੁਝ ਵੀ ਨਵਾਂ ਨਹੀਂ। ਇਹ ਵੇਰਵੇ ਉਸ ਲਈ ਨਵੇਂ ਹੋ ਸਕਦੇ ਹਨ, ਪਰ ਇਨ੍ਹਾਂ ਗੱਲਾਂ ਵਿਚ ਉਸਦੀ ਕੀ ਦਿਲਚਸਪੀ ਹੋ ਸਕਦੀ ਹੈ!

ਦੋ ਘੰਟੇ ਲੰਘ ਚੱਲੇ ਹਨ। ਉਹ ਆਪਣੀ ਘੜੀ ਵੱਲ ਦੇਖ ਕੇ ਕਹਿੰਦਾ ਹੈ, "ਮੈਨੂੰ ਹੁਣ ਨਿਕਲਣਾ ਚਾਹੀਦਾ ਹੈ, ਵਕਤ ਹੋ ਗਿਆ ਹੈ।" ਫੇਰ ਮੇਰੇ ਵੱਲ ਦੇਖ ਕੇ ਕਹਿੰਦਾ ਹੈ, "ਤੁਸੀਂ ਕਿਹਾ ਸੀ ਨਾ ਤੁਹਾਡੇ ਘਰ ਮੇਰੇ ਨਾਵਲ ਹੈਣ। ਮੇਰੀ ਈਮੇਲ ਉਨ੍ਹਾਂ ਉੱਤੇ ਦਰਜ ਹੈ। ਰਾਬਤਾ ਰੱਖਣਾ।"

"ਸਿਰਫ਼ ਸੁਮੇਧਾ ਨੂੰ ਕਿਉਂ ਕਹਿ ਰਿਹਾ ਹੈਂ? ਤੇਰਾ ਕੀ ਖਿਆਲ ਹੈ ਮੈਂ ਨਹੀਂ ਈਮੇਲ ਵਰਤਦੀ? ਏਨੀ ਪੱਛੜੀ ਹੋਈ ਤਾਂ ਨਾ ਸਮਝ ਮੈਨੂੰ।" ਮਾਮਾ ਦਾ ਇੰਝ ਝੂਠੇ ਨਿਹੋਰੇ ਨਾਲ ਕਹਿਣਾ ਮੈਨੂੰ ਚੰਗਾ ਲੱਗਦਾ ਹੈ।

"ਸਿਰਫ਼ ਸੁਮੇਧਾ ਨੂੰ ਇਸ ਲਈ ਕਿਹਾ ਹੈ, ਕਿਉਂਕਿ ਤੂੰ ਤੇ ਟੀ ਜੇ ਸੈਂਡਰਜ਼ ਦਾ ਨਾਂਅ ਵੀ ਨਹੀਂ ਸੁਣਿਆ ਹੋਇਆ।" ਉਹ ਵੀ ਝੂਠੀ ਜਿਹੀ ਨਿਰਾਸਤਾ ਦਾ ਦਿਖਾਵਾ ਕਰਦਿਆਂ ਕਹਿੰਦਾ ਹੈ।

ਉਸਦੀ ਟੈਕਸੀ ਆ ਜਾਂਦੀ ਹੈ। ਮੇਰੇ ਨਾਲ ਮਿਲਾਣ ਲਈ ਹੱਥ ਅੱਗੇ ਵਧਾਂਦਾ ਹੈ, "ਟੇਕ ਕੇਅਰ" ਤੇ ਮਾਮਾ ਨੂੰ ਅੱਧੀ ਜੱਫੀ ਵਿਚ ਵਲ਼ਦਿਆਂ ਕਹਿੰਦਾ ਹੈ, "ਯੂ ਹੈਵ ਲਿਵਡ ਏ ਗੁਡ ਲਾਈਫ਼, ਨੀਤਾ। ਐਂਡ, ਦੇਅਰ ਆਰ ਮੈਨੀ ਮੋਰ ਗੁਡ ਟਾਈਮਜ਼ ਅਹੈੱਡ।" ਉਹਦੇ ਸ਼ਬਦਾਂ ਵਿਚ ਨਸੀਹਤ ਹੈ, ਪਰ ਸੁਰ ਵਿਚ ਨਹੀਂ, ਜਿਵੇਂ ਕੋਈ ਸਹਿਜ ਸੁਭਾਅ ਹੀ ਦੋ ਕੁ ਰੁਖ਼ਸਤੀ ਬੋਲ ਬੋਲ ਕੇ ਜਾ ਰਿਹਾ ਹੋਵੇ। ਜਵਾਬ ਵਿਚ ਮਾਮਾ ਹਲਕਾ ਜਿਹਾ ਸਿਰ ਹਿਲਾ ਛੱਡਦੇ ਹਨ।

ਘਰ ਮੁੜਦਿਆਂ, ਰਾਹ ਵਿਚ ਮਾਮਾ ਸਾਰਾ ਰਾਹ ਆਪ ਹੀ ਉਸਦੀਆਂ ਗੱਲਾਂ ਕਰਦੇ ਜਾਂਦੇ ਹਨ। ਮੈਨੂੰ ਕੁਝ ਵੀ ਪੁੱਛਣ ਦੀ ਲੋੜ ਨਹੀਂ ਪੈਂਦੀ। "ਇਹ ਸਾਡੀ ਕਲਾਸ ਦਾ ਸਭ ਤੋਂ ਜ਼ਹੀਨ ਮੁੰਡਾ ਹੁੰਦਾ ਸੀ। ਪੜ੍ਹਾਈ ਵਿਚ ਤੇ ਅੱਵਲ ਸੀ ਹੀ, ਅਦਾਕਾਰ ਵੀ ਬਹੁਤ ਵਧੀਆ ਸੀ। ਫੇਰ ਸਕਾਲਰਸ਼ਿਪ ‘ਤੇ ਇੰਗਲੈਂਡ ਪੜ੍ਹਨ ਚਲਾ ਗਿਆ ਤੇ ਮੁੜ ਕਦੇ ਰਾਬਤਾ ਵੀ ਨਾ ਹੋਇਆ। ਕਦੇ ਸੋਚਿਆ ਵੀ ਨਹੀਂ ਸੀ ਕਿ ਅਚਾਨਕ ਇੰਝ ਮੁਲਾਕਾਤ ਹੋ ਜਾਵੇਗੀ।"

"ਜ਼ਹੀਨ ਹੀ ਨਹੀਂ, ਸੁਹਣਾ ਵੀ ਬਹੁਤ ਹੁੰਦਾ ਹੋਵੇਗਾ। ਹੀ ਇਜ਼ ਸਟਿਲ ਵੈਰੀ ਅਟ੍ਰੈਕਟਿਵ।" ਮੈਂ ਸਿਰਫ਼ ਕੁਝ ਕੁਰੇਦਣ ਖ਼ਾਤਰ ਨਹੀਂ ਕਹਿੰਦੀ, ਉਹ ਵਾਕਈ ਬੜਾ ਸੁਨੱਖਾ, ਤੇ ਅਜੇ ਤਕ ਸਾਂਭਿਆ ਸਿਕਰਿਆ ਆਦਮੀ ਹੈ।

"ਬਿਲਕੁਲ, ਕਲਾਸ ਦੀਆਂ ਅੱਧੀਆਂ ਕੁੜੀਆਂ ਉਸ ‘ਤੇ ਮਰਦੀਆਂ ਹੁੰਦੀਆਂ ਸਨ"

"ਤੇ ਤੁਸੀਂ?"

"ਓਹ ਕਮ ਔਨ..," ਮਾਮਾ ਕੁਝ ਇਹੋ ਜਿਹਾ ਜਵਾਬ ਦੇਂਦੇ ਹਨ ਜਿਸਦਾ ਜੋ ਚਾਹੋ ਮਤਲਬ ਕੱਢ ਲਵੋ।

ਘਰ ਪਹੁੰਚ ਕੇ ਮਾਮਾ ਆਮ ਵਾਂਗ ਆਪਣੇ ਆਪ ਨੂੰ ਫਟ ਆਪਣੇ ਕਮਰੇ ਵਿਚ ਜਾ ਬੰਦ ਕਰਨ ਦਾ ਉਪਰਾਲਾ ਨਹੀਂ ਕਰਦੇ, ਸਾਡੇ ਕੋਲ਼ ਬੈਠਕ ਵਿਚ ਹੀ ਬਹਿ ਜਾਂਦੇ ਹਨ।

ਤੇ ਫੇਰ, ਪਾਣੀ ਦਾ ਇਕ ਗਲਾਸ ਪੀ ਕੇ, ਪੁਨੀਤ ਨੂੰ ਪੁੱਛਦੇ ਹਨ, "ਸੁਣਿਐ, ਤੇਰੇ ਕੋਲ਼ ਟੀ ਜੇ ਸੈਂਡਰਜ਼ ਦੀਆਂ ਬੜੀਆਂ ਸਾਰੀਆਂ ਕਿਤਾਬਾਂ ਨੇ, ਪੜ੍ਹਨ ਲਈ ਕਿਸੇ ਇਕ ਦੀ ਸਿਫ਼ਾਰਿਸ਼ ਕਰੇਂਗਾ?"

"ਜ਼ਰੂਰ, ਮਾਮਾ, ਹੁਣੇ ਦੱਸਦਾ ਹਾਂ," ਪਰ ਇਹ ਕਹਿੰਦਿਆਂ ਪੁਨੀਤ ਇਕ ਭਰਵੱਟਾ ਰਤਾ ਕੁ ਉਤਾਂਹ ਚੁੱਕਦਿਆਂ ਹੈਰਾਨੀ ਨਾਲ ਮੇਰੇ ਵੱਲ ਦੇਖਦਾ ਹੈ।

ਮੈਂ ਜਵਾਬ ਵਿਚ ਖੱਬੀ ਅੱਖ ਨੂੰ ਹਲਕਾ ਜਿਹਾ ਦੱਬ ਕੇ ਮੁਸਕਰਾ ਛੱਡਦੀ ਹਾਂ, ਬਸ। 000

***(sukirat.anand@gmail.com)***

# ਤੂੰ ਮੈਨੂੰ ਪਿਆਰ ਨਹੀਂ ਕਰਦਾ: ਕਹਾਣੀ: ਪਰਗਟ ਸਿੰਘ ਸਤੌਜ

ਗੁਰਨੀਰ ਗੱਡੀ ਚਲਾ ਰਿਹਾ ਹੈ। ਕੰਵਰ ਪ੍ਰੀਤ ਉਸ ਦੇ ਬਰਾਬਰ ਬੈਠਾ ਹੈ ਤੇ ਮੈਂ ਪਿਛਲੀ ਸੀਟ 'ਤੇ ਬੈਠਾ ਗੱਡੀ ਦੇ ਸਪੀਡ ਮੀਟਰ ਨੂੰ ਵੇਖ ਰਿਹਾ ਹਾਂ। ਹਾਈਵੇ ਉੱਪਰ ਗੱਡੀ ਸੌ ਦੀ ਸਪੀਡ ਉੱਤੇ ਦੌੜੀ ਜਾ ਰਹੀ ਹੈ। ਮੈਨੂੰ ਜਾਪਦਾ ਹੈ ਮੇਰੇ ਘਰਵਾਲੀ ਦੀ ਸ਼ੱਕ ਦੀ ਸੂਈ ਇਕ ਸੌ ਵੀਹ 'ਤੇ ਪਹੁੰਚ ਚੁੱਕੀ ਹੈ। ਉਸ ਦੀ ਤਿੰਨ ਵਾਰ ਵੀਡੀਓ ਕਾਲ ਆ ਚੁੱਕੀ ਹੈ ਪਰ ਮੈਂ ਹਰ ਵਾਰ ਕੱਟ ਦਿੰਦਾ ਹਾਂ।

ਹੁਣ ਉਹ ਵਾਰ-ਵਾਰ ਵਟਸ ਅੱਪ ਉੱਪਰ ਮੈਸੇਜ ਇੰਝ ਭੇਜਣ ਲੱਗੀ ਹੈ ਜਿਵੇਂ ਮੇਰੇ ਸਿਰ ਵਿਚ ਰੋੜੇ ਮਾਰ-ਮਾਰ ਮੈਨੂੰ ਜਗਾ ਰਹੀ ਹੋਵੇ।

ਮੈਨੂੰ ਉਸ ਦੇ ਮੈਸੇਜਾਂ ਤੋਂ ਖਿਝ ਚੜ੍ਹਨ ਲੱਗਦੀ ਹੈ। ਮੈਂ ਮੋਬਾਈਲ ਨੂੰ ਨਜ਼ਰ-ਅੰਦਾਜ਼ ਕਰ ਕੇ ਬਾਹਰ ਵੇਖਣ ਦੀ ਕੋਸ਼ਿਸ਼ ਕਰਦਾ ਹਾਂ ਪਰ ਮੇਰੇ ਦਿਮਾਗ਼ ਵਿਚ ਸੂਈਆਂ ਵਾਂਗ ਵੱਜਦੀ ਮੈਸੇਜਾਂ ਦੀ ਟਿਊਨ ਮੇਰਾ ਕਿਧਰੇ ਵੀ ਧਿਆਨ ਨਹੀਂ ਲੱਗਣ ਦੇ ਰਹੀ। ਮੈਨੂੰ ਖ਼ਿਆਲ ਆਉਂਦਾ ਹੈ ਜੇਕਰ ਮੈਂ ਉਸ ਦੇ ਕਿਸੇ ਮੈਸੇਜ ਦਾ ਜਵਾਬ ਨਾ ਦਿੱਤਾ ਤਾਂ ਉਸ ਨੇ ਕਿਸੇ ਕੋਲੋਂ ਗੁਰਨੀਰ ਦਾ ਨੰਬਰ ਲੈ ਕੇ ਉਸ ਉੱਪਰ ਕਾਲ ਕਰ ਦੇਣੀ ਹੈ। ਮੈਂ ਨਾ ਚਾਹੁੰਦੇ ਹੋਏ ਵੀ ਮੈਸੇਜ ਖੋਲ੍ਹ ਕੇ ਵੇਖਦਾ ਹਾਂ।

"ਕਾਲ ਅਟੈਂਡ ਕਰੋ।"

"ਕਾਲ ਕਿਉਂ ਨਹੀਂ ਉਠਾ ਰਹੇ?"

"ਕਿੱਥੇ ਪਹੁੰਚ ਗਏ?"

"ਤੁਸੀਂ ਤਿੰਨੇ ਜਾ ਰਹੇ ਹੋਂ ਜਾਂ ਹੋਰ ਵੀ ਕੋਈ ਨਾਲ ਹੈ?"

"ਵਿਚੋਂ ਦੀ ਫੋਨ ਵੀ ਬਿਜ਼ੀ ਆ ਰਿਹਾ ਸੀ।"

ਉਸ ਦੀਆਂ ਇਹ ਪੁੱਛਾਂ ਵੇਖ ਕੇ ਮੈਨੂੰ ਹੋਰ ਵੀ ਖਿਝ ਚੜ੍ਹ ਗਈ ਹੈ।

ਇਹ ਇੰਝ ਹੀ ਕਰਦੀ ਹੈ। ਜਦੋਂ ਵੀ ਮੈਂ ਘਰੋਂ ਬਾਹਰ ਜਾਵਾਂ ਤਾਂ ਵੀਡੀਓ ਕਾਲ ਕਰ ਕੇ ਪਰਖਦੀ ਰਹੇਗੀ ਕਿ ਕਿੱਥੇ ਹੈ? ਉਂਝ ਬੜੀ ਰੁਮਾਂਟਿਕ ਹੋ ਕੇ ਕਹੇਗੀ, "ਮੈਂ ਤੁਹਾਡਾ ਚਿਹਰਾ ਦੇਖਣੈ।" ਮੈਂ ਉਸ ਦੀ ਚਲਾਕੀ ਸਮਝ ਜਾਂਦਾ ਹਾਂ। ਕਦੇ ਉਸ ਉੱਤੇ ਖਿਝਦਾ ਹਾਂ ਤੇ ਕਦੇ ਹੱਸ ਛੱਡਦਾ ਹਾਂ।

ਜੇ ਕਦੇ ਮੇਰਾ ਫੋਨ ਵੇਟਿੰਗ ਵਿਚ ਆ ਜਾਵੇ ਤਾਂ ਇਹ ਬਿੱਲੀ ਪਿੱਛੇ ਪਈ ਜੋਗੀਆਂ ਦੀ ਕੁੱਤੀ ਵਾਂਗ ਮੇਰੇ ਪਿੱਛੇ ਪੈ ਜਾਂਦੀ ਹੈ, "ਕਿਸਦਾ ਫੋਨ ਸੀ?" ਉਸ ਦੀ ਆਵਾਜ਼ ਵਿਚ ਸ਼ੱਕ ਇੰਝ ਝਲਕ ਰਹੀ ਹੁੰਦੀ ਹੈ ਜਿਵੇਂ ਉਸ ਨੇ ਕਿਸੇ ਸੌਂਕਣ ਨਾਲ ਮੈਨੂੰ ਰੰਗੇ ਹੱਥੀਂ ਫੜ ਲਿਆ ਹੋਵੇ।

"ਕਿਸੇ ਪਾਠਕ ਦਾ ਫੋਨ ਸੀ।" ਮੈਂ ਆਪਣੇ-ਆਪ ਨੂੰ ਸ਼ਾਂਤ ਕਰ ਕੇ ਜਵਾਬ ਦਿੰਦਾ ਹਾਂ।

"ਕੁੜੀ ਦਾ ਜਾਂ ਮੁੰਡੇ ਦਾ?"

"ਕੁੜੀ ਦਾ।"

"ਫੇਰ ਏਨੀ ਦੇਰ ਉਹਦੇ ਨਾਲ ਗੱਲ ਕਰਨ ਦੀ ਕੀ ਲੋੜ ਸੀ?"

"ਆਪਣੇ ਪਾਠਕਾਂ ਦੇ ਸਵਾਲਾਂ ਦੇ ਜਵਾਬ ਦੇਣਾ ਤਾਂ ਮੇਰਾ ਫ਼ਰਜ਼ ਐ। ਪਾਠਕਾਂ ਦੇ ਨਾਲ ਹੀ ਲੇਖਕ ਵੱਡੈ। ਜੇ ਪਾਠਕਾਂ ਤੋਂ ਮੂੰਹ ਮੋੜਾਂਗੇ ਤਾਂ ਉਹ ਆਪਣੇ ਤੋਂ ਮੂੰਹ ਮੋੜ ਲੈਣਗੇ। ਜੇ ਕਿਸੇ ਨਾਲ ਗੱਲ ਨਹੀਂ ਕਰਦੇ ਤਾਂ ਅਗਲਾ ਝੱਟ ਭਰਮ ਪਾਲ਼ ਲੈਂਦੈ ਕਿ ਇਹ ਛਪਵਾ ਕੇ ਦੋ ਕਿਤਾਬੜੀਆਂ ਹੁਣ ਆਪਣੇ-ਆਪ ਨੂੰ ਫੰਨੇ ਖਾਂ ਸਮਝਣ ਲੱਗ ਪਿਐ।" ਮੈਂ ਸੈਂਕੜੇ ਵਾਰ ਪਹਿਲਾਂ ਸਮਝਾਈ ਗੱਲ ਇਕ ਵਾਰ ਫਿਰ ਉਸ ਦੇ ਦਿਮਾਗ਼ ਵਿਚ ਪਾਉਣ ਦੀ ਅਸਫ਼ਲ ਕੋਸ਼ਿਸ਼ ਕਰਦਾ ਹਾਂ।

"ਚਲ ਸਕਰੀਨ ਸ਼ਾਟ ਭੇਜ।" ਮੈਂ ਲੜਾਈ ਤੋਂ ਹਮੇਸ਼ਾ ਟਲ਼ਦਾ ਹਾਂ, ਇਸੇ ਕਰਕੇ ਉਸ ਦੇ

ਮੰਗਣ 'ਤੇ ਸਕਰੀਨ ਸ਼ਾਟ ਭੇਜ ਦਿੰਦਾ ਹਾਂ। ਮੈਂ ਉਸ ਦੀ ਆਦਤ ਜਾਣਦਾ ਹਾਂ, ਉਹ ਸਕਰੀਨ ਸ਼ਾਟ ਵਿਚੋਂ ਨੰਬਰ ਦੇਖ ਕੇ ਆਪਣੇ ਮੋਬਾਈਲ ਵਿਚ ਸੇਵ ਕਰਦੀ ਹੈ, ਫਿਰ ਵਟਸ ਅੱਪ ਉੱਪਰ ਜਾ ਕੇ ਉਸ ਦੀ ਫੋਟੋ ਵੇਖਦੀ ਹੈ। ਜੇਕਰ ਉਹ ਵੱਡੀ ਉਮਰ ਦੀ ਹੋਵੇ ਫੇਰ ਖਹਿੜਾ ਛੱਡ ਦਿੰਦੀ ਹੈ, ਜੇਕਰ ਛੋਟੀ ਉਮਰ ਦੀ ਹੋਵੇ ਤੇ ਹੋਵੇ ਵੀ ਸੋਹਣੀ ਤਾਂ ਉਹ ਨੰਬਰ ਯਾਦ ਰਖਦੀ ਹੈ ਤੇ ਘਰੇ ਕਈ ਦਿਨਾਂ ਤਕ ਮੇਰਾ ਮੋਬਾਈਲ ਚੁੱਕ ਕੇ ਫੋਨ ਚੈੱਕ ਕਰਦੀ ਰਹਿੰਦੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਇਸ ਨੰਬਰ ਤੋਂ ਦੁਬਾਰਾ ਕਾਲ ਆਈ-ਗਈ ਤਾਂ ਨਹੀਂ?

ਹੁਣ ਉਸ ਦੀ ਸਿੰਪਲ ਕਾਲ ਆ ਰਹੀ ਹੈ। ਮੈਂ ਨਾ ਚਾਹੁੰਦਿਆਂ ਵੀ ਮੋਬਾਈਲ ਆਨ ਕਰ ਕੇ ਕੰਨ ਨੂੰ ਲਾ ਲੈਂਦਾ ਹਾਂ, "ਏਨੀ ਦੇਰ ਹੋ ਗੀ। ਨਾ ਕਾਲ ਚੁੱਕਦਿਓਂ, ਨਾ ਮੈਸੇਜ ਦਾ ਜਵਾਬ ਦਿੰਨੇ ਓਂ?"

"ਯਾਰ..., ਆਹ ਪੰਜ ਮਿੰਟ ਪਹਿਲਾਂ ਤਾਂ ਤੂੰ ਕਰ ਕੇ ਹਟੀ ਸੀ। ਹੁਣ ਐਡਾ ਕੀ ਜ਼ਰੂਰੀ ਕੰਮ ਹੋ ਗਿਆ?" ਮੇਰੀ ਆਵਾਜ਼ ਵਿਚ ਖਿਝ ਭਰ ਜਾਂਦੀ ਹੈ।

"ਜੇ ਜ਼ਰੂਰੀ ਸੀ ਤਾਂ ਹੀ ਕਰ ਰਹੀ ਆਂ।"

"ਹਾਂ, ਦੱਸ ਫੇਰ?"

"ਕੱਲ੍ਹ ਨੂੰ ਹਰਮਨ ਕੇ ਅਖੰਡ ਪਾਠ 'ਤੇ ਜਾਣੈ। ਮੈਂ ਤੈਨੂੰ ਵੀਡੀਓ ਕਾਲ ਕਰ ਕੇ ਸੂਟ ਦਿਖਾ ਰਹੀ ਸੀ ਵੀ ਇਹ ਕਿਵੇਂ ਲੱਗੂ?"

"ਜਿਹੜਾ ਮਰਜ਼ੀ ਲੈਜਾ, ਸਾਰੇ ਇਕੋ ਜਿਹੇ ਹੁੰਦੇ ਨੇ।" ਮੈਂ ਖਹਿੜਾ ਛੁਡਾਉਣ ਲਈ ਕਿਹਾ।

"ਜਿਹੜਾ ਗਰੀਨ ਸੂਟ ਐ। ਉਹਦੇ 'ਚ ਥੋੜ੍ਹਾ-ਥੋੜ੍ਹਾ ਪਿੰਕ ਦਾ ਸ਼ੇਡ ਐ। ਨਾਲ ਕਢਾਈ ਵਾਲੀ ਚੁੰਨੀ....ਪਰਪਲ....ਸੈਂਡਲ....ਮੇਰੀ ਮੰਮੀ ਨੇ ਲਿਆਂਦਾ....ਭੈਣ ਨੇ ਲੈ ਲਿਆ....ਪਿਉਰ ਦੀ ਚੁੰਨੀ....ਵਾਲ ਸਟੇਟ....ਉਹ ਫਲਾਨਾ, ਉਹ ਫਲਾਨੀ....ਆਊਂ ਆਊਂ....ਵਊਂ ਵਊਂ....।" ਉਹ ਬੋਲ ਰਹੀ ਹੈ। ਮੈਨੂੰ ਲੱਗਦਾ ਹੈ ਜਿਵੇਂ ਸੈਂਕੜੇ ਕੁੱਤੇ 'ਵਊਂ ਵਊਂ' ਕਰ ਕੇ ਭੌਂਕਦੇ ਮੇਰੇ ਪਿੱਛੇ ਪੈ ਗਏ ਹੋਣ। ਮੈਂ ਜਾਨ ਬਚਾਉਣ ਲਈ ਦੌੜਿਆ ਜਾ ਰਿਹਾ ਹਾਂ। ਹਫ ਜਾਂਦਾ ਹਾਂ। ਡਿੱਗ ਪੈਂਦਾ ਹਾਂ। ਕੁੱਤੇ ਮੈਨੂੰ ਖਾਣ ਲਈ ਝਪਟਦੇ ਹਨ ਕਿ....

"ਮੈਂ ਫੇਰ ਕਰਦਾਂ।" ਕਹਿ ਕੇ ਮੈਂ ਫੋਨ ਕੱਟ ਦਿੰਦਾ ਹਾਂ। ਕੁੱਤੇ ਭੌਂਕਣੋ ਹਟ ਗਏ ਹਨ। ਮੈਨੂੰ ਸੌਖਾ ਸਾਹ ਆਉਂਦਾ ਹੈ। ਸੁਰਤ ਪਰਤਦੀ ਹੈ। ਮੈਂ ਗੱਡੀ ਦੀ ਪਿਛਲੀ ਸੀਟ 'ਤੇ ਬੈਠਾ ਹਾਂ। ਸਿਰ ਨੂੰ ਦੋਵੇਂ ਹੱਥੇਲੀਆਂ ਨਾਲ ਘੁੱਟਦਾ ਹਾਂ। ਬੋਤਲ 'ਚੋਂ ਪਾਣੀ ਦੀ ਘੁੱਟ ਭਰਦਾ ਹਾਂ। ਲੰਬਾ ਸਾਹ ਲੈ ਕੇ ਸ਼ੀਸ਼ੇ ਵਿਚੋਂ ਅਸਮਾਨ ਨੂੰ ਤੱਕਣ ਲੱਗਦਾ ਹਾਂ।

ਅਮਨ ਮੇਰੀ ਪਤਨੀ ਹੈ। ਪਹਿਲਾਂ ਮੇਰੀ ਪ੍ਰੇਮਿਕਾ ਸੀ। ਗੁਰੂ ਮਹਾਰਾਜ ਅੱਗੇ ਉਮਰ ਭਰ ਦਾ ਸਾਥ ਨਿਭਾਉਣ ਦਾ ਵਾਅਦਾ ਕਰ ਕੇ ਮੈਂ ਇਸ ਦਾ ਪਤੀ ਬਣ ਗਿਆ ਹਾਂ ਪਰ ਇਹ ਮੇਰੀ ਪਤਨੀ ਨਹੀਂ ਬਣੀ ਹੈ। ਇਹਦੀਆਂ ਹਰਕਤਾਂ ਪਹਿਲਾਂ ਵਾਲੀਆਂ ਹੀ ਹਨ। ਇਹੀ ਗੱਲ ਸਾਡੇ ਵਿਚਕਾਰ ਸ਼ੱਕ ਪੈਦਾ ਕਰਦੀ ਰਹਿੰਦੀ ਹੈ।

ਇਹ ਮੇਰੀਆਂ ਕਹਾਣੀਆਂ ਦੀ ਪਾਠਕ ਸੀ। ਜਿੱਥੇ ਕਿਤੇ ਵੀ ਇਹਨੇ ਮੇਰੀ ਕਹਾਣੀ ਪੜ੍ਹਨੀ, ਮੈਨੂੰ ਫੋਨ ਜ਼ਰੂਰ ਕਰਨਾ। ਫਿਰ ਹੌਲ਼ੀ-ਹੌਲ਼ੀ ਸਾਡਾ ਫੋਨ 'ਤੇ ਗੱਲ ਕਰਨ ਦਾ ਸਮਾਂ ਵਧਦਾ ਗਿਆ। ਇਕ-ਦੋ ਵਾਰ ਅਸੀਂ ਸਾਹਿਤਕ ਪ੍ਰੋਗਰਾਮਾਂ ਉੱਤੇ ਮਿਲੇ ਤੇ ਫਿਰ ਸਮਾਂ ਮਿਥ ਕੇ ਮਿਲਣ ਲੱਗੇ। ਇੰਝ ਹੀ ਸਾਡੀ ਮੁਹੱਬਤ ਗੂੜ੍ਹੀ ਹੁੰਦੀ ਗਈ ਤੇ ਅਸੀਂ ਇਸ ਮੁਹੱਬਤ ਉੱਤੇ ਮੋਹਰ ਲਾ ਕੇ ਵਿਆਹ ਕਰਵਾ ਲਿਆ। ਇਸ ਦਾ ਸ਼ੱਕੀ ਸੁਭਾਅ ਸ਼ੁਰੂ ਤੋਂ ਹੀ ਇਸ ਤਰ੍ਹਾਂ ਸੀ। ਮੈਂ ਸੋਚਿਆ ਸੀ ਚਲੋ ਅਜੇ ਨਿਆਣੀ ਹੈ ਹੌਲ਼ੀ-ਹੌਲ਼ੀ ਸਮਝ ਆ ਜਾਵੇਗੀ। ਦੂਸਰਾ, ਜਦੋਂ ਵਿਆਹ ਕਰਵਾ ਕੇ ਮੇਰੇ ਨਾਲ ਹੀ ਰਹਿਣ ਲੱਗ ਪਈ ਤਾਂ ਸ਼ੱਕ ਵੀ ਆਪਣੇ-ਆਪ ਹੀ ਖ਼ਤਮ ਹੋ ਜਾਣਾ ਹੈ। ਪਰ ਮੈਨੂੰ ਕੀ ਪਤਾ ਸੀ ਉਸ ਦੀ ਇਹ ਬਿਮਾਰੀ ਹੋਰ ਵੀ ਵਧ ਜਾਵੇਗੀ? ਇਹ ਤਾਂ ਸਗੋਂ ਜੋ ਗੱਲਾਂ ਆਪ ਕਰਦੀ ਸੀ ਉਹਨਾਂ ਨੂੰ ਹੀ ਅੱਗੇ ਰੱਖ ਕੇ ਸ਼ੱਕ ਕਰਨ ਲੱਗ ਪਈ।

ਕਦੇ ਕਹੂ, "ਤੂੰ ਛੋਟੀਆਂ ਕੁੜੀਆਂ ਨਾਲ ਗੱਲ ਘੱਟ ਕਰਿਆ ਕਰ। ਇਹਨਾਂ ਨੂੰ ਅਕਲ ਘੱਟ ਹੁੰਦੀ ਹੈ। ਧੱਕੇ ਨਾਲ ਹੀ ਚਿੰਬੜ ਜਾਂਦੀਆਂ ਨੇ।" ਇਹਨੂੰ ਲੱਗਦਾ ਹੈ ਕਿ ਜਿਵੇਂ ਮੈਂ ਚਿੰਬੜੀ ਸੀ ਉਵੇਂ ਹੋਰ ਵੀ ਚਿੰਬੜ ਜਾਣਗੀਆਂ।

"ਮੈਂ ਕਿਹੜਾ ਚੁੰਬਕ ਆਂ ਵੀ ਹਰ ਲੋਹੇ ਦੀ ਚੀਜ਼ ਮੇਰੇ ਨਾਲ ਚਿੰਬੜ ਜਾਊ!" ਮੈਂ ਅੱਗੋਂ ਇਸ ਦੀ ਗੱਲ ਹੱਸ ਕੇ ਟਾਲ਼ ਛੱਡਦਾ ਹਾਂ।

ਅਮਨ ਨੂੰ ਮੇਰੇ ਨਾਲ ਵਿਆਹ ਕਰਵਾਇਆਂ ਅਜੇ ਕੁਝ ਹੀ ਮਹੀਨੇ ਹੋਏ ਸਨ। ਇਕ ਲੇਖਕ ਕੁੜੀ ਨੇ ਮੇਰੀ ਕਿਤਾਬ ਪੜ੍ਹ ਕੇ ਮੈਨੂੰ ਫੋਨ ਕੀਤਾ। ਉਹ ਦਸ-ਪੰਦਰਾਂ ਮਿੰਟ ਮੇਰੇ ਨਾਲ ਫੋਨ 'ਤੇ ਲੱਗੀ ਰਹੀ। ਇਹ ਆਨੀਂ-ਬਹਾਨੀਂ ਸ਼ਿਕਾਰੀ ਕੁੱਤੇ ਵਾਂਗ ਕੰਨ ਚੁੱਕ-ਚੁੱਕ ਕੇ ਸਾਡੀਆਂ ਗੱਲਾਂ ਸੁਣਨ ਲਈ ਮੇਰੇ ਨੇੜੇ-ਨੇੜੇ ਲੱਗੇ। ਫਿਰ ਉਸ ਦਾ ਕਦੇ ਨਾ ਕਦੇ ਕਹਾਣੀ ਪੜ੍ਹ ਕੇ ਮੈਨੂੰ ਫੋਨ ਆ ਜਾਂਦਾ। ਅਸੀਂ ਦੋਵੇਂ ਲੇਖਕ ਹੋਣ ਕਰਕੇ ਇਕ-ਦੂਜੇ ਨਾਲ ਆਪਸ ਵਿਚ ਫੇਸਬੁੱਕ ਅਤੇ ਵਟਸ ਅੱਪ ਉੱਪਰ ਵੀ ਜੁੜ ਗਏ। ਜਦੋਂ ਉਸ ਦੀ ਕਿਤਾਬ ਛਪੀ, ਉਸ ਨੇ ਇਕ ਕਾਪੀ ਮੈਨੂੰ ਭੇਜ ਦਿੱਤੀ। ਉਸਦੀਆਂ ਕਹਾਣੀਆਂ ਚੰਗੀਆਂ ਸਨ। ਮੈਂ ਤਾਰੀਫੀ ਦੋ ਸ਼ਬਦ ਲਿਖ ਕੇ ਭੇਜ ਦਿੱਤੇ। ਇਹਦੀ ਸ਼ੱਕ ਦੀ ਸੂਈ ਗੋਹ ਦੇ ਪੰਜਿਆਂ ਵਾਂਗ ਉੱਥੇ ਹੀ ਅੜ ਗਈ। ਹਰ ਰੋਜ਼ ਘਰ ਝੱਜੂ ਪਿਆ ਕਰੇ। ਮੈਂ ਬਥੇਰਾ ਸਮਝਾਉਂਦਾ, "ਐਂ ਕੋਈ ਗ਼ਲਤ ਕਿਵੇਂ ਹੋ ਜਾਊ?"

ਅੱਗੋਂ ਇਹ ਜਵਾਬ ਦਿੰਦੀ, "ਮੇਰੇ ਨਾਲ ਵੀ ਇਹੀ ਸੀਚੂਏਸ਼ਨ ਸੀ।"

"ਓਏ! ਹੁਣ ਤਾਂ ਤੂੰ ਮੇਰੇ ਕੋਲ਼ ਆ ਗਈ। ਮੈਂ ਕੋਈ ਮਹਾਰਾਜਾ ਪਟਿਆਲਾ ਥੋੜ੍ਹੀ ਆਂ? ਮੈਨੂੰ ਤਾਂ ਇਕ ਸੰਭਾਲਣੀ ਔਖੀ ਹੋਈ ਪਈ ਐ।" ਮੇਰਾ ਦਿਲ ਰੋਂਦਾ ਪਰ ਇਹ ਮੇਰੇ ਦਿਲ ਦੀ ਆਵਾਜ਼ ਕਦੋਂ ਸੁਣਦੀ ਸੀ?

ਇਕ ਦਿਨ ਇਸ ਨੇ ਮੇਰਾ ਮੋਬਾਈਲ ਚੁੱਕ ਕੇ ਉਸ ਕੁੜੀ ਨੂੰ ਮੇਰੀ ਫੇਸਬੁੱਕ ਅਤੇ ਵਟਸ ਅੱਪ ਤੋਂ ਬਲੌਕ ਕਰ ਦਿੱਤਾ। ਨਾਲ ਇਕ ਸੁਣਾਈ ਵੀ ਕਰ ਦਿੱਤੀ, "ਜੇ ਤੇਰੀ ਇਸ ਨਾਲ ਕੋਈ ਗੱਲ ਨਹੀਂ ਤਾਂ ਇਸ ਨੂੰ ਅਣ-ਬਲੌਕ ਨਾ ਕਰੀਂ। ਜਾਂ ਤਾਂ ਇਹ ਅਣ-ਬਲੌਕ ਹੋਊ ਜਾਂ ਮੈਂ ਏਸ ਘਰ 'ਚ ਰਹੂੰ।"

ਮੈਂ ਤਾਂ ਕਿਸੇ ਵੀ ਕੀਮਤ ਉੱਤੇ ਘਰ ਵਿਚ ਸ਼ਾਂਤੀ ਚਾਹੁੰਦਾ ਸੀ। ਇਸ ਦਮਘੋਟੂ ਮਾਹੌਲ ਵਿਚ ਮੇਰਾ ਲਿਖਣਾ ਪੜ੍ਹਨਾ ਸਭ ਬੰਦ ਹੋਇਆ ਪਿਆ ਸੀ। ਮੈਂ ਉਸ ਦੀ ਗੱਲ 'ਸੱਤ ਵਚਨ' ਕਹਿ ਕੇ ਕਬੂਲ ਕਰ ਲਈ। ਚੰਗੇ ਮਾਹੌਲ ਦੇ ਬਦਲੇ ਆਪ ਹਾਰ ਮੰਨ ਲਈ। ਕਿਸੇ ਦੋਸਤ ਦੇ ਫੋਨ ਤੋਂ ਉਸ ਲੇਖਕ ਦੋਸਤ ਕੁੜੀ ਨੂੰ ਆਪਣੇ ਘਰ ਦੇ ਮਾਹੌਲ ਬਾਰੇ ਦੱਸ ਕੇ, ਸਾਰਾ ਘਟਨਾ-ਕਰਮ ਦੱਸ ਦਿੱਤਾ। ਉਹ ਵਿਚਾਰੀ ਸਿਆਣੀ ਸੀ। ਅੱਗੋਂ ਮੈਨੂੰ ਸਮਝਾਉਣ ਲੱਗ ਪਈ, "ਕੋਈ ਗੱਲ ਨਹੀਂ ਜੇ ਅਣ-ਬਲੌਕ ਕਰ ਕੇ ਏਨੀ ਸਸਤੀ ਸ਼ਾਂਤੀ ਮਿਲਦੀ ਹੈ ਤਾਂ ਹੋਰ ਕੀ ਚਾਹੀਦਾ ਹੈ? ਆਪਣੇ ਦੋਵਾਂ ਦੇ ਮਨ ਸੱਚੇ ਨੇ। ਇਹ ਆਪਾਂ ਜਾਣਦੇ ਆਂ, ਰੱਬ ਜਾਣਦੈ। ਗੱਲ ਤਾਂ ਚਾਹੇ ਸਾਰੀ ਉਮਰ ਨਾ ਕਰੀਏ, ਕੋਈ ਫ਼ਰਕ ਨੀ ਪੈਂਦਾ।" ਉਹ ਮੇਰੇ ਘਰ ਦੀ ਸ਼ਾਂਤੀ ਲਈ ਅੱਜ ਤਕ ਨਾ ਮੈਨੂੰ ਕਦੀ ਮਿਲੀ ਤੇ ਨਾ ਕਦੀ ਫੋਨ ਕੀਤਾ।

ਹਾਈਵੇ ਤੋਂ ਇਕ ਪਾਸੇ ਗੱਡੀ ਦੇ ਬ੍ਰੇਕ ਲੱਗੇ ਹਨ। ਮੇਰੀ ਸੁਰਤ ਪਰਤੀ ਹੈ। ਸੜਕ ਦੇ ਖੱਬੇ ਹੱਥ ਠੇਕਾ ਹੈ।

"ਲੈ ਲਈਏ ਘੁੱਟ।" ਕੰਵਰ ਪ੍ਰੀਤ ਗੱਡੀ 'ਚੋਂ ਉੱਤਰ ਕੇ ਠੇਕੇ ਵੱਲ ਤੁਰ ਗਿਆ ਹੈ।

"ਚਲ ਬਾਈ।" ਉਹ ਅਧੀਆ ਲੈ ਕੇ ਮੇਰੇ ਨਾਲ ਪਿਛਲੀ ਸੀਟ 'ਤੇ ਆ ਬੈਠਿਆ ਹੈ। ਗੁਰਨੀਰ ਨੇ ਤਾਂ ਪੀਣੀ ਨਹੀਂ। ਜਿੰਨੀ ਦੇਰ ਉਹ ਗੱਡੀ ਚਲਾਉਂਦਾ ਰਹੇਗਾ, ਅਸੀਂ ਆਪਣਾ ਕੌੜਾ ਮੂੰਹ ਕਰ ਕੇ ਸਰੂਰ ਜਿਹੇ ਵਿਚ ਹੋ ਜਾਣਾ ਹੈ।

ਹੁਣ ਗੱਡੀ ਛੋਟੀਆਂ-ਛੋਟੀਆਂ ਪਹਾੜੀਆਂ ਉੱਪਰ ਚੜ੍ਹਨ ਲੱਗੀ ਹੈ। ਮੈਂ ਦੂਰ ਉੱਚੀਆਂ ਪਹਾੜੀਆਂ ਨੂੰ ਦੇਖ ਰਿਹਾ ਹਾਂ ਜਿੱਥੇ ਬੱਦਲ ਉਹਨਾਂ ਦੀਆਂ ਬੋਦੀਆਂ ਨੂੰ ਚੁੰਮ ਰਹੇ ਹਨ। ਅਸੀਂ ਵੀ

ਇਹਨਾਂ ਪਹਾੜੀਆਂ ਦੇ ਸਿਖਰ 'ਤੇ ਵਸੇ ਡਲਹੌਜ਼ੀ ਸ਼ਹਿਰ ਜਾਣਾ ਹੈ। ਇਸੇ ਸ਼ਹਿਰ ਤਿੰਨ ਦਿਨ ਦਾ ਸਾਹਿਤ ਅਕਾਦਮੀ ਵੱਲੋਂ ਸਾਹਿਤਕ ਪ੍ਰੋਗਰਾਮ ਹੈ। ਪਹਿਲੇ ਦਿਨ ਕਵੀ ਦਰਬਾਰ, ਦੂਸਰੇ ਦਿਨ ਕਹਾਣੀ ਦਰਬਾਰ ਅਤੇ ਅਖ਼ੀਰੀ ਦਿਨ ਆਲੋਚਨਾ 'ਤੇ ਪ੍ਰੋਗਰਾਮ ਹਨ। ਸਾਡੀ ਉੱਥੇ ਅਕਾਦਮੀ ਵੱਲੋਂ ਇਕ ਦਿਨ ਅੱਗੇ-ਪਿੱਛੇ ਕੁੱਲ ਪੰਜ ਦਿਨ ਦੀ ਸਟੇਅ ਹੈ। ਕੱਲ੍ਹ ਨੂੰ ਕਵੀ ਦਰਬਾਰ ਸ਼ੁਰੂ ਹੋਣਾ ਹੈ ਤੇ ਪਰਸੋਂ ਨੂੰ ਸਾਡਾ ਕਹਾਣੀ ਦਰਬਾਰ। ਅਸੀਂ ਅੱਜ ਜਾ ਰਹੇ ਹਾਂ ਤੇ ਪੰਜੇ ਦਿਨ ਸਟੇਅ ਦਾ ਲਾਹਾ ਲੈਣਾ ਹੈ। ਨਾਲੇ ਘਰ ਦੀ 'ਕਿੱਚ-ਕਿੱਚ' ਤੋਂ ਬਚੇ ਰਹਾਂਗੇ। ਪਰ ਮੈਂ ਕਿੱਥੇ ਬਚਿਆ ਹਾਂ? ਮੇਰੇ ਤਾਂ ਕਿੱਚ-ਕਿੱਚ ਨਾਲ-ਨਾਲ ਤੁਰੀ ਜਾ ਰਹੀ ਹੈ, ਸਗੋਂ ਹੋਰ ਵਧ ਗਈ ਹੈ।

ਸੱਚ ਪੁੱਛੋਂ, ਤਾਂ ਕਦੇ ਮੇਰਾ ਜੀਅ ਇੰਝ ਕਰਦਾ ਹੈ ਕਿ ਮੈਂ ਫੋਨ ਭੰਨ ਦਿਆਂ। ਜਿੰਨੀ ਦੇਰ ਫੋਨ ਮੇਰੇ ਕੋਲ਼ ਹੈ, ਉਹ ਸ਼ੱਕ ਦੇ ਛੁਰੇ ਲੈ ਕੇ ਮੇਰੇ ਮੋਢਿਆਂ 'ਤੇ ਬੈਠੀ ਰਹਿੰਦੀ ਹੈ ਤੇ ਫਿਰ ਛੁਰੇ ਮੇਰੇ ਸਿਰ ਵਿਚ ਮਾਰ-ਮਾਰ ਮੇਰੇ ਦਿਮਾਗ਼ ਵਿਚੋਂ ਕੁਝ ਲੱਭਣ ਦੇ ਆਹਰ ਲੱਗੀ ਰਹਿੰਦੀ ਹੈ। ਉਹ ਮੇਰੇ ਦਿਮਾਗ਼ ਨੂੰ ਇਕ ਪਲ ਲਈ ਵੀ ਫਰੀ ਨਹੀਂ ਹੋਣ ਦਿੰਦੀ। ਮੈਂ ਕੁਝ ਸੋਚ ਨਹੀਂ ਸਕਦਾ। ਸੋਚਣ ਤੋਂ ਬਿਨਾਂ ਲਿਖਿਆ ਨਹੀਂ ਜਾਂਦਾ।

ਸੋਚਦਾ ਹਾਂ, 'ਕਾਸ਼! ਉਹ ਮੈਨੂੰ ਸਮਝ ਸਕਦੀ, ਮਹਿਸੂਸ ਕਰ ਸਕਦੀ ਕਿ ਮੈਂ ਲੇਖਕ ਹਾਂ, ਹਰ ਸਮੇਂ ਤੇਰੇ ਨਾਲ ਫੋਨ 'ਤੇ ਨਹੀਂ ਲੱਗ ਸਕਦਾ। ਹਰ ਵਕਤ ਤੈਨੂੰ ਆਪਣੀ ਸਚਾਈ ਦੇ ਸਰਟੀਫਿਕੇਟ ਨਹੀਂ ਵੰਡ ਸਕਦਾ। ਮੈਨੂੰ ਆਪਣੇ-ਆਪ ਨਾਲ ਵੀ ਗੱਲਾਂ ਕਰਨ ਦਾ ਸਮਾਂ ਚਾਹੀਦਾ ਹੈ। ਮੈਂ ਸ਼ਾਂਤ ਚਿੱਤ ਹੋ ਕੇ ਕੁਦਰਤ ਨੂੰ ਨਿਹਾਰਨਾ ਹੁੰਦੈ। ਵਾਪਰ ਰਹੇ 'ਤੇ ਸੋਚਣਾ ਹੁੰਦੈ। ਆਪਣੇ-ਆਪ ਨਾਲ ਸਵਾਲ-ਜਵਾਬ ਕਰਨੇ ਹੁੰਦੇ ਨੇ। ਪਾਤਰਾਂ ਦੇ ਮੁਖ਼ਾਤਬ ਹੋਣਾ ਹੁੰਦੈ। ਮੈਂ ਵਿਹਲਾ ਵੀ ਵਿਹਲਾ ਨਹੀਂ ਹੁੰਦਾ, ਮੇਰੇ ਅੰਦਰ ਕੁਝ ਉੱਸਰ ਰਿਹਾ ਹੁੰਦਾ ਹੈ। ਅੰਡੇ 'ਚੋਂ ਚੂਚਾ ਨਿੱਕਲਣ ਵਾਂਗ ਇਕ ਰਚਨਾ ਨੂੰ ਪੈਦਾ ਹੋਣ ਲਈ ਸਮਾਂ ਚਾਹੀਦਾ ਹੈ। ਜੇ ਸਮੇਂ ਤੋਂ ਪਹਿਲਾਂ ਅੰਡੇ ਵਿਚ ਡੱਕੇ ਮਾਰ ਦੇਈਏ ਤਾਂ ਅਧੂਰਾ ਮਰਿਆ ਹੋਇਆ ਬੱਚਾ ਪੈਦਾ ਹੋਵੇਗਾ। ਤੂੰ ਹਰ ਸਮੇਂ ਮੇਰੇ ਦਿਮਾਗ਼ ਵਿਚ ਡੱਕੇ ਮਾਰਦੀ ਰਹਿੰਦੀ ਹੈਂ। ਮੈਂ ਆਪਣੀਆਂ ਕਹਾਣੀਆਂ ਨੂੰ ਕਿਵੇਂ ਸੰਪੂਰਨ ਪੈਦਾ ਕਰਾਂ?'

ਕਦੇ ਘਰ ਹੁੰਦਾ ਹਾਂ ਤਾਂ ਕਹੂ, "ਕਿਹੜੀ ਦੀਆਂ ਸੋਚਾਂ 'ਚ ਡੁੱਬਿਐਂ?"

ਉਸ ਨੂੰ ਕਿਵੇਂ ਸਮਝਾਵਾਂ ਕਿ, 'ਹੁਣ ਤਾਂ ਮੈਂ ਪਾਤਰਾਂ ਨਾਲ ਗੱਲਾਂ ਕਰ ਰਿਹਾ ਸੀ।'

ਜੇ ਬਾਥਰੂਮ ਵਿਚ ਟਾਇਮ ਲਗਾ ਦੇਵਾਂ ਤਾਂ ਕਹੇਗੀ, "ਆਪ ਨਹਾਉਂਦਾ ਸੀ ਜਾਂ ਮੱਝਾਂ ਨੂੰ ਨਹਾਉਣ ਲੱਗਾ ਹੋਇਆ ਸੀ?"

ਉਸ ਨੂੰ ਕਿਹੜੇ ਫਾਰਮੂਲੇ ਨਾਲ ਸਮਝਾਵਾਂ ਕਿ, 'ਮੇਰੇ ਨਾਲ ਮੇਰੇ ਪਾਤਰ ਵੀ ਨਹਾ ਰਹੇ ਹੁੰਦੇ ਨੇ।'

ਜੇ ਕਦੇ ਰੁਮਾਂਟਿਕ ਕਹਾਣੀ ਲਿਖ ਦੇਵਾਂ ਤਾਂ ਕਹੇਗੀ, "ਦੱਸ ਇਹ ਤੈਨੂੰ ਕਿੱਥੇ ਮਿਲੀ ਸੀ?"

"ਇਹ ਸਾਰੀ ਸਚਾਈ ਨਹੀਂ ਹੁੰਦੀ। ਇਸ ਵਿਚ ਬਹੁਤ ਕੁਝ ਰਲ਼ਗੱਡ ਹੁੰਦੈ। ਕਈ ਵਾਰ ਇਕ ਛੋਟੇ ਜਿਹੇ ਬੀਜ ਤੋਂ ਵੀ ਬਹੁਤ ਵੱਡੀ ਕਹਾਣੀ ਬਣ ਜਾਂਦੀ ਐ....।" ਮੈਂ ਉਸ ਨੂੰ ਉਦਾਹਰਨਾਂ ਦੇ-ਦੇ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ।

"ਉਹ ਬੀਜ ਕਿਹੜੀ ਕੁੜੀ ਐ?" ਉਹ ਮੇਰੀਆਂ ਸਾਰੀਆਂ ਉਦਾਹਰਨਾਂ ਨੂੰ ਹੱਥੇਲੀ 'ਤੇ ਰੱਖੀਆਂ ਮਿਰਚਾਂ ਨੂੰ ਫੂਕ ਮਾਰ ਕੇ ਉਡਾਉਣ ਵਾਂਗ ਉਡਾ ਦਿੰਦੀ ਹੈ। ਮੈਂ ਮਿਰਚਾਂ ਅੱਖਾਂ ਵਿਚ ਪੈਣ ਵਾਂਗ ਰੋਂਦਾ-ਪਿੱਟਦਾ ਹਾਂ, ਪਰ ਉਹ ਬੇਰਹਿਮ ਜੱਜ ਵਾਂਗ ਮੈਨੂੰ ਕਟਹਿਰੇ ਵਿਚ ਖੜ੍ਹੇ ਨੂੰ ਹੀ ਛੱਡ ਜਾਂਦੀ ਹੈ।

ਅਸੀਂ ਗੱਡੀ ਵਿਚ ਹੀ ਇਕ-ਇਕ ਪੈੱਗ ਹੋਰ ਲਾ ਲਿਆ ਹੈ। ਕਾਰ ਹੁਣ ਉੱਚੇ ਪਹਾੜਾਂ ਵਿਚ ਹੈ। ਹਰ ਪਾਸੇ ਹਰਿਆਲੀ ਹੀ ਹਰਿਆਲੀ। ਪੈੱਗ ਲਾ ਕੇ ਤਾਂ ਇਹ ਪਹਾੜ ਹੋਰ ਵੀ ਸੋਹਣੇ ਲੱਗਣ ਲੱਗ ਪਏ ਹਨ। ਜੀਅ ਕਰਦਾ ਹੈ ਇਹ ਸਾਰੀ ਹੀ ਖ਼ੂਬਸੂਰਤੀ ਅੱਖਾਂ ਰਾਹੀਂ ਡੀਕ ਲਵਾਂ। ਮੇਰੇ ਹੱਥ 'ਚ ਫੜੇ ਫੋਨ 'ਤੇ ਮੈਸੇਜ ਦੀ ਟਿਊਨ ਵੱਜੀ ਹੈ। ਨੋਟੀਫਿਕੇਸ਼ਨ 'ਤੇ ਵੇਖਿਆ ਹੈ, ਅਮਨ ਦਾ ਮੈਸੇਜ ਹੈ, "ਹੈਲੋ!"

ਮੈਨੂੰ ਫੋਨ ਇੰਝ ਜਾਪਿਆ ਹੈ ਜਿਵੇਂ ਮੈ ਸੱਪ ਦੇ ਬੱਚੇ ਨੂੰ ਹੱਥ ਵਿਚ ਫੜ ਰੱਖਿਆ ਹੋਵੇ ਤੇ ਉਹ ਮੇਰੇ ਹੁਣੇ ਡੰਗ ਮਾਰ ਦੇਵੇਗਾ। ਮੈਂ ਕਾਹਲੀ ਨਾਲ ਫੋਨ ਦਾ ਲੌਕ ਖੋਲ੍ਹਦਾ ਹਾਂ ਤੇ ਫੋਨ ਨੂੰ ਸਵਿੱਚ ਆਫ ਕਰ ਕੇ ਇਕ ਪਾਸੇ ਰੱਖ ਦਿੰਦਾ ਹਾਂ। ਇਸ ਤਰ੍ਹਾਂ ਕਰਨ ਉੱਤੇ ਜਾਪਿਆ ਹੈ ਜਿਵੇਂ ਮੈਂ ਥੋੜ੍ਹੀ ਦੇਰ ਲਈ ਆਜ਼ਾਦ ਹੋ ਗਿਆ ਹੋਵਾਂ।

ਅਸੀਂ ਡਲਹੌਜ਼ੀ ਪਹੁੰਚ ਗਏ ਹਾਂ। ਦੂਰ ਪਹਾੜੀਆਂ ਉਹਲੇ ਸੂਰਜ ਛਿਪ ਗਿਆ ਹੈ। ਸ਼ਾਮ ਦਾ ਰੰਗ ਸਾਰੀ ਕਾਇਨਾਤ ਵਿਚ ਘੁਲ ਗਿਆ ਹੈ। ਪਹਾੜਾਂ ਦੀਆਂ ਢਲਾਣਾਂ ਉੱਤੇ ਚਮਕ ਰਹੀਆਂ ਰੌਸ਼ਨੀਆਂ ਦੱਸ ਰਹੀਆਂ ਹਨ ਕਿ ਕਿੱਥੇ-ਕਿੱਥੇ ਜ਼ਿੰਦਗੀ ਧੜਕ ਰਹੀ ਹੈ। ਘੁੰਮਣ ਦੇ ਚਾਹਵਾਨ ਸੈਲਾਨੀਆਂ ਦੀ ਬਾਜ਼ਾਰ ਵਿਚ ਭੀੜ ਵਧ ਗਈ ਹੈ। ਰਾਤ ਦੀ ਦਸਤਕ ਨਾਲ ਠੰਡ ਵੀ ਵਧ ਗਈ ਹੈ। ਕੋਹੇਨੂਰ ਹੋਟਲ ਵਿਚ ਸਾਡੀ ਰਿਹਾਇਸ਼ ਹੈ। ਅਸੀਂ ਕਮਰੇ ਵਿਚ ਬੈਗ ਰੱਖ ਕੇ ਕੋਟ ਪਾ ਲਏ ਹਨ। ਮੈਂ ਹੋਟਲ ਦੇ ਵਿਹੜੇ ਵਿਚ ਆ ਗਿਆ ਹਾਂ। ਹੇਠਾਂ ਸੜਕ ਉੱਪਰ ਵਾਹਨ ਮੱਥੇ ਉੱਤੇ ਚਾਨਣ ਰੱਖੀਂ ਇੱਧਰ-ਉੱਧਰ ਭੱਜੇ ਜਾ ਰਹੇ ਹਨ। ਮੈਂ ਮੋਬਾਈਲ ਆਨ ਕਰਦਾ ਹਾਂ। ਅਮਨ ਦੇ ਬਹੁਤ ਸਾਰੇ ਮੈਸੇਜ ਆਏ ਪਏ ਹਨ। ਮੈਂ ਜਾਣਦਾ ਹਾਂ ਇਹ ਸਾਰੇ ਮੈਸੇਜ ਸ਼ੱਕਾਂ ਅਤੇ ਇਲਜ਼ਾਮਾਂ ਨਾਲ ਨੱਕੋ-ਨੱਕ ਭਰੇ ਹੋਣਗੇ। ਮੈਂ ਲੜ ਕੇ ਆਪਣਾ ਮੂਡ ਖ਼ਰਾਬ ਨਹੀਂ ਕਰਨਾ ਚਾਹੁੰਦਾ। ਮੈਂ ਉਹ ਬਿਨਾਂ ਵੇਖੇ ਡਿਲੀਟ ਕਰ ਦਿੰਦਾ ਹਾਂ ਤੇ ਅਮਨ ਨੂੰ ਕਾਲ ਕਰਦਾ ਹਾਂ।

"ਹੈਲੋ....ਏਨੀ ਦੇਰ ਹੋ ਗੀ ਫੋਨ ਕਿਉਂ ਬੰਦ ਕੀਤਾ ਸੀ?" ਉਹ ਫਿਰ ਸ਼ੁਰੂ ਹੋ ਗਈ ਹੈ।

"ਬੈਟਰੀ ਲੋਅ ਹੋਣ ਵਾਲੀ ਸੀ। ਇਸੇ ਕਰ ਕੇ ਬੰਦ ਕੀਤਾ ਸੀ। ਕਈ ਵਾਰ ਐਮਰਜੈਂਸੀ ਹੋ ਜਾਂਦੀ ਐ।" ਮੈਂ ਨਹੀਂ ਚਾਹੁੰਦਾ ਸੀ ਉਹ ਇਸੇ ਕਿੱਚ-ਕਿੱਚ 'ਤੇ ਘੰਟਾ ਲਾ ਦੇਵੇ। ਇਸ ਲਈ ਮੈਂ ਗੱਲ ਬਦਲ ਦਿੰਦਾ ਹਾਂ, "ਰੋਟੀ ਖਾ ਲਈ?"

"ਹਾਂ ਖਾ ਲਈ। ਤੁਸੀਂ?"

"ਅਸੀਂ ਅਜੇ ਖਾਣੀ ਐ। ਪਹਿਲਾਂ ਬਾਜ਼ਾਰ ਵੱਲ ਗੇੜਾ ਮਾਰ ਕੇ ਆਵਾਂਗੇ ਫੇਰ ਖਾਵਾਂਗੇ।"

"ਕੀ ਰੱਖਿਐ ਬਾਜ਼ਾਰ 'ਚ? ਐਵੇਂ ਨਾ ਠੰਢ ਲਵਾ ਲਿਓ, ਆਰਾਮ ਨਾਲ ਕਮਰੇ 'ਚ ਬੈਠਜੋ।" ਅਸਲ ਵਿਚ ਉਹ ਕਹਿਣਾ ਕੁਝ ਹੋਰ ਚਾਹੁੰਦੀ ਹੈ। ਪਹਿਲਾਂ ਵੀ ਉਹ ਵਾਰ-ਵਾਰ ਕਹਿ ਚੁੱਕੀ ਹੈ। ਉਸਦੀ ਬੰਦਿਆਂ ਬਾਰੇ ਇਹੀ ਧਾਰਨਾ ਹੈ, "ਬੰਦਾ ਤਾਂ ਰਾਹ 'ਚ ਪਏ ਪਾਣੀ ਦੇ ਗਲਾਸ ਵਾਂਗੂੰ ਹੁੰਦੈ। ਕੀ ਪਤੈ, ਕੀਹਦਾ ਠੇਡਾ ਵੱਜਣ ਨਾਲ ਡੁੱਲ੍ਹ ਜਾਵੇ!"

"ਕੋਈ ਨਾ।" ਮੈਂ ਉਸ ਨੂੰ ਨਾ 'ਹਾਂ' ਕਹਿੰਦਾ ਹਾਂ, ਨਾ 'ਨਾਂਹ'। ਗੱਲ ਮੈਨੂੰ ਫਿਰ ਪਲਟਣੀ ਪੈ ਰਹੀ ਹੈ, "ਮੰਮੀ ਠੀਕ ਨੇ?"

"ਹਾਂ, ਠੀਕ ਨੇ। ਉਹਨਾਂ ਨੇ ਵੀ ਰੋਟੀ ਖਾ ਲਈ। ਮੈਂ ਆਲੂ ਧਰਨ ਲੱਗੀ ਸੀ। ਮੰਮੀ ਕਹਿੰਦੇ ਆਲੂਆਂ 'ਚ ਬੈਅ ਹੁੰਦੀ ਐ। ਮੂੰਗੀ ਨੂੰ ਮੇਰਾ ਜੀਅ ਨੀ ਕੀਤਾ। ਕੱਦੂ ਵੀ ਟੇਸਟੀ ਨੀ ਬਣਦਾ....।" ਮੈਂ ਅਮਨ ਦੀਆਂ ਓਨੀ ਦੇਰ ਬਿਨ ਸਿਰ ਪੈਰ ਦੀਆਂ ਗੱਲਾਂ ਸੁਣਦਾ ਰਿਹਾ ਜਿੰਨੀ ਦੇਰ ਤਕ ਗੁਰਨੀਰ ਤੇ ਕੰਵਰ ਪ੍ਰੀਤ ਤਿਆਰ ਹੋ ਕੇ ਬਾਹਰ ਨਾ ਆ ਗਏ।

"ਲਾਹ ਦਿਆ ਕਰ ਇਹਨੂੰ ਕਦੇ ਕੰਨ ਤੋਂ।" ਕੰਵਰ ਪ੍ਰੀਤ ਦੀ ਗੱਲ ਨਾਲ ਮੈਨੂੰ ਖ਼ੁਦ ਨੂੰ ਸ਼ਰਮ ਜਿਹੀ ਮਹਿਸੂਸ ਹੋਈ ਹੈ। ਮੈਂ ਵੀ ਨਹੀਂ ਚਾਹੁੰਦਾ ਕਿ ਇਸ ਨੂੰ ਹਰ ਸਮੇਂ ਕੰਨ ਉੱਤੇ ਲਾਈ ਰੱਖਾਂ ਪਰ ਇਸ ਦਾ ਇਲਾਜ ਵੀ ਕੋਈ ਨਹੀਂ। ਇਹ 'ਛੱਡ ਦੇ ਹੁਣ, ਛੱਡ ਦੇ ਹੁਣ' ਦੇ ਬੋਲ ਮੈਨੂੰ ਕੰਵਰ ਤੋਂ ਹੀ ਨਹੀਂ, ਮੇਰੇ ਨਾਲ ਰਹਿੰਦੇ ਹਰ ਇਕ ਤੋਂ ਸੁਣਨੇ ਪੈਂਦੇ ਹਨ। ਦੂਸਰਿਆਂ ਨੂੰ ਵੇਖ ਕੇ ਮੈਨੂੰ ਰਸ਼ਕ ਆਉਂਦਾ ਹੈ। 'ਕਾਸ਼! ਮੈਂ ਵੀ ਇਹਨਾਂ ਵਾਂਗ ਜੀਅ ਸਕਦਾ! ਪਰ ਹੁਣ ਕਰਾਂ ਕੀ?'

ਅਸੀਂ ਬਾਜ਼ਾਰ ਵੱਲ ਨੂੰ ਤੁਰ ਪਏ ਹਾਂ। ਬਾਜ਼ਾਰ ਵਿਚ ਗਹਿਮਾ-ਗਹਿਮੀ ਹੈ। ਰੰਗ-ਬਰੰਗੀਆਂ ਰੋਸ਼ਨੀਆਂ ਨਾਲ ਸਜੀਆਂ ਦੁਕਾਨਾਂ ਦਿਲ ਮੋਹ ਰਹੀਆਂ ਹਨ। ਵੱਖ-ਵੱਖ ਡ੍ਰੈਸਾਂ 'ਚ ਸਜੇ ਲੋਕ ਖ਼ੂਬਸੂਰਤ ਨਜ਼ਾਰਾ ਸਿਰਜ ਰਹੇ ਹਨ। ਇਹ ਸਾਰਾ ਕੁਝ ਬੜਾ ਰੋਮਾਂਚਿਕ ਲੱਗ ਰਿਹਾ ਹੈ। ਮੇਰਾ ਮੋਬਾਈਲ ਵਾਇਬਰੇਟ ਹੋਇਆ ਹੈ। ਕੱਢ ਕੇ ਵੇਖਦਾ ਹਾਂ। ਅਮਨ ਦਾ ਫੋਨ ਹੈ। ਸੋਚਦਾ ਹਾਂ, ਕੋਈ

ਜ਼ਰੂਰੀ ਕੰਮ ਹੋਵੇਗਾ। ਮੈਂ ਆਨ ਕਰ ਕੇ ਕੰਨ ਨੂੰ ਲਾ ਲੈਂਦਾ ਹਾਂ।

"ਆ ਗਏ ਬਾਜ਼ਾਰ? ਮੇਰੇ ਲਈ ਕੋਈ ਵਧੀਆ ਜਿਹੀ ਚੀਜ਼ ਖ਼ਰੀਦ ਲੈਣਾ।"

"ਠੀਕ ਐ ਓਕੇ।" ਜੀਅ ਤਾਂ ਕਰਦਾ ਸੀ ਕਹਿ ਦਿਆਂ ਤੇਰੇ ਮੂੰਹ ਲਈ ਜਿੰਦਾ ਤੇ ਦਿਮਾਗ਼ 'ਚੋਂ ਗੰਦ-ਮੰਦ ਸਾਫ਼ ਕਰਨ ਲਈ ਝਾੜੂ ਖ਼ਰੀਦ ਲਿਆਵਾਂ ਪਰ ਇਹ ਗੱਲ ਮੇਰੀ ਜ਼ੁਬਾਨ 'ਤੇ ਨਹੀਂ ਆ ਸਕੀ।

"ਸੁਣ ਸੁਣ.....।" ਉਹ ਮੇਰਾ ਫੋਨ ਕੱਟਣ ਦਾ ਮੂਡ ਵੇਖ ਕੇ ਕਾਹਲ਼ੀ ਨਾਲ ਬੋਲੀ ਹੈ।

"ਹਾ, ਦੱਸ?"

"ਮੇਰਾ ਨਾ ਇਕ ਕਲਾਸਮੇਟ ਐ ਅੰਗਤ। ਮੈਨੂੰ ਉਹਦੀ ਫ੍ਰੈਂਡ ਰੁਕੈਸਟ ਆਈ ਸੀ। ਫੇਰ ਉਹ ਮੈਨੂੰ ਪੁੱਠੇ ਜੇ ਮੈਸੇਜ ਭੇਜਣ ਲੱਗ ਪਿਆ। ਮੈਂ ਉਹ ਬਲੌਕ ਕਰਤਾ। ਠੀਕ ਕਰਿਆ ਨਾ?"

"ਹੂੰ।"

"ਸੱਚ! ਜਿਹੜੀ ਮੈਂ ਫੇਸਬੁੱਕ 'ਤੇ ਫੋਟੋ ਨੀ ਪਾਈ ਸੀ? ਇਕ ਬੁੜ੍ਹਾ ਜਿਹੈ। ਪਤਾ ਨੀ ਕੌਣ। ਪਹਿਲਾਂ ਉਹਨੇ ਮੈਨੂੰ ਮੇਰੀ ਫੋਟੋ 'ਤੇ ਕਵਿਤਾ ਲਿਖ ਕੇ ਭੇਜ 'ਤੀ। ਫੇਰ ਆਈ ਲਵ ਯੂ ਲਿਖ 'ਤਾ। ਹੀਂ ਹੀਂ ਹੀਂ ਹੀਂ। ਮੈਂ ਉਸ ਨੂੰ ਵੀ ਬਲੌਕ ਕਰਤਾ।" ਉਹ ਮੈਨੂੰ ਇਹ ਉਪਲਬਧੀਆਂ ਇੰਝ ਦੱਸ ਰਹੀ ਹੈ ਜਿਵੇਂ ਬਹੁਤ ਮਿਹਨਤ ਕਰ ਕੇ ਪੀ.ਸੀ.ਐੱਸ. ਦਾ ਟੈੱਸਟ ਪਾਸ ਕਰ ਗਈ ਹੋਵੇ।

"ਜੋ ਬੀਜਦੀ ਐਂ, ਵੱਢਣਾ ਵੀ ਪੈਂਦੈ।"

"ਯੂ ਮੀਨ?"

"ਕੁਛ ਨਹੀਂ। ਮੈਂ ਬਿਜ਼ੀ ਹਾਂ ਫੇਰ ਕਰਦਾਂ।" ਕੰਵਰ ਹੋਰੀਂ ਮੇਰੇ ਵੱਲ ਅੱਖਾਂ ਕੱਢਣ ਲੱਗੇ ਹਨ। ਮੈਂ ਫੋਨ ਕੱਟ ਕੇ ਉਹਨਾਂ ਦੇ ਨਾਲ ਤੁਰ ਪਿਆ ਹਾਂ। ਮੈਂ ਇਸ ਨੂੰ ਪਹਿਲਾਂ ਕਿਹਾ ਸੀ ਕਿ, "ਫੇਸਬੁੱਕ ਐਵੇਂ ਟੈਨਸ਼ਨ ਦਾ ਘਰ ਐ। ਤੂੰ ਕਿਹੜਾ ਆਪਣੀਆਂ ਲਿਖਤਾਂ ਦਾ ਪ੍ਰਚਾਰ ਕਰਨੈ। ਪਰ੍ਹਾਂ ਬੰਦ ਕਰ ਇਹਨੂੰ।"

ਓਦੋਂ ਮੈਨੂੰ ਭੱਜ ਕੇ ਪਈ, "ਲੈ ਤੂੰ ਕਹਾਣੀਆਂ 'ਚ ਤਾਂ ਵੱਡੀਆਂ-ਵੱਡੀਆਂ ਗੱਲਾਂ ਕਰਦੈਂ। ਘਰੇ ਤੂੰ ਔਰਤ ਨੂੰ ਬਰਾਬਰਤਾ ਨੀ ਦਿੰਦਾ।"

"ਲੈ! ਲੈ ਲੈ ਬਰਾਬਰਤਾ। ਚਲਾ ਲੈ। ਜੇ ਹੋਰ ਕੁਛ ਚਲਾਉਣ ਨਾਲ ਬਰਾਬਰ ਹੋਜੇਂਗੀ, ਉਹ ਵੀ ਚਲਾ ਲੀਂ।"

ਮੈਂ ਇਹਨੂੰ ਸਮਝਾਇਆ ਕਿ ਐਵੇਂ ਫੇਸਬੁੱਕ ਉੱਪਰ ਆਪਣੀਆਂ ਫੋਟੋਆਂ ਨਾ ਪਾਇਆ ਕਰ ਪਰ ਇਹ ਕਦੋਂ ਹਟਣ ਵਾਲੀ ਹੈ? ਜਦੋਂ ਇਕ ਫੋਟੋ ਪਾਉਂਦੀ ਹੈ ਤਾਂ ਸੌ ਦੋ ਸੌ ਲਾਲ਼ਾਂ ਟਪਕਾਉਂਦੇ ਬੰਦੇ ਕੁਮੈਂਟਾਂ ਦੀ ਝੜੀ ਲਗਾ ਦਿੰਦੇ ਹਨ। ਕਈਆਂ ਦੇ ਤਾਂ ਦੂਹਰੇ ਅਰਥਾਂ ਵਾਲੇ ਕੁਮੈਂਟ ਹੁੰਦੇ ਹਨ। ਪੜ੍ਹਦਿਆਂ ਮੈਨੂੰ ਸ਼ਰਮ ਆਉਂਦੀ ਹੈ। ਇਹ ਪਤਾ ਨਹੀਂ ਕਿਉਂ ਨਹੀਂ ਸਮਝਦੀ? ਜਿੰਨੇ ਲੋਕ ਲਾਲ਼ਾਂ ਟਪਕਾਉਣਗੇ, ਇਹ ਓਨੀਆਂ ਹੀ ਵੱਧ ਫੋਟੋਆਂ ਪਾਊ। ਪਤਾ ਨਹੀਂ ਇਸ ਨੂੰ ਇਸ ਤਰ੍ਹਾਂ ਕਰ ਕੇ ਕਿਹੜਾ ਸਕੂਨ ਮਿਲਦੈ? ਉਂਝ ਜੇ ਕੋਈ ਕੁੜੀ ਮੈਨੂੰ ਇਕ ਅੱਧਾ ਕੁਮੈਂਟ ਕਰ ਦੇਵੇ ਤਾਂ ਇਹ ਉਸ ਦੇ ਪੋਤੜੇ ਫਰੋਲਣ ਤਕ ਜਾਊ।

ਇਕ ਦਿਨ ਇਸ ਨੂੰ ਪਤਾ ਨਹੀਂ ਕੀ ਭਰਮ ਦਾ ਦੌਰਾ ਪਿਆ। ਮੈਂ ਉਸ ਦਿਨ ਮੋਬਾਈਲ ਘਰ ਰੱਖ ਕੇ ਖੇਤ ਗੇੜਾ ਮਾਰਨ ਚਲਾ ਗਿਆ। ਇਹਨੇ ਮੇਰਾ ਮੋਬਾਈਲ ਚੁੱਕ ਕੇ ਮੇਰੀ ਫਰੈਂਡ ਲਿਸਟ ਖੋਲ੍ਹੀ ਤੇ ਵਿਚੋਂ ਸੋਹਣੀਆਂ-ਸੋਹਣੀਆਂ ਪੰਜ-ਸੱਤ ਕੁੜੀਆਂ ਬਲੌਕ ਕਰ ਦਿੱਤੀਆਂ।

ਮੈਨੂੰ ਤਾਂ ਮਹੀਨੇ ਬਾਅਦ ਓਦੋਂ ਪਤਾ ਲੱਗਿਆ ਜਦੋਂ ਯੂਨੀਵਰਸਿਟੀ ਪੁਸਤਕ ਮੇਲੇ ਵਿਚ ਇਕ ਕੁੜੀ ਨੇ ਕਿਲੋਮੀਟਰ ਜਿੱਡਾ ਉਲਾਂਭਾ ਦੇ ਦਿੱਤਾ, "ਸਰ ਤੁਸੀਂ ਮੈਨੂੰ ਬਲੌਕ ਕਰ ਦਿੱਤਾ।"

"ਨਹੀਂ, ਇਹ ਤਾਂ ਹੋ ਈ ਨੀ ਸਕਦਾ। ਮੈਨੂੰ ਤਾਂ ਬਲੌਕ ਕਰਨਾ ਈ ਨੀ ਆਉਂਦਾ।" ਸੱਚਮੁੱਚ ਮੈਨੂੰ ਮੋਬਾਈਲ ਦਾ ਏਨਾ ਹਿਸਾਬ-ਕਿਤਾਬ ਹੀ ਨਹੀਂ ਸੀ।

"ਨਹੀਂ ਜੀ, ਤੁਸੀਂ ਕੀਤਾ ਹੋਇਐ। ਮੋਬਾਈਲ ਚੈੱਕ ਕਰੋ।" ਉਹ ਆਪਣੀ ਗੱਲ 'ਤੇ ਸਟੈਂਡ

ਲੈ ਕੇ ਖੜ੍ਹ ਗਈ।

"ਕਿੱਥੋਂ ਪਤਾ ਲੱਗੂ?" ਮੈਂ ਤਾਂ ਇਸ ਪੱਖੋਂ ਅਨਪੜ੍ਹ ਹੀ ਹਾਂ।

ਉਹ ਕੁੜੀ ਮੈਨੂੰ ਦੱਸਦੀ ਗਈ। ਮੈਂ ਅੱਗੇ-ਅੱਗੇ ਖੋਲ੍ਹਦਾ ਗਿਆ।

"ਆਹ ਦੇਖੋ ਜੀ!" ਉਸ ਨੇ ਇਕ ਥਾਂ ਉਂਗਲ ਟਿਕਾ ਲਈ।

"ਮੈਨੂੰ ਨੀ ਪਤਾ ਇਹ ਕਿਵੇਂ ਹੋ ਗਿਆ?" ਮੈਂ ਆਪ ਹੈਰਾਨ ਸਾਂ। ਇੱਥੇ ਸਿਰਫ਼ ਇਹ ਕੁੜੀ ਹੀ ਨਹੀਂ, ਹੋਰ ਵੀ ਕਈ ਕੁੜੀਆਂ ਬਲੌਕ ਲਿਸਟ ਵਿਚ ਪਾ ਰੱਖੀਆਂ ਸਨ। ਜਦ ਮੈਂ ਇਸ ਬਾਰੇ ਅਮਨ ਨਾਲ ਗੱਲ ਕੀਤੀ ਤਾਂ ਉਹ ਸਾਲ਼ੇ ਅੰਗਰੇਜ਼ਾਂ ਦੀ ਘੜੀ 'ਸੌਰੀ' ਕਹਿ ਕੇ ਦੋਸ਼ ਮੁਕਤ ਹੋ ਗਈ।

ਜਦੋਂ ਮੈਂ ਸਾਹਮਣੇ ਕਿਸੇ ਬੰਦੇ ਨਾਲ ਟਕਰਾ ਗਿਆ ਤਾਂ ਝੱਟ ਅਤੀਤ ਵਿਚੋਂ ਵਰਤਮਾਨ ਵਿਚ ਆ ਡਿੱਗਿਆ। ਇਹ ਡਲਹੌਜ਼ੀ ਦਾ ਮੇਨ ਬਾਜ਼ਾਰ ਹੈ। ਫੇਰ ਅਸੀਂ ਇੱਥੋਂ ਗੇੜੇ ਦੇ ਕੇ ਵਾਪਸ ਹੋਟਲ ਆ ਗਏ। ਹੋਟਲ ਦੇ ਵਿਹੜੇ ਵਿਚ ਮੇਰੀ ਬੈੱਸਟ ਫਰੈਂਡ ਕਹਾਣੀਕਾਰਾ ਨੀਲਮ ਦੱਤਾ ਤੇ ਪ੍ਰਭਜੋਤ ਕੌਰ ਮਾਂਗਟ ਤੇ ਕੁਲਦੀਪ ਕਪੂਰੀ ਬੈਠੇ ਹਨ। ਨੀਲਮ ਦੱਤਾ ਨੇ ਭੱਜ ਕੇ ਮੇਰੇ ਨਾਲ ਹੱਥ ਮਿਲਾਇਆ। ਅੱਜ-ਕੱਲ੍ਹ ਅਮਨ ਦੀ ਸ਼ੱਕ ਵਾਲੀ ਸੂਈ ਨੀਲਮ ਦੱਤਾ ਉੱਪਰ ਕਾਂ ਗੇੜੀਆਂ ਲਾ ਰਹੀ ਹੈ।

ਜਦੋਂ ਪ੍ਰੋਗਰਾਮ ਦਾ ਸੱਦਾ ਆਇਆ ਸੀ ਤਾਂ ਅਮਨ ਨੇ ਪੁੱਛਿਆ ਸੀ, "'ਕੱਲੇ ਕਹਾਣੀਕਾਰ ਜਾ ਰਹੇ ਹੋਂ ਜਾਂ ਕਹਾਣੀਕਾਰਾਂ ਵੀ ਨੇ?"

"ਤਿੰਨ ਕਹਾਣੀਕਾਰ ਆਂ, ਦੋ ਕਹਾਣੀਕਾਰਾਂ ਨੇ।"

"ਕਹਾਣੀਕਾਰਾਂ ਦੀ ਉਮਰ ਕਿੰਨੀ ਐ?" ਉਹ ਪੁੱਛਦੀ ਮੇਰੇ ਚਿਹਰੇ ਤੋਂ ਵੀ ਨਾਲ ਦੀ ਨਾਲ ਕੁਝ ਪੜ੍ਹਨ ਲੱਗੀ।

"ਕਿਉਂ ਮੈਂ ਕਿਹੜਾ ਉਹਨਾਂ ਦਾ ਆਧਾਰ ਕਾਰਡ ਬਣਾਉਣੈ, ਵੀ ਤਾਂ ਕਰ ਕੇ ਉਮਰ ਪਤਾ ਕਰਾਂ।" ਮੈਨੂੰ ਉਸ ਦੀ ਇਹ ਵਿਜੀਲੈਂਸ ਵਾਲੀ ਪੁੱਛ-ਪੜਤਾਲ ਤੋਂ ਖਿਝ ਆਉਣ ਲੱਗੀ ਸੀ।

"ਫੇਰ ਵੀ ਕੌਣ-ਕੌਣ ਨੇ?" ਉਹ ਅਜੇ ਵੀ ਪਿੱਛਾ ਨਹੀਂ ਛੱਡ ਰਹੀ ਸੀ।

"ਇਕ ਨੀਲਮ ਦੱਤਾ, ਇਕ ਪ੍ਰਭਜੋਤ ਮਾਂਗਟ ਐ।" ਮੈਂ ਖਹਿੜਾ ਛੁਡਾਉਣ ਦੇ ਇਰਾਦੇ ਨਾਲ ਕਿਹਾ।

"ਨੀਲਮ ਦੱਤਾ! ਉਹ ਫੈਸ਼ਨੇਬਲ ਜਹੀ। ਲਗਦੀ ਤਾਂ ਹੈ ਨੀ ਉਹ ਕਿਸੇ ਪਾਸਿਓਂ ਕਹਾਣੀਕਾਰਾ। ਊਈਂ ਤੁਰ ਪੈਂਦੀਆਂ ਨੇ ਤੀਵੀਂਆਂ, ਚੱਕ ਕੇ ਮੂੰਹ। ਇਹਨਾਂ ਨੂੰ ਘਰੇ ਰੋਕਣ ਆਲ਼ਾ ਨੀ ਹੈਗਾ ਕੋਈ।"

"ਤੂੰ ਰੋਕ ਦੇ ਜਾ ਕੇ। ਛਾਤੀ ਨਾਲ ਬੰਬ ਬੰਨ੍ਹ ਕੇ ਅਗਲੀ ਦੇ ਵਿਚ ਵੱਜ। ਨਾਲੇ ਮੇਰਾ ਖਹਿੜਾ ਛੁੱਟੇ।"

"ਆਹੋ! ਮੈਂ ਤਾਂ ਮਰ ਜਾਨੀ ਆਂ। ਤੂੰ ਲਿਆਈਂ ਇੱਥੇ ਨੀਲਮ ਦੱਤਾ ਨੂੰ। ਨਾਲੇ ਖਾ ਲਈਂ ਉਹਦੇ ਹੱਥਾਂ ਦੇ ਆਲੂਆਂ ਆਲ਼ੇ ਪਰੌਂਠੇ।" ਉਹ ਕਣਕ ਦੇ ਨਾੜ ਨੂੰ ਲੱਗੀ ਅੱਗ ਵਾਂਗ ਭਬੂਕਾ ਮਾਰ ਗਈ।

"ਕਿਉਂ ਕੁਫ਼ਰ ਤੋਲ-ਤੋਲ ਪਾਪ ਚੜ੍ਹਾਈ ਜਾਨੀ ਐਂ। ਕਦੇ ਗੰਦ-ਮੰਦ ਦਿਮਾਗ਼ 'ਚੋਂ ਕੱਢ ਵੀ ਦਿਆ ਕਰ। ਕਦੇ ਤਾਂ ਪੋਜ਼ੇਟਿਵ ਸੋਚ ਲਿਆ ਕਰ।" ਮੈਂ ਖਿੱਝਦਾ ਘਰੋਂ ਬਾਹਰ ਨਿੱਕਲ ਗਿਆ ਸੀ।

ਹੁਣ ਉਹੀ ਨੀਲਮ ਦੱਤਾ ਮੇਰੇ ਸਾਹਮਣੇ ਬੈਠੀ ਹੈ। ਅਸੀਂ ਸਾਰੇ ਇਕੱਠੇ ਬੈਠ ਕੇ ਇਕ-ਦੂਜੇ ਦਾ ਹਾਲ ਪੁੱਛਦੇ ਹਾਂ, ਕਹਾਣੀਆਂ ਉੱਪਰ ਚਰਚਾ ਕਰਦੇ ਹਾਂ। ਪੰਜਾਬੀ ਸਾਹਿਤ ਉੱਪਰ ਚਰਚਾ ਕਰਦੇ ਹਾਂ। ਰੋਟੀ ਖਾ ਕੇ ਆਪੋ-ਆਪਦੇ ਕਮਰਿਆਂ ਵਿਚ ਜਾ ਪੈਂਦੇ ਹਾਂ।

.............

ਮੈਂ ਸਕੂਲ ਵਿਚ ਪੜ੍ਹਾ ਰਿਹਾ ਹਾਂ। ਇਹ ਉਹ ਸਕੂਲ ਨਹੀਂ ਹੈ ਜਿੱਥੇ ਮੇਰੀ ਪੋਸਟਿੰਗ ਹੈ। ਇਹ ਤਾਂ ਕਿਸੇ ਦਾ ਖੁੱਲ੍ਹਾ ਜਿਹਾ ਘਰ ਹੈ। ਮੈਨੂੰ ਅਚਾਨਕ ਕਿਸੇ ਦਾ ਫੋਨ ਆਉਂਦਾ ਹੈ ਕਿ ਅਮਨ ਦਾ

ਐਕਸੀਡੈਂਟ ਹੋ ਗਿਆ। ਮੈਂ ਮੋਟਰਸਾਇਕਲ ਸਟਾਰਟ ਕਰਨ ਲਗਦਾ ਹਾਂ ਪਰ ਉਹ ਤਾਂ ਪੈਂਚਰ ਹੋਇਆ ਪਿਆ ਹੈ। ਮੈਂ ਅੱਡੇ ਵੱਲ ਭੱਜ ਲੈਂਦਾ ਹਾਂ। ਮੇਰੇ ਸਾਹਮਣੇ ਬੱਸ ਜਾ ਰਹੀ ਹੈ। ਮੈਂ ਰੋਕਣ ਲਈ ਆਵਾਜ਼ ਮਾਰਦਾ ਹਾਂ ਪਰ ਮੇਰਾ ਬੋਲ ਨਹੀਂ ਨਿੱਕਲ ਰਿਹਾ ਹੈ। ਫਿਰ ਮੈਨੂੰ ਕੋਈ ਬੰਦਾ ਆਪਣੇ ਮੋਟਰਸਾਇਕਲ ਉੱਤੇ ਬਿਠਾ ਕੇ ਉੱਥੇ ਲੈ ਜਾਂਦਾ ਹੈ ਜਿੱਥੇ ਅਮਨ ਦਾ ਐਕਸੀਡੈਂਟ ਹੋਇਆ ਹੈ। ਲੋਕ ਦੱਸ ਰਹੇ ਹਨ 'ਇਹ ਮੋਬਾਈਲ ਉੱਪਰ ਗੱਲਾਂ ਕਰਦੀ ਸੜਕ ਪਾਰ ਕਰਨ ਲੱਗੀ ਤਾਂ ਇਕ ਪਾਸਿਉਂ ਤੇਜ਼ ਆਉਂਦੇ ਕੈਂਟਰ ਨੇ ਫੇਟ ਮਾਰ ਦਿੱਤੀ। ਉਸ ਦਾ ਸਾਰਾ ਸਿਰ ਪਾਟ ਗਿਆ ਤੇ ਉਹ ਥਾਂ 'ਤੇ ਹੀ ਮਰ ਗਈ।'

ਮੈਂ ਅੰਦਰੋਂ ਖੁਸ਼ ਵੀ ਹਾਂ, 'ਚਲੋ, ਖਹਿੜਾ ਛੁੱਟਿਆ।' ਮੈਂ ਉਸ ਨੂੰ ਚੁੱਕਣ ਲਈ ਅੱਗੇ ਵਧਦਾ ਹਾਂ, ਏਨੇ ਨੂੰ ਮੇਰੀ ਅੱਖ ਖੁੱਲ੍ਹ ਜਾਂਦੀ ਹੈ। ਮੈਨੂੰ ਲਗਦਾ ਹੈ ਜਿਵੇਂ ਮਰਿਆ ਸੱਪ ਦੁਬਾਰਾ ਜਿਉਂਦਾ ਹੋ ਗਿਆ ਹੋਵੇ।

ਸਿਰਹਾਣਿਓਂ ਮੋਬਾਈਲ ਚੁੱਕ ਕੇ ਸਮਾਂ ਵੇਖਦਾ ਹਾਂ। ਦੋ ਵੱਜ ਗਏ ਹਨ। ਮੁੜ ਸੌਂਣ ਦੀ ਕੋਸ਼ਿਸ਼ ਕਰਨ ਲੱਗਦਾ ਹਾਂ ਪਰ ਨੀਂਦ ਨਹੀਂ ਆ ਰਹੀ। ਅਮਨ ਦੀਆਂ ਸ਼ੱਕ ਵਾਲੀਆਂ ਗੱਲਾਂ ਫਿਰ ਮੇਰੇ ਦਿਮਾਗ਼ ਵਿਚ ਖੌਰੂ ਪਾਉਣ ਲੱਗਦੀਆਂ ਹਨ।

ਹੁਣ ਉਹ ਮੈਨੂੰ ਅਕਸਰ ਕਹਿੰਦੀ ਹੈ, "ਤੂੰ ਮੈਨੂੰ ਪਿਆਰ ਨੀ ਕਰਦਾ।"

ਉਸਦੀ ਇਸ ਗੱਲ ਵਿਚ ਸਚਾਈ ਵੀ ਹੈ। ਗੱਲ ਇਹ ਨਹੀਂ ਕਿ ਮੈਂ ਉਸ ਨੂੰ ਪਹਿਲਾਂ ਤੋਂ ਹੀ ਪਿਆਰ ਨਹੀਂ ਕਰਦਾ। ਜੇ ਪਿਆਰ ਨਾ ਕਰਦਾ ਹੁੰਦਾ ਤਾਂ ਵਿਆਹ ਕਿਉਂ ਕਰਵਾਉਂਦਾ? ਮੈਂ ਤਾਂ ਉਸ ਦੇ ਸਾਹ ਵਿਚ ਸਾਹ ਲੈਂਦਾ ਸੀ ਪਰ ਜਿਉਂ-ਜਿਉਂ ਆਏ ਦਿਨ ਉਹ ਮੇਰੇ 'ਤੇ ਸ਼ੱਕ ਕਰਦੀ ਜਾ ਰਹੀ ਹੈ, ਤਿਉਂ-ਤਿਉਂ ਉਸ ਪ੍ਰਤੀ ਮੇਰੀ ਮੁਹੱਬਤ ਮਨਫ਼ੀ ਹੁੰਦੀ ਜਾਂਦੀ ਹੈ। ਹੁਣ ਤਾਂ ਮੈਨੂੰ ਉਸ ਤੋਂ ਨਫ਼ਰਤ ਜਿਹੀ ਹੋ ਗਈ ਹੈ। ਕਿੰਨੇ ਹੀ ਖ਼ਿਆਲ ਮੈਂ ਉਸ ਤੋਂ ਵੱਖ ਹੋਣ ਦੇ ਆਪਣੇ ਮਨ ਵਿਚ ਲੈ ਕੇ ਆਉਂਦਾ ਹਾਂ। ਕਦੇ ਸੋਚਦਾ ਹਾਂ ਉਹ ਕਿਸੇ ਨਾਲ ਫੋਨ 'ਤੇ ਗੱਲਾਂ ਕਰਦੀ ਫੜੀ ਜਾਵੇ ਤਾਂ ਮੈਂ ਇਸ ਗੱਲ ਦਾ ਇਸ਼ੂ ਬਣਾ ਕੇ ਝੱਟ ਤਲਾਕ ਦੇ ਦੇਵਾਂ। ਕਦੇ-ਕਦੇ ਤਾਂ ਅਜਿਹੇ ਖ਼ਿਆਲ ਵੀ ਆਉਂਦੇ ਨੇ ਕਿ ਦੱਸ ਨਹੀਂ ਸਕਦਾ। ਪਰ ਖ਼ਿਆਲਾਂ ਨਾਲ ਸਾਲ਼ੇ ਮਸਲੇ ਹੱਲ ਨਹੀਂ ਹੁੰਦੇ। ਸੱਚ ਜਾਣਿਓਂ! ਮੇਰੀ ਲੇਖਣੀ ਵਿਚ ਵੀ ਹੁਣ ਪਹਿਲਾਂ ਜਿਹਾ ਦਮ ਨਹੀਂ ਰਿਹਾ। ਇਹ ਸਭ ਕੁਝ ਇਸ ਦੇ ਸ਼ੱਕੀ ਸੁਭਾਅ ਕਾਰਨ ਹੋਇਆ ਹੈ। ਦਿਮਾਗ਼ ਤਾਂ ਸਾਲ਼ਾ ਸਾਰੀ ਦਿਹਾੜੀ ਇੱਧਰ ਹੀ ਉਲਝਿਆ ਰਹਿੰਦਾ ਹੈ, ਕਹਾਣੀ ਨੇ ਕੀ ਦਿਮਾਗ਼ 'ਚ ਸਵਾਹ ਵੜਨੈ?

ਹੁਣ ਫੇਰ ਅੱਧੀ ਰਾਤ ਨੂੰ ਪਤਾ ਨਹੀਂ ਕਿਹੜੇ ਖ਼ਿਆਲਾਂ ਵਿਚ ਉਲਝ ਗਿਆ ਹਾਂ। ਮੈਂ ਦਿਮਾਗ਼ 'ਚੋਂ ਸਾਰੇ ਖ਼ਿਆਲ ਝਟਕ ਕੇ ਫਿਰ ਸੌਂਣ ਦੀ ਕੋਸ਼ਿਸ਼ ਕਰਦਾ ਹਾਂ। ਪਹਿਲਾਂ ਕੁਝ ਦੇਰ ਪਾਸੇ ਪਰਤਦਾ ਰਹਿੰਦਾ ਹਾਂ ਫੇਰ ਪਤਾ ਨਹੀਂ ਕਦੋਂ ਨੀਂਦ ਆ ਜਾਂਦੀ ਹੈ।

..........

ਅੱਜ ਕਹਾਣੀ ਦਰਬਾਰ ਸ਼ੁਰੂ ਹੋ ਗਿਆ ਹੈ। ਕਹਾਣੀ ਦਰਬਾਰ ਤੋਂ ਪਹਿਲਾਂ ਮੈਂ ਅਮਨ ਨਾਲ ਵੀਹ ਮਿੰਟ ਗੱਲ ਕਰਦਾ ਰਿਹਾ ਸਾਂ। ਸਾਰੇ ਅੰਦਰ ਆ-ਆ ਆਪਣੀਆਂ ਥਾਂਵਾਂ ਲੈ ਰਹੇ ਸਨ। ਮੈਂ ਹਾਲ ਦੇ ਬਾਰ 'ਚ ਖੜ੍ਹਾ ਗੱਲ ਕਰ ਰਿਹਾ ਸਾਂ। ਮੈਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਸਾਰੇ ਮੈਨੂੰ ਬੜੀਆਂ ਅਜੀਬ-ਅਜੀਬ ਨਜ਼ਰਾਂ ਨਾਲ ਵੇਖ ਰਹੇ ਹੋਣ। ਸਵੇਰ ਤੋਂ ਹੁਣ ਤਕ ਸਾਡੀ ਚੌਥੀ ਵਾਰ ਗੱਲ ਹੋ ਰਹੀ ਸੀ। ਉੱਧਰ ਕਹਾਣੀਕਾਰਾਂ ਨੂੰ ਬੁਲਾਇਆ ਜਾ ਰਿਹਾ ਸੀ ਤੇ ਇੱਧਰ ਇਹ ਫੋਨ ਕੱਟਣ 'ਚ ਨਹੀਂ ਆ ਰਹੀ ਸੀ। ਅਖ਼ੀਰ ਮੈਨੂੰ 'ਫੇਰ ਕਰਦਾਂ' ਕਹਿ ਕੇ ਜ਼ਬਰਦਸਤੀ ਫੋਨ ਕੱਟਣਾ ਪਿਆ ਸੀ।

ਮੈਂ ਕਹਾਣੀਕਾਰਾਂ ਦੇ ਨਾਲ ਬੈਠਿਆ ਹਾਂ। ਮੇਰੇ ਨਾਲ ਵਾਲੀ ਕੁਰਸੀ 'ਤੇ ਨੀਲਮ ਦੱਤਾ ਬੈਠੀ ਹੈ। ਇਕ ਕਹਾਣੀਕਾਰ ਕਹਾਣੀ ਪੜ੍ਹ ਚੁੱਕਿਆ ਹੈ। ਉਸ ਦੀ ਕਹਾਣੀ 'ਤੇ ਚਰਚਾ ਚੱਲ ਰਹੀ ਹੈ। ਮੇਰੇ ਫੋਨ 'ਤੇ ਵੀਡੀਓ ਕਾਲ ਆ ਗਈ ਹੈ। ਮੈਂ ਕਾਲ ਕੱਟ ਦਿੱਤੀ ਹੈ। ਨਾਲ ਦੀ ਨਾਲ ਫਿਰ ਆ ਗਈ ਹੈ। ਮੈਂ ਫਿਰ ਕੱਟ ਦਿੱਤੀ ਹੈ। ਹੁਣ ਮੈਸੇਜ ਆ ਗਿਆ ਹੈ, "ਫੋਨ ਉਠਾਓ!" ਮੈਂ 'ਬਿਜ਼ੀ'

ਲਿਖ ਕੇ ਡਾਟਾ ਆਫ ਕਰ ਦਿੱਤਾ ਹੈ। ਮੇਰੀ ਇਸੇ ਮੋਬਾਈਲ ਖੇਡ ਵਿੱਚ ਕਹਾਣੀ ਦੀ ਚਰਚਾ ਕਿੱਧਰੇ ਰੁਲ਼ ਗਈ ਹੈ। ਮੈਂ ਦਿਮਾਗ਼ ਸ਼ਾਂਤ ਕਰ ਕੇ ਚਰਚਾ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦਾ ਹਾਂ। ਅਜੇ ਇਕ ਮਿੰਟ ਵੀ ਨਹੀਂ ਬੀਤਿਆ, ਉਸ ਦੀ ਸਿੰਪਲ ਕਾਲ ਫਿਰ ਆ ਗਈ ਹੈ। ਚਾਹੇ ਫੋਨ ਵਾਇਬਰੇਸ਼ਨ 'ਤੇ ਲਾਇਆ ਹੋਇਆ ਹੈ, ਇਸ ਨਾਲ ਜੇਕਰ ਕੋਈ ਹੋਰ ਨਹੀਂ ਤਾਂ ਮੈਂ ਤਾਂ ਡਿਸਟਰਬ ਹੋ ਹੀ ਰਿਹਾ ਹਾਂ। ਮੈਂ ਕਾਲ ਨੂੰ ਇਗਨੋਰ ਕਰਦਾ ਹਾਂ ਪਰ ਕਾਲ ਪੂਰੀ ਹੁੰਦਿਆ ਹੀ ਮੋਬਾਈਲ ਫਿਰ ਵਾਇਬਰੇਟ ਹੋਣ ਲੱਗਿਆ ਹੈ। ਪਹਿਲਾਂ ਖਿਝਦਾ ਹਾਂ, ਫਿਰ ਸੋਚਦਾ ਹਾਂ ਕੋਈ ਜ਼ਰੂਰੀ ਕੰਮ ਨਾ ਹੋਵੇ। ਮੈਂ ਮੋਬਾਈਲ ਲੈ ਕੇ ਹਾਲ ਤੋਂ ਬਾਹਰ ਆ ਜਾਂਦਾ ਹਾਂ।

"ਵੀਡੀਓ ਕਾਲ ਕਿਉਂ ਨੀ ਉਠਾਈ?" ਮੇਰੇ ਕਾਲ ਰਸੀਵ ਕਰਦਿਆ ਹੀ ਉਹ ਇਸ ਤਰ੍ਹਾਂ ਬੋਲੀ ਹੈ ਜਿਵੇਂ ਮੈਂ ਬਹੁਤ ਵੱਡਾ ਗੁਨਾਹ ਕਰ ਦਿੱਤਾ ਹੋਵੇ।

"ਤੈਨੂੰ ਦੱਸਿਆ ਤਾਂ ਸੀ ਕਿ ਹੁਣ ਕਹਾਣੀ ਦਰਬਾਰ ਸ਼ੁਰੂ ਹੋ ਰਿਹੈ। ਦੋ ਤਿੰਨ ਘੰਟੇ ਲੱਗ ਜਾਣਗੇ।" ਮੇਰੀ ਅਵਾਜ਼ ਵਿਚ ਗ਼ੁੱਸਾ ਹੈ।

"ਉਹ ਤਾਂ ਮੰਮੀ ਸੀ। ਕਹਿੰਦੇ, ਮੈਨੂੰ ਵੀਡੀਓ ਕਾਲ ਕਰ ਕੇ ਦਿਖਾ ਕਿਹੋ-ਜਿਹਾ ਹੁੰਦੈ ਕਹਾਣੀ ਦਰਬਾਰ।" ਇਹ ਉਹ ਝੂਠ ਬੋਲ ਰਹੀ ਹੈ। ਮਾਂ ਤਾਂ ਅਨਪੜ੍ਹ ਹੈ। ਉਸ ਨੂੰ ਕੀ ਪਤਾ ਹੈ ਵੀਡੀਓ ਕਾਲ ਦਾ। ਇਹ ਤਾਂ ਮਾਂ ਦੇ ਬਹਾਨੇ ਮੇਰੀ ਪੈੜ ਨੱਪੀ ਜਾ ਰਹੀ ਹੈ। ਇਹ ਤਾਂ ਜ਼ਰੂਰ ਇਹਦੇ ਅੰਦਰ ਇਸ ਭਰਮ ਨੇ ਸਿਰੀ ਚੁੱਕ ਲਈ ਹੋਵੇਗੀ ਕਿ ਇਹ ਤਿੰਨ ਘੰਟੇ ਪਤਾ ਨਹੀਂ ਕਿਸ ਨਾਲ ਬਿਤਾਏਗਾ? ਜੀਅ ਕਰਦਾ ਹੈ ਇਸ ਨੂੰ ਉੱਚੀ-ਉੱਚੀ ਗਾਲ੍ਹਾਂ ਕੱਢਾਂ। ਇਸ ਦੀ ਸੋਚ 'ਤੇ 'ਥੂ-ਥੂ' ਕਰ ਕੇ ਥੁੱਕਾਂ। ਪਤਾ ਨਹੀਂ ਇਸ ਗਲ਼ ਪਏ ਮਰੇ ਸੱਪ ਤੋਂ ਕਦੋਂ ਖਹਿੜਾ ਛੁੱਟੇਗਾ?

"ਕਿਵੇਂ ਬੋਲਣੋਂ ਹਟ ਗਏ?"

"ਨਹੀਂ ਬੋਲੀ ਜਾਨਾਂ।"

"ਆਵਾਜ਼ ਕਿਵੇਂ ਘਬਰਾਈ-ਘਬਰਾਈ ਜੀ ਲਗਦੀ ਹੈ ਥੋਡੀ?" ਉਸ ਦੇ ਅੰਦਰਲਾ ਵਹਿਮ ਉਸ ਦੇ ਹੁੱਝਾਂ ਮਾਰ ਰਿਹਾ ਹੈ।

"ਜਦੋਂ ਬੰਦਾ ਕੋਈ ਗੁਨਾਹ ਕਰ ਲਵੇ ਫੇਰ ਆਵਾਜ਼ 'ਚ ਘਬਰਾਹਟ ਆ ਈ ਜਾਂਦੀ ਐ।" ਮੈਂ ਉਸ ਦੀ ਸ਼ੱਕ 'ਤੇ ਵਿਅੰਗ ਕਸਿਆ ਹੈ।

"ਗੁਨਾਹ ਕਿਵੇਂ?"

"ਹੋਰ! ਕਹਾਣੀ ਦਰਬਾਰ ਵਿਚ ਹੋਰ ਲੋਕਾਂ ਵਾਂਗ ਸ਼ਾਂਤੀ ਨਾਲ ਬੈਠਣਾ, ਤੇਰੇ ਲਈ ਇਹ ਗੁਨਾਹ ਹੀ ਤਾਂ ਹੈਗਾ ਮੇਰਾ।"

"ਮੇਰਾ ਤੇਰੇ 'ਤੇ ਕੋਈ ਹੱਕ ਨੀ? ਮੈਂ ਕਾਲ ਨੀ ਕਰ ਸਕਦੀ?"

"ਹਾਂ ਹਾਂ, ਜੇ ਤੇਰਾ ਹੱਕ ਐ ਤਾਂ ਹੀ ਤਾਂ ਸਾਰਾ ਪ੍ਰੋਗਰਾਮ ਵਿਚਕਾਰ ਛੱਡ ਕੇ ਆ ਗਿਆ ਹਾਂ। ਹੁਣ ਕਰ ਕਿਹੜੀਆਂ ਜ਼ਰੂਰੀ ਗੱਲਾਂ ਨੇ ਤੇਰੀਆਂ?"

"ਤੂੰ ਮੈਨੂੰ ਪਿਆਰ ਵੀ ਨੀ ਕਰਦਾ। ਮੇਰੀ, ਤੇਰੇ ਅੱਗੇ ਕੋਈ ਵੈਲਿਊ ਨੀ।" ਉਹ ਸੱਪ ਵਾਂਗ ਜ਼ਹਿਰ ਘੋਲ਼ਦੀ ਫੋਨ ਕੱਟ ਦਿੰਦੀ ਹੈ। ਮੈਂ ਆਪਣੇ ਹੀ ਮਾੜੇ ਕਰਮਾਂ 'ਤੇ ਰੋਂਦਾ, ਸਾਰਾ ਗ਼ੁੱਸਾ ਅੰਦਰ ਹੀ ਅੰਦਰ ਪੀ ਜਾਂਦਾ ਹਾਂ। ਮੋਬਾਈਲ ਆਫ ਕਰ ਕੇ ਹਾਲ ਕਮਰੇ ਵੱਲ ਮੁੜ ਪੈਂਦਾ ਹਾਂ।

ਮੈਂ ਬੈਠਾ ਤਾਂ ਕਹਾਣੀ ਦਰਬਾਰ ਵਿਚ ਹਾਂ ਪਰ ਮੇਰਾ ਮਨ ਇੱਥੇ ਨਹੀਂ ਹੈ। ਮੈਨੂੰ ਵਾਰ-ਵਾਰ ਅਮਨ ਦੀਆਂ ਅਗਲੀਆਂ-ਪਿਛਲੀਆਂ ਗੱਲਾਂ ਯਾਦ ਆ ਰਹੀਆਂ ਹਨ।

ਜਦੋਂ ਕਿਸੇ ਪਾਠਕ ਜਾਂ ਲੇਖਕ ਦਾ ਫੋਨ ਆਉਂਦਾ ਹੈ ਤਾਂ ਇਹ ਖਿਝਦੀ ਹੈ। ਇਸੇ ਕਰਕੇ ਜਦੋਂ ਇਹ ਮੇਰੇ ਕੋਲ਼ ਹੋਵੇ ਜਾਂ ਅਸੀਂ ਗੱਲਾਂ ਕਰ ਰਹੇ ਹੋਈਏ ਜਾਂ ਗੱਡੀ 'ਚ ਜਾ ਰਹੇ ਹੋਈਏ ਤਾਂ ਮੈਂ ਫੋਨ ਘੱਟ-ਵੱਧ ਹੀ ਉਠਾਉਂਦਾ ਹਾਂ।

ਇਸ ਕਹਾਣੀ ਦਰਬਾਰ ਤੋਂ ਕੁਝ ਦਿਨ ਪਹਿਲਾਂ ਦੀ ਗੱਲ ਹੈ। ਮੈਂ ਤੇ ਅਮਨ ਗੱਡੀ 'ਚ ਜਾ ਰਹੇ ਸੀ। ਨੀਲਮ ਦੱਤਾ ਦਾ ਫੋਨ ਆ ਗਿਆ। ਮੈਂ ਇਹ ਸੋਚ ਕੇ ਫੋਨ ਕੱਟ ਦਿੱਤਾ ਕਿ ਘਰ ਪਹੁੰਚਣ

ਵਾਲੇ ਹਾਂ। ਘਰ ਪਹੁੰਚ ਕੇ ਗੱਲ ਕਰ ਲਵਾਂਗਾ। ਮੈਂ ਕਾਲ ਅਜੇ ਕੱਟੀ ਹੀ ਸੀ ਕਿ ਇਸ ਨੇ ਸਵਾਲਾਂ ਦੀ ਝੜੀ ਲਾ ਦਿੱਤੀ।

"ਫੋਨ ਕਿਉਂ ਕੱਟ 'ਤਾ?"

"ਚੁੱਕ ਲੈਂਦਾ।"

"ਜਾਂ ਮੇਰੇ ਕਰਕੇ ਨੀ ਚੁੱਕਿਆ?"

"ਫੋਨ ਆਉਣ 'ਤੇ ਤੇਰੇ ਚਿਹਰੇ ਦਾ ਰੰਗ ਕਿਉਂ ਉੱਡ ਗਿਆ ਸੀ?"

ਉਂਝ ਨਹੀਂ ਉੱਡਿਆ ਸੀ ਪਰ ਇਸ ਦੇ ਸਵਾਲਾਂ ਨੇ ਮੇਰਾ ਰੰਗ ਜ਼ਰੂਰ ਫਿੱਕਾ ਪਾ ਦਿੱਤਾ ਸੀ। ਇਹ ਬੰਦੇ ਨੂੰ ਇਸ ਤਰ੍ਹਾਂ ਟਾਰਚਰ ਕਰਦੀ ਹੈ ਕਿ ਮੈਂ ਬੇਗੁਨਾਹ ਹੁੰਦਾ ਹੋਇਆ ਵੀ ਆਪਣੇ-ਆਪ ਨੂੰ ਗੁਨਾਹਗਾਰ ਮਹਿਸੂਸ ਕਰਨ ਲੱਗਦਾ ਹਾਂ।

ਜੇ ਕਦੇ ਮੈਂ ਬਾਹਰ ਗਿਆ ਫੇਸਬੁੱਕ ਉੱਪਰ ਆਨ ਲਾਈਨ ਹੋਵਾਂ ਤਾਂ ਇਹ ਮੇਰੀਆਂ ਸਾਰੀਆਂ ਫੇਸਬੁੱਕ ਫਰੈਂਡਾਂ ਦੀ ਘੋਖ-ਪੜਤਾਲ ਕਰਨੀ ਸ਼ੁਰੂ ਕਰ ਦੇਵੇਗੀ ਕਿ ਕਿਹੜੀ ਆਨ ਲਾਈਨ ਹੈ? ਜਿਸ ਉੱਪਰ ਇਸ ਦੇ ਸ਼ੱਕੀ ਡ੍ਰੋਨ ਮੰਡਰਾਉਂਦੇ ਹੋਣ ਉਸ ਉੱਪਰ ਤਾਂ ਬਾਜ-ਅੱਖ ਰੱਖਦੀ ਹੈ।

ਵੀਹ ਕੁ ਦਿਨ ਪਹਿਲਾਂ ਇਸੇ ਮਾਮਲੇ 'ਤੇ ਇਸ ਨੇ ਮੇਰੇ ਨਾਲ ਚੰਗਾ ਝੱਜੂ ਪਾਇਆ ਸੀ। ਉਸ ਦਿਨ ਮੈਂ ਸਕੂਲ ਸਾਂ। ਕਿਸੇ ਵੱਡੇ ਲੇਖਕ ਨੇ ਫੇਸਬੁੱਕ ਉੱਪਰ ਐਵਾਰਡਾਂ ਬਾਰੇ ਵੱਡਾ ਲੇਖ ਲਿਖਿਆ ਹੋਇਆ ਸੀ। ਮੈਂ ਉਹ ਲੇਖ ਪੜ੍ਹਨ ਲੱਗ ਪਿਆ। ਇਸ ਨੇ ਮੈਨੂੰ ਫੇਸਬੁੱਕ ਉੱਪਰ ਆਨ ਲਾਈਨ ਵੇਖਿਆ ਤੇ ਫਿਰ ਨੀਲਮ ਦੱਤਾ ਨੂੰ ਵੇਖਿਆ। ਅਚਾਨਕ ਕਿਤੇ ਉਹ ਵੀ ਆਨ ਲਾਈਨ ਬੈਠੀ ਸੀ। ਦੋਵਾਂ ਨੂੰ ਆਨ ਲਾਈਨ ਵੇਖ ਕੇ ਇਸ ਦੇ ਸ਼ੱਕ ਵਾਲੇ ਕੀੜੇ ਕੁਰਬਲ-ਕੁਰਬਲ ਕਰਨ ਲੱਗ ਪਏ। ਅੰਦਰ ਭਾਂਬੜ ਮੱਚ ਗਏ। ਝੱਟ ਮੈਨੂੰ ਲਗਾਤਾਰ ਕਈ ਮੈਸੇਜ ਕੀਤੇ। ਮੈਂ ਤਾਂ ਉਹ ਲੇਖ ਪੜ੍ਹ ਰਿਹਾ ਸਾਂ। ਮੈਂ ਮੈਸੇਜ ਕਿਵੇਂ ਚੈੱਕ ਕਰਦਾ? ਫਿਰ ਇਸ ਦੀ ਕਾਲ ਆਈ। ਮੈਂ ਕੱਟ ਦਿੱਤੀ ਕਿ ਪੂਰਾ ਪੜ੍ਹ ਕੇ ਕਰ ਲਵਾਂਗਾ। ਦੁਬਾਰਾ ਫਿਰ ਆਈ, ਮੈਂ ਫਿਰ ਕੱਟ ਦਿੱਤੀ। ਲੇਖ ਥੋੜ੍ਹਾ ਜਿਹਾ ਪੜ੍ਹਨਾ ਬਾਕੀ ਰਹਿ ਗਿਆ ਸੀ।

"ਹਾਂ ਜੀ, ਹੁਣ ਦੱਸੋ ਕੀ ਕਹਿੰਦੇ ਸੀ?" ਮੈਂ ਲੇਖ ਪੜ੍ਹ ਕੇ ਉਸ ਨੂੰ ਵਾਪਸ ਕਾਲ ਕੀਤੀ।

"ਫੇਸਬੁੱਕ 'ਤੇ ਕਿਹਦੇ ਨਾਲ ਲੱਗਿਆ ਹੋਇਆ ਸੀ?" ਉਸ ਦੇ ਬੋਲਾਂ ਵਿਚੋਂ ਅੱਗ ਨਿੱਕਲੀ।

"ਕਿਸੇ ਨਾਲ ਵੀ ਨੀ।" ਮੈਂ ਆਪਣਾ ਸੱਚ ਦੱਸਿਆ।

"ਦੇਖ ਸੁਖਦੇਵ, ਮੇਰੇ ਅੱਗੇ ਝੂਠ ਨਾ ਬੋਲ ਪਲੀਜ਼! ਜੋ ਸਚਾਈ ਐ ਉਹ ਦੱਸ ਦੇ।" ਪਤਾ ਨਹੀਂ ਉਸ ਕੋਲ ਕਿਹੜਾ ਫਾਰਮੂਲਾ ਸੀ ਕਿ ਉਹ ਮੇਰੇ ਸੱਚ ਨੂੰ ਕੋਰਾ ਝੂਠ ਸਾਬਤ ਕਰ ਦਿੰਦੀ ਸੀ।

"ਮੈਂ ਝੂਠ ਕਿਸ ਲਈ ਬੋਲਣੈ? ਮੈਂ ਤਾਂ ਫੇਸਬੁੱਕ 'ਤੇ ਆਰਟੀਕਲ ਪੜ੍ਹ ਰਿਹਾ ਸੀ।"

"ਪਲੀਜ਼! ਪਲੀਜ਼! ਝੂਠ ਨਾ ਬੋਲ। ਤੂੰ ਨੀਲਮ ਦੱਤਾ ਨਾਲ ਫੇਸਬੁੱਕ ਉੱਪਰ ਲੱਗਿਆ ਹੋਇਆ ਸੀ।"

"ਕਿਉਂ ਕੁਫ਼ਰ ਤੋਲ ਕੇ ਪਾਪ ਕਮਾਉਨੀ ਐਂ। ਮੈਂ ਆਪਣਾ ਪਾਸਵਰਡ ਦੱਸਦਾਂ, ਤੂੰ ਆਪਣੇ ਮੋਬਾਈਲ 'ਤੇ ਮੇਰੀ ਵਾਲ ਖੋਲ੍ਹ ਕੇ ਦੇਖ ਲੈ।"

"ਫੇਰ ਉਹ ਤੇਰੇ ਨਾਲ ਹੀ ਆਨ ਲਾਈਨ ਕਿਉਂ ਸੀ?" ਉਹ ਵਕੀਲਾਂ ਵਾਂਗ ਸਵਾਲ ਕਰਨ ਲੱਗ ਪਈ।

"ਉਹਦਾ ਆਪਣਾ ਫੋਨ ਐ। ਆਪ ਉਹਨੇ ਨੈੱਟ ਪੈਕ ਪਵਾਇਐ। ਇਹ ਉਹਦੀ ਆਪਣੀ ਮਰਜ਼ੀ ਐ, ਜਦੋਂ ਮਰਜ਼ੀ ਆਨ ਲਾਈਨ ਹੋਵੇ। ਮੈਂ ਕਿਹੜਾ ਉਹਦਾ ਬਾਪ ਲੱਗਦਾਂ, ਵੀ ਉਹਨੂੰ ਆਨ ਲਾਈਨ ਹੋਣੋ ਹਟਾ ਦੂੰ। ਮੇਰੇ ਆਨ ਲਾਈਨ ਹੋਣ ਸਮੇਂ ਦੁਨੀਆਂ ਦੇ ਹੋਰ ਕਰੋੜਾਂ ਲੋਕ ਆਨ ਲਾਈਨ ਹੁੰਦੇ ਹੋਣਗੇ, ਕੀ ਉਹ ਸਾਰੇ ਮੇਰੇ ਨਾਲ ਗ਼ਲਤ ਨੇ?"

"ਤੂੰ ਮੇਰੇ ਨਾਲ ਧੋਖਾ ਕਰਦੈਂ।" ਉਹ ਕਹਿ ਕੇ ਕਾਲ ਕੱਟ ਗਈ ਸੀ।

ਮੈਂ ਪਿਛਲੀਆਂ ਯਾਦਾਂ ਦੇ ਸਮੁੰਦਰ 'ਚ ਡਿੱਕ-ਡੋਲੇ ਖਾਂਦਾ ਵਰਤਮਾਨ ਦੇ ਕਿਨਾਰੇ ਆ ਲੱਗਿਆ

ਹਾਂ। ਹੁਣ ਦੂਸਰੀ ਕਹਾਣੀ ਉੱਪਰ ਬਹਿਸ ਸ਼ੁਰੂ ਹੋ ਗਈ ਹੈ।

...........

ਅੱਜ ਤੀਸਰਾ ਦਿਨ ਹੈ। ਸਾਰੇ ਕਹਾਣੀਕਾਰਾਂ ਨੇ ਅੱਜ ਘੁੰਮ ਕੇ ਆਉਣ ਦਾ ਪ੍ਰੋਗਰਾਮ ਬਣਾਇਆ ਹੈ। ਸਵੇਰੇ ਹੀ ਪੂਰੇ ਦਿਨ ਲਈ ਪੱਚੀ ਸੌ ਵਿਚ ਗੱਡੀ ਕਰਵਾ ਲਈ ਹੈ। ਸਵੇਰੇ ਸਭ ਤੋਂ ਪਹਿਲਾਂ ਕਾਲਾ ਟੋਪ ਗਏ। ਦੁਪਹਿਰਾ ਖਜਿਆਰ 'ਚ ਬਿਤਾਇਆ ਤੇ ਹੁਣ ਦੁਪਹਿਰ ਢਲ਼ੀ ਤੋਂ ਭਲਵਾਨੀ ਦੇਵੀ ਵੱਲ ਆ ਗਏ ਹਾਂ।

ਅੱਜ ਮੈਂ ਅਮਨ ਨੂੰ ਸਵੇਰੇ ਹੀ ਦੱਸ ਦਿੱਤਾ ਸੀ ਕਿ ਅੱਜ ਸਾਡਾ ਘੁੰਮਣ ਦਾ ਪ੍ਰੋਗਰਾਮ ਹੈ।

"ਇਹ ਅਚਾਨਕ ਪ੍ਰੋਗਰਾਮ ਕਿਵੇਂ ਬਣ ਗਿਆ?" ਉਸ ਨੇ ਇਸ ਉੱਪਰ ਵੀ ਸ਼ੱਕ ਕੀਤਾ ਸੀ।

"ਅਚਾਨਕ ਕਿਉਂ, ਕੱਲ੍ਹ ਸ਼ਾਮੀ ਸਲਾਹ ਬਣਾਈ ਸੀ ਸਾਰਿਆਂ ਨੇ।"

"ਫੇਰ ਕੱਲ੍ਹ ਤਾਂ ਤੂੰ ਦੱਸਿਆ ਨੀ ਇਸ ਬਾਰੇ?"

"ਜੇ ਕੱਲ੍ਹ ਨੀ ਦੱਸਿਆ ਤਾਂ ਹੁਣ ਦੱਸ 'ਤਾ। ਇਹਦੇ 'ਚ ਕੀ ਫ਼ਰਕ ਪੈ ਗਿਆ?" ਮੈਨੂੰ ਹੁਣ ਉਸ 'ਤੇ ਗ਼ੁੱਸਾ ਆਉਣ ਲੱਗਿਆ ਹੈ।

"ਕੌਣ-ਕੌਣ ਜਾ ਰਿਹੈ?"

"ਸਾਰੇ।"

"ਸਾਰੇ ਕੌਣ?"

"ਯਾਰ....ਮੈਂ....ਮੈਨੂੰ ਬਖ਼ਸ਼ ਦੇ ਪਲੀਜ਼....!" ਮੈਨੂੰ ਉਸ ਦੇ ਫ਼ਜ਼ੂਲ ਸਵਾਲਾਂ ਨੇ ਏਨਾ ਤੰਗ ਕਰ ਦਿੱਤਾ ਸੀ ਕਿ ਜੀਅ ਕਰਦਾ ਸੀ ਇਸੇ ਪਹਾੜ ਤੋਂ ਛਾਲ਼ ਮਾਰ ਕੇ ਖ਼ੁਦਕੁਸ਼ੀ ਕਰ ਜਾਵਾਂ। ਮੈਂ ਗ਼ੁੱਸੇ ਨੂੰ ਕਿਸੇ ਤਰ੍ਹਾਂ ਕੰਟਰੋਲ ਕਰ ਕੇ ਮੋਬਾਈਲ ਦੀ ਸਵਿੱਚ ਆਫ ਕਰ ਦਿੱਤੀ ਸੀ ਤੇ ਹੁਣ ਤਕ ਆਨ ਨਹੀਂ ਕੀਤੀ ਹੈ। ਫੋਟੋਆਂ ਖਿੱਚਣ ਲਈ ਨਾਲ ਲਿਆਂਦਾ ਕੈਮਰਾ ਵਰਤ ਰਿਹਾ ਹਾਂ।

ਅਸੀਂ ਸਾਰੇ ਪਹਾੜੀ ਦੇ ਸਿਖਰ 'ਤੇ ਆ ਚੜ੍ਹੇ ਹਾਂ। ਸਭ ਤੋਂ ਪਿੱਛੇ ਨੀਲਮ ਦੱਤਾ ਹੌਂਕਦੀ ਆ ਰਹੀ ਹੈ। ਇੱਥੋਂ ਪਹਾੜਾਂ ਦਾ ਨਜ਼ਾਰਾ ਬੜਾ ਦਿਲਕਸ਼ ਦਿਖਾਈ ਦੇ ਰਿਹਾ ਹੈ। ਧੁੰਦ ਦੇ ਬੱਦਲ ਸਾਨੂੰ ਛੂ-ਛੂ ਕੇ ਸਲ੍ਹਾਬੇ ਕਰ ਰਹੇ ਹਨ। ਮੇਰਾ ਮਨ ਕੁਝ ਦੇਰ ਖ਼ੁਸ਼ ਰਹਿੰਦਾ ਹੈ ਪਰ ਅਮਨ ਦੀਆਂ ਗੱਲਾਂ ਯਾਦ ਕਰਦਿਆਂ ਹੀ ਉਦਾਸੀ ਵਿਚ ਗੋਤੇ ਖਾ ਜਾਂਦਾ ਹੈ।

ਮੈਨੂੰ ਭੈੜੇ-ਭੈੜੇ ਖ਼ਿਆਲ ਆਉਣ ਲੱਗਦੇ ਹਨ। ਹੁਣ ਵੀ ਮੈਂ ਇੱਥੇ ਬੈਠਾ ਇਹ ਹੀ ਸੋਚ ਰਿਹਾ ਹਾਂ ਕਿ, 'ਜੇ ਮੈਂ ਇੱਥੋਂ ਕੁੱਦ ਜਾਵਾਂ ਤਾਂ ਹੇਠਾਂ ਜਾਂਦਾ ਹੀ ਮਰ ਜਾਵਾਂਗਾ। ਫੇਰ ਕੀ ਹੋਵੇਗਾ?' ਅੰਦਾਜ਼ਾ ਲਗਾਉਂਦਾ ਹਾਂ ਤੇ ਫਿਰ ਕਲਪਨਾ ਕਰਦਾ ਹਾਂ, 'ਇਹ ਸਾਰੇ ਡਰ ਜਾਣਗੇ। ਹਸਪਤਾਲ ਲੈ ਕੇ ਜਾਣਗੇ। ਮੈਨੂੰ ਉੱਥੇ ਮਰਿਆ ਘੋਸ਼ਿਤ ਕਰ ਦੇਣਗੇ। ਅਮਨ ਨੂੰ ਕੋਈ ਫੋਨ ਕਰ ਦੇਵੇਗਾ। ਉਹ ਰੋਏਗੀ। ਆਪਣੇ-ਆਪ 'ਤੇ ਪਛਤਾਏਗੀ। ਮਾਂ ਨੂੰ ਬਹੁਤ ਵੱਡਾ ਸਦਮਾ ਲੱਗੇਗਾ। ਅਖ਼ਬਾਰਾਂ ਵਿਚ ਖ਼ਬਰ ਛਪੇਗੀ, 'ਨੌਜਵਾਨ ਕਹਾਣੀਕਾਰ ਪ੍ਰੀਤ ਸੁਖਦੇਵ ਨਹੀਂ ਰਹੇ।' ਵੱਡੇ ਅੱਖਰਾਂ ਵਾਲੀ ਖ਼ਬਰ ਦੇ ਹੇਠਾਂ ਇਕ ਛੋਟੀ ਲਾਈਨ ਲਿਖੀ ਹੋਵੇਗੀ, 'ਮੁੱਖ ਮੰਤਰੀ ਪੰਜਾਬ ਨੇ ਕੀਤਾ ਅਫ਼ਸੋਸ ਜ਼ਾਹਿਰ।' ਜੇ ਇਹ ਲਾਈਨ ਨਾ ਹੋਈ ਤਾਂ ਇਹ ਹੋਵੇਗੀ, 'ਉਸਦੇ ਕਹਾਣੀ ਸੰਗ੍ਰਹਿ 'ਅਲਵਿਦਾ ਮੌਸਮ' ਨੂੰ ਮਿਲਿਆ ਸੀ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ।'

'ਕਈ ਮਹੀਨੇ ਘਰ 'ਚ ਸੋਗ ਪਿਆ ਰਹੇਗਾ। ਫੇਰ....?'

'ਫੇਰ ਅਮਨ ਮੇਰੇ ਘਰੋਂ ਚਲੀ ਜਾਵੇਗੀ?'

'ਉਸ ਦੇ ਘਰ ਦੇ ਲੈ ਜਾਣਗੇ ਤੇ ਹੋਰ ਵਿਆਹ ਕਰ ਦੇਣਗੇ।'

'ਜੇ ਮੈਂ ਨਾ ਮਰਾਂ?'

'ਗੁਆਚ ਜਾਵਾਂ?'

'ਘਰ ਦੇ ਕਿਸੇ ਹੋਰ ਲਾਸ਼ ਦੀ ਪਛਾਣ ਕਰ ਕੇ ਮਰਿਆ ਸਮਝ ਲੈਣ ਤੇ ਅਮਨ ਦਾ ਕਿਤੇ ਹੋਰ ਵਿਆਹ ਹੋ ਜਾਵੇ। ਫੇਰ ਮੈਂ ਅਚਾਨਕ ਕਈ ਮਹੀਨਿਆਂ ਬਾਅਦ ਘਰ ਆ ਜਾਵਾਂ।'

"ਓਏ....! ਤੇਰੇ ਨਾਲ ਗੱਲ ਕਰ ਰਿਹਾਂ ਜਨਾਬ। ਕਿੱਥੇ ਖੋ ਗਏ? ਕਿਤੇ ਭਰਜਾਈ ਦੀ ਯਾਦ ਤਾਂ ਨੀ ਸਤਾ ਰਹੀ?" ਗੁਰਨੀਰ ਦੀ ਗੱਲ 'ਤੇ ਸਾਰੇ ਹੱਸ ਪਏ।

"ਹਾਂ ਕੀ....?" ਮੈਂ ਉਭੜਬਾਏ ਉੱਠਣ ਵਾਂਗ ਬੋਲਿਆ ਹਾਂ।

"ਚੱਲ ਭਲਵਾਨੀ ਦੇਵੀ ਤਕ ਜਾ ਕੇ ਆਈਏ।" ਗੁਰਨੀਰ ਨੇ ਦੂਰ ਪਹਾੜ ਵੱਲ ਇਸ਼ਾਰਾ ਕੀਤਾ।

"ਮੈਥੋਂ ਤੁਰਿਆ ਨੀ ਜਾਂਦਾ ਯਾਰ। ਸਿਹਤ ਠੀਕ ਨੀ, ਤੁਸੀਂ ਜਾ ਆਓ।"

"ਨੀਲਮ ਦੱਤਾ ਵੀ ਹਥਿਆਰ ਸੁੱਟੀ ਬੈਠੀ ਐ।" ਕੰਵਰ ਪ੍ਰੀਤ ਨੇ ਕਿਹਾ।

"ਚਲੋ ਆਪਾਂ ਤਿੰਨੇ ਚਲਦੇ ਆਂ।" ਗੁਰਨੀਰ, ਪ੍ਰਭਜੋਤ ਮਾਂਗਟ ਤੇ ਕੰਵਰ ਪ੍ਰੀਤ ਨੂੰ ਲੈ ਕੇ ਤੁਰ ਪਿਆ।

"ਕਿਵੇਂ ਸੁਖਦੇਵ ਬਹੁਤ ਉਦਾਸ-ਉਦਾਸ ਜਿਹਾ ਰਹਿਨੈ ਅੱਜ-ਕੱਲ੍ਹ?" ਮੈਨੂੰ ਉਦਾਸ ਜਿਹਾ ਬੈਠੇ ਨੂੰ ਵੇਖ ਕੇ ਨੀਲਮ ਦੱਤਾ ਨੇ ਪੜਤਾਲੀਆ ਨਜ਼ਰਾਂ ਨਾਲ ਮੇਰੇ ਵੱਲ ਵੇਖਦਿਆਂ ਪੁੱਛਿਆ।

"ਬੱਸ ਪੁੱਛ ਨਾ।" ਮੈਂ ਦੂਰ ਖਲਾਅ ਵੱਲ ਵੇਖਦਿਆਂ ਹੋਰ ਉਦਾਸ ਹੋ ਗਿਆ।

"ਫੇਰ ਵੀ ਅਜਿਹੀ ਕੀ ਗੱਲ ਐ? ਮੇਰੇ ਨਾਲ ਸਾਂਝੀ ਨੀ ਕੀਤੀ ਜਾ ਸਕਦੀ?" ਉਸ ਨੇ ਆਪਣੇ-ਪਨ ਨਾਲ ਕਿਹਾ।

"ਪਹਿਲਾਂ ਵੀ ਤੈਨੂੰ ਹਰ ਗੱਲ ਦੱਸੀ ਐ। ਇਹ ਵੀ ਤੇਰੇ ਨਾਲ ਸਾਂਝੀ ਕਰਨੀ ਐ। ਤੈਨੂੰ ਪਤੈ, ਅਮਨ ਨਾਲ ਲਵ ਮੈਰਿਜ ਕਰਵਾਈ ਸੀ ਪਰ....।" ਮੈਂ ਸ਼ੁਰੂ ਤੋਂ ਲੈ ਕੇ ਹੁਣ ਤਕ ਸਾਰੀਆਂ ਗੱਲਾਂ ਦੱਸ ਦਿੱਤੀਆਂ।

"ਓਹ ਮਾਈ ਗਾਡ....! ਏਨਾ ਸਟਰੈੱਸ ਲੈ ਕੇ ਤੂੰ ਕਿਵੇਂ ਜੀਅ ਰਿਹੈਂ?" ਨੀਲਮ ਦੱਤਾ ਦੀਆਂ ਹੈਰਾਨੀ 'ਚ ਅੱਖਾਂ ਟੱਡੀਆਂ ਰਹਿ ਗਈਆਂ।

"ਪਲੀਜ਼ ਯਾਰ! ਮੇਰੀ ਮਦਦ ਜ਼ਰੂਰ ਕਰ....ਮੈਂ ਬਹੁਤ ਦੁਖੀ ਆਂ....ਜੀਅ ਕਰਦੈ ਇੱਥੋਂ ਛਾਲ ਮਾਰ ਕੇ ਮਰ ਜਾਵਾਂ....।" ਮੇਰਾ ਮਨ ਭਰ ਆਇਆ। ਭਰੇ ਮਨ ਕਾਰਨ ਅੱਖਾਂ ਵਿਚ ਪਾਣੀ ਤੈਰਦਾ ਦਿਸਣ ਲੱਗਿਆ।

"ਮੈਂ ਤੇਰੀ ਹਰ ਮਦਦ ਕਰੂੰਗੀ। ਬੋਲ ਕੀ ਕਰਨੀ ਐ?"

"ਬੱਸ ਤੂੰ ਮੇਰੇ ਨਾਲ ਹਰ ਰੋਜ਼ ਗੱਲ ਕਰਨੀ ਐ। ਵਟਸ ਅੱਪ 'ਤੇ ਵੀ, ਮੈਸੇਂਜਰ 'ਤੇ ਵੀ ਤੇ ਸਿੰਪਲ ਕਾਲ ਵੀ। ਉਸ ਨੂੰ ਬੱਸ ਇਹ ਮਹਿਸੂਸ ਹੋਵੇ ਕਿ ਤੂੰ ਮੇਰੇ ਨਾਲ ਜੁੜੀ ਹੋਈ ਐਂ।"

"ਨੋ ਪਰੌਬਲਮ। ਮੈਨੂੰ ਕੋਈ ਦਿੱਕਤ ਨਹੀਂ ਪਰ ਇਹਦੇ ਨਾਲ ਤੈਨੂੰ ਕੀ ਹੱਲ ਮਿਲੇਗਾ?"

"ਤੈਨੂੰ ਇਕ ਗੱਲ ਦੱਸਦਾਂ....। ਖਾੜਕੂਵਾਦ ਸਮੇਂ ਸਾਡੇ ਪਿੰਡੋਂ ਇਕ ਸ਼ਰੀਫ਼ ਮੁੰਡਾ ਪੁਲਿਸ ਨੇ ਚੁੱਕ ਲਿਆ। ਪੁਲਿਸ ਉਸ ਨੂੰ ਕੁੱਟ-ਕੁੱਟ ਕੇ ਵਾਰਦਾਤਾਂ ਮੰਨਵਾਉਂਦੀ ਰਹੀ। ਉਹ ਵਿਚਾਰਾ ਦੋ-ਤਿੰਨ ਦਿਨ ਤਾਂ ਕੁੱਟ ਸਹਿੰਦਾ ਰਿਹਾ ਪਰ ਚੌਥੇ ਦਿਨ ਉਸ ਦੇ ਪੁਲਿਸ ਦੀ ਕੁੱਟ ਅੱਗੇ ਹੱਥ ਖੜ੍ਹੇ ਹੋ ਗਏ। ਉਹ ਕੁੱਟ ਤੋਂ ਬਚਣ ਲਈ ਉਹ ਗੁਨਾਹ ਵੀ ਮੰਨ ਗਿਆ ਜਿਹੜੇ ਉਸ ਨੇ ਕਰਨੇ ਤਾਂ ਦੂਰ, ਕਦੀ ਹੁੰਦੇ ਵੇਖੇ ਵੀ ਨਹੀਂ ਸੀ।

ਹੁਣ ਮੇਰਾ ਵੀ ਜੀਅ ਕਰਦੈ ਮੈਂ ਉਹ ਸਾਰੇ ਗੁਨਾਹ ਕਬੂਲ ਕਰ ਲਵਾਂ ਜਿਹੜੇ ਮੈਂ ਕਦੀ ਕੀਤੇ ਹੀ ਨਹੀਂ। ਹੋ ਸਕਦੈ ਮੈਂ ਇਹ ਗੁਨਾਹ ਕਬੂਲ ਕਰ ਕੇ ਉਸ ਤੋਂ ਸਦਾ ਲਈ ਆਜ਼ਾਦ ਹੋ ਜਾਵਾਂ।"

ਮੈਂ ਇਕ ਆਸ ਨਾਲ ਨੀਲਮ ਦੱਤਾ ਵੱਲ ਵੇਖਦਾ ਹਾਂ। ਉਹ ਮੁਸਕਰਾਉਂਦੀ 'ਹਾਂ' ਵਿਚ ਸਿਰ ਹਿਲਾ ਦਿੰਦੀ ਹੈ। 000

***(ਪਿੰਡ ਸਤੌਜ, ਡਾ. ਧਰਮਗੜ੍ਹ, ਜ਼ਿਲ੍ਹਾ ਸੰਗਰੂਰ-148 028***
***ਫੋਨ: 94172-41787)***

# ਕਸ਼ਮਕਸ਼: ਕਹਾਣੀ: ਗੁਰਮੀਤ ਆਰਿਫ

ਆਫਿਸ ਜਾਣ ਲਈ ਮੈਂ ਗੱਡੀ ਸਟਾਰਟ ਕੀਤੀ ਹੈ। ਸ਼ੀਸੇ ਵਿਚਦੀ ਵੇਖਦਾਂ ਅਨੀਤਾ ਬਾਲਕੋਨੀ ਵਿਚ ਖੜ੍ਹੀ ਉਦਾਸੀ ਜਿਹੀ ਸੁਮਨ ਦੀ ਝੁੱਗੀ ਵੱਲ ਵੇਖ ਰਹੀ ਹੈ।

ਮੇਰੀ ਰਾਤ ਵਾਲੀ ਹਰਕਤ ਕਰਕੇ ਕਾਫੀ ਗ਼ੁੱਸੇ ਵਿਚ ਹੈ ਸ਼ਾਇਦ। ਨਈਂ ਪਹਿਲਾਂ ਕਦੇ ਸੀ ਆਫ ਕੀਤੇ ਬਿਨਾਂ ਮੈਨੂੰ ਆਫਿਸ ਨਹੀਂ ਸੀ ਜਾਣ ਦਿੰਦੀ। ਮੇਰਾ ਵੀ ਕਿਹੜਾ ਏਹਤੋਂ ਬਿਨਾਂ ਕਿਤੇ ਮਨ ਲਗਦੈ। ਆਫਿਸ ਹੁੰਦਾ ਹਾਂ ਤਾਂ ਦਿਨ 'ਚ ਇਕ ਦੋ ਵਾਰ ਫੋਨ ਕਰ ਲੈਂਦੀ ਹੈ, ਜੇ ਇਹ ਨਾ ਕਰੇ ਤਾਂ ਮੈਂ ਕਰ ਲੈਨਾਂ। ਵੈਸੇ ਵੀ ਇਸ ਮੈਟਰੋ ਸਿਟੀ ਦੀ ਚਕਾਚੌਂਧ ਭਰੀ ਜ਼ਿੰਦਗੀ 'ਚ ਹੋਰ ਆਪਣਾ ਹੈ ਵੀ ਕੌਣ ਜੀਹਦੇ ਨਾਲ ਮਨ ਦੀ ਗੱਲ ਸਾਂਝੀ ਕੀਤੀ ਜਾ ਸਕੇ। ਹਰ ਕੋਈ ਤਾਂ ਏਥੇ ਭੱਜਿਆ ਈ ਤੁਰਿਆ ਜਾ ਰਿਹੈ। ਪਤਾ ਨੀ ਕਿੱਥੇ ਜਾ ਰਹੇ ਨੇ ਲੋਕ। ਸੁਸਾਇਟੀ ਦਾ ਮੇਨ ਗੇਟ ਲੰਘਦਿਆਂ ਸਾਈਡ ਸ਼ੀਸ਼ੇ ਵਿਚਦੀ ਪਿੱਛੇ ਵੇਖ ਰਿਹਾਂ, ਅਨੀਤਾ ਅਜੇ ਵੀ ਅਡੋਲ ਖੜ੍ਹੀ ਹੈ। ਇਕ ਵਾਰ ਵੀ ਪਰਤ ਕੇ ਮੇਰੇ ਵੱਲ ਨੀ ਵੇਖਿਆ।

ਪਰ ਮੈਂ ਵੀ ਕਿੱਥੇ ਗ਼ਲਤ ਹਾਂ। ਕੀ ਮੇਰਾ ਕੋਈ ਅਧਿਕਾਰ ਨਈਂ ਹੈ ਕਿ ਮੈਂ ਵੀ .....।

ਫਰੈਂਡਸ਼ਿਪ ਹੋਣ ਤੋਂ ਲੈ ਕੇ ਪਤਨੀ ਬਣ ਕੇ ਮੇਰੇ ਘਰ ਦੀ ਦਹਿਲੀਜ਼ ਲੰਘਣ ਤਕ ਜ਼ਿੰਦਗੀ ਦਾ ਹਰ ਪਲ ਮੈਂ ਅਨੀਤਾ ‘ਤੇ ਨਿਸ਼ਾਵਰ ਕੀਤਾ ਹੈ। ਹਰ ਖੁਸ਼ੀ ਦੇਣ ਦੀ ਕੋਸ਼ਿਸ ਕੀਤੀ ਹੈ। ਹਰ ਹਾਂ 'ਚ ਹਾਂ ਮਿਲਾਈ ਹੈ ਪਰ ਅਚਾਨਕ ਇਹ ਕਿਸ ਮੋੜ 'ਤੇ ਆ ਖੜ੍ਹਾ ਹਾਂ ਕਿ ਮਨ ਸਹਿਮਤ ਹੋਣ ਨੂੰ ਤਿਆਰ ਨੀ ਹੋਇਆ।

"ਤੁਸੀਂ ਮਰਦ ਨਾ ਜਨਾਨੀ ਦੀ ਦੇਹ ਦੇ ਈ ਆਸ਼ਕ ਹੁੰਦੇ ਓ। ਇਸਤੋਂ ਅੱਗੇ ਧੜਕਦੇ ਦਿਲ ਤੇ ਵਿਲਕਦੀ ਆਤਮਾ ਤਕ ਪਹੁੰਚਣਾ ਤੁਹਾਡੇ ਵੱਸ ਦੀ ਗੱਲ ਨਹੀਂ ਹੈ।"

ਆਫਿਸ ਵਿਚ ਬੈਠਿਆਂ ਅਨੀਤਾ ਦੇ ਲਫਜ਼ ਵਾਰ ਵਾਰ ਯਾਦ ਆ ਰਹੇ ਨੇ। ਆਖਰ ਮੈਂ ਗ਼ਲਤ ਕੀ ਕਿਹਾ। ਸਗੋਂ ਮੈਂ ਤਾਂ ਇਹਦੇ ਹਰ ਗ਼ਲਤ ਕੰਮ ਵਿਚ ਖੁਦ ਗ਼ਲਤ ਹੁੰਦਾ ਰਿਹਾ ਹਾਂ। ਤਾਂ ਕੀ ਇਹ ਮੇਰੀ ਇਕ ਵੀ ਗੱਲ....।

ਵਿਆਹ ਤੋਂ ਬਾਅਦ ਮੰਮਾਂ ਢਾਈ ਤਿੰਨ ਸਾਲ ਤਕ ਕਲਪਦੇ ਰਹੇ ਕਿ ਤੁਹਾਡੇ ਨਾਲ ਦੇ ਵਿਆਹੇ ਦੋ ਦੋ ਬੱਚਿਆਂ ਵਾਲੇ ਹੋਗੇ ਤੇ ਤੁਸੀਂ ਫੈਮਿਲੀ ਕੰਪਲੀਟ ਕਰਨ ਬਾਰੇ ਅਜੇ ਕੁਸ਼ ਸੋਚਿਆ ਈ ਨੀ। ਪਾਪਾ ਵੀ ਬਹਾਨੇ ਨਾਲ ਈ ਮੈਨੂੰ ਕਈ ਵਾਰ ਕਿਹਾ ਕਰਦੇ ਸਨ, "ਬੇਟਾ ਜੋ ਕੰਮ ਸਮੇਂ ਸਿਰ ਹੋਜੇ ਨਾ, ਉਹਦੇ ਵਰਗੀ ਰੀਸ ਨੀ ਹੁੰਦੀ। ਜੇ ਬੰਦਾ ਕੁਦਰਤ ਨੂੰ ਚੈਲਿੰਜ ਕਰਨ ਲੱਗ ਜਾਵੇ ਨਾ, ਤਾਂ ਕਈ ਵਾਰੀ ਕੁਦਰਤ ਵੀ ਪਿੱਠ ਘੁਮਾ ਲੈਂਦੀ ਹੈ।" ਪਾਪਾ ਦੀਆਂ ਰਮਜ਼ ਭਰੀਆਂ ਗੱਲਾਂ ਮੈਨੂੰ ਸਮਝ ਤਾਂ ਆਉਂਦੀਆਂ ਸਨ ਪਰ ਮੈਂ ਅਨੀਤਾ ਅੱਗੇ ਬੇਵੱਸ ਸਾਂ। ਇਹਦੇ ਸਿਰ ‘ਤੇ ਤਾਂ ਕੰਪਨੀ ਦੀ ਵੀ ਪੀ ਬਣਨ ਦਾ ਭੂਤ ਸਵਾਰ ਸੀ। ਜਦੋਂ ਵੀ ਗੱਲ ਕਰਨੀ ਇਹਦਾ ਇਕ ਈ ਜਵਾਬ ਹੁੰਦਾ, "ਵੇਖੋ ਮੁਨੀਸ਼ ਮੈਂ ਆਪਣੀ ਕੰਪਨੀ ਦੀ ਵੀ ਪੀ ਬਣਨਾ ਹੈ ਤੇ ਉਹਦੇ ਲਈ ਘੱਟੋਘੱਟ ਮੈਨੂੰ ਤਿੰਨ ਚਾਰ ਸਾਲ ਦਾ ਹੋਰ ਸਮਾਂ ਚਾਹੀਦੈ। ਵੀ ਪੀ ਬਣਨ ਲਈ ਮੇਰਾ ਹਾਰਡ ਵਰਕਰ ਤੇ ਟੇਲੈਂਟਡ ਹੋਣਾ ਈ ਕਾਫੀ ਨਹੀਂ ਹੈ, ਮੇਰੀ ਫਿੱਗਰ ਮੇਰੀ ਬਿਊਟੀ ਵੀ ਉਨੀ ਹੀ ਜ਼ਰੂਰੀ ਹੈ ਜਿੰਨਾ ਕੰਮ। ਤੇ ਅਜੇਹੇ ਵਿਚ ਮੈਂ ਬੱਚੇ ਦਾ ਝਮੇਲਾ ਕਿਵੇਂ ਪਾ ਸਕਦੀ ਆਂ। ਸਾਰਾ ਦਿਨ ਕੰਮ ਦੀ ਭੱਜ ਦੌੜ ਤੇ ਰਾਤ ਨੂੰ ਓਵਰ ਨਾਈਟ ਪਾਰਟੀਜ਼, ਮੈਂ ਐਨਾ ਕੁਸ਼ ਕਿਵੇਂ ਮੈਨੇਜ ਕਰਾਂਗੀ। ਘੱਟੋ ਘੱਟ ਤੁਸੀਂ ਤਾਂ ਮੈਨੂੰ ਸਮਝੋ ਵਿਆਹ ਸਿਰਫ ਬੱਚੇ ਪੈਦਾ ਕਰਨ ਲਈ ਹੀ ਤਾਂ ਨਈਂ ਹੁੰਦਾ ਨਾ, ਹੋਰ ਵੀ ਬਹੁਤ ਕੁਸ਼ ਹੁੰਦੈ ਜ਼ਿੰਦਗੀ 'ਚ।

ਮੇਰਾ ਕੈਰੀਅਰ ਮੇਰੇ ਸੁਪਨੇ ਸਭ ਅਧੂਰੇ ਰਹਿ ਜਾਣਗੇ। ਸਿਰਫ ਚਾਰ ਸਾਲ..... ਚਾਰ ਸਾਲ ਵੇਟ ਕਰ ਲਉ, ਬਾਅਦ ਚ ਜਿਵੇਂ ਕਹੋਗੇ ਮੈਂ ਕਰਾਂਗੀ.....ਪਲੀਜ਼ .....।"

ਮੈਂ ਚੁੱਪ ਕਰ ਗਿਆ ਸਾਂ। ਹਾਲਾਂਕਿ ਮੰਮਾ ਪਾਪਾ ਨੂੰ ਵੀ ਇਸ ਬਾਰੇ ਪਤਾ ਸੀ ਕਿ ਅਨੀਤਾ ਆਪਣੇ ਕੈਰੀਅਰ ਨੂੰ ਲੈ ਕੇ ਬਹੁਤ ਸੀਰੀਅਸ ਹੈ ਜਿਸ ਕਾਰਨ ਉਹ ਅਜੇ ਬੱਚੇ ਦੀ ਜ਼ੁੰਮੇਵਾਰੀ ਨੀ ਪਾਉਣਾ ਚਾਹੁੰਦੀ। ਵੈਸੇ ਵੀ ਉਹ ਛੇਤੀ ਕੀਤਿਆਂ ਕਿਸੇ ਦੀ ਗੱਲ ਨਹੀਂ ਮੰਨਦੀ ਪਰ ਮੰਮਾ ਕਿੱਥੇ ਹਟਦੇ ਸਨ। ਖਾਸ ਕਰਕੇ ਉਦੋਂ ਜਦੋਂ ਛੋਟੀ ਭੈਣ ਰਿਮਸੀ ਦੇ ਬੇਟੇ ਧਰੁਵ ਨਾਲ ਵੀਡੀਓ ਕਾਲ ਕਰਦੇ ਤਾਂ ਵਾਰ ਵਾਰ ਅਨੀਤਾ ਨੂੰ ਉਹਦੇ ਨਾਲ ਗੱਲਾਂ ਕਰਨ ਲਈ ਕਹਿੰਦੇ। ਅਸਲ ਵਿਚ ਮੰਮਾ ਅਨੀਤਾ ਦੇ ਅੰਦਰ ਬੱਚੇ ਦਾ ਮੋਹ ਵਧਾਉਣਾ ਚਹੁੰਦੇ ਸਨ ਤਾਂ ਕਿ ਉਹਦਾ ਮਨ ਬਦਲ ਸਕੇ। ਦਿਨ 'ਚ ਕਈ ਕਈ ਵਾਰ ਉਹ ਧਰੁਵ ਦਾ ਜ਼ਿਕਰ ਕਰਦੇ ਪਰ ਅਨੀਤਾ ਸੀ ਕਿ ਸਾਰਾ ਗੁਬਾਰ ਮੇਰੇ ਉਪਰ ਹੀ ਕੱਢ ਦਿੰਦੀ। "ਮੁਨੀਸ਼ .....! ਹੱਦ ਐ ਯਾਰ, ਆਹ ਕੀ ਹੋ ਰਿਹੈ.....ਹਰ ਵੇਲੇ ਬੱਚਿਆਂ ਦੀਆਂ ਗੱਲਾਂ। ਸਾਡੇ ਘਰ 'ਚ ਇਸਤੋਂ ਇਲਾਵਾ ਕੋਈ ਹੋਰ ਗੱਲ ਹੋ ਸਕਦੀ ਹੈ ਕਿ ਨਈਂ। ਤੁਸੀਂ ਕੀ ਸੋਚਦੇ ਹੋ ਮੈਂ ਇੰਟਰਨੈਸ਼ਨਲ ਲੈਵਲ ਦੀ ਕੰਪਨੀ ਛੱਡ ਕੇ ਹੁਣ ਬੱਚੇ ਦੀ ਪੌਟੀ ਵਿਚ ਹੱਥ ਮਾਰਾਂ.....ਇੰਮਪੌਸੀਬਲ। ਮੰਮਾ ਨੂੰ ਤੁਸੀਂ ਕਹਿ ਦਿਉ ਮੇਰੇ ਤੋਂ ਨੀ ਇਹ ਸਭ ਹੋ ਸਕਦਾ। ਵੈਸੇ ਵੀ ਮੈਨੂੰ ਅਜੇ ਬੱਚਿਆਂ ਵਿਚ ਕੋਈ ਇੰਟਰਸਟ ਨਈਂ ਹੈ। ਸਾਰਾ ਦਿਨ ਕਦੀ ਉਹਨਾਂ ਦਾ ਮੂੰਹ ਸਾਫ ਕਰੋ ਕਦੇ ਪੌਟੀ ਸਾਫ ਕਰਦੇ ਰਹੋ। ਉਫ.....ਮਾਫ ਕਰੋ। ਤੈਨੂੰ ਪਤੈ.....ਬੱਚਾ ਜੰਮਣ ਤੋਂ ਬਾਅਦ ਔਰਤਾਂ ਦੇ ਪਰਸ ਵੱਡੇ ਹੋ ਜਾਂਦੇ ਨੇ, ਜ਼ਰੂਰੀ ਸਮਾਨ ਘਟ ਜਾਂਦੈ ਤੇ ਵਿਚ ਨੈਪੀਆਂ ਵਧ ਜਾਂਦੀਆਂ ਨੇ, ਤੇ ਮੈਨੂੰ ਵੱਡਾ ਪਰਸ ਚੱਕਣ ਦਾ ਅਜੇ ਕੋਈ ਸ਼ੌਕ ਨਹੀਂ।"

ਅਜੀਬ ਦਵੰਦ ਵਿਚ ਫਸਿਆ ਹੋਇਆ ਸਾਂ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਅਨੀਤਾ ਨੂੰ ਸਮਝਾਵਾਂ ਜਾਂ ਮੰਮਾ ਨੂੰ ਚੁੱਪ ਰਹਿਣ ਲਈ ਕਹਾਂ। ਫਿਰ ਥੋੜ੍ਹੀ ਦੇਰ ਬਾਅਦ ਰਿਮਸੀ ਦੇ ਘਰ ਬੇਟੀ ਹੋਈ ਤਾਂ ਮੰਮੀ ਪਾਪਾ ਉਹਨੂੰ ਸੰਭਾਲਣ ਲਈ ਕਨੇਡਾ ਚਲੇ ਗਏ। ਕਈ ਵਾਰੀ ਉਥੋਂ ਫੋਨ ‘ਤੇ ਗੱਲ ਕਰਦੀ ਮੰਮਾ ਮੈਨੂੰ ਮੇਰੀ ਭਾਣਜੀ ਦੀਆਂ ਕਿਲਕਾਰੀਆਂ ਸੁਣਾਉਂਦੀ ਤੇ ਨਾਲੇ ਉਲਾਂਭਾ ਦਿੰਦੀ, "ਵੇਖ ਤੇਰੀ ਭੈਣ ਤੇਰੇ ਤੋਂ ਚਾਰ ਸਾਲ ਛੋਟੀ ਹੈ ਤੇ ਦੋ ਬੱਚਿਆਂ ਵਾਲੀ ਵੀ ਹੋਗੀ। ਹੁਣ ਤਾਂ ਸੋਚ ਲੈ ਪੈਂਤੀਆਂ ਨੂੰ ਪਾਰ ਕਰ ਚੱਲਿਆ ਏਂ ਤੇ ਅਨੀਤਾ ਤੇਰੇ ਤੋਂ ਦੋ ਸਾਲ ਵੱਡੀ ਹੈ ਛੋਟੀ ਨਈਂ। ਵੇਖ ਪੁੱਤਰ ਇਹਨਾਂ ਚੀਜ਼ਾਂ ਦੀ ਵੀ ਨਾ ਇਕ ਉਮਰ ਹੁੰਦੀ ਏ। ਸਾਡੀ ਵੀ ਇੱਛਾ ਏ ਕਿ ਤੁਸੀਂ ਆਪੋ ਆਪਣੇ ਘਰਾਂ 'ਚ ਹਰੇ ਭਰੇ ਨਜ਼ਰ ਆਵੋ ਤੇ ਸਾਡੀ ਵੀ ਅਗਾਂਹ ਜੜ੍ਹ ਤੁਰੇ। ਤੂੰ ਗੱਲ ਕਰ ਅਨੀਤਾ ਨਾਲ, ਸਮਝਾ ਉਹਨੂੰ ਮੇਰਾ ਪੁੱਤਰ।"

ਮੈਂ ਕੀ ਸਮਝਾਉਣਾ ਸੀ ਉਹਨੂੰ। ਕਈ ਵਾਰੀ ਬਹੁਤੀ ਵਾਰ ਕਹੀ ਗੱਲ ਦਾ ਅਸਰ ਵੀ ਤਾਂ ਨਈਂ ਹੁੰਦਾ ਤੇ ਸ਼ਾਇਦ.....।

ਮੇਰੀ ਪ੍ਰਮੋਸ਼ਨ ਹੋਈ ਤਾਂ ਐਜ਼ ਏ ਡਿਪਟੀ ਕੰਪਨੀ ਮੈਨੇਜਰ ਮੇਰੀ ਪੋਸਟਿੰਗ ਬਿਜ਼ਨਸ ਡਿਵੈਲਪਮੈਂਟ ਵਿਭਾਗ ਵਿਚ ਕਰ ਦਿੱਤੀ ਗਈ। ਸ਼ੁਰੂ ਸ਼ੁਰੂ ਵਿਚ ਤਾਂ ਬਹੁਤ ਮੁਸ਼ਕਿਲ ਹੋਈ। ਵੱਖ ਵੱਖ ਸਟੇਟਾਂ ਅਤੇ ਦੇਸ਼ਾਂ ਦੀ ਲੰਮੀ ਥਕਾ ਦੇਣ ਵਾਲੀ ਟਰੈਵਲਿੰਗ ਨਾਲ ਹੰਭਿਆ ਮੈਂ ਹੋਟਲ ਜਾਂ ਏਅਰਪੋਰਟ ਦੇ ਲਾਂਜ ਵਿਚ ਬਹਿ ਕੇ ਨੀਂਦ ਪੂਰੀ ਕਰਨ ਲੱਗਾ ਸਾਂ। ਪਿੱਛੇ ਘਰ ਦਾ ਫਿਕਰ ਤੇ ਉੱਤੋਂ ਨਵੇਂ ਪ੍ਰੋਜੈਕਟਾਂ ਦਾ ਪ੍ਰੈਸ਼ਰ ਵੱਖਰਾ। ਐਂ ਲਗਦਾ ਸੀ ਜਿਵੇਂ ਹਰ ਸਾਹ ਮਾਨਸਿਕ ਤਣਾਅ ਅਤੇ ਬਰਡਨ ਵਿਚੋਂ ਹੋ ਕੇ ਲੰਘ ਰਿਹਾ ਹੋਵੇ। ਬੜੀ ਮੁਸ਼ਕਿਲ ਨਾਲ ਦੋ ਸਾਲ ਕੱਢੇ ਤੇ ਇਸਤੋਂ ਵੀ ਜ਼ਿਆਦਾ ਪ੍ਰੇਸ਼ਾਨੀ ਮੇਰੀ ਅਨੀਤਾ ਦੇ ਫੋਨ ਨੇ ਵਧਾ ਦਿੱਤੀ। ਇਨ੍ਹਾਂ ਦੋ ਸਾਲਾਂ ਵਿਚ ਮੈਂ ਘਰ ਬਹੁਤ ਘੱਟ ਗਿਆ ਸਾਂ। ਗਿਆ ਵੀ ਹੋਵਾਂਗਾ ਤਾਂ ਮਸਾਂ ਦੋ ਤਿੰਨ ਵਾਰ ਵੀਕ ਐਂਡ ‘ਤੇ ਹਨ੍ਹੇਰੇ ਸਵੇਰੇ ਬੇਟਾਈਮ। ਅਨੀਤਾ ਵੀ ਆਪਣੇ ਨਵੇਂ ਪ੍ਰੋਜੈਕਟਾਂ ਉਪਰ ਦਿਨ ਰਾਤ ਮਿਹਨਤ ਕਰਦੀ ਰਹੀ ਸੀ।

ਅਸੀਂ ਇਕ ਦੂਜੇ ਨੂੰ ਡਿਸਟਰਬ ਬਹੁਤ ਘੱਟ ਕਰਦੇ ਸਾਂ। ਜੇ ਗੱਲ ਨਾ ਹੋ ਪਾਉਂਦੀ ਤਾਂ ਵਟਸਅਪ ‘ਤੇ ਮੈਸਜ ਛੱਡ ਦਿੰਦੇ।

ਪਰ ਉਸ ਰਾਤ ਅਚਾਨਕ ਦੋ ਵਜੇ ਆਏ ਅਨੀਤਾ ਦੇ ਫੋਨ ਨੇ ਮੈਨੂੰ ਬੇਚੈਨ ਕਰ ਦਿੱਤਾ। ਪਹਿਲਾਂ ਤਾਂ ਕਿੰਨਾ ਚਿਰ ਉਹ ਰੋਂਦੀ ਹੀ ਰਹੀ। ਫਿਰ ਜਦੋਂ ਮੇਰੇ ਹੌਸਲਾ ਦੇਣ ‘ਤੇ ਉਹਨੇ ਗੱਲ ਦੱਸੀ ਤਾਂ ਮੈਨੂੰ ਇਕਦਮ ਝਟਕਾ ਜਿਹਾ ਲੱਗਾ। ਪਲ ਭਰ ਲਈ ਜਿਵੇਂ ਸਭ ਕੁਸ਼ ਖਤਮ ਹੋ ਗਿਆ ਹੋਵੇ। ਅਨੀਤਾ ਦੀ ਕੰਪਨੀ ਮਨੇਜਮੈਂਟ ਨੇ ਕੰਪਨੀ ਮੈਨੇਜਰ ਦੀ ਪ੍ਰਮੋਸ਼ਨ ਉਹਦੀ ਬਜਾਏ ਉਸਦੀ ਕੁਲੀਗ ਦੀ ਕਰ ਦਿੱਤੀ ਸੀ। ਅਨੀਤਾ ਅੰਦਰੋਂ ਪੂਰੀ ਤਰ੍ਹਾਂ ਟੁੱਟੀ ਹੋਈ ਸੀ। ਉਸਦੇ ਵੀ ਪੀ ਬਣਨ ਦਾ ਸੁਪਨਾ ਅੱਧ ਵਿਚਾਲਿਉਂ ਬੁਰੀ ਤਰ੍ਹਾਂ ਟੁੱਟ ਗਿਆ ਸੀ। ਅਗਲੇ ਈ ਦਿਨ ਮੈਂ ਪਹਿਲੀ ਫਲਾਈਟ ਰਾਹੀਂ ਮਲੇਸ਼ੀਆ ਤੋਂ ਸਿੱਧਾ ਦਿੱਲੀ ਆ ਵੱਜਾ।

ਅਨੀਤਾ ਬੈੱਡ ‘ਤੇ ਪਈ ਸਿਰਹਾਣੇ ਹੇਠ ਮੂੰਹ ਲੁਕਾ ਕੇ ਹੁੱਭਕੀਂ ਰੋ ਰਹੀ ਸੀ। "ਅਬ ਬਸ ਭੀ ਕਰੋ ਮੈਮ, ਆਪਕਾ ਦੁੱਖ ਮੇਰੇ ਸੇ ਦੇਖਾ ਨਹੀਂ ਜਾਤਾ। ਦੇਖੋ ਕਿਤਨੀ ਹਾਲਤ ਖਰਾਬ ਹੋ ਗਈ ਹੈ ਆਪਕੀ। ਯੇਹ ਜ਼ਿੰਦਗੀ ਹੈ ਮੈਮ, ਇਸਮੇਂ ਹਾਰ ਜੀਤ ਤੋ ਹੋਤੀ ਹੀ ਰਹਿਤੀ ਹੈ। ਸੰਭਾਲੀਏ ਅਪਨੇ ਆਪ ਕੋ। ਅਭੀ ਨਹੀਂ ਸੰਭਲੇ ਤੋ ਆਗੇ ਕੈਸੇ ਬੜ੍ਹੋਗੇ।" ਸੁਮਨ ਦੂਰ ਖੜ੍ਹੀ ਅਨੀਤਾ ਨੂੰ ਦਿਲਾਸਾ ਦੇ ਰਹੀ ਸੀ। ਮੇਰੇ ਪੈਰਾਂ ਦੀ ਆਹਟ ਸੁਣ ਕੇ ਅਨੀਤਾ ਭੱਜ ਕੇ ਮੇਰੇ ਗਲ਼ ਨਾਲ ਆ ਚੁੰਬੜੀ। ਥੋੜ੍ਹਾ ਸਹਿਜ ਹੋਈ ਤਾਂ ਉਹਨੇ ਦੱਸਿਆ ਕਿ ਬੌਸ ਨੇ ਅਪ੍ਰੇਜ਼ਲ ਕਰਨ ਲੱਗਿਆਂ ਮੇਰਾ ਇੰਕਰੀਮੈਂਟ ਤਾਂ ਸਾਈਨ ਕਰ ਦਿੱਤਾ ਪਰ ਪ੍ਰਮੋਸ਼ਨ ਮੇਰੀ ਥਾਂ ਗਰਿਮਾ ਦੀ ਕਰ ਦਿੱਤੀ। ਇਹ ਉਹੀ ਗਰਿਮਾ ਹੈ ਜਿਹੜੀ ਆਪਣੇ ਹਸਬੈਂਡ ਤੋਂ ਵੱਖ ਹੋ ਕੇ ਬੌਸ ਨਾਲ ਲਿਵ ਇਨ ਰਿਲੇਸ਼ਨਸ਼ਿਪ ਵਿਚ ਰਹਿ ਰਹੀ ਹੈ। ਅਨੀਤਾ ਪਹਿਲਾਂ ਵੀ ਦੱਸਦੀ ਸੀ ਕਿ ਉਸਦਾ ਠਰਕੀ ਬੌਸ ਪਹਿਲਾਂ ਵੀ ਕਈ ਵਾਰ ਆਫਿਸ ਵਿਚ ਉਸਨੂੰ ਬੈਡ ਟੱਚ ਕਰ ਚੁੱਕਾ ਸੀ। ਜਦੋਂ ਅਨੀਤਾ ਨੇ ਉਸਦੀ ਇਸ ਹਰਕਤ ਬਾਰੇ ਉੱਚ ਮਨੇਜਮੈਂਟ ਨੂੰ ਈਮੇਲ ਕਰ ਦਿੱਤੀ ਤਾਂ ਉਹ ਇਹਦੇ ਤੋਂ ਅੱਖਾਂ ਚੁਰਾਉਣ ਲੱਗਾ ਸੀ। ਸ਼ਾਇਦ ਉਹੀ ਬਦਲਾ ਉਹਨੇ ਅਨੀਤਾ ਦੀ ਪ੍ਰਮੋਸ਼ਨ ਰੁਕਵਾ ਕੇ ਲਿਆ ਹੋਵੇਗਾ।

"ਕੋਈ ਗੱਲ ਨੀ ਅਨੀਤਾ, ਇਹ ਚੀਜ਼ਾਂ ਵੀ ਜ਼ਿੰਦਗੀ ਦਾ ਹਿੱਸਾ ਨੇ । ਉੱਚੇ ਆਸਮਾਨ ਵਿਚ ਉਡਾਰੀਆਂ ਲਾਉਣ ਵਾਲੇ ਪੰਛੀ ਨੂੰ ਆਪਣੇ ਖੰਭਾਂ ‘ਤੇ ਭਰੋਸਾ ਹੁੰਦੈ। ਇਸ ਲਈ ਉਹ ਸ਼ਿਕਾਰੀਆਂ ਦੇ ਵਿਛਾਏ ਹੋਏ ਜਾਲ ਤੋਂ ਨੀ ਡਰਦੇ। ਹੌਸਲਾ ਰੱਖ ਤੇ ਸੰਭਾਲ ਆਪਣੇ ਆਪ ਨੂੰ।"

ਅਨੀਤਾ ਦੀ ਹਾਲਤ ਦੇਖ ਕੇ ਮੈਨੂੰ ਲੱਗਾ ਕਿ ਕੁਝ ਦਿਨ ਘਰ ਹੀ ਰਿਹਾ ਜਾਵੇ। ਉਹ ਵੀ ਚਹੁੰਦੀ ਸੀ ਕਿ ਮੈਂ ਅਜੇ ਕਿਤੇ ਨਾ ਜਾਵਾਂ। ਮੇਰੇ ਨਾਲ ਹੋਣ ਨਾਲ ਉਹਨੂੰ ਕਾਫੀ ਰਾਹਤ ਮਹਿਸੂਸ ਹੋਈ ਤੇ ਦੋ ਚਾਰ ਦਿਨਾਂ ਤਕ ਉਹ ਕਾਫੀ ਸਹਿਜ ਹੋ ਗਈ ਸੀ। ਕਾਫੀ ਟਾਈਮ ਬਾਅਦ ਲੰਮੀ ਛੁੱਟੀ ਲੈਣ ਕਰਕੇ ਮੈਂ ਵੀ ਬਹੁਤ ਰਿਲੈਕਸ ਫੀਲ ਕਰ ਰਿਹਾ ਸਾਂ। ਐਂ ਲੱਗ ਰਿਹਾ ਸੀ ਜਿਵੇਂ ਬਹੁਤ ਵੱਡੀ ਮੈਰਾਥਨ ਦੌੜ ਲਗਾਉਣ ਤੋਂ ਬਾਅਦ ਰੈੱਸਟ ਕਰ ਰਹੇ ਹੋਈਏ। ਇਕ ਦਿਨ ਸਵੇਰੇ ਬਾਲਕੋਨੀ 'ਚ ਬੈਠੇ ਚਾਹ ਪੀ ਰਹੇ ਸਾਂ ਕਿ ਅਨੀਤਾ ਨੂੰ ਪਤਾ ਨੀ ਕੀ ਸ਼ਰਾਰਤ ਸੁੱਝੀ, ਕਹਿੰਦੀ "ਤੁਹਾਨੂੰ ਪਤੈ ਸੁਮਨ ਫਿਰ ਪ੍ਰੈਗਨੈਂਟ ਹੈ?"

"ਅੱਛਾ....! ਕਮਾਲ ਹੋਗੀ ਯਾਰ.....ਤੂੰ ਉਹਨੂੰ ਮੁਬਾਰਕਬਾਦ ਦਿੱਤੀ।"

"ਹਾਂ ਅੱਜ ਟੈੱਸਟ ਕਰਵਾਉਣ ਗਈ ਹੈ। ਰਾਤ ਜਾਣ ਲੱਗੀ ਪੈਸੇ ਲੈ ਗਈ ਸੀ।"

"ਹੂੰਅ.....ਤੇ ਥੋਡਾ ਕੀ ਖਿਆਲ ਏ ਮਾਲਕੋ .....ਮੰਮੀ ਬਣਨਾ ਕਿ ਨਈਂ ਅਜੇ।"

ਅਨੀਤਾ ਨੇ ਸ਼ਰਮਾ ਕੇ ਚਿਹਰਾ ਆਪਣੇ ਹੱਥਾਂ ਵਿਚ ਘੁੱਟ ਲਿਆ, "ਹਾਂ ਸੋਚਦੀ ਤਾਂ ਹਾਂ ਕਿ ਪ੍ਰਮੋਸ਼ਨ ਲੈ ਕੇ ਤਾਂ ਮੈਂ ਕਿਸੇ ਨੂੰ ਖੁਸ਼ ਕਰ ਨੀ ਸਕੀ, ਚਲੋ ਫੈਮਿਲੀ ਪਲੈਨਿੰਗ ਕਰਕੇ ਹੀ ਸਾਰਿਆਂ ਨੂੰ ਸਰਪ੍ਰਾਈਜ਼ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਪਰ ਇਕ ਸ਼ਰਤ ਹੈ? ਤੁਸੀਂ ਇਸ ਬਾਰੇ ਅਜੇ ਕਿਸੇ

ਨੂੰ ਕੁਸ਼ ਨੀ ਦੱਸੋਗੇ। ਮੰਮੀ ਨੂੰ ਵੀ ਨਹੀਂ। ਸਭ ਨੂੰ ਸਰਪ੍ਰਾਈਜ਼ ਦੇਵਾਂਗੇ। ਉਹਦੇ ਮੂੰਹੋਂ ਸੁਣ ਕੇ ਮੈਂ ਉਹਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ।

*****

ਫਿਰ ਇਕ ਨਵੀਂ ਕਹਾਣੀ ਸ਼ੁਰੂ ਹੋ ਗਈ। ਅਨੀਤਾ ਦੇ ਸੌਣ ਪੈਣ ਤੇ ਉਠਨ ਦੀਆਂ ਸਾਰੀਆਂ ਕਿਰਿਆਵਾਂ ਸਮਾਂਬੱਧ ਹੋਣ ਲੱਗੀਆਂ। ਉਹ ਹਰ ਸਮੇਂ ਆਪਣੀ ਦੋਸਤ ਨੀਲਮ ਨਾਲ ਫੋਨ 'ਤੇ ਗੱਲਾਂ ਕਰਦੀ ਰਹਿੰਦੀ। ਉਹ ਵੀ ਅੱਗੋਂ ਖੁਸ਼ ਸੀ ਕਿ ਚਲੋ ਅਨੀਤਾ ਨੇ ਹੁਣ ਤਾਂ ਫੈਮਿਲੀ ਅੱਗੇ ਵਧਾਉਣ ਬਾਰੇ ਸੋਚਿਆ, ਨਈਂ ਉਹ ਵੀ ਕਹਿ ਕਹਿ ਕੇ ਥੱਕ ਗਈ ਸੀ। ਉਹ ਜਿਵੇਂ ਕਹਿੰਦੀ ਰਹੀ ਅਨੀਤਾ ਕਰੀ ਜਾਂਦੀ ਪਰ ਉਸ ਵੱਲੋਂ ਦੱਸੀ ਕਿਸੇ ਵੀ ਕਿਰਿਆ ਨੇ ਸਾਡੀ ਆਸ ਨਾ ਬੰਨ੍ਹਾਈ। ਦੁਖੀ ਹੋ ਕੇ ਅਨੀਤਾ ਨੇ ਆਫਿਸ ਤੋਂ ਰੈੱਸਟ ਲੈ ਲਈ ਤੇ ਮੈਂ ਵੀ ਪੱਕੇ ਤੌਰ 'ਤੇ ਦਿੱਲੀ ਦੀ ਪੋਸਟਿੰਗ ਕਰਵਾ ਲਈ। ਅਨੀਤਾ ਘਰ 'ਚ ਸੁਮਨ ਨਾਲ ਟਾਈਮ ਪਾਸ ਕਰਦੀ ਰਹਿੰਦੀ ਜਾਂ ਉਹਦੇ ਨਾਲ ਮੰਦਰ ਜਾ ਆਉਂਦੀ। ਕਦੇ ਸਮਾਂ ਮਿਲਦਾ ਤਾਂ ਮੈਂ ਵੀ ਜਾ ਆਉਂਦਾ, ਨਈਂ ਵੀਕ ਐਂਡ 'ਤੇ ਤਾਂ ਪੱਕਾ ਈ ਜਾਂਦਾ ਸਾਂ। ਮੈਂ ਵੇਖਦਾ ਅਨੀਤਾ ਕਿੰਨਾ ਈ ਚਿਰ ਅੱਖਾਂ ਬੰਦ ਕਰੀ ਝੋਲ਼ੀ ਫੈਲਾਅ ਕੇ ਅਰਦਾਸ ਕਰਦੀ ਤੇ ਸੁਮਨ ਫੁੱਲਾਂ ਵਾਲੀ ਟੋਕਰੀ ਲਈ ਉਹਦੇ ਪਿੱਛੇ ਖੜ੍ਹੀ ਹੁੰਦੀ। ਉਹਨੂੰ ਵੇਖ ਕੇ ਮੇਰਾ ਮਨ ਪਸੀਜ ਜਾਂਦਾ।

ਸੁਮਨ ਸਾਡੇ ਘਰ ਦੀ ਮੇਡ ਹੈ, ਬਹੁਤ ਹੀ ਚੰਗੀ ਤੇ ਖੁਸ਼ ਦਿਲ ਔਰਤ ਹੈ। ਉਹਨੂੰ ਕਦੇ ਮੈਂ ਦੁਖੀ ਜਾਂ ਉਦਾਸ ਹੁੰਦੇ ਨਹੀਂ ਵੇਖਿਆ। ਸਾਡੀ ਸੁਸਾਇਟੀ ਦੀ ਨੁੱਕਰ ਵਿਚ ਉਹਨਾਂ ਦੀ ਝੌਂਪੜੀ ਨੁਮਾ ਝੁੱਗੀ ਹੈ ਜਿੱਥੇ ਉਹ ਆਪਣੀ ਬੇਟੀ ਤੇ ਘਰਵਾਲੇ ਅਕਾਸ਼ ਨਾਲ ਰਹਿੰਦੀ ਹੈ। ਅਕਾਸ਼ ਸੁਸਾਇਟੀ ਦੇ ਬਹੁਤ ਸਾਰੇ ਲੋਕਾਂ ਦੇ ਕੱਪੜੇ ਪ੍ਰੈੱਸ ਕਰਦਾ ਹੈ ਤੇ ਸੁਮਨ ਸਾਡੇ ਘਰ ਕੰਮ ਕਰਦੀ ਹੈ। ਮੇਰੀਆਂ ਤੇ ਅਨੀਤਾ ਦੀਆਂ ਜ਼ਰੂਰਤਾਂ ਦਾ ਉਹ ਬਹੁਤ ਖਿਆਲ ਰੱਖਦੀ ਹੈ, ਜਿਵੇਂ ਸਾਡੇ ਹੀ ਪਰਿਵਾਰ ਦੀ ਮੈਂਬਰ ਹੋਵੇ। ਘਰ 'ਚ ਫਿਰਦਿਆਂ ਸੁਮਨ ਵੀ ਅਨੀਤਾ ਨੂੰ ਪਰਿਵਾਰ ਅਤੇ ਫੈਮਿਲੀ ਪਲੈਨਿੰਗ ਦੇ ਛੋਟੇ ਛੋਟੇ ਟਿਪਸ ਦਿੰਦੀ ਰਹਿੰਦੀ। ਇਕ ਦਿਨ ਦੱਸਦੀ ਸੀ ਕਿ ਸੌਣ ਲੱਗਿਆਂ ਲੱਕ ਹੇਠ ਸਿਰਹਾਣਾ ਰੱਖ ਕੇ ਸੌਣ ਦਾ ਢੰਗ ਵੀ ਉਹਨੂੰ ਸੁਮਨ ਨੇ ਹੀ ਦੱਸਿਆ ਸੀ। ਸੁਣਕੇ ਮੈਂ ਕਿੰਨਾ ਈ ਚਿਰ ਹੱਸਦਾ ਰਿਹਾ ਸਾਂ।

"ਕਿਉਂ ਬਈ.....! ਉਹ ਦੂਜੇ ਬੱਚੇ ਦੀ ਮਾਂ ਬਣਨ ਵਾਲੀ ਹੈ, ਤੇ ਸਾਡੇ ਤੋਂ ਜ਼ਿਆਦਾ ਤਜਰਬਾ ਹੈ ਉਸ ਕੋਲ਼। ਅਸੀਂ ਤਾਂ ਅਜੇ ਰੰਗਰੂਟ ਹਾਂ।"

"ਹਾਂ ਹਾਂ ਕਿਉਂ ਨੀ, ਪਹਿਲਾਂ ਨੀਲਮ ਕਹਿੰਦੀ ਸੀ ਤੇ ਹੁਣ ਜਿਵੇਂ ਸੁਮਨ ਕਹੇ ਤੂੰ ਕਰੀ ਚੱਲ। ਕੀ ਪਤਾ ਸੁਮਨ ਦੇ ਤਜਰਬੇ ਸਾਡੇ ਕੰਮ ਆ ਜਾਣ।"

ਮੇਰੇ ਡਿਊਟੀ ਜਾਣ ਤੋਂ ਬਾਅਦ ਅਨੀਤਾ ਆਪਣੇ ਲੈਪਟਾਪ ਤੋਂ ਸੋਹਣੇ ਸੋਹਣੇ ਬੱਚਿਆਂ ਦੀਆਂ ਤਸਵੀਰਾਂ ਦੇ ਪ੍ਰਿੰਟ ਕੱਢ ਕੇ ਕੰਧਾਂ 'ਤੇ ਚਿਪਕਾਉਂਦੀ, ਨਾਲੇ ਮੈਨੂੰ ਵਟਸਅਪ ਰਾਹੀਂ ਭੇਜਦੀ ਰਹਿੰਦੀ। ਕਦੇ ਬੱਚਿਆਂ ਦੇ ਸੋਹਣੇ ਸੋਹਣੇ ਨਾਵਾਂ ਦੀ ਲੰਮੀ ਲਿਸਟ ਭੇਜ ਦਿੰਦੀ। ਮੈਂ ਵੇਖਿਆ ਘਰ 'ਚ ਕੰਮ ਕਰਦੀ ਸੁਮਨ ਦਾ ਪੇਟ ਬੱਚੇ ਦੇ ਵਧਣ ਕਾਰਨ ਜਿਵੇਂ ਜਿਵੇਂ ਬਾਹਰ ਨੂੰ ਆ ਰਿਹਾ ਸੀ, ਅਨੀਤਾ ਦੇ ਮਨ ਦੀ ਛਟਪਟਾਹਟ ਬਹੁਤ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਗਈ ਸੀ। ਹਰ ਰੋਜ਼ ਮੇਰੇ ਨਾਲ ਸੌਣ ਤੋਂ ਬਾਅਦ ਸਾਰੀ ਰਾਤ ਸ਼ਤੀਰ ਵਾਂਗ ਸਿੱਧੀ ਪਈ ਰਹਿੰਦੀ ਤੇ ਕਦੇ ਲੱਕ ਤੋਂ ਹੇਠਾਂ ਸਰੀਰ ਨੂੰ ਕਮਾਨ ਵਾਂਗ ਉਪਰ ਵੱਲ ਨੂੰ ਤਣ ਲੈਂਦੀ। ਪੀਰੀਅਡ ਦੇ ਦਿਨ ਅੱਗੇ ਪਿੱਛੇ ਹੋ ਜਾਣ ਤਾਂ ਸਵੇਰੇ ਉੱਠਣ ਸਾਰ ਸਭ ਤੋਂ ਪਹਿਲਾਂ ਪਹਿਲੇ ਪਿਸ਼ਾਬ ਦਾ ਟੈੱਸਟ ਕਰਦੀ। ਮੈਂ ਕਈ ਵਾਰ ਮਜ਼ਾਕ ਨਾਲ ਪੁੱਛਦਾ "ਕਿਉਂ ਬਣੀ ਨੀ ਗੱਲ ?"

"ਤੁਹਾਨੂੰ ਮਜ਼ਾਕ ਲੱਗ ਰਿਹੈ....ਮੈਨੂੰ ਟੈਨਸ਼ਨ ਹੋ ਰਹੀ ਹੈ।"

"ਮਜ਼ਾਕ ਤਾਂ ਨੀ ਲੱਗ ਰਿਹਾ ਪਰ ਇਕ ਗੱਲ ਮਹਿਸੂਸ ਕਰ ਰਿਹਾਂ, ਵਈ ਜਿੰਨਾ ਤੂੰ ਹੁਣ ਨਿੱਠ ਕੇ ਪਿਆਰ ਕਰਦੀ ਏਂ ਨਾ, ਪਹਿਲਾਂ ਨੀ ਸੀ ਕਰਦੀ।" ਅਨੀਤਾ ਨੇ ਲਾਡ ਨਾਲ ਮੇਰੇ ਮੋਢੇ 'ਤੇ ਮੁੱਕਾ ਮਾਰਿਆ। ਹਾਲਾਂਕਿ ਇਹ ਸਭ ਗੱਲਾਂ ਮੈਂ ਉਹਦਾ ਦਿਲ ਖੁਸ਼ ਰੱਖਣ ਲਈ ਕਰਦਾ ਹਾਂ।

ਮੈਂ ਸ਼ਾਮੀਂ ਘਰ ਆਉਂਦਾ ਤਾਂ ਵੇਖਦਾ ਕਦੀ ਉਹ ਮਾਯੂਸ ਹੁੰਦੀ ਤੇ ਕਦੀ ਬਹੁਤ ਖੁਸ਼ ਹੋ ਕੇ ਸਾਰੇ ਦਿਨ 'ਚ ਸੁਮਨ ਨਾਲ ਹੋਈਆਂ ਗੱਲਾਂ ਹੱਸ ਹੱਸ ਕੇ ਦੱਸਦੀ। ਕਹਿੰਦੀ ਮੰਦਰ ਜਾ ਕੇ ਸੁਮਨ ਵਾਰ ਵਾਰ ਲਾਜਵੰਤੀ ਦੇ ਪੱਤਿਆਂ ਨੂੰ ਛੂੰਹਦੀ ਤੇ ਖੁਸ਼ ਹੋ ਕੇ ਅਨੀਤਾ ਨੂੰ ਵੀ ਛੂਹਣ ਲਈ ਕਹਿੰਦੀ ਹੈ। ਸੁਮਨ ਹੱਥ ਲਾਉਂਦੀ ਤਾਂ ਉਹ ਮੁਰਝਾ ਜਾਂਦੇ ਨੇ ਪਰ ਜਦੋਂ ਅਨੀਤਾ ਛੂੰਹਦੀ ਤਾਂ ਪੱਤਿਆਂ ਨੂੰ ਕੁਝ ਨੀ ਹੁੰਦਾ, ਉਵੇਂ ਈ ਰਹਿੰਦੇ ਹਨ। ਉਹਨੇ ਦੱਸਿਆ ਕਿ ਜਿਸ ਔਰਤ ਦੇ ਪੇਟ ਵਿਚ ਲੜਕਾ ਹੋਵੇਗਾ ਉਸਦੇ ਛੂਹਣ ਨਾਲ ਲਾਜਵੰਤੀ ਦੇ ਪੱਤੇ ਮੁਰਝਾ ਜਾਂਦੇ ਨੇ ਤੇ ਜਿਸਦੇ ਅੰਦਰ ਬੇਟੀ ਹੋਵੇਗੀ ਉਹਦੇ ਛੂਹਣ ਨਾਲ ਨਹੀਂ ਮੁਰਝਾਉਂਦੇ, ਪਰ ਮੇਰੇ ਤਾਂ ਅਜੇ....। ਆਪਣੇ ਖਾਲੀ ਪੇਟ 'ਤੇ ਹੱਥ ਫੇਰਦੀ ਉਹਨੇ ਬੜੀ ਡੂੰਘੀ ਨਜ਼ਰ ਨਾਲ ਮੇਰੀਆਂ ਅੱਖਾਂ 'ਚ ਵੇਖਿਆ। ਉਹਦੀ ਮਾਸੂਮੀਅਤ 'ਤੇ ਮੈਨੂੰ ਬੜਾ ਤਰਸ ਆਇਆ।

ਇਕ ਦਿਨ ਮੇਰੇ ਨਾਲ ਪਈ ਪਈ ਕਹਿੰਦੀ ਵੇਖੋ ਆਪਾਂ ਕਿੰਨੇ ਚਿਰ ਤੋਂ ਟਰਾਈ ਤਾਂ ਕਰ ਰਹੇ ਹਾਂ ਪਰ....ਜੇ ਬੱਚਾ ਨਾ ਹੋਇਆ ਤਾਂ ਕੀ ਕਰਾਂਗੇ। ਮੈਂ ਸੋਚਦੀ ਆਂ ਕਿਉਂ ਨਾ ਆਪਾਂ ਡਾਕਟਰ ਦੀ ਸਲਾਹ ਲੈ ਲਈਏ। ਕੀ ਪਤਾ ਕੋਈ ਪ੍ਰੋਬਲਮ....? ਮੈਂ ਉਹਦੇ ਚਿਹਰੇ ਵੱਲ ਵੇਖਿਆ, ਉਹ ਬਹੁਤ ਗੰਭੀਰ ਹੋਈ ਪਈ ਸੀ। ਮੈਂ ਹਾਂ ਵਿਚ ਸਿਰ ਹਿਲਾਇਆ ਤੇ ਅਗਲੇ ਈ ਦਿਨ ਅਸੀਂ ਡਾਕਟਰ ਆਹੂਜਾ ਦੇ ਕਲੀਨਿਕ ਵਿਚ ਬੈਠੇ ਸਾਂ, ਜੋ ਦਿੱਲੀ ਦੇ ਮਸ਼ਹੂਰ ਗਾਇਨੀ ਦੇ ਡਾਕਟਰਾਂ ਵਿਚੋਂ ਇਕ ਹਨ। ਅਸੀਂ ਆਪਣਾ ਸਾਰਾ ਕੇਸ ਡਾਕਟਰ ਸਾਬ੍ਹ ਨੂੰ ਦੱਸਿਆ ਤੇ ਦੋਵੇਂ ਜਣੇ ਟੈੱਸਟ ਦੇ ਕੇ ਘਰ ਆ ਗਏ।

ਰਾਤੀਂ ਡਿਨਰ ਤੋਂ ਬਾਅਦ ਆਰਾਮ ਕੁਰਸੀ 'ਤੇ ਬੈਠਾ ਸਾਂ ਕਿ ਅਨੀਤਾ ਮੇਰੇ ਕੋਲ਼ ਆ ਕੇ ਬੈਠਦਿਆਂ ਬੋਲੀ, "ਮੁਨੀਸ਼ ਇਕ ਗੱਲ ਦੱਸਾਂ?"

"ਹੂੰਅ.....।"

"ਜਦੋਂ ਦੀ ਘਰ ਰਹਿਣ ਲੱਗੀ ਹਾਂ ਨਾ ਤਾਂ ਮੈਨੂੰ ਵੀ ਹੁਣ ਹਾਊਸ ਵਾਈਫ ਵਾਲੀ ਫੀਲਿੰਗ ਹੋਣ ਲੱਗੀ ਹੈ। ਖਾਸ ਕਰਕੇ ਸੁਮਨ ਵੱਲ ਵੇਖ ਕੇ। ਵੇਖੋ ਕਿੰਨੀ ਛੋਟੀ ਜਿਹੀ ਜ਼ਿੰਦਗੀ ਹੈ ਇਹਦੀ, ਸੀਮਿਤ ਜਿਹੇ ਕਮਾਈ ਦੇ ਸਾਧਨ ਤੇ ਪਰਿਵਾਰ ਦੀ ਵੱਡੀ ਜ਼ੁੰਮੇਵਾਰੀ, ਪਰ ਫਿਰ ਵੀ ਵੇਖੋ ਕਿੰਨੀ ਸਰਲ ਤੇ ਖੁਸ਼ ਹੈ। ਮੈਂ ਤਾਂ ਆਪਣੇ ਕੈਰੀਅਰ ਵਿਚ ਐਨੀ ਖੁਭ ਗਈ ਸਾਂ ਕਿ ਕਦੀ ਗ਼ੌਰ ਨਾਲ ਇਹਦੇ ਵੱਲ ਵੇਖਿਆ ਵੀ ਨਹੀਂ। ਛੋਟੀ ਹੁੰਦੀ ਸਾਂ ਤਾਂ ਹੋਸਟਲਾਂ ਵਿਚ ਰਹੀ, ਜਵਾਨ ਹੋਈ ਤਾਂ ਕਾਰਪੋਰੇਟ ਦੇ ਵਿਸ਼ਾਲ ਚੱਕਰਵਿਊ ਵਿਚ ਫਸ ਗਈ। ਅਜੇ ਮਸਾਂ ਪੰਜ ਸਾਲ ਦੀ ਹੀ ਸੀ ਜਦੋਂ ਮੰਮੀ ਪਾਪਾ ਵੱਖ ਹੋ ਗਏ। ਹੋਸਟਲ ਤੋਂ ਛੁੱਟੀਆਂ ਕੱਟਣ ਘਰ ਵਾਪਸ ਆਉਣਾ ਤਾਂ ਸਭ ਤੋਂ ਪਹਿਲਾਂ ਦਰਵਾਜ਼ੇ 'ਤੇ ਲੱਗਾ ਵੱਡਾ ਸਾਰਾ ਜਿੰਦਰਾ ਮਿਲਦਾ। ਘਰ ਬਾਰੇ ਬਸ ਐਨਾ ਹੀ ਪਤਾ ਸੀ ਕਿ ਇਹ ਜ਼ਰੂਰੀ ਸਾਮਾਨ ਰੱਖਣ ਤੇ ਰੈੱਸਟ ਕਰਨ ਦੀ ਜਗ੍ਹਾ ਹੈ। ਪਰ ਹੁਣ ਲੱਗਦੈ, ਘਰ ਤਾਂ ਬਹੁਤ ਵੱਡੀ ਸ਼ੈਅ ਹੈ, ਜਿੱਥੇ ਤੁਹਾਡੇ ਸੁਪਨੇ ਸਾਹ ਲੈਂਦੇ ਨੇ ਤੇ ਸੁਨਹਿਰੀ ਭਵਿੱਖ ਸੇਫ ਹੁੰਦੈ। ਸੁਮਨ ਵੱਲ ਵੇਖ ਕੇ ਲੱਗਦੈ ਕਿ ਅਸਲ ਜ਼ਿੰਦਗੀ ਤਾਂ ਇਹ ਜੀਅ ਰਹੀ ਐ। ਮੈਂ ਤਾਂ ਹੁਣ ਤਾਈਂ ਐਵੇਂ ਈ ਭੱਜੀ ਫਿਰਦੀ ਰਹੀ। ਮੈਂ ਵੀ ਮਹਿਸੂਸ ਕਰਨ ਲੱਗੀ ਹਾਂ ਕਿ ਕਿਤੇ ਇਕ ਪਾਸੇ ਦੌੜਦੀ ਜ਼ਿੰਦਗੀ ਦੇ ਦੂਜੇ ਪਾਸੇ ਤੋਂ ਅਧੂਰੀ ਨਾ ਰਹਿ ਜਾਵਾਂ। ਕੈਰੀਅਰ ਦੇ ਨਾਲ ਨਾਲ ਆਪਣਾ ਭਰਿਆ ਪਰਿਵਾਰ ਵੀ ਹੋਣਾ ਚਾਹੀਦੈ। ਆਪਣੇ ਬੱਚਿਆਂ ਨਾਲ ਹੱਸਾਂ ਖੇਡਾਂ, ਉਹਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਾਂ। ਹੁਣ ਮੈਂ ਵੀ ਲੰਮੀ ਪੀੜ ਵਿਚੋਂ ਨਿੱਕਲ ਕੇ ਆਪਣੇ ਬੱਚੇ ਦੀਆਂ ਕਿਲਕਾਰੀਆਂ ਸੁਣਨਾ ਚਾਹੁੰਦੀ ਆਂ।" ਅਨੀਤਾ ਮੇਰੀ ਬੁੱਕਲ

ਵਿਚ ਸਿਰ ਰੱਖ ਕੇ ਭਾਵੁਕ ਹੋ ਗਈ ਸੀ।

ਭਾਵੁਕ ਤਾਂ ਮੈਂ ਵੀ ਬਹੁਤ ਹੋ ਜਾਨਾਂ ਪਰ ਮੈਂ ਅਨੀਤਾ ਨੂੰ ਇਹ ਮਹਿਸੂਸ ਨਹੀਂ ਹੋਣ ਦਿੰਦਾ। ਜਦੋਂ ਵੀਕ ਐਂਡ ‘ਤੇ ਨਾਲ ਦੇ ਦੋਸਤਾਂ ਨੂੰ ਆਪਣੇ ਬੱਚਿਆਂ ਨਾਲ ਪਾਰਟੀ ਕਰਦੇ ਅਤੇ ਖੇਡਦਿਆਂ ਦੀਆਂ ਤਸਵੀਰਾਂ ਵੇਖਦਾ ਹਾਂ ਤਾਂ ਦਿਲ ‘ਚੋਂ ਰੁੱਗ ਭਰਿਆ ਜਾਂਦੈ। ਸਭ ਕੁਸ਼ ਹੋਣ ਦੇ ਬਾਵਜੂਦ ਵੀ ਐਂ ਲੱਗਦੈ ਜਿਵੇਂ ਕੁਸ਼ ਵੀ ਨਾ ਹੋਵੇ।

ਆਫਿਸ ਵਿਚ ਬੈਠਿਆਂ ਅਚਾਨਕ ਡਾਕਟਰ ਆਹੂਜਾ ਦਾ ਫੋਨ ਆਇਆ ਤਾਂ ਮੈਂ ਆਫਿਸ ਤੋਂ ਸਿੱਧਾ ਕਲੀਨਿਕ ਪਹੁੰਚ ਗਿਆ। ਮੇਰੀ ਰਿਪੋਰਟ ਦੇਖ ਕੇ ਡਾਕਟਰ ਆਹੂਜਾ ਬੋਲੀ ਜਾ ਰਿਹਾ ਸੀ ਤੇ ਮੈਂ ਹੱਥ ਦੀਆਂ ਮੁੱਠੀਆਂ ਨਾਲ ਆਪਣਾ ਮੱਥਾ ਠੋਕ ਰਿਹਾ ਸਾਂ। ਡਾਕਟਰ ਆਹੂਜਾ ਕਹਿੰਦੈ ਕਿ ਮੈਨੂੰ ਐਜ਼ੋਸਪਰਮੀਆ ਹੈ। ਜਿਸ ਦਾ ਮਤਲਬ ਹੈ ਕਿ ਮੇਰੇ ਸਰੀਰ ਅੰਦਰ ਸੀਮਨ ਤਾਂ ਬਣਦਾ ਹੈ ਪਰ ਉਸ ਵਿਚ ਸਪਰਮ ਪੈਦਾ ਨੀ ਹੋ ਰਹੇ। ਡਾਕਟਰ ਬੜਾ ਸਹਿਜੇ ਕਹਿ ਰਿਹਾ ਸੀ ਕਿ ਇਹ ਬੜਾ ਅਲੱਗ ਈ ਕਿਸਮ ਦਾ ਰੋਗ ਹੈ ਜੋ ਮਾਨਸਿਕ ਤਣਾਅ ਅਤੇ ਸਟਰੈੱਸ ਦੀ ਵਜ੍ਹਾ ਕਾਰਨ ਮਰਦਾਂ ਵਿਚ ਆਮ ਈ ਹੋ ਜਾਂਦੈ। ਇਸ ਵਿਚ ਪਹਿਲਾਂ ਸਪਰਮ ਸੁਸਤ ਹੁੰਦੇ ਨੇ, ਫਿਰ ਮਰਨ ਲੱਗਦੇ ਨੇ ਤੇ ਫਿਰ ਹੌਲ਼ੀ ਹੌਲ਼ੀ ਇਹਨਾਂ ਦੀ ਪੈਦਾਇਸ਼ ਘਟ ਜਾਂਦੀ ਹੈ ਜਾਂ ਬਿਲਕੁਲ ਹੀ ਖਤਮ ਹੋ ਜਾਂਦੀ ਹੈ।

"ਇਸਦਾ ਕੋਈ ਇਲਾਜ.....?" ਮੈਂ ਪੁੱਛਿਆ।

"ਇਹ ਦੋ ਤਰ੍ਹਾਂ ਦਾ ਹੁੰਦੈ। ਇਕ ਸੀਮਨ ਅੰਦਰ ਸਪਰਮ ਤਾਂ ਬਣਦੇ ਹਨ ਪਰ ਉਹ ਕਿਸੇ ਕਾਰਨ ਬਾਹਰ ਨੀ ਨਿੱਕਲ ਪਾਉਂਦੇ ਤੇ ਦੂਜਾ ਸੀਮਨ ਅੰਦਰ ਸਪਰਮ ਬਣਦੇ ਹੀ ਨਹੀਂ। ਪਹਿਲੇ ਦਾ ਇਲਾਜ ਤਾਂ ਹੈਗਾ ਪਰ ਜਿਸ ਬੰਦੇ ਦੇ ਅੰਦਰ ਸਪਰਮ ਬਣਦੇ ਹੀ ਨਹੀਂ, ਉਸਦਾ ਇਲਾਜ ਅਜੇ ਅਸੰਭਵ ਹੈ। ਪਰ ਅੱਗੇ ਚੱਲ ਕੇ ਆ ਜਾਵੇ ਇਸ ਬਾਰੇ ਅਜੇ ਕਿਹਾ ਨੀ ਜਾ ਸਕਦਾ। ਤੁਸੀਂ ਮੈਨੂੰ ਆਪਣਾਂ ਦੂਜਾ ਟੈੱਸਟ ਦੇ ਜਾਉ, ਮੈਂ ਚੈੱਕ ਕਰ ਲੈਂਦਾ ਹਾਂ ਕਿ ਇਹ ਇਲਾਜਯੋਗ ਹੈ ਜਾਂ ਨਹੀਂ।"

ਅਨੀਤਾ ਦੀ ਰਿਪੋਰਟ ਦੇ ਬਾਰੇ ਪੁੱਛਿਆ ਤਾਂ ਡਾਕਟਰ ਨੇ ਕਿਹਾ ਕਿ ਅਨੀਤਾ ਦੀ ਰਿਪੋਰਟ ਤਾਂ ਠੀਕ ਹੈ ਪਰ ਯੂਟਰਸ ਦਾ ਮੂੰਹ ਕਾਫੀ ਸੁੰਗੜਿਆ ਹੋਇਆ ਹੈ। ਜਿਸ ਕਾਰਨ ਨੈਚੂਰਲੀ ਸੈਕਸ ਕਰਦਿਆਂ ਉਹ ਸਪਰਮ ਨੂੰ ਕੰਸੀਵ ਨਹੀਂ ਕਰ ਸਕਦੀ। ਤੇ ਮੰਥਲੀ ਪੀਰੀਅਡ ਦੇ ਦਿਨ ਵੀ ਅੱਗੇ ਪਿੱਛੇ ਹੋਣ ਲੱਗ ਜਾਂਦੇ ਨੇ। ਇਹ ਵੀ ਔਰਤਾਂ ਦੇ ਅੰਦਰ ਕੰਮ ਦੇ ਪ੍ਰੈਸ਼ਰ ਅਤੇ ਮਾਨਸਿਕ ਬੋਝ ਦੇ ਕਾਰਨ ਈ ਹੁੰਦੈ ਜਾਂ ਹੱਦ ਤੋਂ ਵੱਧ ਗਰਭ ਨਿਰੋਧਕ ਦਵਾਈਆਂ ਖਾਣ ਦੇ ਨਾਲ।

"ਹੂੰ.....! ਤਾਂ ਇਸਦਾ ਮਤਲਬ ਅਸੀਂ ਬੱਚਾ ਨਈਂ ਲੈ ਸਕਦੇ," ਮੈਂ ਉਠਦਿਆਂ ਕਿਹਾ।

"ਨਹੀਂ ਨਹੀਂ.....! ਇਸ ਤਰ੍ਹਾਂ ਨਈਂ ਹੈ। ਤੁਸੀਂ ਬੱਚਾ ਲੈ ਸਕਦੇ ਹੋ, ਮੈਨੂੰ ਥੋਡਾ ਦੂਜਾ ਟੈੱਸਟ ਕਰ ਲੈਣ ਦਿਉ ਤੇ ਕੱਲ੍ਹ ਆਪਣੀ ਮਿਸਿਜ਼ ਨੂੰ ਨਾਲ ਲੈ ਕੇ ਆਇਓ, ਫਿਰ ਦੱਸਾਂਗਾ ਬੱਚਾ ਕਿਵੇਂ ਹੋਵੇਗਾ।"

ਟੈੱਸਟ ਦੇ ਕੇ ਘਰ ਮੁੜਦਿਆਂ ਮੇਰੇ ਕਦਮ ਜਿਵੇਂ ਭਾਰੀ ਹੋ ਗਏ ਹੋਣ। ਡਾਕਟਰ ਆਹੂਜਾ ਨੇ ਜਿਵੇਂ ਕੋਈ ਭਾਰਾ ਪੱਥਰ ਮੇਰੇ ਸਿਰ ‘ਤੇ ਧਰ ਦਿੱਤਾ ਹੋਵੇ। ਪਹਿਲਾਂ ਅਨੀਤਾ ਨੀ ਸੀ ਮੰਨਦੀ, ਜੇ ਹੁਣ ਉਹ ਮੰਨੀ ਏ ਤਾਂ.....। ਮੈਨੂੰ ਐਂ ਲੱਗ ਰਿਹਾ ਸੀ ਜਿਵੇਂ ਮੇਰੀ ਮਰਦਾਨਗੀ ਨੂੰ ਵੰਗਾਰਿਆ ਜਾ ਰਿਹਾ ਹੋਵੇ। ਨਾ ਰਹਿ ਰਹਿ ਕੇ ਵੀ ਪਾਪਾ ਜੀ ਦੀਆਂ ਕਹੀਆਂ ਗੱਲਾਂ ਚੇਤੇ ਆ ਰਹੀਆਂ ਸਨ: "ਬੇਟਾ ਜਿਹੜਾ ਕੰਮ ਟਾਈਮ ਨਾਲ ਹੋਜੇ ਨਾ, ਉਹਦੇ ਵਰਗੀ ਰੀਸ .....।" ਮੇਰਾ ਉੱਚੀ ਸਾਰੀ ਲੇਰ ਮਾਰਨ ਨੂੰ ਜੀਅ ਕੀਤਾ। ਮੈਂ ਕੀ ਦੱਸਦਾ ਵਈ ਪ੍ਰੈਗਨੈਂਸੀ ਦੇ ਡਰੋਂ ਅਨੀਤਾ ਅੰਨ੍ਹੇਵਾਹ ਪਿਲਜ਼ ਖਾਂਦੀ ਰਹੀ ਹੈ ਤੇ ਮੈਂ ਚਾਹ ਕੇ ਵੀ ਉਹਨੂੰ ਰੋਕ ਨੀ ਸਕਿਆ ਤੇ ਜਦੋਂ ਖੁਦ ਹੁਣ ਅਜਿਹੀ ਸਮੱਸਿਆ ਵਿਚ ਫਸ ਗਿਆ ਹਾਂ ਤਾਂ ਸ਼ਾਇਦ.....।

ਘਰ ਆ ਕੇ ਕਮਰੇ ਅੰਦਰ ਕਿੰਨਾ ਈ ਚਿਰ ਮੈਂ ਗੁੰਮਸੁੰਮ ਬੈਠਾ ਰਿਹਾ। ਅਨੀਤਾ ਦੇ ਵਾਰ ਵਾਰ

ਪੁੱਛਣ 'ਤੇ ਵੀ ਮੈਥੋਂ ਸੱਚ ਨਾ ਦੱਸ ਹੋਇਆ ਤੇ ਤਬੀਅਤ ਨਾ ਠੀਕ ਹੋਣ ਬਾਰੇ ਕਹਿ ਕੇ ਪੈ ਗਿਆ। ਸਾਰੀ ਰਾਤ ਇਕ ਅਜੀਬ ਤਰ੍ਹਾਂ ਦਾ ਸ਼ੀਤ ਯੁੱਧ ਮੇਰੇ ਅੰਦਰ ਚੱਲਦਾ ਰਿਹਾ ਵਈ ਜੇ ਪ੍ਰੋਬਲਮ ਇਲਾਜਯੋਗ ਨਾ ਹੋਈ ਤਾਂ ਅਨੀਤਾ ਅਤੇ ਮੰਮੀ ਪਾਪਾ ਦਾ ਸਾਹਮਣਾ ਕਿਵੇਂ ਕਰਾਂਗਾ।

ਸਵੇਰ ਹੋਈ ਤਾਂ ਡਾਕਟਰ ਆਹੂਜਾ ਨੇ ਮੇਰੇ ਵੱਲੋਂ ਹੱਥ ਖੜ੍ਹੇ ਕਰ ਦਿੱਤੇ। ਰਿਪੋਰਟ ਨੈਗੇਟਿਵ ਸੀ। ਸੁਣ ਕੇ ਮੈਨੂੰ ਘਬਰਾਹਟ ਸ਼ੁਰੂ ਹੋ ਗਈ। ਅਨੀਤਾ ਦੇ ਚਿਹਰੇ ਦਾ ਰੰਗ ਵੀ ਫਿੱਕਾ ਪੈ ਗਿਆ ਪਰ ਉਹ ਜਲਦੀ ਹੀ ਸੰਭਲ ਗਈ ਜਦੋਂ ਮਿਸਿਜ਼ ਅਹੂਜਾ ਨੇ ਕਿਹਾ ਕਿ ਅਸੀਂ ਨੈਚੂਰਲ ਤਰੀਕੇ ਨਾਲ ਤਾਂ ਤੁਹਾਨੂੰ ਮੰਮੀ ਪਾਪਾ ਨਹੀਂ ਬਣਾ ਸਕਦੇ ਪਰ ਹਾਂ ਆਈ ਵੀ ਐਫ ਰਾਹੀਂ ਤੁਹਾਡਾ ਪਰਿਵਾਰ ਅੱਗੇ ਵਧਾ ਸਕਦੇ ਹਾਂ।

"ਉਹ ਕਿਵੇਂ.....।" ਮੇਰੇ ਅੰਦਰ ਛਟਪਟਾਹਟ ਵਧ ਗਈ।

"ਇਸ ਵਿਧੀ ਰਾਹੀਂ ਅਸੀਂ ਭਰੂਣ ਬਾਹਰ ਤਿਆਰ ਕਰਕੇ ਔਰਤ ਦੇ ਗਰਭ ਵਿਚ ਇੰਜੈਕਟ ਕਰ ਦਿੰਦੇ ਹਾਂ। ਜਿਸ ਨਾਲ ਬੱਚਾ ਕੁਦਰਤੀ ਰੂਪ ਵਿਚ ਜਨਮ ਲੈਂਦਾ ਹੈ ਪਰ ਤੁਹਾਡੇ ਕੇਸ ਵਿਚ ਸਾਨੂੰ ਸਪਰਮ ਡੋਨਰ ਦੀ ਲੋੜ ਪਵੇਗੀ। ਮਿਸਟਰ ਮੁਨੀਸ਼ ਤੁਹਾਨੂੰ ਤਾਂ ਪਤਾ ਈ ਐ ਕਿ ਤੁਹਾਡਾ ਸਪਰਮ .....।"

"ਹਾਂ ਹਾਂ ਠੀਕ ਐ ਅੱਗੇ ਦੱਸੋ।" ਮੈਂ ਖਿਝ ਗਿਆ ਸਾਂ।

ਡਾਕਟਰ ਝੂਠਾ ਜਿਹਾ ਮੁਸਕਰਾਈ। "ਮੈਡਮ ਸਾਡੀ ਲੈਬ ਵਿਚ ਬਹੁਤ ਐਕਟਿਵ ਤੇ ਤੁਹਾਡੇ ਵਰਗੇ ਚੰਗੇ ਪਰਿਵਾਰਾਂ ਦੇ ਸਪਰਮ ਮੌਜੂਦ ਹੁੰਦੇ ਹਨ, ਜੇ ਤੁਸੀਂ ਕਹੋ ਤਾਂ.....। "

ਡਾਕਟਰ ਦਾ ਵਾਕ ਅਜੇ ਪੂਰਾ ਵੀ ਨਈਂ ਸੀ ਹੋਇਆ ਕਿ ਮੈਂ ਉਠ ਖੜ੍ਹਾ ਹੋਇਆ ਪਰ ਅਨੀਤਾ ਨੇ ਮੇਰੀ ਬਾਂਹ ਘੁੱਟ ਕੇ ਫੜ ਲਈ। ਜਿਵੇਂ ਉਹ ਅਗਲੀ ਹਰ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਖੜ੍ਹੀ ਹੋਵੇ। "ਹਾਂ ਹਾਂ ਦੱਸੋ ਡਾਕਟਰ ਸਾਬ੍ਹ।"

"ਮੈਂ ਤਾਂ ਏਹੀ ਕਹਿਣਾ ਚਾਹੁੰਦੀ ਸੀ ਕਿ ਵੇਖੋ ਹੋਰ ਕੋਈ ਤਰੀਕਾ ਨਹੀਂ ਹੈ ਅਤੇ ਜਿਸ ਤਰ੍ਹਾਂ ਤੁਹਾਡੀ ਉਮਰ ਵਧ ਰਹੀ ਹੈ, ਅੱਗੇ ਚੱਲ ਕੇ ਇਹ ਚਾਂਸ ਹੋਰ ਵੀ ਘਟ ਸਕਦੇ ਹਨ। ਤੁਹਾਡੇ ਯੂਟਰਸ ਦਾ ਮੂੰਹ ਲਗਾਤਾਰ ਸੁੰਗੜ ਰਿਹੈ। ਤੁਸੀਂ ਸਲਾਹ ਕਰਕੇ ਦੱਸ ਦਿਉ ਆਪਾਂ ਇਲਾਜ ਸ਼ੁਰੂ ਕਰ ਦਿੰਦੇ ਹਾਂ। ਬਾਕੀ ਸਪਰਮ ਦੇ ਬਾਰੇ ਸਾਡੇ ਅਤੇ ਤੁਹਾਡੇ ਤੋਂ ਇਲਾਵਾ ਕਿਸੇ ਨੂੰ ਵੀ ਪਤਾ ਨੀ ਲੱਗੇਗਾ। ਡੋਨਰ ਨੂੰ ਵੀ ਨਹੀਂ।" ਬੋਲਦਿਆਂ ਉਹਨੇ ਕਿੰਨੇ ਹੀ ਬੱਚਿਆਂ ਦੀਆਂ ਤਸਵੀਰਾਂ ਸਾਡੇ ਸਾਹਮਣੇ ਰੱਖ ਦਿੱਤੀਆਂ ਜੋ ਇਸ ਵਿਧੀ ਨਾਲ ਪੈਦਾ ਹੋਏ ਸਨ।

ਮੈਂ ਵੇਖਿਆ ਤਸਵੀਰਾਂ ਵੱਲ ਦੇਖ ਕੇ ਅਨੀਤਾ ਦੀਆਂ ਅੱਖਾਂ ਵਿਚ ਸਹਿਮ ਅਤੇ ਉਮੀਦ ਦੀ ਇਕ ਖਾਸ ਚਮਕ ਪੈਦਾ ਹੋ ਗਈ ਸੀ। ਜੋ ਉਸਦੇ ਮਾਂ ਬਣਨ ਦੀ ਉਮੀਦ ਵਿਚ ਝਲਕ ਰਹੀ ਸੀ। ਪਰ ਮੈਂ ਅੰਦਰੋਂ ਬੁਝਿਆ ਹੋਇਆ ਸਾਂ। ਆਈ ਵੀ ਐਫ ਬਾਰੇ ਸੁਣਿਆ ਤਾਂ ਹੋਇਆ ਸੀ ਪਰ ਇਹ ਸਾਨੂੰ ਹੀ ਅਜ਼ਮਾਉਣੀ ਪਵੇਗੀ, ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਸਮਝ ਨਹੀਂ ਸੀ ਆ ਰਹੀ ਕਿ ਡਾਕਟਰ ਦੀ ਇਸ ਸਲਾਹ ਨਾਲ ਸਹਿਮਤ ਹੋਵਾਂ ਜਾਂ ਨਾ।

ਸ਼ਾਮੀ ਡਾਇਨਿੰਗ ਟੇਬਲ 'ਤੇ ਉਦਾਸੀ 'ਚ ਬੈਠਾ ਮੈਂ ਵਿਸਕੀ ਪੀ ਰਿਹਾ ਸਾਂ ਕਿ ਅਨੀਤਾ ਮੇਰੇ ਸਾਹਮਣੇ ਆ ਬੈਠੀ।

"ਵਾਹ ਜਨਾਬ ਅੱਜ ਕੱਲੇ ਕੱਲੇ ਈ, ਸੁਲ੍ਹਾ ਵੀ ਨੀ ਮਾਰੀ।"

"ਨਈਂ ਵੈਸੇ ਈ.....ਤੂੰ ਪ੍ਰੇਸ਼ਾਨ ਲਗਦੀ ਸੀ ਤਾਂ ਕਰਕੇ ਕਿਹਾ ਨੀ।"

"ਚਲੋ ਕੋਈ ਨੀ ਹੁਣ ਬਣਾ ਲਉ।" ਮੇਰੇ ਹੱਥੋਂ ਬੋਤਲ ਲੈ ਕੇ ਅਨੀਤਾ ਨੇ ਪੈੱਗ ਬਣਾ ਲਿਆ।

"ਅਨੀਤਾ.....! ਤੈਨੂੰ ਨੀ ਲੱਗਦਾ ਕਿ ਆਪਾਂ ਨੂੰ ਇਸ ਤਰ੍ਹਾਂ ਬੱਚਾ ਲੈਣਾ ਚਾਹੀਦੈ। ਉਹ ਵੀ ਕਿਸੇ ਗ਼ੈਰ ਮਰਦ ਦੇ ਸਪਰਮ ਤੋਂ? ਇਸ ਸਾਰੇ ਝੰਜਟ ਨਾਲੋਂ ਆਪਾਂ ਕੋਈ ਬੱਚਾ ਗੋਦ ਕਿਉਂ ਨੀ

ਲੈ ਲੈਂਦੇ।"

"ਗੋਦ ਲਿਆ ਵੀ ਤਾਂ ਕਿਸੇ ਹੋਰ ਦਾ ਹੀ ਹੋਵੇਗਾ ਨਾ। ਤੇ ਜਦੋਂ ਡਾਕਟਰ ਆਹੂਜਾ ਨੇ ਖੁਦ ਕਿਹੈ ਕਿ ਇਹ ਸੇਫ ਅਤੇ ਸੀਕਰੇਟ ਹੋਵੇਗਾ ਤਾਂ ਹਰਜ ਈ ਕੀ ਹੈ ਯਾਰ।"

"ਹੋਰ ਕਿਸੇ ਨੂੰ ਪਤਾ ਹੋਵੇ ਜਾਂ ਨਾ ਪਰ ਸਾਨੂੰ ਤਾਂ ਪਤਾ ਹੋਵੇਗਾ ਨਾ, ਤੇ ਖਾਸ ਕਰ ਕੇ ਮੈਂ ਇਹ ਕਿਵੇਂ ਕਰ ਸਕਦਾਂ?"

ਅਨੀਤਾ ਨੇ ਖਾਲੀ ਗਿਲਾਸ ਟੇਬਲ ‘ਤੇ ਰੱਖਦਿਆਂ ਮੈਨੂੰ ਪਿੱਛੋਂ ਦੀ ਆ ਕੇ ਗਲਵੱਕੜੀ ਪਾ ਲਈ। "ਇਕ ਗੱਲ ਦੱਸਾਂ ਮੁਨੀਸ਼....? ਇਕ ਸਮਾਂ ਸੀ ਜਦੋਂ ਮੈਨੂੰ ਇਹ ਸਭ ਫਜ਼ੂਲ ਲੱਗਦਾ ਸੀ। ਸੋਚਦੀ ਸਾਂ ਕਿ ਔਰਤਾਂ ਪਤਾ ਨੀ ਕਿਉਂ ਐਵੇ ਬੱਚੇ ਜੰਮ ਜੰਮ ਕੇ ਆਪਣਾ ਸਰੀਰ ਖਰਾਬ ਕਰਦੀਆਂ ਰਹਿੰਦੀਆਂ। ਪਰ ਹੁਣ ਨੀ ਇੰਝ ਲੱਗਦਾ। ਜਦੋਂ ਵੀ ਕਿਸੇ ਬੱਚਿਆਂ ਵਾਲੀ ਔਰਤ ਨੂੰ ਵੇਖਦੀ ਹਾਂ ਨਾ, ਤਾਂ ਆਪਣਾ ਆਪ ਅਧੂਰਾ ਜਿਹਾ ਲੱਗਦੈ। ਕਿਸੇ ਨੇ ਸੱਚ ਈ ਕਿਹੈ ਕਿ ਔਰਤ ਆਪਣੀ ਔਲਾਦ ਨਾਲ ਹੀ ਸੰਪੂਰਨ ਹੁੰਦੀ ਹੈ। ਭਾਵੇਂ ਕੁਸ਼ ਵੀ ਹੋ ਜੇ, ਮੁਨੀਸ਼ ਮੈਂ ਹੁਣ ਸੰਪੂਰਨ ਹੋਣਾ ਚਾਹੁੰਦੀ ਆਂ। ਤੁਸੀਂ ਮਨ੍ਹਾ ਨਾ ਕਰਿਓ ਪਲੀਜ਼.....। ਮੈਂ ਮੰਨਦੀ ਹਾਂ ਕਿ ਜਦੋਂ ਤੁਸੀਂ ਮੈਨੂੰ ਫੋਰਸ ਕਰਦੇ ਸੀ ਉਦੋਂ ਮੈਂ ਨਹੀਂ ਸੀ ਮੰਨੀ, ਪਰ ਹੁਣ ਮੈਂ ਸੱਚਮੁੱਚ ਆਪਣੇ ਆਪ ਨੂੰ ਅਧੂਰੀ ਮਹਿਸੂਸ ਕਰਨ ਲੱਗੀ ਹਾਂ। ਮੁਨੀਸ਼ ਪਲੀਜ਼ ਹੈਲਪ ਮੀ.....।"

ਅਨੀਤਾ ਮੇਰਾ ਹੱਥ ਫੜੀ ਰੋਂਦੀ ਹੋਈ ਬੋਲ ਰਹੀ ਸੀ ਪਰ ਮੈਨੂੰ ਲੱਗ ਰਿਹਾ ਸੀ ਜਿਵੇਂ ਉਹ ਬਹੁਤ ਦੂਰੋਂ ਬੋਲ ਰਹੀ ਹੋਵੇ। ਉਹ ਬੋਲਦੀ ਗਈ ਤੇ ਮੈਂ ਪੈੱਗ ਤੇ ਪੈੱਗ ਪੀਂਦਾ ਰਿਹਾ। ਫਿਰ ਪਤਾ ਨੀ ਕਿਹੜੇ ਵੇਲ਼ੇ ਬੈੱਡ ‘ਤੇ ਆ ਪਿਆ। ਪੈਂਦਿਆਂ ਸਾਰ ਈ ਮੈਨੂੰ ਅਜੀਬ ਤਰ੍ਹਾਂ ਦੇ ਸੁਪਨਿਆ ਨੇ ਆ ਘੇਰਿਆ। ਮੈਂ ਵੇਖ ਰਿਹਾਂ ਅਨੀਤਾ ਦਾ ਪੇਟ ਲਗਾਤਾਰ ਵਧ ਰਿਹੈ। ਉਸਤੋਂ ਤੁਰਨਾ ਔਖਾ ਹੋ ਰਿਹੈ। ਉਹ ਮੇਰੇ ਮੋਢੇ ਦਾ ਸਹਾਰਾ ਲੈ ਰਹੀ ਹੈ। ਫਿਰ ਅਚਾਨਕ ਉਹ ਹਸਪਤਾਲ ਵਿਚ ਪਈ ਹੈ। ਆਲ਼ੇ ਦੁਆਲ਼ੇ ਡਾਕਟਰ ਆਹੂਜਾ ਤੇ ਉਸਦੀ ਟੀਮ ਨੇ ਬੈੱਡ ਘੇਰਿਆ ਹੋਇਐ। ਅਨੀਤਾ ਨੇ ਘੁੱਟ ਕੇ ਮੇਰੀ ਬਾਂਹ ਫੜੀ ਹੋਈ ਹੈ। ਤੇ ਇਕ ਉੱਚੀ ਸਾਰੀ ਛੱਤ ਪਾੜਨ ਵਾਲੀ ਲੇਰ ਦੇ ਨਾਲ ਬੱਚੇ ਦੀ ਕਿਲਕਾਰੀ ਗੂੰਜੀ ਹੈ।

"ਮੁਬਾਰਕ ਹੋ.....।" ਡਾਕਟਰ ਆਹੂਜਾ ਬੱਚੇ ਨੂੰ ਚਿੱਟੇ ਕੱਪੜੇ ਵਿਚ ਲਪੇਟੀ ਮੇਰੇ ਵੱਲ ਆ ਰਿਹੈ। ਮੇਰੇ ਪੈਰ ਪਿਛਾਂਹ ਹੋ ਰਹੇ ਨੇ। ਉਹ ਬੱਚਾ ਮੇਰੀ ਗੋਦੀ 'ਚ ਦੇਣ ਲੱਗਾ ਹੈ। ਮੈਂ ਹੱਥ ਝਟਕ ਕੇ ਭੱਜ ਤੁਰਿਆ ਹਾਂ।

"ਨਹੀਂ ਨਹੀਂ ਇਹ ਬੱਚਾ ਮੇਰਾ ਨਈਂ ਹੈ.....!" ਹਫੇ ਹੋਏ ਮੇਰੀ ਅੱਖ ਖੁੱਲ੍ਹ ਗਈ ਹੈ।

ਮੇਰੇ ਨਾਲ ਪਈ ਅਨੀਤਾ ਅਚਾਨਕ ਹੜਬੜਾ ਕੇ ਉੱਠ ਬੈਠੀ ਹੈ। "ਕੀ ਹੋਇਐ.....! ਕਿਹੜੇ ਬੱਚੇ ਦੀ ਗੱਲ ਕਰ ਰਹੇ ਹੋ?"

"ਅਨੀਤਾ.....ਅਨੀਤਾ ਉਹ ਬੱਚਾ.....ਉਹ ਬੱਚਾ ਮੇਰਾ ਨਹੀਂ ਹੈ.....ਮੇਰਾ ਨਹੀਂ ਹੈ ਉਹ ਬੱਚਾ। ਵੇਖ ਜੇ ਔਰਤ ਆਪਣੇ ਪੇਟੋਂ ਬੱਚਾ ਪੈਦਾ ਕਰਕੇ ਸੰਪੂਰਨ ਹੁੰਦੀ ਐ ਨਾ, ਤਾਂ ਮਰਦ ਵੀ.....ਮਰਦ ਵੀ ਆਪਣੇ ਬੱਚੇ ਨਾਲ ਹੀ ਸੰਪੂਰਨ ਹੁੰਦੈ। 'ਤੇ ਮੈਂ ਵੀ.....।"

ਅਨੀਤਾ ਹੈਰਾਨੀ ਨਾਲ ਮੇਰੇ ਚਿਹਰੇ ਵੱਲ ਵੇਖ ਰਹੀ ਹੈ। ਮੈਂ ਲਗਾਤਾਰ ਸੰਪੂਰਨ ਸੰਪੂਰਨ ਬੁੜਬੁੜਾ ਰਿਹਾਂ। ਉਹਨੇ ਯਕਦਮ ਮੇਰੇ ਮੋਢੇ ਝਟਕ ਦਿੱਤੇ ਨੇ। ਉਹਦੇ ਗੋਰੇ ਮੱਥੇ ਦੀਆਂ ਲਕੀਰਾਂ ਹੌਲ਼ੀ ਹੌਲ਼ੀ ਵੱਟ ਖਾ ਰਹੀਆਂ ਨੇ।000

***(ਪਲਾਟ ਨੰਬਰ 27, ਹਿੱਲਟੌਪ ਕੋਲੋਨੀ, ਪਿੰਡ ਭਾਮੀਆ ਖੁਰਦ, ਨੇੜੇ ਪੰਜ ਪੀਰ,***
***ਡਾਕਖਾਨਾ ਮੁੰਡੀਆਂ ਕਲਾਂ, ਜ਼ਿਲ੍ਹਾ ਲੁਧਿਆਣਾ-141 015***
***ਫੋਨ: 94638-83994)***

# ਕਿਣਕਾ ਕਿਣਕਾ ਕਿਰਦੇ ਪਲ: ਕਹਾਣੀ: ਬਲਬੀਰ ਸੰਘੇੜਾ

ਰਾਤ ਦੀ ਨਾ ਮੈਨੂੰ ਨੀਂਦ ਆਈ ਅਤੇ ਨਾ ਹੀ ਅੱਜ ਸਵੇਰ ਦਾ ਚੈਨ। ਬਾਹਰਲੇ ਦਰ ਤਕ, ਮੈਂ ਕਈ ਵੇਰ ਜਾ ਕੇ ਦੇਖ ਆਈ ਸਾਂ। ਜੀਤ ਮੈਨੂੰ ਕਿੱਧਰੇ ਦਿਖਾਈ ਨਹੀਂ ਸੀ ਦਿੱਤਾ। ਉਹ ਸਵੇਰੇ ਹੀ ਘਰੋਂ ਨਿੱਕਲ ਗਿਆ ਸੀ। ਅੱਜ ਉਸਦੀ ਹਸਪਤਾਲ ਦੀ ਅਪਾਇੰਟਮੈਂਟ ਸੀ। ਹਸਪਤਾਲਾਂ ਵਿਚ ਵੀ ਹੇੜ੍ਹਾਂ ਦੀਆਂ ਹੇੜ੍ਹਾਂ ਤੁਰੀਆਂ ਰਹਿੰਦੀਆਂ ਹਨ। ਪਤਾ ਨਹੀਂ ਦੁਨੀਆਂ 'ਤੇ ਐਨੇ ਬੰਦੇ ਕਿੱਥੋਂ ਆ ਗਏ? ਜਿੱਧਰ ਜਾਵੋ, ਬੰਦੇ ਹੀ ਬੰਦੇ। ਬਿਮਾਰ ਹੀ ਬਿਮਾਰ। ਨਵੀਆਂ ਨਵੀਆਂ ਬਿਮਾਰੀਆਂ। ਚੰਗੇ ਭਲੇ ਦਿਸਣ ਵਾਲੇ ਵੀ ਬਿਮਾਰ। ਕਿਸੇ ਨੂੰ ਪੁੱਛ ਵੇਖੋ, ਦਵਾਈਆਂ ਖਾਣ ਦੀ ਦੌੜ ਲੱਗੀ ਹੋਵੇਗੀ। ਹਰ ਕੋਈ ਪੰਜ-ਸੱਤ ਗੋਲ਼ੀਆਂ ਤਾਂ ਨਿਗਲ਼ਦਾ ਹੀ ਹੋਣੈ। ਮੈਨੂੰ ਇਉਂ ਮਹਿਸੂਸ ਹੁੰਦੈ ਜਿਵੇਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੇ ਸਰਕਾਰ ਨਾਲ਼ ਕਿਸੇ ਕਿਸਮ ਦੇ ਸਮਝੌਤੇ ਕੀਤੇ ਹੋਣ। ਨਾ ਬੰਦੇ ਰਾਜ਼ੀ ਹੋਣ ਤੇ ਨਾ ਦਵਾਈਆਂ ਵਿਕਣੋਂ ਹਟਣ। ਭਾਵੇਂ ਇੰਸ਼ੂਰੈਂਸ ਵਾਲਿਆਂ ਜਾਂ ਓਹਿੱਪ ਨੇ ਦਵਾਈ ਦਾ ਮੁੱਲ ਦੇਣਾ ਹੁੰਦੈ। ਪਰ ਬੰਦੇ ਨੂੰ ਕਿੱਥੇ ਚੈਨ?

ਜੀਤ ਵੀ ਇਉਂ ਹੀ ਕਰਦੈ। ਜਾਣੀ ਉਸਨੂੰ ਕਿਸੇ 'ਤੇ ਭਰੋਸਾ ਹੀ ਨਹੀਂ। ਸਵੇਰ ਦਾ ਹਸਪਤਾਲ ਨੂੰ ਗਿਆ ਹੋਇਐ। ਤੇ ਮੈਂ ਬੈਠੀ ਜੀਤ ਨੂੰ ਉਡੀਕੀ ਜਾਂਦੀ ਹਾਂ। ਮੇਰਾ ਦਿਲ ਅੰਦਰੋਂ ਆਖ ਰਿਹੈ, ਸ਼ਾਇਦ ਸ਼ਰਮ ਦਾ ਮਾਰਿਆ ਘਰ ਨਾ ਵੜ ਰਿਹਾ ਹੋਵੇ। ਵੜੇ ਵੀ ਕਿਉਂ? ਉਸਨੇ ਕਲ੍ਹ ਕੰਮ ਹੀ ਐਸਾ ਕੀਤਾ ਸੀ। ਉਸਦੀ ਦਾਰੂ ਮੈਂ ਪਹਿਲਾਂ ਵੀ ਦੇਖੀ ਹੋਈ ਸੀ। ਉਸਨੂੰ ਕੋਈ ਹੋਸ਼ ਹੀ ਨਹੀਂ ਸੀ ਰਹਿੰਦੀ। ਤੇ ਕਲ੍ਹ ਉਸਦੇ ਅੰਦਰ ਪਤਾ ਨ੍ਹੀ ਕਿਹੜਾ ਦਿਓ ਉੱਠ ਖੜ੍ਹਾ ਹੋਇਆ ਸੀ? ਉਹ ਭੰਨ ਤੋੜ ਕਰੀ ਜਾ ਰਿਹਾ ਸੀ। ਮੇਰੇ ਹਟਾਉਂਦੀ ਹਟਾਉਂਦੀ 'ਤੇ ਵੀ ਉਸਨੇ ਭਾਂਡੇ ਭੰਨ ਦਿੱਤੇ ਸਨ। ਨਿੱਕ-ਸੁੱਕ ਲਿਵਿੰਗਰੂਮ ਵਿਚ ਖਿਲਰਿਆ ਪਿਆ ਸੀ। ਦੇ ਤੇਰੇ ਦੀ ਮੁੱਕੇ ਤੇ ਮੁੱਕਾ ਕੰਧ ਵਿਚ। ਮੈਂ ਕਦੀ ਵੀ ਉਸ ਅੰਦਰ ਇਸ ਤਰ੍ਹਾਂ ਦਾ ਰੋਹ ਨਹੀਂ ਸੀ ਦੇਖਿਆ। ਤੇ ਅੱਜ? ਉਸਦੀ ਇਸ ਹਰਕਤ ਨਾਲ਼ ਮੇਰੇ ਅੰਦਰ ਉਸ ਲਈ ਅਤੇ ਉਸਦੀ ਸ਼ਰਾਬ ਲਈ ਨਫ਼ਰਤ ਜਿਹੀ ਦੀ ਲਹਿਰ ਦੌੜ ਗਈ। ਮੋਹ ਤਾਂ ਉਸ ਨਾਲ਼ ਮੈਨੂੰ ਉਸ ਦਿਨ ਹੀ ਖਤਮ ਹੋ ਗਿਆ ਸੀ ਜਿਸ ਦਿਨ ਉਸਨੇ ਮੇਰੀ ਧੀ ਨੂੰ ਘਰੋਂ ਕੱਢਿਆ ਸੀ। ਇਹ ਕਿਹੜੀ ਅਕਲ ਦਾ ਕੰਮ ਕੀਤਾ ਸੀ ਉਸਨੇ? ਕਹਿੰਦਾ, "ਕੁੜੀ ਦੀ ਤੇ ਸਾਡੀ ਭਲਾਈ ਇਸੇ ਵਿਚ ਐ ਕਿ ਇਹ ਹੋਰ ਕਿੱਧਰੇ ਚਲੀ ਜਾਵੇ। ਬਾਲਗ ਐ। ਜ਼ਰੂਰੀ ਤਾਂ ਨਹੀਂ ਘਰ ਰਵ੍ਹੇ। ਸਗੋਂ ਮੇਰਾ ਮੁੰਡਾ ਸੌਖਾ ਸਾਹ ਲਊ।"

ਲੱਗਦਾ ਮੁੰਡੇ ਦਾ? ਭਲਾ ਇਹ ਕੀ ਗੱਲ ਹੋਈ? ਬੱਚੇ ਆਪੋ ਵਿਚੀਂ ਲੜ ਪੈਣ ਤਾਂ ਕੀ ਘਰੋਂ ਕੱਢ ਦੇਈਦੇ ਐ? ਕੁੜੀ ਵੀ ਸਿਰਮੁੰਨੀ ਢਾਕਾਂ 'ਤੇ ਹੱਥ ਧਰੀ ਖੜ੍ਹੀ ਆਖੇ, "ਇੰਡੀਅਨ ਲੋਕ ਸਿੱਕ ਮਾਂਈਂਡ ਹੁੰਦੇ ਐ। ਦੇਅ ਡੌਂਟ ਵਾਂਟ ਡਾਟਰਜ਼। ਕੁੜੀਆਂ ਚਾਹੁੰਦੇ ਹੀ ਨਹੀਂ। ਡਿਸਕਰਿਮੀਨੇਸ਼ਨ ਇਜ਼ ਇਨ ਐਵਰੀ ਬੋਨ ਔਫ ਦਿਅਰ ਬੌਡੀ। ਵਿਤਕਰਾ ਇਨ੍ਹਾਂ ਦੀਆਂ ਹੱਡੀਆਂ ਵਿਚ ਧੱਸਿਆ ਪਿਐ। ਕੀਪ ਯੂਅਰ ਸਨ। ਰੱਖੋ ਆਪਣੇ ਮੁੰਡੇ ਨੂੰ। ਮੈਨੂੰ ਨਹੀਂ ਕਿਸੇ ਦੀ ਲੋੜ।"

ਪਿਉ-ਧੀ ਦਾ ਹਾਲ ਦੇਖ ਕੇ ਮੈਂ ਜਿਵੇਂ ਫਰੀਜ਼ ਹੋ ਗਈ। ਮੇਰੇ ਕੋਲ਼ੋਂ ਕੁਝ ਬੋਲ ਨਾ ਹੋਇਆ। ਭਲਾ ਕੀ ਬੋਲਦੀ ਮੈਂ? ਕਿਹਨੂੰ ਬੋਲਦੀ ਸਮਝਾਉਂਦੀ? ਪਿਉ ਨੂੰ ਜਾਂ ਧੀ ਨੂੰ? ਦੋਨੋਂ ਅੱਗ ਦੀ ਨਾਲ਼। ਮੇਰੀ ਧੀ ਨੇ ਵੀ ਬੈਗ ਚੁੱਕੇ ਅਤੇ ਕਾਰ ਵਿਚ ਜਾ ਧਰੇ। ਅੱਜ ਕੱਲ ਦੇ ਨਿਆਣੇ ਕਿਹੜੇ ਘੱਟ ਹਨ? ਮੇਰੀਆਂ ਭਰੀਆਂ ਅੱਖਾਂ ਨੇ ਜਿੰਨੀ ਹੋਈ ਉਸਦੀ ਮਦਦ ਕੀਤੀ। ਪਰ ਚੰਦਰੀ ਜ਼ੁਬਾਨ ਤੋਂ ਬੋਲ ਨਾ ਨਿੱਕਲੇ ਕਿ 'ਮੈਂ ਤੈਨੂੰ ਜਾਣ ਨਹੀਂ ਦੇਣਾ।' ਕਿਰਨ ਨੇ ਮੇਰੇ ਵੱਲ ਅੱਖਾਂ ਭਰ ਕੇ ਦੇਖਿਆ

ਵੀ। ਪਰ ਮੈਂ ਕੁਝ ਨਾ ਕਰ ਸਕੀ। ਕੁੱਝ ਨਾ ਕਹਿ ਸਕੀ। ਬੱਸ ਸੁੰਨ ਹੋ ਗਈ ਜਿਵੇਂ। ਬਾਅਦ ਵਿਚ ਸੋਚਾਂ, ਚੰਦਰੀ ਔਰਤ ਦੀ ਵੀ ਕੀ ਜੂਨ? ਇੱਕੀਵੀਂ ਸਦੀ ਆ ਗਈ ਪਰ ਸਾਡੀਆਂ ਔਰਤਾਂ ਦਾ ਹਾਲ ਨਹੀਂ ਬਦਲਿਆ। ਇਨ੍ਹਾਂ ਦੇਸ਼ਾਂ ਵਿਚ ਆ ਕੇ ਵੀ ਦੋਹਰੀ ਜ਼ਿੰਦਗੀ ਜਿਉਣਗੀਆਂ। ਬਾਹਰ ਕੁੱਝ ਵਿਖਾਉਣਗੀਆਂ ਤੇ ਘਰ ਦੇ ਅੰਦਰ ਘੁੱਟ-ਘੁੱਟ ਮਰਨਗੀਆਂ।

ਇਹ ਸਭ ਦੋ ਕੁ ਹਫ਼ਤੇ ਪਹਿਲਾਂ ਸ਼ੁਰੂ ਹੋਇਆ। ਨਹੀਂ ਤਾਂ ਮੇਰਾ ਘਰ ਹੱਸਦਾ ਵੱਸਦਾ ਸੀ। ਕੁੜੀ ਤੇ ਮੁੰਡਾ ਵੀ ਹੱਸਦੇ ਖੇਲ੍ਹਦੇ। ਹਾਂ ਕਦੀ ਕਦਾਈਂ ਕਿਰਨ ਕਿਹਾ ਕਰਦੀ, "ਮੌਮ! ਤੁਸੀਂ ਸੂਰਜ ਨੂੰ ਵਿਗਾੜ ਲਿਐ। ਕਿਸੇ ਦੀ ਸੁਣਦਾ ਹੀ ਨਹੀਂ। ਪਤਾ ਨ੍ਹੀ ਕਿਹਦੇ ਕਿਹਦੇ ਨਾਲ਼ ਤੁਰਿਆ ਫਿਰਦੈ। ਜਿਨ੍ਹਾਂ ਮੁੰਡਿਆਂ ਦੇ ਨਾਲ਼ ਘੁੰਮਦੈ, ਉਹ ਬਹੁਤੇ ਚੰਗੇ ਨ੍ਹੀ। ਉਹ ਮੁੰਡੇ ਚੋਰੀਆਂ-ਚਕਾਰੀਆਂ ਕਰਦੇ ਐ। ਡਰੱਗ ਖਾਂਦੇ ਐ। ਕਿੱਧਰੇ ਸੂਰਜ ਵੀ ਡਰੱਗ ਟੇਕ ਨਾ ਕਰਨ ਲੱਗ ਪਵੇ। ਇਹਦੀ ਪੜ੍ਹਾਈ ਦਾ ਕੀ ਬਣੂ? ਪਹਿਲਾ ਸਾਲ ਐ ਸੂਰਜ ਦਾ ਯੂਨੀਵਰਸਿਟੀ ਵਿਚ।" ਮੈਂ ਉਸਦੀ ਗੱਲ ਨਾ ਸੁਣੀ। ਐਵੇਂ ਟਾਲ਼-ਮਟੋਲ਼ ਕਰਦੀ ਰਹੀ। ਜੀਤ ਨੇ ਤਾਂ ਸੁਣਨੀ ਹੀ ਕਿੱਥੇ ਸੀ। ਸਾਨੂੰ ਦੋਹਾਂ ਨੂੰ ਮੁੰਡੇ 'ਤੇ ਜਿਵੇਂ ਵੱਧ ਭਰੋਸਾ ਸੀ। ਸਾਨੂੰ ਕੀ ਪਤਾ ਸੀ ਕਿ ਅੱਜ ਕੱਲ ਯੂਨੀਵਰਸਿਟੀਆਂ ਵਿਚ ਕੀ ਹੁੰਦੈ?

ਮੈਂ ਅਤੇ ਜੀਤ ਦੋਨੋਂ ਪਹਿਲੀ ਵੇਰ ਹੌਲੀਡੇ ਗਏ ਸਾਂ। ਬੱਚੇ ਪਾਲ਼ਦਿਆਂ, ਕੰਮ ਕਰਦਿਆਂ, ਵਕਤ ਅੱਖ ਦੀ ਫੋਰ ਵਿਚ ਉਡਦਾ ਰਿਹਾ। ਅਸੀਂ ਵਰ੍ਹਿਆਂ ਤੋਂ ਸੋਚਦੇ ਪਲੈਨ ਕਰਦੇ ਰਹੇ। ਕਦੀ ਕਿਸੇ ਬਜ਼ੁਰਗ ਦੀ ਸਮੱਸਿਆ ਆ ਜਾਂਦੀ ਤੇ ਕਦੀ ਬੱਚਿਆਂ ਨੂੰ ਸਾਂਭਣ ਵਾਲਾ ਕੋਈ ਨਾ ਮਿਲਦਾ। ਤੇ ਹੁਣ ਬੱਚੇ ਦੋਨੋਂ ਬਾਲਗ਼ ਹੋ ਗਏ ਸਨ। ਸੋਚਿਆ ਚਲੋ ਅਸੀਂ ਵੀ ਕਿੱਧਰੇ ਘੁੰਮ ਫਿਰ ਆਈਏ। ਆਖ਼ਿਰ ਕਹਿਣ ਵਾਲੇ ਹੋ ਜਾਵਾਂਗੇ ਕਿ ਅਸੀਂ ਵੀ ਹੌਲੀਡੇ ਗਏ ਹਾਂ। ਨਹੀਂ ਤਾਂ ਸਹੇਲੀਆਂ ਘੜੀ-ਘੜੀ ਦੀਆਂ ਗੱਲਾਂ ਕਰਦੀਆਂ ਕਿ ਅਸੀਂ ਮੈਕਸੀਕੋ ਗਏ, ਫਲੌਰਿਡਾ ਗਏ, ਕਰੂਜ਼ ਸ਼ਿੱਪ 'ਤੇ ਗਏ। ਸਾਡਾ ਤਾਂ ਚੰਦਰਾ ਜਿਵੇਂ ਟਾਇਮ ਹੀ ਨਾ ਲੱਗਾ। ਘਰ ਦੀਆਂ ਬੁੱਤੀਆਂ ਵਿਚ ਜ਼ਿੰਦਗੀ ਦੇ ਵੀਹ ਵਰ੍ਹੇ ਨਿੱਕਲ ਗਏ। ਨਿਆਣਿਆਂ ਨੂੰ ਵੀ ਇਕ ਅੱਧੀ ਵੇਰ ਹੀ ਲੈ ਕੇ ਜਾ ਸਕੇ। ਨਹੀਂ ਤਾਂ ਨਿਆਗਰਾ ਫਾਲਜ਼ ਘੁਮਾ ਲਿਆਉਂਦੇ ਰਹੇ।

ਸਾਨੂੰ ਗਿਆਂ ਹਾਲੀਂ ਦੋ ਦਿਨ ਹੋਏ ਸਨ ਜਦੋਂ ਸੂਰਜ ਦਾ ਫੋਨ ਆ ਗਿਆ ਕਿ, 'ਕਿਰਨ ਨੇ ਉਸਨੂੰ ਮੰਦਾ ਚੰਗਾ ਬੋਲਿਐ। ਉਹ ਉਸਨੂੰ ਕੁੱਟਣ ਵੀ ਪਈ।'

ਨਿਆਣਿਆਂ ਦੀ ਆਪੋ ਵਿਚੀ ਲੜਾਈ ਜਿਵੇਂ ਮੇਰੇ ਘਰ ਵਿਚ ਮਹਾਂਭਾਰਤ ਦਾ ਯੁੱਧ ਬਣ ਬੈਠੀ ਹੋਵੇ। ਮੈਂ ਸੂਰਜ ਨੂੰ ਆਪਣੀ ਨਾਨੀ ਦੇ ਘਰ ਜਾਣ ਨੂੰ ਆਖ ਦਿੱਤਾ ਤਾਂਕਿ ਲੜਾਈ ਅੱਗੇ ਨਾ ਵਧੇ। ਮੈਂ ਸੋਚਿਆ ਜਦੋਂ ਅਸੀਂ ਵਾਪਸ ਪਰਤਾਂਗੇ ਤਦ ਤਕ ਸਭ ਠੀਕ ਹੋ ਜਾਊ। ਦੋਨੋਂ ਬੱਚੇ ਠੰਢੇ ਵੀ ਹੋ ਜਾਣਗੇ। ਵੈਸੇ ਵੀ ਅੱਜ ਕੱਲ ਬੱਚਿਆਂ ਦਾ ਕੀ ਪਤੈ? ਮਾੜੀ ਜਿਹੀ ਗੱਲ ਉੱਤੇ ਇਕ ਦੂਜੇ ਦੇ ਸੱਟ-ਫੇਟ ਮਾਰ ਦੇਣ। ਜੀਤ ਉਸੇ ਵੇਲ਼ੇ ਸੀਟ ਬੁੱਕ ਕਰਾਉਣ ਨੂੰ ਤਿਆਰ। ਜੀਤ ਦੀ ਮਾਂ ਨੇ ਸਾਨੂੰ ਬੰਦ ਕਰ ਦਿੱਤਾ। ਕਹਿਣ ਲੱਗੀ, "ਐਵੇਂ ਕਮਲ਼ੇ ਕਿਉਂ ਬਣਦੇ ਹੋ। ਬੱਚੇ ਹਨ। ਮਾੜੀ ਜਿਹੀ ਗੱਲ ਹੈ, ਮੈਂ ਤੇ ਉਨ੍ਹਾਂ ਦੀ ਨਾਨੀ ਸਾਂਭ-ਸੰਭਾਲ ਲਵਾਂਗੀਆਂ। ਤੁਸੀਂ ਫਿਕਰ ਨਾ ਕਰੋ।"

ਉਹ ਮਾੜੀ ਜਿਹੀ ਗੱਲ ਹੌਲ਼ੀ-ਹੌਲ਼ੀ ਉਬਲਣ ਲੱਗ ਪਈ। ਮੁੰਡਾ ਬੇਸਮਝ। ਪਿਉ ਵਰਗਾ ਅੜਬ। ਵੈਸੇ ਵੀ ਅਸੀਂ ਮੁੰਡਿਆਂ ਨੂੰ ਪਾਲਣ ਲੱਗੇ ਕੋਈ ਮੱਤ ਤਾਂ ਦਿੰਦੇ ਹੀ ਨਹੀਂ। ਜੇ ਕਹਿੰਦੇ ਹਾਂ, ਤਾਂ ਕੁੜੀਆਂ ਨੂੰ। ਕੁੜੀਆਂ ਵੀ ਹੁਣ ਕਿੱਥੇ ਸੁਣਨ ਵਾਲੀਆਂ? ਭਲਾ ਸੁਣਨ ਵੀ ਕਿਉਂ?

ਜਿਸ ਦਿਨ ਅਸੀਂ ਘਰ ਪਰਤੇ ਸੂਰਜ ਨੇ ਜੀਤ ਕੋਲ਼ ਚੰਗੀਆਂ ਲੂਤੀਆਂ ਲਾਈਆਂ। ਤੇ ਜੀਤ ਅੱਗ ਭਬੂਕਾ ਹੋ ਕੇ ਜਿਵੇਂ ਲਟ-ਲਟ ਬਲ਼ੇ। ਲੱਗਾ ਕੁੜੀ ਨੂੰ ਗਾਲ੍ਹਾਂ ਕੱਢਣ। ਜਦੋਂ ਉੱਪਰ ਨੂੰ ਕੁੜੀ ਕੋਲ਼ ਜਾਣ ਲੱਗਾ ਤਾਂ ਮੈਂ ਉਸਦੇ ਮੋਹਰੇ ਖੜ੍ਹੀ ਹੋ ਗਈ। ਜੀਤ ਦਾ ਗ਼ੁੱਸਾ ਜੋ ਮੇਰੇ 'ਤੇ ਵਰ੍ਹਨਾ ਸੀ,

ਉਹ ਕੰਧ ਉੱਤੇ ਵਰ੍ਹਿਆ। ਡਰਾਈਵਾਲ (ਕੰਧ) ਵਿਚ ਉਸਦਾ ਹੱਥ ਨਿੱਕਲ ਗਿਆ ਤੇ ਹੱਥ ਲਹੂ ਲੁਹਾਣ ਹੋ ਗਿਆ। ਉਸਦੇ ਅੰਦਰ ਕੀ ਹੋਇਆ, ਮੈਨੂੰ ਨਹੀਂ ਪਤਾ। ਓਦਾਂ ਵੀ ਪਤਾ ਨਹੀਂ ਕੀ ਹੋ ਗਿਐ ਇਸਨੂੰ? ਕਿੰਨੇ ਚਿਰ ਤੋਂ ਘਰ ਰਹਿੰਦਾ ਵੀ ਬਿਮਾਰ ਬਣਿਆ ਰਹੂ। ਕਿਸੇ ਨਾ ਕਿਸੇ ਬਹਾਨੇ ਡਾਕਟਰ ਦੇ ਤੁਰਿਆ ਰਹੂ ਜਾਂ ਹਸਪਤਾਲਾਂ ਦੇ ਚੱਕਰਾਂ ਵਿਚ ਤੁਰਿਆ ਫਿਰਦਾ ਰਹੂ। ਜਿਵੇਂ ਇਸਨੂੰ ਸੌ ਬਿਮਾਰੀ ਲੱਗ ਗਈ ਹੋਵੇ। ਇਸੇ ਵਾਸਤੇ ਮੇਰੀ ਕਿਰਨ ਨੇ ਸਾਡੇ ਟਿਕਟ ਬੁੱਕ ਕਰਵਾਏ ਸਨ ਕਿ ਅਸੀਂ ਚਾਰ ਦਿਨ ਹੌਲੀਡੇ ਕਰ ਆਈਏ। ਕਹਿਣ ਲੱਗੀ, "ਮੌਮ! ਯੂ ਬੋਥ ਨੀਡ ਰੈੱਸਟ। ਤੁਹਾਨੂੰ ਆਰਾਮ ਕਰਨ ਦੀ ਲੋੜ ਐ।" ਮੈਂ ਵੀ ਸੋਚਿਆ ਕਿ ਸਾਡੀ ਉਮਰ ਘਰ ਬਾਰ ਸਾਂਭਦਿਆਂ ਦੀ ਨਿੱਕਲ ਗਈ। ਹੁਣ ਬੱਚੇ ਵੱਡੇ ਹਨ। ਕਿਉਂ ਨਾ ਅਸੀਂ ਵੀ ਬਾਹਰ ਘੁੰਮ ਫਿਰ ਆਈਏ। ਬਾਹਰ ਕਾਹਦੇ ਗਏ ਜਿਵੇਂ ਬਿਪਤਾ ਨੇ ਮੇਰਾ ਘਰ ਘੇਰ ਲਿਆ।

ਮੈਂ ਇਸੇ ਲਈ ਕਿੱਧਰੇ ਜਾਣ ਤੋਂ ਡਰਦੀ ਸਾਂ। ਪਰ ਜੀਤ ਦੀ ਮਾਂ ਤੇ ਜੀਤ ਨੇ ਜਿਵੇਂ ਮੇਰੀ ਇਕ ਨਾ ਮੰਨੀ। ਮੈਂ ਜਾਣਦੀ ਸਾਂ ਮੁੰਡੇ ਦੀਆਂ ਆਦਤਾਂ ਨੂੰ। ਮੁੰਡਾ ਘਰ ਵਿਚ ਜਿਵੇਂ ਮਰਜ਼ੀ ਬੋਲੇ, ਕਮਰਾ ਸਾਫ਼ ਨਾ ਕਰੇ, ਬਾਹਰੋਂ ਆਵੇ ਇਕ ਸ਼ੂਅ ਇੱਧਰ ਤੇ ਦੂਜਾ ਓਧਰ। ਤੇ ਕੁੜੀ ਨੂੰ ਜੀਤ ਰੋਹਬ ਦਿਖਾਈ ਜਾਊ। ਆਖਰ ਮੇਰੀ ਕੁੜੀ ਦੇ ਅੰਦਰ ਵੀ ਕੁਝ ਟੁੱਟਣਾ-ਭੱਜਣਾ ਸੀ। ਤੇ ਇਹੋ ਹੋਇਆ ਦੋਹਾਂ ਵਿਚਾਲ਼ੇ। ਜਦੋਂ ਮੇਰੀ ਧੀ ਦਾ ਅੰਦਰ ਟੁੱਟਾ, ਖੜਾਕ ਭਾਵੇਂ ਨਾ ਹੋਇਆ ਹੋਵੇ, ਪਰ ਉਸਦੇ ਅੰਦਰ ਦੇ ਕਿਰਚੇ-ਕਿਰਚੇ ਹੋ ਗਏ। ਦੂਜਾ ਪਿਉ ਦੀ ਆਖੀ ਗੱਲ ਜਿਵੇਂ ਉਸਦੇ ਅੰਦਰ ਨੂੰ ਚੀਰ ਗਈ। ਜੀਤ ਕਹਿਣ ਲੱਗਾ, "ਤੂੰ ਮੇਰੇ ਘਰੋਂ ਚਲੀ ਜਾਹ। ਤੇ ਰਹਿ ਕਿੱਧਰੇ ਬਾਹਰ। ਤੈਨੂੰ ਪੜ੍ਹਾ ਲਿਖਾ ਦਿੱਤੈ। ਤੂੰ ਚੰਗੀ ਕਮਾਈ ਕਰਦੀ ਐਂ। ਹੁਣ ਯੂ ਆਰ ਓਲਡ ਐਨਿਫ।"

ਕਿਰਨ ਵੀ ਅੱਗ ਦੀ ਨਾਲ਼। ਕੈਨੇਡਾ ਦੀ ਜੰਮ ਪਲ਼। ਕਹਿਣ ਲੱਗੀ, "ਡੈਡ! ਆਈ ਥੌਟ ਦਿਸ ਇਜ਼ ਮਾਈ ਹਾਊਸ ਟੂ। ਮੈਂ ਸੋਚਦੀ ਸੀ ਇਹ ਘਰ ਮੇਰਾ ਵੀ ਐ। ਮੈਨੂੰ ਨਹੀਂ ਸੀ ਪਤਾ ਕਿ ਅਸੀਂ ਸਾਰੇ ਤੇਰੇ ਘਰ ਵਿਚ ਰਹਿੰਦੇ ਹਾਂ। ਮੈਨੂੰ ਨਹੀਂ ਚਾਹੀਦਾ ਤੇਰਾ ਘਰ। ਰੱਖ ਆਪਣਾ ਘਰ ਆਪਣੇ ਕੋਲ਼। ਮੈਂ ਨਹੀਂ ਰਹਿੰਦੀ ਐਥੇ। ਜਿਸ ਦਿਨ ਤੈਨੂੰ ਇਸ ਬੋਈ (ਮੁੰਡੇ) ਦੀਆਂ ਹਰਕਤਾਂ ਪਤਾ ਲੱਗੀਆਂ ਤਾਂ ਮੇਰੇ ਕੋਲ਼ ਭੱਜਾ ਨਾ ਆਈਂ।" ਫੇਰ ਉਹ ਮੈਨੂੰ ਬੋਲੀ, "ਮੌਮ ਵ੍ਹਾਈ ਡੂ ਯੂ ਟੇਕ ਦਿਸ? ਕਿਉਂ ਸਹਿੰਦੇ ਹੋ ਇਹ ਸਭ। ਤੁਸੀਂ ਜੌਬ ਕਰਦੇ ਹੋਂ, ਯੂ ਸਲੇਵ ਯੂਅਰ ਸੈਲਫ। ਘਰ ਵਿਚ ਨੌਕਰਾਂ ਵਾਂਗ ਕੰਮ ਕਰਦੇ ਹੋ। ਕੀ ਕਦਰ ਪੈਂਦੀ ਹੈ ਤੁਹਾਡੀ।" ਆਖਦਿਆਂ ਉਹ ਉੱਪਰ ਗਈ, ਆਪਣਾ ਸਾਮਾਨ ਪੈਕ ਕੀਤਾ, ਦਗੜ ਦਗੜ ਕਰਦੀ ਪੌੜੀਆਂ ਉੱਤਰੀ ਤੇ ਸਾਮਾਨ ਗੱਡੀ 'ਚ ਜਾ ਧਰਿਆ। ਗੱਡੀ ਦੇ ਟਾਇਰਾਂ ਦੀਆਂ ਚੀਕਾਂ ਨਿੱਕਲੀਆਂ ਤੇ ਉਹ ਕਾਰ ਦੁੜਾਉਂਦੀ ਹੋਈ ਆਪਣੀ ਭੂਆ ਦੇ ਘਰ ਜਾ ਵੜੀ। ਉੱਥੇ ਭੂਆ ਜਿੰਦਰੋ ਦੇ ਗਲ਼ ਲੱਗ ਰੋਈ। ਫੇਰ ਵੀ ਕੁੜੀ ਚੰਗੀ ਸੀ, ਜਿਹੜੀ ਕਿਸੇ ਸਹੇਲੀ ਦੇ ਘਰ ਨਹੀਂ ਗਈ। ਤੇ ਨਾ ਉਸਨੇ ਹੋਰ ਕਿੱਧਰੇ ਜਾਣ ਬਾਰੇ ਸੋਚਿਆ।

ਜਿੰਦਰੋ ਨੇ ਫੋਨ ਕਰਕੇ ਜੀਤ ਨੂੰ ਚੰਗੀਆਂ ਸੁਣਾਈਆਂ ਵੀ। ਉਸਨੇ ਮੈਨੂੰ ਵੀ ਫਿਟਕਾਰਿਆ। ਮੈਨੂੰ ਤਾਂ ਉਸਦੀਆਂ ਗੱਲਾਂ ਤੋਂ ਸ਼ਰਮ ਆਈ ਪਰ ਜੀਤ ‘ਤੇ ਜਿਵੇਂ ਕੋਈ ਅਸਰ ਨਾ ਹੋਇਆ ਤੇ ਉਹ ਫੁੰਕਾਰੇ ਜਿਹੇ ਮਾਰਦਾ ਤੁਰਿਆ ਫਿਰਦਾ ਰਿਹਾ।

ਜੇ ਮੈਂ ਕਿਰਨ ਅਤੇ ਸੂਰਜ ਦੋਹਾਂ ਦਾ ਮੁਕਾਬਲਾ ਕਰਾਂ ਤਾਂ ਕਿਰਨ ਨੇ ਹਰ ਪੱਖ ਤੋਂ ਬਹੁਤ ਮਿਹਨਤ ਨਾਲ਼ ਆਪਣੇ ਆਪ ਨੂੰ ਸੰਭਾਲੀ ਰੱਖਿਆ। ਸੂਰਜ ਖਰਚ ਖੁਆ, ਪੜ੍ਹਾਈ ਵਿਚ ਚਲਾਵਾਂ ਜਿਹਾ। ਟਿਊਸ਼ਨਾਂ ਰੱਖ ਰੱਖ ਉਸਨੂੰ ਯੂਨੀਵਰਸਿਟੀ ਜਾਣ ਜੋਗਾ ਕੀਤਾ। ਤੇ ਉਹ ਪੈਸਾ ਖਰਚਣ ਲੱਗਾ ਨਹੀਂ ਸੋਚਦਾ। ਬਸ ਉਹ ਨਾਂ ਦਾ ਹੀ ਸੂਰਜ ਹੈ। ਤੇ ਮੇਰੀ ਕਿਰਨ, ਪੈਸਾ ਪੈਸਾ ਜੋੜ ਕੇ ਚੱਲੂ। ਪੜ੍ਹਨ ਵਿਚ ਹੁਸ਼ਿਆਰ, ਘਰ ਦੇ ਕੰਮ ਕਰਨ ਨੂੰ ਵੀ ਚੰਗੀ। ਆਏ ਗਏ ਨਾਲ਼ ਮੋਹ ਪਿਆਰ ਨਾਲ਼ ਮਿਲੂ। ਪਰ ਇਹ ਮੋਹ ਪਿਆਰ ਵੀ ਕੀ ਕਰੂ? ਜੇ ਉਸਨੂੰ ਪੈਰ ਪੈਰ 'ਤੇ ਨੀਵਾਂ ਦਿਖਾਇਆ ਜਾਂਦਾ

ਰਹੂ। ਮੁੰਡੇ ਨੂੰ ਹਰ ਨਵੀਂ ਵਸਤ ਤੇ ਉਸ ਵਿਚਾਰੀ ਲਈ ਪੁਰਾਣੀਆਂ ਚੀਜ਼ਾਂ। ਮੁੰਡੇ ਲਈ ਨਵੀਂ ਕਾਰ ਤੇ ਕੁੜੀ ਨੂੰ ਆਪਣੀ ਪੁਰਾਣੀ ਕਾਰ। ਮੁੰਡੇ ਦੀਆਂ ਫੀਸਾਂ ਜੀਤ ਭਰੂ ਤੇ ਕੁੜੀ ਪਾਰਟ ਟਾਈਮ ਕੰਮ ਕਰਕੇ ਫੀਸਾਂ ਭਰੂ ਤੇ ਪੜ੍ਹੂ। ਕਿੱਥੋਂ ਦਾ ਇਨਸਾਫ਼ ਐ ਇਹ? ਮੈਂ ਜਿੰਨੀ ਮਦਦ ਕਰ ਸਕਦੀ ਸਾਂ, ਕਰਦੀ ਰਹੀ। ਪਰ ਘਰ ਨੂੰ ਬੰਨ੍ਹੀ ਰੱਖਣ ਲਈ ਮੈਂ ਵੀ ਚੁੱਪ ਦਾ ਤੰਦੂਆ ਜਿਹਾ ਪਾ ਲਿਆ ਸੀ। ਲੋੜ ਵੇਲ਼ੇ ਮੈਂ ਕੁੜੀ ਨਾਲ਼ ਖੜੋ ਵੀ ਜਾਂਦੀ। ਉਸ ਦਿਨ ਪਤਾ ਨ੍ਹੀ ਮੈਨੂੰ ਕੀ ਹੋ ਗਿਆ? ਮੈਂ ਜਿਵੇਂ ਸੁੰਨ ਹੋ ਗਈ।

ਜਿਸ ਦਿਨ ਦੀ ਕੁੜੀ ਘਰੋਂ ਗਈ ਹੈ, ਉਸ ਦਿਨ ਦਾ ਜੀਤ ਚੁੱਪ ਰਹਿੰਦਾ ਹੈ। ਜੇ ਦੋ ਬੀਅਰ ਪੀ ਕੇ ਬੋਲਣ ਲੱਗਦਾ ਤਾਂ ਬੋਲੀ ਜਾਂਦਾ ਹੈ। ਕਿਸੇ ਨੂੰ ਮੱਤਾਂ ਦੇਣ ਲੱਗਦਾ ਹੈ ਤਾਂ ਇਉਂ ਜਿਵੇਂ ਸਾਰੀ ਦੁਨੀਆਂ ਦੀ ਉਸਨੂੰ ਖ਼ਬਰ ਹੋਵੇ। ਕੋਈ ਟੌਪਿਕ ਛੇੜ ਲਵੋ, ਦੇ ਤੇਰੇ ਦੀ, ਬੱਸ ਖਿੱਚੀ ਜਾਊ। ਕਿਸੇ ਨੂੰ ਬੋਲਣ ਨਾ ਦੇਊ। ਇਸ ਮਾੜੀ ਆਦਤ ਤੋਂ ਅਸੀਂ ਪਹਿਲਾਂ ਵੀ ਤੰਗ ਸਾਂ। ਪਰ ਹੁਣ ਤਾਂ ਹੱਦ ਈ ਹੋਗੀ।

ਪਹਿਲੇ ਦਿਨਾਂ ਵਿਚ ਜੀਤ ਬਾਕੀ ਦੋਸਤਾਂ ਨਾਲ਼ ਆਢਾ ਲਾ ਕੇ ਬੀਅਰ ਚਾੜ੍ਹਦਾ। ਹਜ਼ਮ ਹੋਵੇ ਜਾਂ ਨਾ। ਤੇ ਬਾਅਦ ਵਿਚ ਵਾਸ਼ਰੂਮ ਵਿਚ ਜਾ ਕੇ ਬੈਠਾ ਉਲਟੀਆਂ ਕਰਦਾ ਰਹਿੰਦਾ। ਮੈਂ ਵਰ੍ਹਿਆਂ ਦੇ ਵਰ੍ਹੇ ਉਸਦੇ ਕਾਰਨਾਮੇ ਢੱਕਦੀ ਵੀ ਰਹੀ। ਤੇ ਹੁਣ ਮੈਂ ਵੀ ਅੱਕ-ਥੱਕ ਗਈ ਹਾਂ। ਮੇਰੇ ਕੋਲ਼ੋਂ ਵੀ ਜੋ ਬੋਲ ਹੁੰਦਾ, ਮੈਂ ਬੋਲ ਦਿੰਦੀ ਹਾਂ। ਇਹੋ ਬੋਲਣਾ ਜਿਵੇਂ ਉਸਨੂੰ ਪਸੰਦ ਨਹੀਂ ਆਉਂਦਾ। ਉਸਦੀ ਹਉਮੈਂ ਨੂੰ ਠੇਸ ਲੱਗਦੀ ਐ। ਤੇ ਉਹ ਮੇਰੇ ਬੋਲਾਂ ਕਾਰਨ ਉੱਠ-ਉੱਠ ਦਰਵਾਜ਼ੇ ਭੰਨਦਾ ਹੈ। ਭਾਵੇਂ ਉਹ ਕਦੀ ਮੇਰੇ 'ਤੇ ਹੱਥ ਨ੍ਹੀ ਚੁੱਕਦਾ। ਪਰ ਠਿੱਪਕ ਠਿੱਪਕ ਕਰਕੇ ਤੁਰਦਾ ਹੈ ਜਿਵੇਂ ਮੈਂ ਉਸਤੋਂ ਡਰ ਜਾਊਂਗੀ। ਤੇ ਇਸ ਵਾਰ ਮੈਂ ਸੱਚ ਹੀ ਡਰ ਗਈ ਸਾਂ। ਜਿਵੇਂ ਕੋਈ ਬਘਿਆੜ ਤੁਹਾਡੇ ਦੁਆਲ਼ੇ ਝਪਕ ਕੇ ਪੈਂਦਾ ਹੋਵੇ। ਉਹ ਗ਼ੁੱਸੇ ਹੈ ਕੁੜੀ ‘ਤੇ ਜਾਂ ਸਾਡੇ ਸਾਰਿਆਂ ‘ਤੇ ਜਾਂ ਆਪਣੇ ਆਪ ‘ਤੇ। ਭਾਂਡਿਆਂ ਦੇ ਖੜਾਕ ਨੇ ਮੇਰੇ ਸਿਰ ਵਿਚ ਹੁਣ ਤਕ ਸਾਂ-ਸਾਂ ਲਾਈ ਹੋਈ ਐ। ਇਸੇ ਤਰ੍ਹਾਂ ਦਾ ਝੱਲ ਇਸਨੇ ਉਸ ਦਿਨ ਵੀ ਖਿਲਾਰਿਆ ਸੀ ਜਦੋਂ ਕੁੜੀ ਨੂੰ ਘਰੋਂ ਜਾਣ ਵਾਸਤੇ ਆਖਿਆ ਸੀ। ਤੇ ਅੱਜ ਸਵੇਰੇ ਉਹ ਮੈਨੂੰ ਮੂੰਹ ਨਾ ਦਿਖਾਲਣ ਦਾ ਮਾਰਿਆ ਘਰੋਂ ਨਿੱਕਲ ਗਿਆ। ਸ਼ਾਮ ਹੋਣ ‘ਤੇ ਆ ਗਈ ਹੈ। ਉਹ ਘਰ ਵਾਪਿਸ ਨਹੀਂ ਪਰਤਿਆ। ਮੈਂ ਕਈ ਵੇਰ ਬਾਹਰਲੇ ਦਰ ਕੋਲ਼ ਜਾ ਕੇ ਦੇਖ ਆਈ ਹਾਂ।

ਕੁੰਜੀ ਤਾਂ ਉਸ ਕੋਲ਼ ਹੋਣੀ ਚਾਹੀਦੀ ਐ। ਮੇਰੇ ਦੇਖਣ ਨਾਲ ਉਸਨੇ ਛੇਤੀਂ ਨਹੀਂ ਆ ਜਾਣੈ? ਮੈਂ ਸੋਚਦੀ ਹਾਂ, ਭਲਾ ਮੈਂ ਆਰਾਮ ਨਾਲ ਕਿਉਂ ਨਹੀਂ ਬੈਠਦੀ? ਮੈਂ ਕਿਉਂ ਫ਼ਿਕਰ ਕਰੀ ਜਾਂਦੀ ਹਾਂ? ਜਾਵੇ ਜਿੱਥੇ ਜਾਣਾ। ਘੁੰਮ ਫਿਰ ਕੇ ਘਰ ਹੀ ਆਉਣੈ। ਫੇਰ ਸੋਚਦੀ ਹਾਂ, ਮੈਨੂੰ ਉਸਦੇ ਨਾਲ਼ ਜਾਣਾ ਚਾਹੀਦਾ ਸੀ। ਕੀ ਪਤਾ ਸੱਚ ਹੀ ਕੋਈ ਸੀਰੀਅਸ ਗੱਲ ਹੋਵੇ? ਕੀ ਪਤਾ ਬੰਦੇ ਦੇ ਦਿਮਾਗ਼ ਦਾ। ਰਾਤ ਦੇ ਕੀਤੇ ‘ਤੇ ਪਛਤਾਉਂਦਾ ਹੋਇਆ ਕੁਝ ਕਰ ਨਾ ਲਵੇ। ਇਹ ਵੀ ਹੋ ਸਕਦੈ ਉਸਨੂੰ ਹਸਪਤਾਲ ਵਾਲਿਆਂ ਰੱਖ ਨਾ ਲਿਆ ਹੋਵੇ? ਵਾਹਿਗੁਰੂ-ਵਾਹਿਗੁਰੂ, ਕੀ ਸੋਚੀ ਜਾਂਦੀ ਹਾਂ ਮੈਂ ਵੀ?

ਸੂਰਜ ਡੁੱਬਣ ਵਿਚ ਘੜੀ ਕੁ ਦਾ ਵੇਲ਼ਾ ਸੀ। ਸੂਰਜ ਲਾਲੀ ਦੀ ਭਾਅ ਮਾਰਦਾ ਗਹਿਰੇ ਜਿਹੇ ਬੱਦਲਾਂ ਪਿੱਛੇ ਛਿਪਣ ਦੀ ਕੋਸ਼ਿਸ਼ ਕਰ ਰਿਹਾ ਸੀ। ਦੂਰ ਸੜਕ ਉੱਤੇ ਕਾਰਾਂ ਵਾਹੋ-ਦਾਹੀ ਭੱਜਦੀਆਂ, ਬਰੇਕਾਂ ਦੀਆਂ ਚੀਕਾਂ ਮਾਰਦੀਆਂ ਤੇ ਫੇਰ ਆਪਣੇ ਰਸਤੇ ਤੁਰ ਪੈਂਦੀਆਂ। ਕੰਮਾਂ ਤੋਂ ਵਾਪਸ ਪਰਤ ਰਹੇ ਲੋਕ, ਆਪਣੀਆਂ ਕਾਰਾਂ ਨੂੰ ਆਪਣੇ ਨਿਸ਼ਾਨੇ ਪਹੁੰਚਾਣ ਲਈ ਜਿਵੇਂ ਉਤਾਵਲੇ ਹੋਏ ਮਹਿਸੂਸ ਹੋ ਰਹੇ ਸਨ। ਤੇ ਮੈਂ ਤੁਰੀ ਫਿਰਦੀ ਸਾਂ ਫਿਕਰਾਂ ਵਿਚ। ਮੇਰੀ ਸਾਰ ਲੈਣ ਵਾਲਾ ਕੋਈ ਹੈ ਨਹੀਂ ਸੀ। ਮੇਰਾ ਸੂਰਜ ਵੀ ਸ਼ਾਇਦ ਯੂਨੀਵਰਸਿਟੀ ਗਿਆ ਹੋਵੇ ਤੇ ਕੁੜੀ? ਉਹ ਪਿਉ ਦੇ

ਆਖੇ ਆਪ ਘਰ ਛੱਡ ਕੇ ਚਲੀ ਗਈ ਸੀ।

ਫੇਰ ਸੋਚਦੀ ਹਾਂ ਕਿ ਇਹ ਜ਼ਰੂਰੀ ਤਾਂ ਨਹੀਂ ਕਿ ਜੀਤ ਹਸਪਤਾਲ ਵਿਚ ਹੀ ਬੈਠਾ ਰਹੂ। ਕਿੱਧਰੇ ਮਿੱਤਰਾਂ ਦੀ ਢਾਣੀ ਵਿਚ ਬੈਠਣ ਚਲਿਆ ਗਿਆ ਹੋਊ। ਪਾਰਕ ਵਿਚ ਅਕਸਰ ਉਸਦੇ ਮਿੱਤਰ ਇਕੱਠੇ ਹੁੰਦੇ ਹਨ।

ਸੋਚਦੀ ਹਾਂ, ਬੱਚਿਆਂ ਦਾ ਰਾਮ ਰੌਲ਼ਾ ਤਾਂ ਹਰ ਘਰ ਦੀ ਗੱਲ ਹੈ। ਜਿੱਥੇ ਦੋ ਭਾਂਡੇ ਹੋਣਗੇ, ਖੜਕਣਗੇ ਵੀ। ਜਦੋਂ ਬੱਚੇ ਨਿੱਕੇ ਸਨ, ਉਸ ਵੇਲ਼ੇ ਘਰ ਵਿਚ ਚਹਿਲ ਪਹਿਲ ਸੀ। ਜੀਤ ਵੀ ਬੱਚਿਆਂ ਨੂੰ ਘਨੇੜੀ ਚੁੱਕੀ ਫਿਰਦਾ ਸੀ। ਨਿੱਕੀ ਹੁੰਦੀ ਕਿਰਨ ਤਾਂ ਉਸਦੀਆਂ ਅੱਖਾਂ ਦਾ ਤਾਰਾ ਸੀ ਤੇ ਹੁਣ ਵੱਡੀ ਹੋਈ 'ਤੇ ਪਤਾ ਨਹੀਂ ਕੀ ਹੋ ਗਿਆ? ਕੁੜੀ ਨੇ ਕੋਈ ਐਸੀ ਗ਼ਲਤੀ ਵੀ ਨਹੀਂ ਕੀਤੀ ਪਰ ਫੇਰ ਵੀ...? ਹੋ ਸਕਦੈ, ਅੱਜ ਦੇ ਹਾਲਾਤ ਨੇ ਮਨੁੱਖ ਨੂੰ ਅੰਦਰੋਂ ਤੋੜ ਦਿੱਤਾ ਹੈ ਤੇ ਜੀਤ ਵੀ ...

ਇਹੋ ਸੋਚਦਿਆਂ ਹੋਇਆਂ, ਬਾਹਰਲੇ ਦਰ ਤਕ ਮੈਂ ਫਿਰ ਚਲੀ ਗਈ। ਦਰਵਾਜ਼ਾ ਖੋਲ੍ਹ ਕੇ ਆਲ਼ੇ-ਦੁਆਲ਼ੇ ਦੇਖਿਆ। ਬਾਹਰ ਉੱਡ ਰਹੇ ਪੱਤਿਆਂ ਤੋਂ ਬਿਨਾਂ ਕੋਈ ਨਜ਼ਰ ਨਹੀਂ ਸੀ ਆ ਰਿਹਾ। ਇਕ ਅੱਧੀ ਕਾਰ ਮੇਰੇ ਦਰ ਦੇ ਅੱਗਿਓਂ ਘੂੰਅ ਕਰਕੇ ਲੰਘ ਗਈ। ਕੰਮਾਂ ਵਾਲੇ ਘਰ ਪਰਤ ਰਹੇ ਸਨ। ਅੰਬਰ 'ਤੇ ਮਾੜੇ ਜਿਹੇ ਬੱਦਲ ਵੀ ਛਾ ਰਹੇ ਸਨ। ਪੱਤਝੜ ਦੀ ਰੁੱਤ ਵੀ ਜਿਵੇਂ ਅੰਤ ਵੱਲ ਵਧ ਰਹੀ ਸੀ। ਮੈਨੂੰ ਲੱਗਾ ਜਿਵੇਂ ਸਰਦੀ ਅਗੇਤੀ ਸ਼ੁਰੂ ਹੋ ਰਹੀ ਹੋਵੇ। ਕੈਨੇਡਾ ਵਿਚ ਪਤਾ ਹੀ ਨਹੀਂ ਚੱਲਦਾ ਕਿ ਕਦੋਂ ਸਨੋਅ ਪੈਣ ਲੱਗ ਜਾਵੇ। ਹੁਣੇ ਸੂਰਜ ਚਮਕੂ, ਤੇ ਠੰਢੀ ਹਵਾ ਵਗੂ, ਦੋ ਕੁ ਬੱਦਲ ਆਏ ਤੇ ਰੂੰ ਦੇ ਫੰਬੇ ਡਿੱਗਣ ਲੱਗ ਪੈਣਗੇ। ਧਿਆਨ ਆਪਣੇ ਸੂਰਜ ਵੱਲ ਜਾਂਦਾ ਹੈ। ਸੋਚਦੀ ਹਾਂ ਕਾਸ਼ ਮੇਰਾ ਸੂਰਜ ਵੀ ਕਦੀ ਚਮਕੇ? ਇਸਨੇ ਨਿੱਕੇ ਹੁੰਦੇ ਤੋਂ ਲੈ ਕੇ ਕੋਈ ਨਾ ਕੋਈ ਬਖੇੜਾ ਹੀ ਖੜ੍ਹਾ ਕਰੀ ਰੱਖਿਆ। ਅਸੀਂ ਇਹ ਆਖ ਕੇ ਗੱਲ ਲਾਂਭੇ ਕਰ ਦਿੰਦੇ ਰਹੇ, 'ਮੁੰਡੇ ਇੱਦਾਂ ਹੀ ਕਰਦੇ ਹੁੰਦੇ ਐ।'

ਮੈਂ ਬਾਹਰ ਦੂਰ ਤਕ ਦੇਖਦੀ ਹਾਂ। ਸਾਡੀ ਸੜਕ 'ਤੇ ਜਿਵੇਂ ਕੋਈ ਚਿੜੀ ਪਰਿੰਦਾ ਵੀ ਨਜ਼ਰ ਨਹੀਂ ਸੀ ਆਉਂਦਾ। ਮੈਂ ਸੈੱਲ ਫੋਨ ਮਿਲਾ ਕੇ ਜੀਤ ਨਾਲ਼ ਗੱਲ ਕਰਨਾ ਚਾਹੁੰਦੀ ਹਾਂ ਪਰ ਉਸਦਾ ਫੋਨ ਬੰਦ ਆ ਰਿਹਾ ਹੈ। ਸੋਚਦੀ ਹਾਂ, ਹੋ ਸਕਦੈ ਹਸਪਤਾਲ ਵਿਚ ਹੀ ਦੇਰ ਹੋ ਗਈ ਹੋਵੇ। ਉੱਥੇ ਫੋਨ ਵੀ ਬੰਦ ਰੱਖਣਾ ਪੈਂਦੈ। ਮਨ ਵਿਚ ਖਿਆਲ ਆਉਂਦੈ ਕਿ ਜੀਤ ਦੀ ਉਂ ਹੀ ਆਦਤ ਹੈ, ਫੋਨ ਜੇਬ ਵਿਚ ਪਾ ਲਊ ਪਰ ਉਸਨੂੰ ਕਦੀ ਔਨ ਨਾ ਕਰੂ।

ਮੇਨ ਰੋਡ ਉੱਤੇ ਕਾਰਾਂ ਦੀ ਭੱਜ ਦੌੜ ਸੁਣਾਈ ਦੇ ਰਹੀ ਸੀ। ਪਤਾ ਨ੍ਹੀ ਲੋਕਾਂ ਨੂੰ ਐਨੀ ਭਾਜੜ ਕਿਉਂ ਪਈ ਰਹਿੰਦੀ ਐ? ਮੈਂ ਸੋਚਦੀ ਹਾਂ ਮੈਨੂੰ ਮੇਰੀ ਧੀ ਦੀ ਕਾਰ ਹੀ ਨਜ਼ਰ ਆ ਜਾਵੇ? ਮੇਰੀਆਂ ਆਂਦਰਾਂ ਤੜਪਦੀਆਂ ਹਨ। ਪਰ ਕਿੱਥੇ? ਉਹ ਪਤਾ ਨਹੀਂ ਕਿਹੜੇ ਹਾਲ ਹੋਵੇਗੀ? ਕਿੰਨੇ ਦਿਨ ਹੋ ਗਏ ਉਸਨੂੰ ਗਈ ਨੂੰ। ਇਹ ਸੋਚਦਿਆਂ ਮੈਨੂੰ ਜੀਤ 'ਤੇ ਗ਼ੁੱਸਾ ਆਉਂਦਾ ਹੈ। ਮੇਰੇ ਅੰਦਰ ਕੁੱਝ ਬਲ਼ਣ ਲੱਗ ਪੈਂਦਾ ਹੈ। ਮੂੰਹ ਵਿਚ ਕੁੜੱਤਣ ਜਿਹੀ ਭਰ ਜਾਂਦੀ ਹੈ। ਜੀਅ ਕੀਤਾ ਮੈਂ ਆਪਣੀ ਕਾਰ ਲੈ ਕੇ ਕੁੜੀ ਨੂੰ ਘਰ ਲੈ ਆਵਾਂ। ਪਰ ਕਿੱਥੇ? ਉਹ ਵੀ ਅੱਗ ਦੀ ਨਾਲ਼ ਹੈ। ਉਹ ਆਪਣੇ ਪਿਉ ਤੋਂ ਸੌਰੀ ਅਖਵਾ ਕੇ ਹਟੂ। ਹੈ ਤਾਂ ਉਹ ਵੀ ਸੱਚੀ। ਕਿੰਨੀ ਕੁ ਦੇਰ ਉਹ ਪਿਉ ਭਰਾ ਦੀਆਂ ਸਹਿੰਦੀ ਰਹੂ? ਤੇ ਮੈਂ? ਮੇਰੀ ਜੈਨਰੇਸ਼ਨ ਨੇ ਤਾਂ ਮਰ ਪਿੱਟ ਕੇ ਜੀਅ ਲਿਆ। ਮੈਂ ਨਹੀਂ ਚਾਹੁੰਦੀ ਮੇਰੀ ਕੁੜੀ ਸੌਰੀ ਕਹੇ।

ਸਾਡੀ ਸਟਰੀਟ ਵਿਚ ਰਹਿਣ ਵਾਲੀ ਹੇਜ਼ਲ ਮੈਨੂੰ ਦੂਰੋਂ ਬੈਗ ਚੁੱਕੀ ਆਉਂਦੀ ਦਿਸੀ। ਜੀਅ ਕੀਤਾ ਉਸਦੀ ਉਡੀਕ ਕਰਾਂ, ਤੇ ਉਸਨੂੰ ਆਵਾਜ਼ ਮਾਰ ਲਵਾਂ। ਕੋਈ ਗੱਲ ਕਰਨ ਨੂੰ ਹੀ ਮਿਲੂ। ਫੇਰ ਸੋਚਿਆ ਕਾਹਨੂੰ ਬਲਾ ਗਲ਼ ਪਾਉਣੀ ਹੈ। ਜੇ ਇਹ ਗੱਲਾਂ ਕਰਨ ਬੈਠ ਗਈ ਤਾਂ ਇਸਨੇ ਬੰਦ ਹੀ

ਨ੍ਹੀ ਹੋਣਾ। ਟੁੱਟੇ ਰੇਡੀਓ ਵਾਂਗ ਖੜ-ਖੜ ਕਰੀ ਜਾਣੈ। ਭਲਾ ਅੱਜ ਕੱਲ ਕਿਹਦੇ ਕੋਲ਼ ਵਕਤ ਹੈ ਕਿਸੇ ਦੀ ਬਿਪਤਾ ਸੁਣੇ? ਤੇ ਫੇਰ ਹੇਜ਼ਲ ਦੀਆਂ ਕਹਾਣੀਆਂ ਤਾਂ ਮੁੱਕਦੀਆਂ ਹੀ ਨਹੀਂ। ਵਾਰ-ਵਾਰ ਆਖੂ, "ਭਲਾ ਇਕੱਲੀ ਜਿੰਦ ਦਾ ਵੀ ਕੀ ਜੀਣਾ ਡਾਰਲਿੰਗ।" ਮੈਂ ਅੱਜ ਘਰ ਇਕੱਲੀ ਹਾਂ ਤੇ ਸ਼ਾਇਦ ਉਸਦੀ ਹਾਲਤ ਮਾੜੀ ਮੋਟੀ ਸਮਝ ਰਹੀ ਹਾਂ। ਮੇਰੇ ਮੂੰਹੋਂ ਨਿਕਲਿਆ, "ਵਿਚਾਰੀ ਹੇਜ਼ਲ"

ਹੇਜ਼ਲ ਨੇ ਆਲ਼ਾ ਦੁਆਲ਼ਾ ਝਾਕਿਆ। ਜਿਵੇਂ ਸੋਚ ਰਹੀ ਹੋਵੇ, ਮੈਂ ਦਿਖਾਈ ਦੇ ਦੇਵਾਂ। ਮੈਂ ਹੀ ਉਸਦੀਆਂ ਝੱਲ-ਵਲੱਲੀਆਂ ਸੁਣ ਲੈਂਦੀ ਸਾਂ। ਮੇਰੀਆਂ ਆਂਢਣਾਂ-ਗੁਆਂਢਣਾਂ ਅਕਸਰ ਉਸਨੂੰ ਦੇਖ ਕੇ ਕੰਨੀ ਕਤਰਾਉਂਦੀਆਂ। ਉਸਨੂੰ ਦੇਖਦਿਆਂ ਸਾਰ ਦਰ ਬੰਦ ਕਰ ਲੈਂਦੀਆਂ। ਪਰ ਮੈਂ ਉਸਤੋਂ ਕਈ ਕੁੱਝ ਸਿੱਖ ਵੀ ਲੈਂਦੀ ਸਾਂ। ਇਕੱਲੇ ਰਹਿਣਾ ਕਿਹੜਾ ਸੌਖਾ ਪਿਆ? ਉਹ ਮੈਨੂੰ ਆਪਣੇ ਪਤੀ ਨਾਲ਼ ਜ਼ਿੰਦਗੀ ਦੇ ਕਿੱਸੇ ਦੱਸਦੀ। ਕਹਿੰਦੀ, "ਅੜੀਏ! ਔਰਤ ਨੂੰ ਆਪਣੇ ਆਪ ਥਾਂ ਨਹੀਂ ਮਿਲਦੀ। ਉਹ ਥਾਂ ਉਸਨੂੰ ਬਣਾਉਣੀ ਪੈਂਦੀ ਹੈ। ਮੇਰਾ ਐਡਮ ਬੜਾ ਪਿਆਰਾ ਸੀ। ਉਹ ਮੈਨੂੰ ਬਰਾਬਰ ਇੱਜ਼ਤ ਦਿੰਦਾ ਸੀ ਤੇ ਆਪਣੀ ਕਰਾਉਂਦਾ ਸੀ। ਜੇ ਭਲਾ ਉਹ ਮੇਰੀ ਇੱਜ਼ਤ ਨਾ ਕਰਦਾ ਤਾਂ ਘਰ ਵਿਚ ਆਪੇ ਜੂਤ ਪਤਾਣ ਹੋਣਾ ਸੀ। ਹੀ ਵਾਜ਼ ਸੱਚ ਏ ਡਾਰਲਿੰਗ। ਬਹੁਤ ਪਿਆਰਾ ਸੀ ਉਹ।"

ਮੈਂ ਕਈ ਵੇਰ ਐਡਮ ਅਤੇ ਜੀਤ ਦੋਹਾਂ ਬਾਰੇ ਸੋਚਦੀ। ਜੀਤ ਝੱਟ ਆਖ ਦੇਊ, "ਤੈਨੂੰ ਬੜਾ ਪਤਾ। ਬੈਠੀ ਰਹੁ ਰਾਮ ਨਾਲ਼।" ਭਲਾ ਕਿੱਥੇ ਗਿਆ ਮੋਹ ਤੇ ਕਿੱਥੇ ਗਈ ਇੱਜ਼ਤ? ਮੈਂ ਸੋਚਦੀ, ਮੈਂ ਤਾਂ ਪੂਰੀ ਉਮਰ ਤਰਸ ਗਈ ਕਿ ਜੀਤ ਪਿਆਰ ਨਾਲ ਬੋਲੇ। ਬੱਸ ਖਰ੍ਹਵਾ ਜਿਹਾ ਬੋਲੂ।

ਮੈਂ ਦਰਵਾਜ਼ੇ ਵਿਚ ਲੱਗੇ ਸ਼ੀਸ਼ੇ ਵਿਚੀਂ ਹੇਜ਼ਲ ਨੂੰ ਝਾਤੀ ਮਾਰ ਕੇ ਪਿੱਛੇ ਹਟ ਗਈ। ਵੈਸੇ ਵੀ ਕਨੇਡੀਅਨ ਲੋਕੀਂ ਆਪਣੇ ਅੰਦਰੀਂ ਹੀ ਜਿਉਂਦੇ ਹਨ। ਕੋਈ ਕਿਸੇ ਦੀ ਜ਼ਿੰਦਗੀ ਵਿਚ ਦਖ਼ਲ ਨਹੀਂ ਦਿੰਦਾ। ਇਨ੍ਹਾਂ ਦੇਸ਼ਾਂ ਵਿਚ ਲੋਕੀਂ ਫੁਸ-ਫੁਸ ਕਰਕੇ ਗੱਲ ਕਰਨਗੇ। ਕੋਈ ਮਰਦਾ ਹੈ ਤਾਂ ਵੀ ਫੁਸ-ਫੁਸ ਕਰਕੇ ਰੋਣਗੇ। ਮੇਰੀ ਦਰਾਣੀ ਕਹੂ, "ਭਲਾ ਇਹ ਵੀ ਕੀ ਹੱਸਣਾ ਰੋਣਾ ਹੋਇਆ? ਬੰਦਾ ਖੁੱਲ੍ਹ ਕੇ ਹੱਸੇ ਤੇ ਖੁੱਲ੍ਹ ਕੇ ਰੋਵੇ। ਸਾਡੀਆਂ ਬੁੜ੍ਹੀਆਂ ਕੈਨੇਡਾ ਵਿਚ ਵੀ ਕਿਸੇ ਮਰਗ 'ਤੇ ਸੰਘ ਪਾੜ-ਪਾੜ ਰੋਂਦੀਆਂ ਹਨ। ਉਨ੍ਹਾਂ ਨੂੰ ਦੂਜੇ ਦਾ ਦੁੱਖ ਹੋਵੇ ਜਾਂ ਨਾ, ਬੱਸ ਆ ਜਾਣਗੀਆਂ ਡੁਸਕਣ। ਅੱਖਾਂ ਵਿਚੋਂ ਪਾਣੀ ਜਾਵੇ ਜਾਂ ਨਾ ਜਾਵੇ। ਭਲਾ ਭੈਣ ਜੀ ਇਹ ਵੀ ਕੀ ਗੱਲ ਹੋਈ?"

ਮੈਨੂੰ ਸ਼ੌਪ ਵਾਲੀ ਹਰਜੀਤ ਕੋਰ ਚੇਤੇ ਆ ਗਈ। ਜਦੋਂ ਉਸਦਾ ਆਦਮੀ ਪੂਰਾ ਹੋਇਆ ਤਾਂ ਕਿੰਨਾ ਰੌਲ਼ਾ ਪਿਆ। ਹਰਜੀਤ ਕੋਰ ਦੇ ਬੱਚਿਆਂ ਨੂੰ ਦੁਕਾਨ ਦਾ ਵੀ ਫ਼ਿਕਰ। ਘਰ ਹਰ ਆਏ ਗਏ ਨੂੰ ਸਾਂਭਣ ਦੀ ਵੀ ਚਿੰਤਾ। ਤੇ ਆਉਣ ਜਾਣ ਵਾਲਿਆਂ ਨੂੰ ਆਪਣੇ ਰੋਣ-ਧੋਣ ਦਾ ਫ਼ਿਕਰ। ਹਰਜੀਤ ਕੋਰ ਆਖੇ, "ਭੈਣ ਜੀ! ਇਹ ਲੋਕ ਕਿਉਂ ਨ੍ਹੀ ਸਮਝਦੇ? ਹਰ ਇਕ ਨੇ ਆਪਣੇ ਘਰ ਦੀ ਹਾਲਤ ਨੂੰ ਆਪਣੇ ਤਰੀਕੇ ਨਾਲ਼ ਨਜਿੱਠਣਾ ਹੁੰਦੈ। ਬੰਦਾ ਕੰਮ ਸਾਂਭੇ ਜਾਂ ਆਏ ਗਏ ਨੂੰ। ਬੰਦੇ ਨੇ ਆਪਣੇ ਇਮੋਸ਼ਨਜ਼ ਨੂੰ ਵੀ ਕੰਟਰੋਲ ਕਰਨਾ ਹੁੰਦੈ। ਜੀਣ-ਥੀਣ ਦਾ ਰਾਹ ਵੀ ਭਾਲਣਾ ਹੁੰਦੈ।"

ਸ਼ੌਪ ਵਾਲ਼ੀ ਹਰਜੀਤ ਕੌਰ ਨੇ ਕਿਸੇ ਫਾਰਮ ਵਿਚ ਘਰ ਲਿਆ ਸੀ। ਤੇ ਉਸਨੇ ਮੈਨੂੰ ਘਰ ਦੀਆਂ ਫੋਟੋ ਦਿਖਾਈਆਂ ਸਨ। ਦੁਕਾਨ ਵਾਹਵਾ ਸੋਹਣੀ ਚੱਲਦੀ ਸੀ। ਟੈਕਸ ਤੋਂ ਬਚਣ ਵਾਸਤੇ ਉਨ੍ਹਾਂ ਨੇ ਪੈਸਾ ਹੋਰ ਕਿੱਧਰੇ ਲਾਉਣਾ ਸੀ। ਵੀਹ ਕੁ ਏਕੜ ਜ਼ਮੀਨ ਹੈ ਉਸ ਘਰ ਨਾਲ਼। ਸੱਤ-ਅੱਠ ਹਜ਼ਾਰ ਸੁਕੇਅਰ ਫੁੱਟ ਦਾ ਘਰ। ਜਿਸ ਦਿਨ ਉਸਨੇ ਮੈਨੂੰ ਦੱਸਿਆ, ਮੈਂ ਉਸਨੂੰ ਕਿਹਾ ਸੀ, "ਕਮਲ਼ੀਏ! ਐਡਾ ਵੱਡਾ ਘਰ ਕੀ ਕਰਨੈ? ਬੱਚੇ ਪਲ਼ ਗਏ, ਪੜ੍ਹ ਗਏ। ਕੰਮਾਂ ਉੱਤੇ ਲੱਗ ਗਏ। ਵਿਆਹ ਹੋਣਗੇ ਤਾਂ ਆਪਣੇ ਘਰੀਂ ਚਲੇ ਜਾਣਗੇ। ਕੀ ਕਰੇਂਗੀ ਐਡੇ ਘਰ ਨੂੰ? ਸਾਫ਼-ਸਫ਼ਾਈਆਂ ਹੀ ਮੱਤ ਮਾਰ ਲੈਣਗੀਆਂ।"

ਹਰਜੀਤ ਕੋਰ ਬੋਲੀ, "ਭੈਣ ਜੀ! ਮੈਨੂੰ ਉਮਰ ਭਰ ਚਾਅ ਰਿਹੈ ਵੱਡੇ ਘਰ ਦਾ। ਡਾਲਸ ਦਾ

ਸ਼ੋਅ ਦੇਖਦੀ ਤਾਂ ਉਨ੍ਹਾਂ ਦਾ ਚਿੱਟਾ ਦੁੱਧ ਘਰ ਤੇ ਰੈਂਚ ਦੇਖ ਕੇ ਮੇਰੇ ਅੰਦਰ ਹੌਲ ਜਿਹਾ ਪੈਂਦਾ। ਮੈਂ ਸਾਰੀ ਉਮਰ ਨਾ ਦਿਨ ਦੇਖਿਆ ਨਾ ਰਾਤ। ਘਰ ਬਣਾਉਣ ਵਾਸਤੇ ਜੂੜ ਮਾਰਦੀ ਰਹੀ। ਮੈਂ ਵੀ ਵੱਡਾ ਘਰ ਆਪਣੀ ਮਰਜ਼ੀ ਨਾਲ਼ ਖਰੀਦਿਆ। ਹੁਣ ਚਾਅ ਤਾਂ ਪੂਰਾ ਕਰ ਲਵਾਂ। ਮੈਂ ਆਪਣੀ ਪਸੰਦ ਦਾ ਫਰਨੀਚਰ ਪਾਇਆ। ਖੂਬ ਸਜਾਇਆ ਘਰ ਨੂੰ। ਆਇਓ ਤੁਸੀਂ ਕਿਸੇ ਦਿਨ।"

ਮੈਂ ਦੇਖਣ ਗਈ। ਕੀ ਸਵਰਗ ਵਰਗਾ ਮਹਿਲ ਸੀ ਉਸਦਾ। ਮੈਂ ਸੋਚਦੀ ਕਿ ਹਰ ਔਰਤ ਅੰਦਰ ਇਕ ਖਲਾਅ ਹੈ ਜਿਹੜਾ ਉਹ ਚੀਜ਼ਾਂ ਵਸਤਾਂ ਨਾਲ਼ ਸ਼ਾਇਦ ਭਰਨਾ ਚਾਹੁੰਦੀ ਹੋਵੇ। ਹੋ ਸਕਦੈ ਹਰਜੀਤ ਕੋਰ ਨੇ ਵੀ ਕੋਈ ਅੰਦਰਲਾ ਟੋਆ ਪੂਰਨਾ ਚਾਹਿਆ ਹੋਵੇ। ਪਰ ਉਹ ਘਰ ਹਰਜੀਤ ਨੂੰ ਮਾਨਣਾ ਨਾ ਮਿਲਿਆ। ਛੇ ਮਹੀਨੇ ਉਹ ਉਸ ਘਰ ਵਿਚ ਨਾ ਰਹਿ ਸਕੀ। ਆਦਮੀ ਨੂੰ ਹਾਰਟ ਅਟੈਕ ਹੋ ਗਿਆ। ਦੁਕਾਨ ਚਲਾਉਣ ਨੂੰ ਬੰਦੇ ਨਾ ਰਹੇ। ਮੁੰਡੇ ਪੜ੍ਹ ਕੇ ਆਪਣੇ ਕੰਮਾਂ 'ਤੇ ਚਲੇ ਗਏ ਸਨ। ਦੁਕਾਨ ਤਾਂ ਮਾਂ-ਪਿਉ ਦੀ ਸੀ। ਉਨ੍ਹਾਂ ਨੇ ਆਪਣੇ ਰਾਹ ਪਹਿਲਾਂ ਤਰਾਸ਼ੇ ਹੋਏ ਸਨ। ਤੇ ਆਪ ਉਸਨੂੰ ਬਰੈਸਟ ਕੈਂਸਰ ਨੇ ਖਾ ਲਿਆ। ਉਹ ਕੀਮੋ ਥਰਪੀ ਕਰਾਉਂਦੀ ਹੱਡੀਆਂ ਦੀ ਮੁੱਠ ਰਹਿ ਗਈ। ਨਾ ਸਿਹਤ ਰਹੀ ਅਤੇ ਨਾ ਰੂਹ ਵਿਚ ਉਹ ਖਿੱਚ ਘਰ ਮਾਨਣ ਦੀ। ਐਡੇ ਘਰ ਵਿਚ ਇਕੱਲੀ। ਘਰ ਦੇ ਖਰਚੇ ਕਿੱਦਾਂ ਚੱਕੂ? ਉਸਦੀ ਸਾਫ਼ ਸਫ਼ਾਈ ਕਿੱਦਾਂ ਕਰੂ? ਹੁਣ ਘਰ ਦੇ ਮੋਹਰੇ ਸੇਲ ਦਾ ਫੱਟਾ ਲੱਗਿਆ ਹੋਇਐ।

ਅਸੀਂ ਸਾਰੇ ਇਹੋ ਕੁੱਝ ਕਰਦੇ ਹਾਂ, ਮੈਂ ਸੋਚਦੀ। ਅੱਜ ਵਿਚ ਤਾਂ ਜਿਉਂਦੇ ਹੀ ਨਹੀਂ। ਆਉਣ ਵਾਲੇ ਟਾਇਮ ਨੂੰ ਸੰਵਾਰਨ ਵਿਚ ਲੱਗੇ ਰਹਿੰਦੇ ਹਾਂ। ਇਸ ਗੱਲੋਂ ਗੋਰੇ ਚੰਗੇ ਹਨ। ਉਹ ਜ਼ਿੰਦਗੀ ਅੱਜ ਵਿਚ ਮਾਣ ਕੇ ਜਿਉਂਦੇ ਹਨ। ਤੇ ਸਾਡੇ ਕੰਮਾਂ ਕਾਰਾਂ ਵਿਚ ਬੱਚੇ ਰੁਲ਼-ਖੁਲ਼ ਕੇ ਪਲ਼ ਜਾਂਦੇ ਹਨ। ਭਲਾ ਕਿਉਂ? ਅਸੀਂ ਪਹਿਲਾਂ ਇਨ੍ਹਾਂ ਦੇਸ਼ਾਂ ਵਿਚ ਸੈਟਲ ਹੋਣ ਨੂੰ ਕੰਮ ਕਰਦੇ ਰਹੇ ਤੇ ਫੇਰ ਬੱਚਿਆਂ ਦੇ ਭਵਿੱਖ ਖਾਤਰ ਕੰਮ ਕਰਦੇ ਰਹੇ। ਆਪਣੇ ਆਪ ਲਈ ਤਾਂ ਜੀਵੇ ਹੀ ਨਹੀਂ। ਤੇ ਬੱਚਿਆਂ ਨੇ ਜੋ ਸਿਸਟਮ ਤੋਂ ਸਿਖਿਆ, ਉਹੀ ਗ੍ਰਹਿਣ ਕਰਨਗੇ। ਮੇਰੀ ਕੁੜੀ ਵੀ ਉਸ ਨਵੀਂ ਸੋਚ ਦੀ ਹੀ ਪੈਦਾਇਸ਼ ਹੈ। ਮੈਂ ਕਿਵੇਂ ਉਸਨੂੰ ਬਦਲ ਲਵਾਂ। ਇੱਥੋਂ ਦੇ ਬੱਚੇ ਇਮਾਨਦਾਰ ਹਨ। ਜੋ ਕਹਿੰਦੇ ਹਨ ਕਰਦੇ ਹਨ, ਉਨ੍ਹਾਂ ਵਿਚ ਭਿੰਨ-ਭੇਦ ਨਹੀਂ ਰੱਖਦੇ।

ਤੇ ਹੇਜ਼ਲ ਵੀ ਉਸੇ ਸਿਸਟਮ ਵਿਚ ਵਲ਼ੀ ਹੋਈ ਹੈ। ਇਕੱਲੀ ਰਹਿੰਦੀ ਹੈ। ਕਈ ਵਰ੍ਹੇ ਪਹਿਲਾਂ ਇਸਦਾ ਆਦਮੀ ਕੈਂਸਰ ਦੀ ਬਿਮਾਰੀ ਨੇ ਖਾ ਲਿਆ। ਪਤਾ ਉਦੋਂ ਲੱਗਾ ਜਦੋਂ ਕੈਂਸਰ ਅਖੀਰਲੀ ਸਟੇਜ 'ਤੇ ਸੀ। ਜਿਸ ਦਿਨ ਹੇਜ਼ਲ ਐਡਮ ਨੂੰ ਹਸਪਤਾਲ ਲੈ ਕੇ ਗਈ, ਹਸਪਤਾਲ ਵਾਲਿਆਂ ਨੇ ਉਦੋਂ ਹੀ ਜਵਾਬ ਦੇ ਦਿੱਤਾ। ਕਹਿਣ ਲੱਗੇ, "ਤੁਸੀਂ ਜਿਸਨੂੰ ਸੱਦਣਾ ਚਾਹੁੰਦੇ ਹੋ ਸੱਦ ਲਵੋ। ਕਿਹੜੀ ਘੜੀ ਇਹ ਤੁਰ ਜਾਵੇ ਪਤਾ ਨ੍ਹੀ।"

ਹੇਜ਼ਲ ਨੇ ਉਸੇ ਵੇਲ਼ੇ ਬਰਾਇਨ ਨੂੰ ਟੈਲੀਫੋਨ ਕਰ ਦਿੱਤਾ। ਬਰਾਇਨ ਅਤੇ ਪੈਮਿਲਾ ਦੋਨੋਂ ਸ਼ਾਮ ਨੂੰ ਹਸਪਤਾਲ ਪਹੁੰਚ ਗਏ। ਬਰਾਇਨ ਇਕੱਲਾ ਪੁੱਤ, ਉਸਤੋਂ ਜੋ ਬਣਿਆ ਸਰਿਆ ਮਾਂ ਦੀ ਮੱਦਦ ਕੀਤੀ। ਜਿਸ ਦਿਨ ਐਡਮ ਤੁਰਿਆ, ਉਸ ਦਿਨ ਅਸੀਂ ਗਲ਼ੀ-ਗੁਆਂਢ ਨੇ ਖਾਣਾ ਬਣਾ ਕੇ ਹੇਜ਼ਲ ਨੂੰ ਪਹੁੰਚਾਇਆ। ਐਡਮ ਦੇ ਫਿਊਨਰਲ ਤੋਂ ਬਾਅਦ ਹੇਜ਼ਲ ਅਤੇ ਬਰਾਇਨ ਨੇ ਪਾਰਟੀ ਕੀਤੀ। ਕਹਿੰਦੇ, 'ਅਸੀਂ ਐਡਮ ਦੀ ਜ਼ਿੰਦਗੀ ਨੂੰ ਸੈਲੀਬਰੇਟ ਕਰਨਾ ਹੈ। ਉਹ ਵਧੀਆ ਜ਼ਿੰਦਗੀ ਕੱਟ ਕੇ ਗਿਐ।' ਬਰਾਇਨ ਐਡਮ ਦੇ ਫਿਊਨਰਲ ਤੋਂ ਦੋ ਤਿੰਨ ਦਿਨ ਬਾਅਦ ਤਕ ਹੇਜ਼ਲ ਕੋਲ਼ ਰਿਹਾ। ਆਖ਼ਰ ਉਸਨੇ ਵੀ ਆਪਣੇ ਕੰਮ ਉੱਤੇ ਮੁੜਨਾ ਸੀ। ਪੈਮਿਲਾ ਤਾਂ ਫਿਊਨਰਲ ਤੋਂ ਦੂਜੇ ਦਿਨ ਬਾਅਦ ਹੀ ਚਲੀ ਗਈ ਸੀ ਤੇ ਹੇਜ਼ਲ ਨੂੰ ਆਖ ਗਈ ਸੀ, "ਹੇਜ਼ਲ! ਜਦੋਂ ਲੋੜ ਹੋਵੇ ਸਾਨੂੰ ਸੱਦ ਲਵੀਂ। ਜਦੋਂ ਤੇਰਾ ਜੀਅ ਕਰੇ ਤਾਂ ਸਾਡੇ ਕੋਲ਼ ਆ ਜਾਵੀਂ।" ਕੀ ਕਰਦੀ ਪੈਮਿਲਾ ਵੀ? ਸਿਸਟਮ ਅਨੁਸਾਰ ਐਡਮ ਉਸਦਾ ਸਹੁਰਾ ਸੀ। ਸਹੁਰੇ ਦੇ ਮਰਨ 'ਤੇ ਛੁੱਟੀਆਂ ਨਹੀਂ ਮਿਲਦੀਆਂ। ਜੇ

ਉਸਦਾ ਬਾਪ ਹੁੰਦਾ ਤਾਂ ਤਿੰਨ ਦਿਨਾਂ ਦੀਆਂ ਛੁੱਟੀਆਂ ਮਿਲ ਜਾਣੀਆਂ ਸਨ। ਪੈਮਿਲਾ ਨੇ ਦੋ ਸਿੱਕ ਲੀਵ ਜ਼ਰੂਰ ਮਾਰ ਲਈਆਂ ਸਨ। ਬਿਮਾਰੀ ਤੋਂ ਵਧੀਆ ਬਹਾਨਾ ਹੋਰ ਕਿਹੜਾ ਹੋ ਸਕਦੈ? ਭਲਾ ਕਿੱਦਾਂ ਕਿਸੇ ਨੂੰ ਪਤਾ ਲੱਗੂ ਕਿ ਤੁਸੀਂ ਬਿਮਾਰ ਨਹੀਂ? ਤੇ ਹੁਣ ਉਸਨੂੰ ਕੰਮ ਉੱਤੇ ਪਰਤਣਾ ਪੈਣਾ ਸੀ ਨਹੀਂ ਤਾਂ ਤਨਖਾਹ ਕੱਟੀ ਜਾਣੀ ਸੀ।

ਉਸ ਵੇਲੇ ਹੇਜ਼ਲ ਦੀ ਸਿਹਤ ਚੰਗੀ ਸੀ। ਇਕਲਾਪਾ ਉਸਨੇ ਕਦੀ ਭੋਗਿਆ ਨਹੀਂ ਸੀ। ਐਡਮ ਦੇ ਜਾਣ ਤੋਂ ਬਾਅਦ ਹੇਜ਼ਲ ਵਿਚ ਜਿਵੇਂ ਅੰਤਰ ਆ ਗਿਆ। ਉਹ ਚਿੜ-ਚਿੜੀ ਜਿਹੀ ਹੋ ਗਈ। ਹਰ ਇਕ 'ਤੇ ਗ਼ੁੱਸਾ ਕੱਢਦੀ। ਹਰ ਇਕ ਨੂੰ ਮਿਹਣੇ ਜਿਹੇ ਮਾਰਦੀ ਤੇ ਇਸੇ ਵਾਸਤੇ ਹਰ ਕੋਈ ਉਸਤੋਂ ਦੂਰ ਭੱਜਦਾ। ਹੈ ਵੀ ਠੀਕ, ਹਰ ਕੋਈ ਆਪਣੀ ਜ਼ਿੰਦਗੀ ਵਿਚ ਮਸਰੂਫ਼ ਹੈ। ਦੁਨੀਆਂ ਆਪਣੀ ਰਫ਼ਤਾਰ ਨਾਲ਼ ਦੌੜੀ ਜਾ ਰਹੀ ਹੈ। ਜੀਤ ਵੀ ਸ਼ਾਇਦ ਇਸੇ ਖਿੱਚੋਤਾਣ ਵਿਚ ਵਲ਼ਿਆ ਹੋਇਐ। ਦੌੜ ਦੌੜ ਕੰਮ ਕਰਦਾ ਰਿਹਾ। ਨਾ ਦਿਨੇ ਚੈਨ ਨਾ ਰਾਤ ਦੀ ਨੀਂਦ ਪੂਰੀ। ਤੇ ਹੁਣ ...? ਜਦੋਂ ਦੀ ਲੇਅ ਔਫ ਹੋਈ ਹੈ, ਇਸ ਤਰ੍ਹਾਂ ਲੱਗਦਾ ਜਿਵੇਂ ਉਹ ਖਾਲੀ ਰਹਿ ਗਿਆ ਹੋਵੇ, ਪੋਲਮ ਪੋਲ। ਦੌੜ ਦੌੜ ਕੰਮ ਕਰਦਿਆਂ ਬੱਚਿਆਂ ਨੂੰ ਵਕਤ ਦਿੱਤਾ ਨਹੀਂ। ਇਹ ਵੀ ਸਮਝਿਆ ਨਹੀਂ ਕਿ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਕਿਵੇਂ ਸਮਝਣਾ ਸੁਲਝਾਉਣਾ ਹੈ। ਮਾੜੀ ਜਿਹੀ ਸਮੱਸਿਆ ਪੈਦਾ ਹੋਈ, ਕੁੜੀ ਨੂੰ ਘਰੋਂ ਕੱਢ ਦਿੱਤਾ। ਤੇ ਹੁਣ ਗੁਨਾਹ ਦੇ ਭਾਰ ਹੇਠ ਉਸਨੂੰ ਜਿਵੇਂ ਸਾਹ ਨਹੀਂ ਆਉਂਦਾ। ਤੁਰਿਆ ਫਿਰਦਾ ਕਮਲ਼ਿਆਂ ਵਾਂਗ।

ਇਹ ਸੋਚਦਿਆਂ ਹੋਇਆਂ ਮੈਂ ਅੰਦਰ ਆ ਕੇ ਕਿਸੇ ਕੰਮ ਧੰਦੇ ਨੂੰ ਹੱਥ ਪਾਉਣਾ ਚਾਹੁੰਦੀ ਹਾਂ। ਮਨ ਟਿਕ ਨਹੀਂ ਰਿਹਾ। ਸੋਚਦੀ ਹਾਂ ਮਨ ਕਿਉਂ ਇਸ ਤਰ੍ਹਾਂ ਨਿਰਬਲ ਹੋ ਜਾਂਦੈਂ? ਨਿਰਾ ਡਿਪੈਂਡੰਟ।

ਮੈਂ ਕਦੀ ਅੰਦਰ ਅਤੇ ਕਦੀ ਬਾਹਰ ਵੱਲ ਤੱਕਦੀ ਹਾਂ। ਦੂਰ ਤਕ ਕੋਈ ਦਿਖਾਈ ਨਹੀਂ ਸੀ ਦੇ ਰਿਹੈ। ਮੈਂ ਆਪਣੇ ਮਨ ਨੂੰ ਆਖਦੀ ਹਾਂ, 'ਭਲਿਆਮਾਣਸਾ! ਹੁਣ ਆਪਾਂ ਹੀ ਹਾਂ ਇਸ ਦੁਨੀਆਂ ਵਿਚ।' ਇਹ ਆਖਦਿਆਂ ਜਿਵੇਂ ਮੇਰਾ ਹਾਸਾ ਨਿੱਕਲ ਗਿਆ। ਪਰ ਸੁਣਨ ਵਾਲਾ ਮੇਰੇ ਦੁਆਲ਼ੇ ਕੋਈ ਨਹੀਂ। ਮੈਨੂੰ ਲੱਗਿਆ ਜਿਵੇਂ ਮੈਂ ਵੀ ਹੇਜ਼ਲ ਵਿਚ ਤਬਦੀਲ ਹੋ ਰਹੀ ਹੋਵਾਂ। ਆਪਣੇ ਆਪ ਨਾਲ਼ ਗੱਲਾਂ ਕਰੀ ਜਾ ਰਹੀ ਹੋਵਾਂ।

ਹੇਜ਼ਲ ਫੇਰ ਮਨ ਦੇ ਕੋਨੇ ਵਿਚ ਉੱਭਰ ਆਉਂਦੀ ਹੈ। ਉਹ ਕਈ ਵੇਰ ਟੈਲੀਫੋਨ ਕਰਕੇ ਆਖੇਗੀ, "ਅੜੀਏ! ਮੈਂ ਬੋਰ ਹੋਈ ਪਈ ਹਾਂ। ਕੀ ਕਰਾਂ? ਇਕੱਲੀ ਔਰਤ ਦੀ ਕੀ ਜੂਨ ਐ? ਮੇਰਾ ਬਰਾਇਨ ਆਖਦੈ, ਮੌਮ! ਤੂੰ ਬਾਹਰ ਨਿੱਕਲ। ਕਿਸੇ ਨੂੰ ਮਿਲ-ਗਿਲ਼। ਡਾਰਲਿੰਗ! ਤੂੰ ਹੀ ਦੱਸ ਕਿਸਨੂੰ ਮਿਲਾਂ ਤੇ ਕਿੱਥੇ?"

"ਭੈੜੀਏ! ਕੋਈ ਫਰੈਂਡ ਬਣਾ ਲੈ। ਯੋਗਾ ਦੀਆ ਕਲਾਸਾਂ ਅਟੈਂਡ ਕਰ ਲੈ। ਲਾਇਬਰੇਰੀ ਜਾਹ। ਤੇਰਾ ਜੀਅ ਆਪੇ ਲੱਗ ਜਾਣੈ। ਕਿਸੇ ਨੂੰ ਮਿਲੇਂਗੀ। ਕੋਈ ਨਵਾਂ ਦੋਸਤ ਬਣੂੰ। ਤੇ ਫੇਰ ਅੱਜ ਕੱਲ ਇਲੈਕਟਰੌਨਿਕ ਮੀਡੀਏ ਦਾ ਸਮਾਂ ਹੈ। ਕੰਪਿਊਟਰ 'ਤੇ ਹੀ ਕੁਝ ਲਿਖ-ਪੜ੍ਹ।" ਮੈਂ ਉਸਨੂੰ ਸਮਝਾਉਂਦੀ ਹੋਈ ਆਖਦੀ।

"ਨੋ, ਇਟ ਡਜ਼ ਨੌਟ ਅਪੀਲ ਮੀ। ਮੈਂ ਕੰਪਿਊਟਰ ਦੇ ਨੇੜੇ ਵੀ ਨਹੀਂ ਜਾ ਸਕਦੀ। ਕਲਾਸਾਂ ਲਵਾਂ ਤਾਂ ਇਸ ਠੀਪਰ ਨੂੰ ਚਲਾਵਾਂ। ਕੀ ਕਰਾਂ? ਸੋਚਦੀ ਹਾਂ, ਕੋਈ ਹੋਵੇ ਜਿਸ ਨਾਲ਼ ਮੈਂ ਗੱਲਾਂ-ਬਾਤਾਂ ਕਰਾਂ। ਦਿਲ ਦੀਆਂ ਘੁੰਡੀਆਂ ਖੋਲ੍ਹਾਂ। ਗੱਪਾਂ ਮਾਰਾਂ। ਕੌਫੀ ਪੀਵਾਂ।" ਆਖਦਿਆਂ ਉਹ ਜਿਵੇਂ ਚੁੱਪ ਹੋ ਕੇ, ਹੋਰ ਵੀ ਬਹੁਤ ਕੁਝ ਆਖ ਜਾਂਦੀ। ਉਹ ਜਿਵੇਂ ਮੇਰੇ ਮਨ ਦੀ ਗੱਲ ਬੁੱਝ ਲੈਂਦੀ।

"ਹੇਜ਼ਲ ਡਾਰਲਿੰਗ! ਕੋਈ ਪਰਮਾਨੈਂਟ ਸਲੂਸ਼ਨ ਲੱਭ। ਮੇਰਾ ਮਤਲਬ ਐ ਕੋਈ ਸਾਥੀ।" ਮੈਂ ਜਿਵੇਂ ਪੱਲਾ ਛਡਾਉਣਾ ਚਾਹੁੰਦੀ। ਮੈਂ ਸੋਚਦੀ ਕਿ ਜੇ ਇਸ ਕੋਲ਼ ਕੋਈ ਸਾਥੀ ਹੋਵੇਗਾ ਤਾਂ

ਸਾਰੀ ਸਟਰੀਟ ਦੇ ਬੰਦੇ ਸੁਖੀ ਹੋ ਜਾਣਗੇ। ਵਰਨਾ ਹਰ ਇਕ ਨੂੰ ਹੇਜ਼ਲ ਦੀ ਚਿੰਤਾ ਰਹਿੰਦੀ। ਵਿਚਾਰੀ ਹੇਜ਼ਲ ਇਕੱਲੀ ਐ। ਉਸ ਲਈ ਆਹ ਕਰੋ- ਔਹ ਕਰੋ। ਘੱਟੋ-ਘੱਟ ਇਹ ਆਪਣੇ ਸਾਥੀ ਦਾ ਸਿਰ ਤਾਂ ਖਾਊ।

"ਇਸ ਉਮਰ ਤੇ? ਤੂੰ ਕਮਲੀ ਤੇ ਨਹੀਂ ਹੋ ਗਈ। ਉਹ ਮੈਨੂੰ ਸਾਂਭੂ ਜਾਂ ਮੈਂ ਉਸਨੂੰ? ਤੇਰੇ ਕਹਿਣ ਦਾ ਭਾਵ ਮੈਂ ਉਸਦੀਆਂ ਬੁੱਤੀਆਂ ਕਰਿਆ ਕਰੂੰ। ਉਸਦੀ ਖਊਂ-ਖਊਂ ਸੁਣਿਆ ਕਰੂੰ। ਕਦੀ ਉਸਦੀ ਚਾਹ ਦਾ ਵਕਤ ਤੇ ਕਦੀ ਕੌਫੀ ਦਾ ਵਕਤ। ਮੈਂ ਤਾਂ ਤੁਰੀ ਰਹੂੰ ਸਾਰਾ ਦਿਨ ਉਸ ਲਈ ਕੁਝ ਨਾ ਕੁਝ ਕਰਦੀ। ਇਹ ਉਮਰ ਹੈ ਮੇਰੀ ਬੁੱਤੀਆਂ ਕਰਨ ਦੀ?" ਆਖਦਿਆਂ ਹੇਜ਼ਲ ਹਿੜ-ਹਿੜ ਹੱਸਦੀ। ਉਸਦੇ ਹਾਸੇ ਵਿਚ ਵੀ ਖੁਸ਼ੀ ਜਿਹੀ ਨਾ ਮਹਿਸੂਸ ਹੁੰਦੀ। ਕਿਸੇ ਪੀੜ ਦੀ ਟੁਣਕਾਰ ਜ਼ਰੂਰ ਕੰਨਾਂ ਨੂੰ ਕੁਰੇਦਦੀ। ਅੱਜ ਦੇ ਵੇਲ਼ੇ ਦਾ ਸੰਤਾਪ ਜਿਵੇਂ ਹਵਾ ਵਿਚ ਫੈਲਿਆ ਮਹਿਸੂਸ ਹੁੰਦਾ। ਮੈਂ ਵੀ ਸੋਚਦੀ, ਸ਼ਾਇਦ ਅਸੀਂ ਵੀ ਇਸੇ ਵਾਸਤੇ ਰਿਸ਼ਤੇ ਨਾਲ਼ ਲਟਕਦੇ ਰਹੀਦਾ ਹੈ ਤਾਂਕਿ ਇਕੱਲੇ ਸੁੰਨ ਸਾਨ ਜ਼ਿੰਦਗੀ ਨਾ ਹੰਢਾਈਏ।

ਮੈਂ ਵਿੰਡੋ ਵਿਚੀਂ ਤੱਕਿਆ। ਜੀਤ ਹਾਲੀਂ ਵੀ ਨਹੀਂ ਸੀ ਵਿਖਾਈ ਦਿੱਤਾ। ਮੇਰੇ ਅੰਦਰ ਜਿਵੇਂ ਕੰਡਾ ਜਿਹਾ ਚੁਭਿਆ। ਐਂਵੇਂ ਐਡਮ ਚੇਤੇ ਆ ਗਿਆ। ਕੀ ਪਤਾ ...? ਫੇਰ ਸੋਚਦੀ ਹਾਂ, ਭੈੜੀਏ! ਕਿਉਂ ਬੁਰਾ ਸੋਚਦੀ ਐਂ? ਸਭ ਠੀਕ ਹੀ ਹੋਵੇਗਾ।

ਮੇਰੀ ਇਕੱਲਤਾ ਮੈਨੂੰ ਦੰਦੀਆਂ ਵੱਢ ਰਹੀ ਹੈ। ਗ਼ੁੱਸਾ ਅੰਦਰ ਰੀਂਘ ਰਿਹੈ। ਜੀਤ ਤੇ ਹੇਜ਼ਲ ਮੇਰੀ ਸੋਚ ਵਿਚੋਂ ਮਨਫੀ ਨਹੀਂ ਹੋ ਰਹੇ। ਸੋਚਦੀ ਹਾਂ ਅੱਜ ਦੇ ਸਮੇਂ ਨੇ ਬੰਦੇ ਨੂੰ ਕੀ ਤੇ ਕੀ ਬਣਾ ਦਿੱਤੈ? ਹਰ ਕੋਈ ਮਨੋਰੋਗੀ ਹੋਈ ਜਾ ਰਿਹੈ। ਹਰ ਕੋਈ ਮਨ ਵਿਚ ਸਭ ਕੁੱਝ ਲੁਕੋ ਕੇ ਬੈਠਾ ਹੈ। ਅੱਜ ਰਿਸ਼ਤੇ ਟੁਕੜਿਆਂ ਵਿਚ ਵੰਡ ਹੋ ਗਏ ਹਨ। ਹਰ ਇਕ ਦੀ ਆਪਣੀ ਚੋਣ ਹੈ ਤੇ ਸੋਚ ਹੈ। ਕਿਸੇ ਕੋਲ਼ ਕਿਸੇ ਵਾਸਤੇ ਸਮਾਂ ਨਹੀਂ। ਤੇ ਮੈਂ ਵੀ ਤਾਂ ਇਕੱਲੀ ਬੈਠੀ ਜੀਤ ਨੂੰ ਉਡੀਕੀ ਜਾ ਰਹੀ ਹਾਂ। ਸੋਚਦੀ ਹਾਂ ਕਿ ਜੇ ਜੀਤ ...।

ਜੀਤ ਦਾ ਫੋਨ ਬੰਦ ਆ ਰਿਹਾ ਹੈ। ਮੁੰਡਾ ਵੀ ਘਰ ਨਹੀਂ। ਵਰਨਾ ਉਹ ਆਪਣੇ ਡੈਡ ਦਾ ਪਤਾ ਕਰਕੇ ਆਉਂਦਾ। ਜੀਅ ਕੀਤਾ ਹਸਪਤਾਲ ਫੋਨ ਕਰਕੇ ਪੁੱਛਾਂ। ਫੇਰ ਸੋਚਦੀ ਹਾਂ ਉੱਥੇ ਵੀ ਮਸ਼ੀਨ ਹੀ ਬੋਲੇਗੀ। ਫੇਰ ਘੰਟਾ ਭਰ ਫੋਨ ਫੜ ਕੇ ਬੈਠਣਾ ਪਊ। ਫੋਨਾਂ ਨੇ ਮਾਰ ਲਿਆ। ਅੱਜ ਘਰ ਵਿਚ ਜਿੰਨੇ ਬੰਦੇ, ਉਨੇ ਹੀ ਸੈੱਲਫੋਨ। ਸਭ ਰਿਸ਼ਤੇ ਹੀ ਹੁਣ ਇਲੈਕਟਰੌਨਿਕ ਹੋ ਗਏ ਜਾਪਦੇ ਐ। ਹਰ ਬੰਦੇ ਨੂੰ ਕਿਸੇ ਅਣਜਾਣ ਬੰਦੇ ਬਾਰੇ ਤਾਂ ਪਤਾ ਹੋਊ ਪਰ ਘਰ ਦੇ ਬੰਦਿਆਂ ਦਾ ਕੋਈ ਪਤਾ ਨ੍ਹੀ। ਮੇਰੇ ਅੰਦਰ ਕੀ ਰਿੱਝਦਾ, ਜੀਤ ਨਹੀਂ ਜਾਣਦੈ। ਬੱਸ ਫੇਸ ਬੁੱਕ ਫਰੈਂਡ, ਟੈਕਸਟ ਫਰੈਂਡ, ਵੱਟਸ ਐਪ ਫਰੈਂਡ, ਹਰ ਸੋਸ਼ਲ ਮੀਡੀਆ। ਉਹ ਅਸਲੀ ਹੋਣ ਜਾਂ ਨਕਲੀ। ਕੋਈ ਫਰਕ ਨ੍ਹੀ ਪੈਂਦਾ। ਤੇ ਘਰ ਦੇ ਜੀਆਂ ਨਾਲ਼ ਕੋਈ ਮਾਨਸਿਕ ਸਾਂਝ ਨਹੀਂ। ਘਰੋ ਘਰ ਬੱਚੇ ਹੱਥ ਵਿਚ ਫੋਨ ਤੇ ਉਂਗਲਾਂ ਚਲਾਈ ਰੱਖਣਗੇ। ਫੇਸ ਬੁੱਕ ਵੀ ਕਮਾਲ ਦੀ ਸ਼ੈਅ ਹੈ, ਜਦੋਂ ਤਕ ਹਾਂਅ ਵਿਚ ਹਾਂਅ ਮਿਲਾਈ ਜਾਵੋ ਸਭ ਠੀਕ ਹੈ। ਤੁਸੀਂ ਵਧੀਆ ਮਿੱਤਰ ਹੋ। ਜੇ ਕਿਸੇ ਨੂੰ ਮਾੜੀ ਮੋਟੀ ਗੱਲ ਦਾ ਜਵਾਬ ਦੇ ਦਿਓ, ਉਹੀ ਦੋਸਤ ਤੁਹਾਨੂੰ ਗਾਲ਼੍ਹਾਂ ਕੱਢਣ ਲੱਗ ਪੈਣਗੇ। ਮੈਂ ਤੇ ਤੌਬਾ ਕਰ ਰੱਖੀ ਹੈ ਫੇਸ ਬੁੱਕ ਤੋਂ। ਜੀਤ ਨੇ ਵੀ ਆਪਣਾ ਖਾਤਾ ਬੰਦ ਕਰਾ ਦਿੱਤਾ ਹੈ। ਇਹ ਸੋਚਦਿਆਂ ਮੈਨੂੰ ਆਪਣੇ ਆਪ 'ਤੇ ਹਾਸਾ ਆਉਂਦਾ ਹੈ। ਹਾਲੀਂ ਕੁੱਝ ਦਿਨ ਪਹਿਲਾਂ ਮੈਂ ਹੇਜ਼ਲ ਨੂੰ ਫੇਸਬੁੱਕ ਬਣਾਉਣ ਵਾਸਤੇ ਮੱਤਾਂ ਦੇ ਰਹੀ ਸਾਂ।

ਇਹ ਸੋਚਦਿਆਂ ਹੋਇਆਂ ਹੱਸ ਹੱਸ ਮੇਰੀਆਂ ਵੱਖੀਆਂ ਦੁਖਣ ਲੱਗ ਪਈਆਂ। ਪਤਾ ਨਹੀਂ ਇਕੱਲੀ ਬੈਠੀ ਮੈਂ ਕੀ ਊਟ ਪਟਾਂਗ ਸੋਚੀ ਜਾ ਰਹੀ ਹਾਂ। ਸੋਚਦੀ ਹਾਂ ਸ਼ਾਇਦ ਇਕੱਲਾ ਬੰਦਾ ਇਵੇਂ ਹੀ ਕਮਲ਼ਾ ਹੋ ਜਾਂਦੈ। ਜੀਤ ਘਰ ਹੁੰਦਾ ਤਾਂ ਮੈਂ ਉਸ ਨਾਲ਼ ਰੋਸਾ ਜਿਹਾ ਦਿਖਾ ਕੇ ਪਾਸਾ ਵੱਟ ਕੇ ਬੈਠ

ਜਾਣਾ ਸੀ। ਸਦਾ ਇਸ ਤਰ੍ਹਾਂ ਹੀ ਹੁੰਦਾ ਹੈ। ਇਕ ਵੇਰ ਅਸੀਂ ਐਂਵੀਂ ਕਿਵੀਂ ਦੇ ਲੜ ਪਏ। ਮੇਰੀ ਧੀ ਨੂੰ ਫ਼ਿਕਰ ਪੈ ਗਿਆ ਕਿ ਅਸੀਂ ਡਾਇਵੋਰਸ ਕਰ ਰਹੇ ਹਾਂ। ਉਹ ਆਪਣੇ ਕਮਰੇ ਵਿਚ ਜਾ ਕੇ ਰੋਈ ਜਾਵੇ। ਜਦੋਂ ਮੈਂ ਉੱਪਰ ਗਈ ਤਾਂ ਉਹ ਕਹਿਣ ਲੱਗੀ, "ਮੌਮ! ਡੌਂਟ ਫਾਈਟ ਵਿੱਦ ਡੈਡ। ਹੀ ਇਜ਼ ਗੋਇੰਗ ਟੂ ਡਾਇਵੋਰਸ ਯੂ।"

"ਭਲਾ ਇਹ ਤੈਨੂੰ ਕਿਸ ਨੇ ਕਿਹਾ?" ਮੈਂ ਉਸਨੂੰ ਪੁੱਛਿਆ।

"ਮੇਰੀ ਫਰੈਂਡ ਦੇ ਮੰਮੀ ਡੈਡੀ ਲੜ ਪਏ। ਐਂਡ ਦੇਅ ਹੈਡ ਏ ਡਾਇਵੋਰਸ। ਮਾਈ ਫਰੈਂਡ ਵਾਜ਼ ਵੈਰੀ ਅੱਪਸੈੱਟ।" ਉਹ ਰੋਈ ਜਾ ਰਹੀ ਸੀ। ਉਸਦੇ ਮਨ ਵਿਚ ਜਿਵੇਂ ਦਹਿਲ ਪੈ ਗਿਆ ਸੀ।

"ਨਾ ਬੱਚੇ! ਐਦਾਂ ਥੋੜ੍ਹੋ ਹੁੰਦੈ। ਆਪਾਂ ਸਾਰੇ ਕਈ ਵੇਰ ਕਿਸੇ ਨਾਲ਼ ਡਿਸਐਗਰੀ ਕਰਦੇ ਹਾਂ। ਉਸਨੂੰ ਛੱਡ ਥੋੜ੍ਹੋ ਦਿੰਦੇ ਹਾਂ। ਤੁਸੀਂ ਵੀ ਆਪਣੇ ਫਰੈਂਡਜ਼ ਨਾਲ਼ ਲੜਦੇ ਹੋਵੋਂਗੇ। ਕੀ ਤੁਸੀਂ ਉਨ੍ਹਾਂ ਨਾਲ਼ ਕਦੀ ਨਹੀਂ ਬੋਲਦੇ ਮੁੜਕੇ?"

"ਵੱਟ ਦੇ ਆਰ ਮਾਈ ਫਰੈਂਡਜ਼।" ਮੇਰੀ ਨਿੱਕੀ ਧੀ ਨੂੰ ਇਸ ਲੜਾਈ ਝਗੜੇ ਦਾ ਅੰਤ ਡਾਇਵੋਰਸ ਹੀ ਵਿਖਾਈ ਦਿੰਦਾ ਸੀ ਕਿਉਂਕਿ ਉਸਦੀ ਫਰੈਂਡ ਦੇ ਮਾਂ-ਪਿਉ ਦਾ ਡਾਇਵੋਰਸ ਹੋਇਆ ਸੀ। ਤੇ ਉਸਦੀ ਸਹੇਲੀ ਕਾਰਲਾ ਨੂੰ ਮੰਮ ਅਤੇ ਡੈਡ ਵਿਚੋਂ ਇਕ ਨੂੰ ਚੁਣਨਾ ਪੈਣਾ ਸੀ ਕਿ ਉਹ ਕਿਸਦੇ ਕੋਲ਼ ਰਹਵੇ।

ਮੈਂ ਮਸਾਂ ਕਿਰਨ ਨੂੰ ਸਮਝਾਇਆ ਸੀ। ਪਰ ਮੈਨੂੰ ਲੱਗਾ ਜਦੋਂ ਵੀ ਅਸੀਂ ਮਾੜਾ ਮੋਟਾ ਲੜਦੇ ਤਾਂ ਕਿਰਨ ਸਹਿਮ ਜਾਂਦੀ। ਜਿੱਦਣ ਦੀ ਘਰੋਂ ਗਈ ਹੈ, ਜਦੋਂ ਫੋਨ ਕਰਦੀ ਹੈ ਤਾਂ ਜ਼ਰੂਰ ਪੁੱਛਦੀ ਹੈ, "ਐਵਰੀ ਥਿੰਗ ਆਲਰਾਈਟ ਮਾਂ?"

ਮੇਰਾ ਜੀਅ ਕੀਤਾ ਕੁੜੀ ਨੂੰ ਜਾ ਕੇ ਮਿਲ ਆਵਾਂ। ਉਸਨੂੰ ਆਪਣੇ ਗਲ਼ ਲਾਵਾਂ। ਕਿੰਨੇ ਦਿਨ ਹੋ ਗਏ ਉਸਨੂੰ ਗਲ਼ ਨਾਲ਼ ਲਾਇਆਂ। ਹੋ ਸਕਿਆ ਤਾਂ ਮੈਂ ਉਸਨੂੰ ਮਨਾ ਕੇ ਘਰ ਵੀ ਲਿਆਵਾਂਗੀ। ਹੋਰ ਨਹੀਂ ਤਾਂ ਮੇਰਾ ਮਨ ਹੀ ਸ਼ਾਂਤ ਹੋਊ ਉਸਨੂੰ ਦੇਖ ਮਿਲ਼ ਕੇ। ਪਰ ਜੀਤ ਦੀ ਚਿੰਤਾ ਨੇ ਮਨ ਅੰਦਰ ਕੁੰਡੀ ਵੱਟ ਜਿਹਾ ਪਾਇਆ ਹੋਇਆ ਸੀ।

ਇਨ੍ਹਾਂ ਹੀ ਸੋਚਾਂ ਵਿਚ ਮੇਰਾ ਸਾਰਾ ਦਿਨ ਐਂਵੇਂ ਤੰਦੋਤਾਣੀਆਂ ਵਿਚ ਉਲਝਿਆ ਰਿਹਾ। ਜਦੋਂ ਨੂੰ ਡੋਰ ਬੈੱਲ ਹੋਈ। ਮੈਂ ਬਾਹਰਲੇ ਦਰ ਵੱਲ ਜਾਣ ਦੀ ਕੋਸ਼ਿਸ਼ ਵਿਚ ਸਾਂ। ਜੀਤ ਨੇ ਕੁੰਜੀ ਨਾਲ਼ ਦਰ ਖੋਲ੍ਹ ਲਿਆ ਤੇ ਉਹ ਮੇਰੇ ਵੱਲ ਦੇਖਦਾ ਹੱਸਦਾ-ਮੁਸਕਰਾਉਂਦਾ ਹੋਇਆ ਅੰਦਰ ਵੜਿਆ। ਪਿੱਛੇ ਦੋਨੋਂ ਬੱਚੇ ਕਿਰਨ ਤੇ ਸੂਰਜ ਵੀ ਸਨ। ਤਿੰਨਾਂ ਨੂੰ ਦੇਖ ਕੇ ਮੇਰੀਆਂ ਅੱਖਾਂ ਵਿਚ ਚਮਕ ਆ ਗਈ। ਜੀਤ ਨੇ ਜਿਵੇਂ ਆਪਣੀਆਂ ਗ਼ਲਤੀਆਂ ਦਾ ਭੋਗ ਪਾ ਦਿੱਤਾ ਹੋਵੇ। ਮੈਂ ਦੋਹਾਂ ਬੱਚਿਆਂ ਨੂੰ ਕਲਾਵੇ ਵਿਚ ਲੈ ਲਿਆ। ਸਾਰੇ ਦਿਨ ਦਾ ਡੱਕਿਆ ਅੱਖਾਂ ਦਾ ਪਾਣੀ ਵਹਿ ਤੁਰਿਆ। 000

***(1266 Roper Drive, Milton, Ont. L9T 6E6 CANADA***
***Email: balbirsanghera@yahoo.com***
***Phone: 1-905-878-6498 What's app 1-416-509-4173)***

# ਪਰਤ ਗਏ ਦੇਵਤੇ: ਆਦੇਸ਼ ਅੰਕੁਸ਼

*ਬਾਥਰੂਮ ਦੇ ਤੂੰ ਬਾਹਰ ਖਲੋਤਾ....*
*ਕਦੇ ਗਿਆਨਾ ਜਾਪੇਂ ਕਦੇ ਮੋਤਾ....*
*ਨਾ ਤੂੰ ਕਦੇ ਨ੍ਹਾਤਾ ਨਾ ਤੂੰ ਕਦੇ ਧੋਤਾ*
*ਬਣਾਵਾਂ ਤੈਨੂੰ ਚਿੱਟਿਆਂ ਕੰਨਾਂ ਵਾਲਾ ਤੋਤਾ....!!*

....ਤੇ ਇਕ ਦਮ ਸਾਬਣ ਨਾਲ ਝੱਗੋ ਝੱਗ ਹੱਥ ਮੇਰੇ ਕੰਨਾਂ ਤੋਂ ਹੁੰਦੇ ਹੋਏ ਚਿਹਰੇ ਅਤੇ ਨੰਗੀਆਂ ਲੱਤਾਂ ਬਾਹਵਾਂ ਉੱਤੇ ਫਿਰ ਜਾਂਦੇ। ਮੈਨੂੰ ਮਜਬੂਰੀ ਵਿਚ ਨਹਾਉਣਾ ਪੈ ਜਾਂਦਾ। ਇਹ ਸਭ ਕੁਝ ਪੰਜ ਕੁ ਸਾਲ ਦੀ ਉਮਰ ਤਕ ਵਾਪਰਿਆ ਸੀ। ਹੁਣ ਪੰਜਾਹ ਟੱਪਕੇ ਵੀ ਨਹਾਉਂਦਿਆਂ, ਭਾਅ ਜੀ ਭੂਸ਼ਨ ਦੇ ਹੱਥਾਂ ਦੀ ਝੱਗ ਅਤੇ ਕਪੜਿਆਂ ਦੇ ਉੱਤੋਂ ਦੀ ਪੈਂਦੇ ਪਾਣੀ ਦੇ ਮੱਘ ਰੁਆ ਜਾਂਦੇ ਨੇ! ਨੁਹਾਉਣ ਪਿੱਛੋਂ ਉਹ ਮੈਨੂੰ ਰੋਂਦੇ ਨੂੰ ਵਰਾਉਂਦੇ, ਗਲ਼ ਨਾਲ ਲਾਉਂਦੇ, ਕਾਗ਼ਜ਼ 'ਤੇ ਅੱਖਰ ਵਾਹੁੰਦੇ, ਸ਼ਬਦ ਬਣਾਉਂਦੇ ਤੇ ਉਸਦਾ ਮਹੱਤਵ ਸਮਝਾਉਂਦੇ, ਤੇ ਫਿਰ ਅਚਾਨਕ ਕਵਿਤਾ ਦੇ ਰਾਹ ਤੋਰ ਲੈਂਦੇ! ਉਨ੍ਹਾਂ ਦੇ ਕਾਗ਼ਜ਼ 'ਤੇ ਵਾਹ ਕੇ ਦਿੱਤੇ ਹੋਏ ਸ਼ਬਦਾਂ ਦੇ ਖਿਡੌਣੇ ਅੱਜ ਵੀ ਮੇਰਾ ਰਾਹ-ਦਿਸੇਰਾ ਹਨ। ਇਨ੍ਹਾਂ ਰਾਹੀਂ ਮੈਂ ਖਿਆਲਾਂ ਦੇ ਪ੍ਰਾਹੁਣਿਆਂ ਦੀ ਟਹਿਲ ਸੇਵਾ ਕਰ ਲੈਂਦਾ ਹਾਂ।

....ਪਿਤਾ ਜੀ ਦੱਸਦੇ ਹਨ ਕਿ ਭੂਸ਼ਨ ਭਾਅ ਜੀ ਦਾ ਨਾਮਕਰਨ ਸ਼ੁਰੂ ਵਿਚ ਬੇਅੰਤ ਸਰੂਪ ਕੀਤਾ ਗਿਆ ਸੀ। ਹਾਲੇ ਵੀ ਪਿੰਡ ਦੀਆਂ ਬਜ਼ੁਰਗ ਔਰਤਾਂ ਉਨ੍ਹਾਂ ਨੂੰ ਇਸੇ ਨਾਮ ਤੋਂ ਜਾਣਦੀਆਂ ਹਨ। ਇਕ ਦਿਨ ਕਿਸੇ ਗੱਲ ਤੋਂ ਖਫਾ ਹੋ ਕੇ ਪਿਤਾ ਜੀ ਦੇ ਮੂੰਹੋਂ ਅਪਸ਼ਬਦ ਨਿਕਲ ਗਏ। ਪੁੱਜ ਕੇ ਧਾਰਮਿਕ ਪਿਤਾ ਜੀ ਨੇ ਅਕਾਲ ਪੁਰਖ ਤੋਂ ਖਿਮਾ ਸਹਿਤ ਅਗਲੇ ਦਿਨ ਹੀ ਨਾਮ ਬਦਲ ਕੇ ਬੇਨਤੀ ਸਰੂਪ ਕਰ ਦਿੱਤਾ। ਦੁਨੀਆਂ ਲਈ ਭੂਸ਼ਨ ਧਿਆਨਪੁਰੀ, ਸਰਕਾਰੀ ਕਾਗ਼ਜ਼ਾਂ 'ਚ ਤਾਉਮਰ ਬੇਨਤੀ ਸਰੂਪ ਸ਼ਰਮਾਂ ਹੀ ਰਹੇ। ਪਿਤਾ ਜੀ ਦੀ ਪੂਰੀ ਕਬੀਲਦਾਰੀ ਨੂੰ ਭਾਅ ਜੀ ਨੇ ਆਪਣੇ ਬਲਬੂਤੇ 'ਤੇ; ਆਪਣੇ ਪੈਰੀਂ ਕੀਤਾ। ਇਸੇ ਲਈ ਲਾਡ ਨਾਲ ਪਿਤਾ ਜੀ ਉਨ੍ਹਾਂ ਨੂੰ 'ਭੀਸ਼ਮ ਪਿਤਾਮਾ' ਵੀ ਕਹਿ ਦੇਂਦੇ ਸਨ। ਆਪਣੀ ਪਹਿਲੀ ਕਾਵਿ ਪੁਸਤਕ ਜੋ ਸ਼ਾਇਦ 1970 ਵਿਚ ਛਪੀ ਸੀ, '*ਇਕ ਮਸੀਹਾ ਹੋਰ*', ਉਨ੍ਹਾਂ ਨੇ ਪਿਤਾ ਜੀ ਨੂੰ ਸਮਰਪਿਤ ਕੀਤੀ ਸੀ:

*ਪਿਤਾ ਜੀ ਨੂੰ*
*ਮੇਰੀ ਕਲਮ ਜਿਹਨਾਂ ਕੋਲ਼ੋਂ ਮਿਲ਼ਿਆ ਹੋਇਆ ਵਿਰਸਾ ਹੈ।*

ਪਿਤਾ ਜੀ ਤੋਂ ਵਿਰਸੇ ਵਿਚ ਮਿਲੇ ਹੋਏ ਸਿਰੜ,ਸੰਜਮ, ਸਬਰ-ਸੰਤੋਖ ਅਤੇ ਸ਼ਾਇਰੀ ਦਾ ਪੱਲਾ ਭਾਅ ਜੀ ਨੇ ਜ਼ਿੰਦਗੀ ਭਰ ਨਹੀਂ ਛੱਡਿਆ। ਭਾਅ ਜੀ ਦੀ ਤੇਜ਼ ਕਦਮ-ਤਾਲ ਮੈਨੂੰ ਅਕਸਰ ਪਿਤਾ ਜੀ ਦਾ ਭੁਲੇਖਾ ਪਾਉਂਦੀ ਰਹੀ ਹੈ। ਵੈਸੇ ਵੀ ਉਹ ਮੇਰੇ ਮਾਤਾ-ਪਿਤਾ ਦੇ ਘਰ ਮੈਥੋਂ ਤਕਰੀਬਨ ਵੀਹ ਸਾਲ ਪਹਿਲਾਂ ਜਨਮੇਂ ਸਨ, ਇਸ ਲਈ ਪਿਤਾ ਸਮਾਨ ਸੀ ਸਨ।

ਮਾਂ ਹਮੇਸ਼ਾ ਭਾਅ ਜੀ ਲਈ ਸਿਰਜਣਾ ਸਰੋਤ ਰਹੀ ਹੈ। ਮਾਂ ਨਾਲ ਚਿੱਠੀ-ਪੱਤਰੀ ਰਾਹੀਂ ਨਿਰੰਤਰ ਜੁੜੇ ਰਹਿੰਦੇ ਸਨ। ਅੰਤਲੇ ਕੁਝ ਸਾਲ ਤਾਂ ਹਰ ਰੋਜ਼ ਫੋਨ 'ਤੇ ਗੱਲ ਵੀ ਹੋਣੀ। ਬੀਬੀ ਨੇ ਆਪਣੇ ਅੰਤਿਮ ਸਮੇਂ ਤੋਂ ਸਿਰਫ ਤੀਹ ਮਿੰਟ ਪਹਿਲਾਂ ਲੰਬੀ ਗੱਲਬਾਤ ਕੀਤੀ ਸੀ ਭਾਅ ਜੀ ਨਾਲ।

ਬੀਬੀ ਨਾਲ ਉਨ੍ਹਾਂ ਦੇ ਮੋਹ ਸਤਿਕਾਰ ਨੂੰ ਸ਼ਬਦਾਂ 'ਚ ਬੰਨ੍ਹਣਾ ਮੇਰੇ ਲਈ ਅੱਤ ਮੁਸ਼ਕਿਲ ਕਾਰਜ ਹੈ। ਉਨ੍ਹਾਂ ਕਹਿਣਾ, "ਮਾਂ, ਕਾਂ ਹੱਥ ਸੁਨੇਹਾਂ ਭੇਜ ਜਾਂ ਕੋਠੇ ਚੜ੍ਹ ਕੇ ਆਵਾਜ਼ ਦਿਹ, ਤੇਰਾ ਪੁੱਤ ਹਾਜ਼ਰ ਹੋ ਜਾਵੇਗਾ।" ਉਨ੍ਹਾਂ ਦੀ ਆਤਮਕਥਾ '*ਮੇਰੀ ਕਿਤਾਬ*' ਬੀਬੀ ਜੀ ਨੂੰ ਹੀ ਸਮਰਪਿਤ ਹੈ!

ਭਾਅ ਜੀ ਬਾਰੇ ਚਿਰਾਂ ਤੋਂ ਲਿਖਣ ਦੀ ਕੋਸ਼ਿਸ਼ ਵਿਚ ਹਾਂ, ਪਰ ਟਾਲ਼ਦਾ ਰਿਹਾ ਹਾਂ! ਖੁਦ ਨੂੰ ਪੜਤਾਲਦਾ ਰਿਹਾ ਹਾਂ! ਉਨ੍ਹਾਂ ਦੇ ਹਾਣ ਦੇ ਸ਼ਬਦ ਭਾਲ਼ਦਾ ਰਿਹਾ ਹਾਂ! ਜਾਂ ਕਹਿ ਲਉ ਸੋਚ ਨੂੰ ਹੰਘਾਲ਼ਦਾ ਰਿਹਾ ਹਾਂ। ਖੁਦ 'ਤੇ ਖਿਝਦਾ-ਖਪਦਾ ਰਿਹਾ ਹਾਂ, ਠਰਦਾ-ਤਪਦਾ ਰਿਹਾ ਹਾਂ। ਯਾਦ ਦੀ ਮਾਲ਼ਾ ਜਪਦਾ ਰਿਹਾ ਹਾਂ। ਕਦੇ ਨਾ ਭੁੱਲੇ ਨੂੰ ਫਿਰ ਤੋਂ ਕਲਪਦਾ ਰਿਹਾ ਹਾਂ। ਰੱਬ ਜਾਣੇ ਇਹ ਕੈਸੀ ਦੁਬਿਧਾ ਤੇ ਸਮੱਸਿਆ ਹੈ ਕਿ ਹਰ ਸਮੇਂ ਜੋ ਮਨ ਵਿਚ ਵੱਸਿਆ ਹੈ, ਉਸ ਬਾਰੇ ਜਾਂਦਾ ਨਾ ਕੁਝ ਵੀ ਦੱਸਿਆ ਹੈ। ਡਰਦਾ ਹਾਂ, ਭਾਅ ਜੀ ਪੜ੍ਹਨਗੇ ਤਾਂ ਹੱਸਣਗੇ, ਆਦਤ ਅਨੁਸਾਰ ਫਿਕਰਾ ਕੱਸਣਗੇ। ਚਲੋ ਖੈਰ ਲਿਖਣ ਢੰਗ ਤਾਂ ਦੱਸਣਗੇ, ਅੱਗੇ ਤੋਂ ਸੰਸੇ ਨੱਸਣਗੇ। ਵੈਸੇ ਭਾਅ ਜੀ ਨੂੰ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਸਨ, ਇਸ ਲਈ ਗੱਲਾਂ ਹੀ ਕਰਨ ਦੀ ਕੋਸ਼ਿਸ਼ ਵਿਚ ਹਾਂ। ਹੈ ਕਿ ਨਾ?

ਸੁਣਿਆਂ ਸੀ ਕਿ ਘਰ ਦਾ ਜੋਗੀ, ਜੋਗੜਾ ਹੁੰਦੈ। ਪਰ ਮੈਂ ਤਾਂ ਕੁਝ ਵੀ ਸੋਚਾਂ ਜਾਂ ਕਹਾਂ, ਭਾਅ ਜੀ ਆਣ ਖੜ੍ਹਾ ਹੁੰਦੈ। ਮੇਰੇ ਲਈ ਕਦੇ ਉਹ ਸ਼ਿਵਾਲੇ ਦਾ ਘੜਾ ਹੁੰਦੈ ਤੇ ਕਦੇ ਬਾਉਲੀ ਦਾ ਥੜ੍ਹਾ ਹੁੰਦੈ। ਪਰ ਹਰ ਹਾਲਤ ਵਿਚ ਹੀ ਪਿਆਰਾ ਬੜਾ ਹੁੰਦੈ। ਭਾਅ ਜੀ ਨਾਲ ਬੱਝਾ ਇਕ ਪੂਰਾ ਪਰਿਵਾਰ ਸੀ। ਬੀ ਜੀ ਵਾਂਗ ਹੀ ਉਹ ਹਰ ਇਕ ਦਾ ਆਧਾਰ ਸੀ। ਅੱਜ ਨਹੀਂ, ਉਹ ਸ਼ੁਰੂਆਤੀ ਨਿਰਾਕਾਰ ਸੀ। ਪਿਆਰੇ ਪਿਆਰੇ ਸੁਪਨੇ ਜੋ ਕਰਦਾ ਸਾਕਾਰ ਸੀ। ਕਦੇ ਮੇਰੇ ਹਰ ਪ੍ਰਸ਼ਨ ਲਈ ਰੱਬੀ ਫੁਰਮਾਨ ਹੁੰਦਾ ਸੀ ਭਾਅ ਜੀ ਦੇ ਜਵਾਬ ਅੰਦਰ, ਤੇ ਹੁਣ ਜਾਂਦੀ ਵਾਰ ਦਾ ਹਰੇਕ ਸੱਚ ਲੱਭਦਾ ਹਾਂ '*ਸਿਰਜਣਧਾਰਾ*' ਜਾਂ '*ਮੇਰੀ ਕਿਤਾਬ*' ਅੰਦਰ। ਜਿਉਂਦੇ ਜੀਅ ਨਾ ਉਹ ਪਏ ਸੀ ਕਿਸੇ ਵੀ ਹਿਸਾਬ ਅੰਦਰ। ਤਾਹੀਓਂ ਵਸਦੇ ਨੇ ਵਾਂਗ ਖੁਸ਼ਬੂ ਚੇਤੇ ਦੇ ਗੁਲਾਬ ਅੰਦਰ।

ਮੇਰੇ ਕਾਲਿਜ ਦਾਖਲੇ ਵਿਚ ਆਈਆਂ ਔਕੜਾਂ ਦੇ ਸੰਦਰਭ ਵਿਚ ਉਨ੍ਹਾਂ ਦੇ ਪੱਤਰ 'ਤੇ ਉੱਕਰੇ ਸ਼ਬਦ ਯਾਦ ਅੰਦਰ ਤੇ ਅੱਜ ਵੀ ਟਿਮਟਿਮਾਉਂਦੇ, "ਆਦੇਸ਼, ਕੁਝ ਵੀ ਗ਼ਲਤ ਨਹੀਂ ਸੋਚਣਾ, ਤੇਰੇ ਬਾਰੇ 'ਮੈਂ' ਸੋਚਾਂਗਾ।" ਤੇ ਮੇਰੇ ਬਾਰੇ ਉਨ੍ਹਾਂ ਜ਼ਿੰਦਗੀ ਭਰ ਸੋਚਿਆ। ਮੇਰੇ ਇਮਤਿਹਾਨਾਂ ਦੌਰਾਨ ਉਹ ਮੇਰੇ ਲਈ ਪੜ੍ਹਦੇ ਸਨ, ਮੈਂ ਤਾਂ ਉਨ੍ਹਾਂ ਕੋਲ਼ੋਂ ਸੁਣਕੇ ਸਿਰਫ ਲਿਖ ਦੇਂਦਾ ਸਾਂ। ਉਨ੍ਹਾਂ ਕੋਲ਼ ਹਰੇਕ ਮੁਸ਼ਕਿਲ ਦਾ ਹੱਲ ਹੁੰਦਾ ਸੀ, ਉਨ੍ਹਾਂ ਦਾ ਬੋਲਿਆ ਅਕਸਰ, ਅਟੱਲ ਹੁੰਦਾ ਸੀ। ਭਾਅ ਜੀ ਮੇਰੇ ਲਈ ਬਹੁਤ ਸਾਰੀਆਂ ਹਸਤੀਆਂ ਨੂੰ ਮਿਲਣ ਦਾ ਸਬੱਬ ਬਣੇ ਹਨ। ਅੱਤਕਥਨੀ ਨਹੀਂ ਕਿ ਫਰਿਸ਼ਤੇ ਜਾਂ ਰੱਬ ਬਣੇ ਹਨ! ਭਾਅ ਜੀ ਨੇ ਹਰ ਵਿਧਾ 'ਚ ਅਤੇ ਵਿਧਾ ਬਾਰੇ ਲਿਖਿਆ। ਪਰ ਸਿਰਫ ਸੱਚ ਹੀ ਲੱਗਦੇ ਚਾਰੇ ਲਿਖਿਆ। ਇਸਦੇ ਚੱਲਦਿਆਂ ਨਾਰਾਜ਼ਗੀ ਵੀ ਸਹਿਣੀ ਪਈ, ਤੇ ਜਾਂ ਗੱਲ ਗੋਲ਼ਮੋਲ਼ ਪਰਦੇ 'ਚ ਕਹਿਣੀ ਪਈ। ਉਨ੍ਹਾਂ ਦੀ ਰਿਹਾਇਸ਼ 'ਤੇ ਮਿੱਤਰ ਵੀ ਪਹੁੰਚਦੇ ਸਨ ਤੇ ਸ਼ਰਧਾਲੂ ਵੀ! ਹਿਤੈਸ਼ੀ ਵੀ ਤੇ ਈਰਖਾਲੂ ਵੀ! ਮੇਰਾ ਛੋਟਾ ਦਿਮਾਗ਼ ਅਕਸਰ ਹੈਰਾਨ ਹੁੰਦਾ ਸੀ। ਉਨ੍ਹਾਂ ਦਾ ਵਤੀਰਾ ਸਭਨਾਂ ਲਈ ਸਮਾਨ ਹੁੰਦਾ ਸੀ। ਉਨ੍ਹਾਂ ਦਾ ਹਰ ਬੋਲ ਮੇਰੇ ਲਈ ਵਿਆਖਿਆਨ ਹੁੰਦਾ ਸੀ। ਕਿਸੇ ਲਈ ਠੱਠਾ ਤੇ ਕਿਸੇ ਲਈ ਗਿਆਨ ਹੁੰਦਾ ਸੀ।....

ਮੈਂ ਭਾਅ ਜੀ ਦੇ ਬਹੁਤ ਸਾਰੇ ਸਿਰਜਣ ਪਲਾਂ ਦਾ ਗਵਾਹ ਹਾਂ ਅਤੇ ਰਚਨਾਵਾਂ ਦਾ ਪਹਿਲਾ ਪਾਠਕ। ਸੱਚੀਂ ਹੈਰਾਨ ਰਹਿ ਜਾਂਦਾ ਸਾਂ, ਜਦੋਂ ਉਨ੍ਹਾਂ ਨੂੰ 8-10 ਸਫਿਆਂ ਦਾ ਆਰਟੀਕਲ, ਸਿੱਧਾ ਟਾਈਪਰਾਈਟਰ ਤੋਂ ਟਾਈਪ ਕਰਦਾ ਵੇਖਦਾ ਸਾਂ। ਕੋਈ ਲਿਖਤੀ ਤਿਆਰੀ ਨਹੀਂ, ਕੋਈ ਨੋਟਬੁੱਕ ਨਹੀਂ। ਬੱਸ ਅੰਦਰ ਹੀ ਕਿਤੇ ਸੰਭਾਲ਼ ਕੇ ਰੱਖੇ ਸ਼ਬਦਾਂ ਦੇ ਗੁੱਛੇ ਆਪ ਮੁਹਾਰੇ ਟਿੱਕ-ਟਿੱਕ ਦੀ ਆਵਾਜ਼ ਨਾਲ ਕਾਗ਼ਜ਼ਾਂ 'ਤੇ ਸਜਦੇ ਜਾਂਦੇ ਸਨ ਅਤੇ ਐਨ ਆਪੋ ਆਪਣੇ ਥਾਂ 'ਤੇ ਬੈਠ ਕੇ ਇਨ੍ਹਾਂ ਸਿਰਜਣਾਤਮਕ ਪਲਾਂ ਦਾ ਆਨੰਦ ਲੈਂਦੇ ਸਨ। ਰੇਡੀਓ 'ਤੇ ਨਾਲ਼ੋ ਨਾਲ ਵੱਜਦਾ ਮੱਠਾ ਮੱਠਾ ਸੰਗੀਤ ਹੀ ਸ਼ਾਇਦ ਉਨ੍ਹਾਂ ਦੀ ਵਾਰਤਕ ਨੂੰ ਕਾਵਿਕਤਾ ਪ੍ਰਦਾਨ ਕਰਦਾ ਸੀ। ਇਕ ਵਾਰੀ ਕਿਸੇ ਵੱਲੋਂ

ਮੰਗਿਆ ਗੀਤ ਦਸ ਕੁ ਮਿੰਟ 'ਚ ਟਾਈਪ ਹੋ ਗਿਆ। ਮੇਰੇ ਪੁੱਛਣ 'ਤੇ ਕਹਿੰਦੇ, "ਕਾਗ਼ਜ਼ ਟਾਈਪ 'ਤੇ ਚੜ੍ਹਾਇਆ। ਵਿਚੋਂ ਗੀਤ ਨਿਕਲ ਆਇਆ।"

ਭਾਅ ਜੀ ਨੇ ਜ਼ਿੰਦਗੀ ਭਰ ਕਵਿਤਾ ਕਹੀ, ਜੀਵੀ ਅਤੇ ਸੁਣਾਈ। ਕਿਸੇ ਵੀ ਵਿਧਾ 'ਚ ਲਿਖਦਿਆਂ ਕਵਿਤਾ ਦਾ ਪੱਲਾ ਨਹੀਂ ਛੱਡਿਆ। ਅਕਵਿਤਾ ਜਾਂ ਅਕਾਵਿਕ ਦੌਰ ਵਿਚ ਯੁੱਗ ਬੀਤਣ ਦੇ ਐਲਾਨ ਦੇ ਬਾਵਜੂਦ ਲੁਕਵੇਂ/ਜ਼ਾਹਿਰਾ ਰੂਪ ਵਿਚ ਕਵਿਤਾ ਹੀ ਕਹੀ।

ਭਾਅ ਜੀ ਦੀ ਪਹਿਲੀ ਕਾਵਿ ਪੁਸਤਕ '*ਇਕ ਮਸੀਹਾ ਹੋਰ*' ਮੇਰੇ ਸਕੂਲੇ ਦਾਖਲ ਹੋਣ ਤੋਂ ਪਹਿਲਾਂ ਛਪ ਗਈ ਸੀ। ਕਿਤਾਬ ਪੜ੍ਹਨ ਦੀ ਪ੍ਰਬਲ ਇੱਛਾ ਨੇ ਮੈਨੂੰ ਗੁਰਮੁਖੀ ਦੇ ਅੱਖਰ ਉਠਾਲਣ ਜੋਗੇ ਕਰ ਦਿੱਤਾ। ਉਹ ਜੋੜ ਕਰ-ਕਰ ਕੇ ਪੜ੍ਹੇ ਹੋਏ ਸ਼ਬਦ ਅੱਜ ਵੀ ਆਪਮੁਹਾਰੇ ਜ਼ੁਬਾਨ 'ਤੇ ਆ ਜਾਂਦੇ ਹਨ। ਬਦਕਿਸਮਤੀ ਨਾਲ ਹੁਣ ਇਹ ਕਿਤਾਬ ਮੇਰੇ ਕੋਲ਼ ਉਪਲੱਭਦ ਨਹੀਂ ਹੈ। ਪਰ ਮੇਰੇ ਚੇਤਿਆਂ 'ਚ ਬਣੀ ਹੋਈ ਉਸ ਸ਼ਬਦਾਂ ਦੀ ਜ਼ੰਜੀਰੀ ਨੂੰ ਮੇਰਾ ਬੇਟਾ ਖਿਤਾਬ ਕਾਗ਼ਜ਼ 'ਤੇ ਉਲ਼ੀਕ ਲੈਂਦਾ ਹੈ। ਸੋਸ਼ਲ ਮੀਡੀਏ 'ਤੇ 'ਕ੍ਰਿਤ ਕਵੀ ਭੂਸ਼ਨ ਧਿਆਨਪੁਰੀ' ਨਾਮ ਦੇ ਪੇਜ ਰਾਹੀਂ ਅਕਸਰ ਪਾਠਕਾਂ/ਪ੍ਰਸ਼ੰਸਕਾਂ ਤਕ ਪਹੁੰਚਾਉਂਦਾ ਹੈ। ਉਹਨਾਂ ਵਿਚ ਭਾਅ ਜੀ ਬਾਰੇ ਹੋਰ ਜਾਨਣ ਦੀ ਜਗਿਆਸਾ ਪੈਦਾ ਹੋ ਰਹੀ ਹੈ। ਮੇਰੀਆਂ ਗੱਲ੍ਹਾਂ 'ਚੋਂ ਲਾਲੀ ਚੋਅ ਰਹੀ ਹੈ।

ਚੰਡੀਗੜ੍ਹ ਸਾਡਾ ਸੀ ਕਿਉਂਕਿ ਉੱਥੇ ਸਾਡੇ ਭੂਸ਼ਨ ਭਾਅ ਜੀ ਰਹਿੰਦੇ ਸਨ। ਸਕੂਲ ਵਿਚ, ਬੱਚਿਆਂ ਨੇ ਮੇਰੇ ਰੈਡੀਮੇਡ ਬਸਤੇ, ਕਾਗ਼ਜ਼ਾਂ 'ਚ ਪੈਕ ਟਾੱਫੀਆਂ, ਰੰਗ ਬਰੰਗੇ ਅਚਾਰ ਅਤੇ ਵਧੀਆ ਪੈੱਨ-ਪੈਨਸਲਾਂ ਵੇਖ ਵੇਖ ਹੈਰਾਨ ਹੋਣਾ ਤਾਂ ਮੈਂ ਮਾਣ ਦੇ ਭਰੇ ਨੇ ਦੱਸਣਾ, ਇਹ ਸਭ ਚੀਜ਼ਾਂ ਚੰਡੀਗੜ੍ਹੋਂ ਆਈਆਂ, ਭੂਸ਼ਨ ਭਾਅ ਜੀ ਲਿਆਏ ਨੇ। ਭਾਅ ਜੀ ਦੇ ਭੇਜੇ ਹੋਏ ਸੂਟ ਕੇਸ, ਰੇਨ ਕੋਟ ਅਤੇ ਟਾਈਮਪੀਸ ਨੂੰ ਸਾਰਾ ਮੁਹੱਲਾ ਵਰਤਦਾ ਰਿਹਾ ਹੈ।

ਭਾਅ ਜੀ ਨੇ ਜਦੋਂ ਵੀ ਪਿੰਡ ਆਉਣਾ ਤਾਂ ਕੋਈ ਤਾਜ਼ਾ ਕਵਿਤਾ ਲੈ ਕੇ ਆਉਣੀ ਜਾਂ ਮੌਕੇ 'ਤੇ ਘੜ ਦੇਣੀ। ਇਕ ਵਾਰ ਭਾਅ ਜੀ ਦੇ ਆਏ ਸਾਰਾ ਪਰਿਵਾਰ ਇਕੱਠਾ ਬੈਠਾ ਹੋਣ ਕਰਕੇ ਬੀ ਜੀ ਹੋਰੀਂ ਬਾਪੂ ਜੀ ਦੇ ਵੱਡੇ ਗੜਵੇ ਵਿਚ ਚਾਹ ਪਾ ਲਿਆਏ। ਚਾਹ ਪੀ ਹਟੇ ਤਾਂ ਕਵਿਤਾ ਹਾਜ਼ਰ ਸੀ:

*ਇਕ ਬੜਾ ਗੈਂਬਰੀ ਗੜਵਾ, ਵਿਹੰਦੇ ਹੀ ਵਿਹੰਦੇ ਡੀਕ ਗਏ!*
*ਪਾਣੀ ਦੇ ਤੱਤੇ ਕਤਰੇ, ਹਿੱਕਾਂ ਵਿਚ ਪਾਉਂਦੇ ਲੀਕ ਗਏ !!*

ਬੱਸ ਇਸ ਤੋਂ ਮਗਰੋਂ ਕਿਸੇ ਗੁਆਂਢੀ ਨੇ ਕੋਈ ਸਰਕਾਰੀ ਚਿੱਠੀ ਪੜ੍ਹਵਾਉਣੀ, ਕਿਸੇ ਨੇ ਰਜਿਸਟਰੀ ਚੁੱਕ ਲਿਆਉਣੀ। ਕਿਸੇ ਨੇ ਬੱਚੇ ਦੀ ਅਗਲੀ ਪੜ੍ਹਾਈ ਬਾਰੇ ਪੁੱਛਣਾ, ਕਿਸੇ ਨੇ ਚੰਡੀਗੜ੍ਹ ਦੇ 1940, ਬੀ-22 ਬਾਰੇ ਪੁੱਛਣਾ। ਕਦੇ ਭਾਅ ਜੀ ਨੇ ਫੋਟੋਆਂ ਕੰਧਾਂ ਤੋਂ ਉਤਾਰ ਕੇ ਸਾਫ ਕਰਨੀਆਂ. ਕਦੀ ਦੁਬਾਰਾ ਮੜ੍ਹਨੀਆਂ। ਮੈਂ ਵੀ ਇਹ ਸਭ ਵੇਖਦਾ, ਤੇ ਨਾਲ ਕਰਵਾਉਣ ਦੀ ਜ਼ਿੱਦ ਕਰਦਾ। ਮੜ੍ਹੇ ਹੋਏ ਸਿਹਰਿਆਂ ਨੂੰ ਹੇਕਾਂ ਲਾ ਲਾ ਪੜ੍ਹਦਾ। ਕਦੇ ਗੱਤਾ ਕਦੇ ਸ਼ੀਸ਼ਾ ਲਾਹ ਲੈਂਦਾ, ਆਖਿਰ ਸੱਟ ਮਰਵਾ ਕੇ ਹੀ ਸਾਹ ਲੈਂਦਾ।

ਭਾਅ ਜੀ ਸੱਚ ਦੇ ਝੰਡਾ ਬਰਦਾਰ ਰਹੇ ਹਨ। ਸਿਰਫ ਤੇ ਸਿਰਫ ਸੱਚ ਲਈ ਕਰਦੇ ਖਬਰਦਾਰ ਰਹੇ ਸਨ। ਕਦੇ ਬਾਪ, ਕਦੇ ਭਾਈ, ਕਦੇ ਯਾਰ ਰਹੇ ਸਨ। ਹਮੇਸ਼ਾ ਨਿੱਗਰ, ਸਹਿਜ ਅਤੇ ਸਿਰਜਣਹਾਰ ਹਾਰ ਰਹੇ ਹਨ।

ਚੰਡੀਗੜ੍ਹ ਦੇ ਇੰਸਕਾਲ ਹਸਪਤਾਲ ਦੇ ਲੈਟਰਪੈਡ 'ਤੇ ਬੀਮਾਰੀ ਦੀ ਹਾਲਤ 'ਚ ਕੰਬਦੇ ਹੱਥਾਂ ਨਾਲ ਆਪਣੇ ਇਕ ਅਜ਼ੀਜ਼ ਆਈ.ਏ.ਐੱਸ. ਅਧਿਕਾਰੀ ਨੂੰ ਮੇਰੇ ਲਈ ਲਿਖੀ ਸਿਫਾਰਸ਼ੀ ਚਿੱਠੀ ਸ਼ਾਇਦ ਮੇਰੇ ਕੋਲ਼ ਉਨ੍ਹਾਂ ਦੀ ਅੰਤਿਮ ਹੱਥ ਲਿਖਤ ਹੈ। ਮੈਂ ਜਾਣ ਬੁੱਝਕੇ ਉਹ ਪੱਤਰ ਪੁੱਜਦਾ ਨਹੀਂ ਸੀ ਕੀਤਾ, ਬੱਸ ਸਾਂਭ ਲਿਆ ਸੀ ਚੁੱਪ-ਚੁਪੀਤਾ। ਉਸਨੂੰ ਕੱਢ ਕੇ ਗਾਹੇ-ਬ-ਗਾਹੇ ਪੜ੍ਹ ਲੈਂਦਾ ਹਾਂ।ਟੁੱਟਦੇ ਹੋਏ ਵਿਸ਼ਵਾਸ ਨੂੰ ਆਖਿਰ ਘੜ ਲੈਂਦਾ ਹਾਂ। ਹਸਪਤਾਲ਼ੋਂ ਮੁੜਨ ਲੱਗਿਆਂ ਉਨ੍ਹਾਂ ਤੋਂ

ਕਿਰਾਏ ਲਈ ਮਿਲਿਆ 100 ਰੁਪਈਆ, ਮੇਰਾ ਜ਼ਿੰਦਗੀ ਭਰ ਦਾ ਸਰਮਾਇਆ ਹੋ ਗੁਜ਼ਰਿਆ ਹੈ।

ਉਹ ਮੇਰਾ ਆਦਿ ਹੈ, ਅਟੱਲ ਹੈ। ਉਹ ਮੇਰਾ ਅੱਜ, ਮੇਰਾ ਕੱਲ੍ਹ ਹੈ। ਉਹ ਮੇਰਾ ਬੋਲ, ਮੇਰੀ ਗੱਲ ਹੈ। ਉਹ ਮੇਰਾ ਹੋਸ਼, ਮੇਰਾ ਝੱਲ ਹੈ। ਉਹ ਮੇਰੇ ਹੋਣ ਤੇ ਨਾ ਹੋਣ ਵਿਚ ਹੈ। ਮੇਰੇ ਹੱਸਣ ਤੇ ਮੇਰੇ ਰੋਣ ਵਿਚ ਹੈ। ਮੇਰੇ ਕਦਮਾਂ, ਮੇਰੇ ਸਾਹਵਾਂ ਦਾ ਰਹਿਬਰ, ਮੇਰੀ ਦ੍ਰਿਸ਼ਟੀ ਤੇ ਦ੍ਰਿਸ਼ਟੀਕੋਣ ਵਿਚ ਹੈ।

4 ਜੁਲਾਈ 2009 ਨੂੰ ਰਾਤ ਮੁਹਾਲ਼ੀ ਤੋਂ ਨਿਰਮਲ ਵੀਰ ਜੀ ਦਾ ਫੋਨ ਆਇਆ, "ਦੇਵਤੇ ਪਰਤ ਗਏ ਨੇ।" ਨਾ ਉਹ ਹੋਰ ਕੁਝ ਬੋਲ ਸਕੇ ਨਾ ਮੈਂ ਸੁਣ ਸਕਿਆ। ਰਾਵੀ 'ਚੋਂ ਉਪਜੀ ਹੋਈ ਲਹਿਰ ਸਤਲੁਜ ਵਿਚ ਸਮਾ ਚੁੱਕੀ ਹੈ। ਪਤਾ ਨਹੀਂ ਇਹ ਸਭ ਲਿਖਦਿਆਂ ਉਨ੍ਹਾਂ ਦੀ ਯਾਦ ਕਿੰਨੀ ਵਾਰ ਰੁਆ ਚੁੱਕੀ ਹੈ:

*ਕਦੇ ਪਰਤੱਖ ਹੈ ਤੇ ਕਦੇ ਉਹ ਰਹੱਸ ਹੈ!*
*ਉਹਦੇ ਬਾਰੇ ਜਾਣਕੇ ਵੀ ਹੁੰਦਾ ਨਹੀਂ ਦੱਸ ਹੈ!*
*ਇਹ ਤਾਂ ਜ਼ੋਰ ਲਾ ਕੇ ਐਵੇਂ ਪੂਰਾ ਕੀਤਾ ਝੱਸ ਹੈ!*
*ਸ਼ਬਦਾਂ ਤੋਂ ਬਾਹਰਾ ਧਿਆਨਾਪੁਰੀ ਵਾਲਾ ਜੱਸ ਹੈ!*

ਤੇ ਅੰਤ ਵਿਚ:

*ਉਹੀ ਲੋਰੀ, ਉਹੀ ਮਮਤਾ, ਉਹਦੇ ਅੰਗੀਂ ਸਮਾਈ ਹੈ!*
*ਤੇ ਬੇਸ਼ੱਕ ਬਾਪ ਦੀ ਕਵਿਤਾ ਵੀ ਉਹਦੇ ਹਿੱਸੇ ਵੀ ਆਈ ਹੈ!*
*ਇਹ ਸੰਭਵ ਸੀ ਕਦੋਂ ਕਿ ਜਾਣਦਾ 'ਆਦੇਸ਼' ਨੂੰ ਕੋਈ!*
*ਉਹਦੀ ਖੁਸ਼ਕਿਸਮਤੀ ਸਮਝੋ ਕਿ ਉਹ ਭੂਸ਼ਨ ਦਾ ਭਾਈ ਹੈ! 000*

***(ਪਿੰਡ ਤੇ ਡਾਕਘਰ ਧਿਆਨਪੁਰ, ਬਰਾਸਤਾ ਬਟਾਲਾ, ਜ਼ਿਲ੍ਹਾ ਗੁਰਦਾਸਪੁਰ-143 605***
***ਈਮੇਲ: adeshankush@yahoo.com ਫੋਨ: 98768-12725)***

## 'ਜਾਂਦੀ ਵਾਰ ਦਾ ਸੱਚ' ਵਿਚੋਂ ਭੂਸ਼ਨ ਧਿਆਨਪੁਰੀ ਦੀਆਂ ਤਿੰਨ ਗ਼ਜ਼ਲਾਂ

-1-

ਜਿਸਦੇ ਜਿਸਮ ਦਾ ਜਿੰਨਾ ਹਿੱਸਾ ਨੰਗਾ ਹੈ।
ਉਸਦੇ ਜਿਸਮ ਦਾ ਉਨਾ ਹਿੱਸਾ ਚੰਗਾ ਹੈ।

ਓਸੇ ਦੀ ਉਮੀਦ 'ਤੇ ਫਿਰਦਾ ਹੈ ਪਾਣੀ,
ਜਿਸਦੇ ਵਿਹੜੇ ਦੇ ਵਿਚ ਵਗਦੀ ਗੰਗਾ ਹੈ।

ਉਪਰ-ਹੇਠਾਂ ਤਿੰਨ ਟਾਕੀਆਂ ਲਾਈਆਂ ਨੇ,
ਇਹ ਨਾ ਸਮਝਿਉ ਮੇਰਾ ਇਸ਼ਟ ਤਿਰੰਗਾ ਹੈ।

ਨੰਗੀ ਨਹਾ ਕੇ ਕਿਹੜੀ ਚੀਜ਼ ਨਿਚੋੜੇਗੀ,
ਇਹ ਤਾਂ ਵਸਤਰਵਾਨਾਂ ਦੇ ਲਈ ਪੰਗਾ ਹੈ।

ਪਰਮ ਹੰਸ ਜਿਹੀ ਪਦਵੀ ਹੁੰਦੀ ਬਾਲਕ ਦੀ,
ਹੱਸਦਾ ਨੱਚਦਾ ਫਿਰਦਾ ਨੰਗ ਮੁਨੰਗਾ ਹੈ। 00

-2-

ਮੈਂ ਕਵਿਤਾ ਕੋਲ਼ ਰੁਕਣਾ ਹੈ, ਜੇ ਜਾਂਦੀ ਹੈ ਬਹਿਰ ਜਾਏ।
ਨਦੀ ਦੀ ਹੋਂਦ ਕਿੱਥੇ ਹੈ, ਅਗਰ ਪਾਣੀ ਠਹਿਰ ਜਾਏ।

ਇਹ ਨਾ ਤਾਂ ਝੱਗ ਦਾ ਬੁਲਬੁਲਾ ਹੈ, ਨਾ ਜਵਾਰਭਾਟਾ ਹੈ,
ਇਹ ਤਲ ਸਾਗਰ ਦਾ ਹੈ ਪਿਆਰੇ, ਲਹਿਰ ਆਏ ਲਹਿਰ ਜਾਏ।

ਜੇ ਸ਼ਹਿਰ ਨੂੰ ਹੱਸਦਾ ਤੱਕਣੈ, ਤਾਂ ਉਸਨੂੰ ਪਿੰਡ ਵੱਲ ਤੋਰੋ,
ਜੇ ਪਿੰਡ ਨੂੰ ਤੜਫਦਾ ਤੱਕਣੈ, ਕਹੋ ਉਸਨੂੰ ਸ਼ਹਿਰ ਜਾਏ।

ਨਾ ਚੰਨ ਪਾਣੀ 'ਚ ਤਰਦਾ ਹੈ, ਨਾ ਸੱਪ ਰੱਸੀ 'ਚ ਰਹਿੰਦਾ ਹੈ,
ਕਦੇ ਤਾਂ ਖੇਡਦਾ ਬੱਚਾ, ਕਦੇ ਬੱਚਾ ਇਹ ਡਰ ਜਾਏ।

ਹਾਂ, ਏਸੇ ਹੀ ਤਰ੍ਹਾਂ ਕਰਦੇ ਰਹੇ ਜੇ ਸੰਵਿਧਾਨ ਵਿਚ ਸੋਧਾਂ,
ਬਹੁਤ ਮੁਮਕਿਨ ਹੈ ਇਕ ਦਿਨ ਅਪਣਾ ਭੂਸ਼ਨ ਸੁਧਰ ਜਾਏ। 00

-3-

ਅੱਜ ਬਲਵਾਨ ਕਲਪਣਾ ਦੇ ਪਰ ਮੈਨੂੰ ਭਾਰੇ ਭਾਰੇ ਲੱਗੇ।
ਸੋਚਾਂ ਦੇ ਮਿੱਠੇ ਸਾਗਰ ਦੇ ਪਾਣੀ, ਖਾਰੇ ਖਾਰੇ ਲੱਗੇ।

ਜਾਂ ਤਾਂ ਉਹ ਮਜ਼ਦੂਰ ਨਹੀਂ ਸਨ, ਜਾਂ ਫਿਰ ਉਹ ਮਜਬੂਰ ਹੋਣਗੇ,
ਵੇਖਾ ਵੇਖੀ ਪੈਰ ਪੁਟੀਂਦੇ, ਪੱਥਰ ਦੇ ਬੁੱਤ ਸਾਰੇ ਲੱਗੇ।

ਉਠਾਂ ਦੇ ਬੁਲ੍ਹ ਲਟਕ ਰਹੇ ਨੇ, ਹੁਣ ਵੀ ਡਿੱਗੇ, ਹੁਣ ਵੀ ਡਿੱਗੇ,
ਇਹੀਉ ਬਾਤ ਵਿਚਾਰਕੇ ਖਬਰੇ, ਕਿੰਨੇ ਮਗਰ ਵਿਚਾਰੇ ਲੱਗੇ।

ਸਿਰ ਮੇਰਾ ਸੂਰਜ ਨੇ ਖਾਧਾ, ਸੜਕਾਂ ਪੈਰਾਂ ਨੂੰ ਖਾ ਗਈਆਂ,
ਕੰਨ ਵਿਚਾਰੇ ਕੱਚੇ ਕੱਚੇ, ਬੁਲ੍ਹ ਵੀ ਹਾਰੇ ਹਾਰੇ ਲੱਗੇ।

ਇਸ ਵਿਚ ਮੇਰਾ ਕੁਝ ਵੀ ਨਹੀਂ ਹੈ, ਇਹ ਤਾਂ ਮੌਸਮ ਦੇ ਸਿਰ ਸਿਹਰਾ,
ਜੇ ਮੇਰੇ ਗੁਲਦਸਤੇ ਵਿਚਲੇ, ਤੈਨੂੰ ਫੁੱਲ ਪਿਆਰੇ ਲੱਗੇ। 00

# ਸ੍ਰੇਸ਼ਟ ਕਹਾਣੀਕਾਰ ਕੁਲਵੰਤ ਸਿੰਘ ਵਿਰਕ: ਰਘਬੀਰ ਸਿੰਘ

ਪੰਜਾਬੀ ਵਿਚ ਆਧੁਨਿਕ ਨਿੱਕੀ ਕਹਾਣੀ ਨੂੰ ਇਸਦੇ ਸਾਰੇ ਕਲਾਤਮਕ ਪਹਿਲੂਆਂ ਸਮੇਤ ਸ਼ਾਨਦਾਰ ਆਰੰਭ ਭਾਵੇਂ ਸੰਤ ਸਿੰਘ ਸੇਖੋਂ ਅਤੇ ਕਰਤਾਰ ਸਿੰਘ ਦੁੱਗਲ ਵਰਗੇ ਸਿਰਜਕਾਂ ਨੇ ਹੀ ਦੁਆਇਆ। ਪਰ ਸਾਡੀ ਜ਼ੁਬਾਨ ਵਿਚ ਪ੍ਰਮਾਣੀਕ ਕਹਾਣੀਕਾਰ ਵਜੋਂ ਜੇ ਕਿਸੇ ਇਕ ਲੇਖਕ ਦੀ ਪਛਾਣ ਕਰਨੀ ਹੋਵੇ ਤਾਂ ਉਹ ਅਵੱਸ਼ ਕੁਲਵੰਤ ਸਿੰਘ ਵਿਰਕ ਹੀ ਹੈ। ਜਿੱਥੇ ਹੋਰ ਲੇਖਕ ਆਪਣੀ ਰਚਨਾਤਮਕ ਸਰਗਰਮੀ ਨੂੰ ਹੋਰਨਾਂ ਵਿਧਾਵਾਂ ਵਿਚ ਲੈ ਜਾਂਦੇ ਰਹੇ ਹਨ, ਜਿਵੇਂ ਸਾਡੀ ਜ਼ੁਬਾਨ ਵਿਚ ਗਿਣਤੀ ਅਤੇ ਵੰਨਗੀ ਦੇ ਪੱਖ ਤੋਂ ਕਹਾਣੀਆਂ ਲਿਖਣ ਵਿਚ ਪ੍ਰਮੁਖਤਾ ਕਰਤਾਰ ਸਿੰਘ ਦੁੱਗਲ ਨੂੰ ਹਾਸਲ ਹੈ ਪਰ ਦੁੱਗਲ ਦੀ ਸਿਰਜਣਾਤਮਕਤਾ ਦਾ ਘੇਰਾ ਕਹਾਣੀ ਤਕ ਸੀਮਤ ਨਹੀਂ, ਉਹ ਨਾਵਲਕਾਰ, ਨਾਟਕਕਾਰ, ਕਵੀ, ਵਾਰਤਕ ਲੇਖਕ ਬਹੁਤ ਕੁਝ ਹੈ। ਇਹੀ ਗੱਲ ਸੰਤੋਖ ਸਿੰਘ ਧੀਰ ਵਰਗੇ ਪ੍ਰਤਿਸ਼ਠਤ ਕਹਾਣੀਕਾਰਾਂ ਬਾਰੇ ਆਖੀ ਜਾ ਸਕਦੀ ਹੈ। ਇਸਦੇ ਟਾਕਰੇ ਕੁਲਵੰਤ ਸਿੰਘ ਵਿਰਕ ਇਕੋ ਇਕ ਲੇਖਕ ਸੀ ਜਿਸਨੇ ਕਹਾਣੀ ਦੀ ਵਿਧਾ ਵਿਚ ਰਚਨਾ ਕਰਨ ਤੋਂ ਇਲਾਵਾ ਹੋਰ ਕਿਸੇ ਵਿਧਾ ਵੱਲ ਅਹੁਲਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਿਰੋਲ ਕਹਾਣੀਕਾਰ ਹੋਣ ਵਜੋਂ ਪੰਜਾਬੀ ਸਾਹਿਤ-ਜਗਤ ਵਿਚ ਵੱਡੀ ਮਾਨਤਾ ਹਾਸਲ ਕੀਤੀ। ਸਦੀਵੀ ਵਿਛੋੜਾ ਦੇ ਜਾਣ ਦੇ ਤਿੰਨ ਦਹਾਕੇ ਪਿੱਛੋਂ ਅੱਜ ਵੀ ਪੰਜਾਬੀ ਦੇ ਸ੍ਰੇਸ਼ਟ ਕਹਾਣੀਕਾਰ ਵਜੋਂ ਉਸਦੀ ਮਾਨਤਾ ਜਿਉਂ ਦੀ ਤਿਉਂ ਬਰਕਰਾਰ ਹੈ।

ਵਸਤੂ ਦੀ ਚੋਣ ਅਤੇ ਕਹਾਣੀ ਵਿਚ ਸੰਚਾਰਤ ਦ੍ਰਿਸ਼ਟੀ ਦੇ ਪੱਖ ਤੋਂ ਵੀ ਉਸਦੇ ਬਹੁਤ ਸਾਰਥਕ ਪੱਖ ਸਾਹਵੇਂ ਆਉਂਦੇ ਹਨ ਪਰ ਵਿਰਕ ਦੇ ਇਕ ਪ੍ਰਮਾਣੀਕ ਕਹਾਣੀਕਾਰ ਹੋਣ ਦਾ ਭੇਤ ਮੂਲ ਰੂਪ ਵਿਚ ਇਸ ਤੱਥ ਵਿਚ ਵਿਦਮਾਨ ਹੈ ਕਿ ਉਸਨੇ ਨਿੱਕੀ ਕਹਾਣੀ ਦੇ ਸੰਜਮ ਨੂੰ ਬਹੁਤ ਕੁਸ਼ਲਤਾ ਤੇ ਬਰੀਕਬੀਨੀ ਨਾਲ ਨਿਭਾਇਆ। ਸਮੇਂ ਦੇ ਬੀਤਣ ਨਾਲ ਹੁਣ ਤਾਂ ਨਿੱਕੀ ਕਹਾਣੀ ਦੀ ਰੂਪਗਤ ਸਮਝ ਵਿਚ ਕਾਫੀ ਤਬਦੀਲੀ ਆ ਗਈ ਹੈ। ਪਰ ਵਿਰਕ ਦੀ ਰਚਨਾ ਵਿਚੋਂ ਆਧੁਨਿਕ ਕਹਾਣੀ ਦਾ ਉਹ ਪਰਿਪੱਕ ਰੂਪ ਪਛਾਣਿਆ ਜਾ ਸਕਦਾ ਹੈ, ਜੋ ਪੱਛਮ ਵਿਚ ਇਸਦੀ ਵਿਕਾਸ ਪ੍ਰਕਿਰਿਆ ਦੌਰਾਨ ਸਥਾਪਤ ਹੋਇਆ ਸੀ। ਵਿਰਕ ਦੀ ਕਹਾਣੀ ਦੀ ਗੋਂਦ ਵਿਚ ਕਿਤੇ ਕੋਈ ਝੋਲ ਨਹੀਂ ਪੈਂਦੀ ਅਤੇ ਉਸ ਵਿਚ ਕਿਧਰੇ ਵੀ ਕੋਈ ਸ਼ਬਦ ਵਾਧੂ ਪ੍ਰਤੀਤ ਨਹੀਂ ਹੁੰਦਾ। ਥੋੜ੍ਹੇ ਸ਼ਬਦਾਂ ਵਿਚ ਵੱਡੀ ਗੱਲ ਕਹਿਣ ਦੇ ਕਲਾਤਮਕ ਸੰਜਮ ਨੂੰ ਨਿਭਾਉਣ ਵਿਚ ਉਹ ਉਸਤਾਦ ਸੀ। ਇਸੇ ਲਈ ਉਸਨੂੰ 'ਨਿੱਕੀ ਕਹਾਣੀ ਦਾ ਵੱਡਾ ਲੇਖਕ' ਆਖੇ ਜਾਣ ਵਿਚ ਕੋਈ ਅਤਿਕਥਨੀ ਨਹੀਂ।

ਵਿਰਕ ਨੇ ਜਦੋਂ ਲਿਖਣਾ ਸ਼ੁਰੂ ਕੀਤਾ ਉਦੋਂ ਪ੍ਰਗਤੀਵਾਦ ਦਾ ਬੋਲ-ਬਾਲਾ ਸੀ। ਰਕਾਰੀ ਮੁਲਾਜ਼ਮਤ ਵਿਚਲੇ ਕਈ ਹੋਰ ਸਮਰੱਥ ਲੇਖਕਾਂ ਵਾਂਗ ਵਿਰਕ ਨੇ ਵੀ ਪ੍ਰਗਤੀਵਾਦੀ ਹੋਣ ਦਾ ਰਸਮੀ ਐਲਾਨ ਕਰਨ ਜਾਂ ਵਿਧੀਵਤ ਰੂਪ ਵਿਚ ਪ੍ਰਗਤੀਵਾਦੀ ਲਹਿਰ ਤੇ ਸੰਗਠਨਾਂ ਨਾਲ ਜੁੜਨ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਦ੍ਰਿਸ਼ਟੀਕੋਣ ਦੇ ਪੱਖ ਤੋਂ ਉਸਦੀ ਪਹੁੰਚ ਕਿਸੇ ਵੀ ਸਥਾਪਤ ਪ੍ਰਗਤੀਵਾਦੀ ਲੇਖਕ ਦੇ ਸਮਾਨਾਂਤਰ ਰੱਖਕੇ ਵੇਖੀ ਜਾ ਸਕਦੀ ਹੈ ਅਤੇ ਬਹੁਤ ਹਾਲਤਾਂ ਵਿਚ ਉਹ ਵਧੇਰੇ ਸਾਰਥਕ ਤੇ ਪ੍ਰਗਤੀਮੁਖ ਰਹੀ ਹੈ। ਸਿੱਕੇਬੰਦ ਪ੍ਰਗਤੀਵਾਦੀਆਂ ਨਾਲੋਂ ਨਿਖੇੜਾ ਕਰਨ ਲਈ ਉਸਨੂੰ ਮਾਨਵਵਾਦੀ ਆਖਿਆ ਗਿਆ ਹੈ, ਜੋ ਵਿਰਕ ਦੀ ਦ੍ਰਿਸ਼ਟੀ ਨੂੰ ਦਰਸਾਉਣ ਲਈ ਅਵੱਸ਼ ਢੁਕਵਾਂ ਵਿਸ਼ੇਸ਼ਣ ਜਾਂ ਨਾਮਕਰਨ ਮੰਨਿਆ ਜਾ ਸਕਦਾ ਹੈ। ਪਰ ਅਕਸਰ ਇਸ ਤਰ੍ਹਾਂ ਦਾ ਕੋਈ ਵੱਖਰਾ ਵਿਸ਼ੇਸ਼ਣ ਪ੍ਰਗਤੀਵਾਦ ਦੀ ਪ੍ਰਚਲਤ ਗ਼ਲਤ ਤੇ ਸੰਕੀਰਨ ਜਿਹੀ ਧਾਰਨਾ ਕਰਕੇ ਕੀਤਾ ਜਾਂਦਾ ਹੈ, ਜਿਸ ਅਨੁਸਾਰ ਜਮਾਤੀ ਵੰਡ ਵਾਲੇ ਸਮਾਜ ਵਿਚ ਕੇਵਲ ਆਰਥਿਕ ਤੇ ਰਾਜਸੀ ਮੁੱਦਿਆਂ ਤਕ

ਸੀਮਤ ਰਹਿਣ ਵਾਲੇ ਰਚਨਾਕਾਰ ਹੀ ਪ੍ਰਗਤੀਵਾਦੀਆ ਵਜੋਂ ਪ੍ਰਵਾਨ ਕੀਤੇ ਜਾਂਦੇ ਰਹੇ ਹਨ। ਇਸ ਪਹੁੰਚ ਨੇ ਨਾ ਕੇਵਲ ਪ੍ਰਗਤੀਵਾਦ ਦਾ ਕੁਝ ਸੰਵਾਰਿਆ ਨਹੀਂ ਸਗੋਂ ਇਸ ਨੇ ਪ੍ਰਗਤੀਵਾਦ ਬਾਰੇ ਬਹੁਤ ਸਾਰੇ ਭਰਮ ਭੁਲੇਖਿਆਂ ਦੇ ਪ੍ਰਸਾਰ ਲਈ ਆਧਾਰਭੂਮੀ ਵੀ ਤਿਆਰ ਕੀਤੀ ਹੈ। ਇਸ ਲਈ ਵਿਰਕ ਨੂੰ ਮਾਨਵਵਾਦੀ ਆਖੇ ਜਾਣ 'ਤੇ ਕੋਈ ਇਤਰਾਜ਼ ਤਾਂ ਨਹੀਂ ਹੋਣਾ ਚਾਹੀਦਾ ਪਰ ਇਹ ਵਿਸ਼ੇਸ਼ਣ ਲਾ ਕੇ ਜੇ ਉਸਨੂੰ ਪ੍ਰਗਤੀਵਾਦ ਤੋਂ ਵੱਖ ਕਰਕੇ ਵੇਖਣ ਦੀ ਕੋਸ਼ਸ਼ ਕੀਤੀ ਜਾਂਦੀ ਹੈ ਤਦ ਇਹ ਦਰੁਸਤ ਨਹੀਂ।

ਵਿਰਕ ਦੀ ਮਾਨਵਵਾਦੀ-ਪ੍ਰਗਤੀਵਾਦੀ ਪਹੁੰਚ ਸ਼ੁਰੂ ਤੋਂ ਲੈ ਕੇ ਅਖੀਰ ਤਕ ਉਸਦੀਆਂ ਸਾਰੀਆਂ ਲਿਖਤਾਂ ਵਿਚ ਸਮਾਈ ਹੋਈ ਹੈ, ਭਾਵੇਂ ਉਹਨਾਂ ਦਾ ਵਿਸ਼ਾ ਖੇਤਰ ਕੋਈ ਵੀ ਕਿਉਂ ਨਾ ਰਿਹਾ ਹੋਵੇ। ਵਿਰਕ ਨੇ ਉਦਾਰ ਮਾਨਵਵਾਦ ਦਾ ਆਸਰਾ ਲੈ ਕੇ ਸਹਾਨੁਭੂਤੀ ਤੇ ਸੁਹਿਰਦਤਾ ਨਾਲ ਆਪਣੇ ਪਾਤਰਾਂ ਦੇ ਜੀਵਨ-ਸਮਾਚਾਰਾਂ ਤੇ ਸਰੋਕਾਰਾਂ ਨੂੰ ਅਜਿਹੀ ਕਲਾਤਮਕ ਮੁਹਾਰਤ ਨਾਲ ਚਿਤਰਿਆ ਹੈ ਕਿ ਉਸਦੇ ਸਿਰਜੇ ਪਾਤਰ ਤੇ ਜੀਵਨ-ਚਿਤਰ ਪਾਠਕਾਂ ਦੇ ਚੇਤਿਆਂ ਵਿਚ ਸਜੀਵ ਰੂਪ ਵਿਚ ਟਿਕੇ ਰਹਿਣ ਦੇ ਸਮਰੱਥ ਹਨ। ਵੰਡ ਤੋਂ ਪਹਿਲਾਂ ਦੇ ਪੰਜਾਬ ਅਤੇ ਵਿਸ਼ੇਸ਼ ਕਰਕੇ ਵਿਰਕ ਟੱਪੇ ਦੇ ਪਿੰਡਾਂ ਦੀ ਜ਼ਿੰਦਗੀ ਦੀ ਜਿਹੋ ਜਿਹੀ ਪ੍ਰਮਾਣਕ, ਸੰਤੁਲਤ ਤੇ ਸਜਿੰਦ ਝਾਕੀ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚੋਂ ਮਿਲਦੀ ਹੈ ਉਹ ਹੋਰ ਕਿਧਰੇ ਵੀ ਉਪਲਭਦ ਨਹੀਂ।

ਉਸਦੀਆਂ ਮੁੱਢਲੀਆਂ ਕਹਾਣੀਆ ਵਿਚ ਪੁਰਾਣੇ ਪੇਂਡੂ ਪੰਜਾਬ ਦੇ ਉਸ ਸੰਗਠਤ ਭਾਈਚਾਰੇ ਦਾ ਚਿਤਰ ਉਭਰਦਾ ਹੈ,ਜਿਸ ਵਿਚ ਲੋਕਾਂ ਦੀ ਆਪਣੀ ਬਿਰਾਦਰੀ ਵਿਚ ਜਾਨ ਹੁੰਦੀ ਸੀ ਅਤੇ ਉਹ ਆਪਣੀ ਬਿਰਾਦਰੀ ਦੀ ਇਜ਼ਤ ਤੇ ਅਣਖ ਲਈ ਕੁਝ ਵੀ ਕਰਨ ਲਈ ਤਿਆਰ ਹੁੰਦੇ ਸਨ। ਬਿਰਾਦਰੀ ਦੇ ਮੁਖੀ ਆਪਣੇ ਲੋਕਾਂ ਦੇ ਵਿਹਾਰ ਨੂੰ ਨਿਯੰਤਰਤ ਰਖਦੇ ਸਨ ਅਤੇ ਉਨ੍ਹਾਂ ਦੇ ਵਿਹਾਰ ਨੂੰ ਮਰਯਾਦਾਬਧ ਬਣਾਉਣ ਦੀ ਕੋਸ਼ਿਸ਼ ਕਰਦੇ ਸਨ। ਪਿੰਡ ਉਦੋਂ ਇਕ ਇਕਾਈ ਵਾਂਗ ਸੀ ਅਤੇ ਪਿੰਡ ਦੇ ਮੁਖੀ ਦਾ ਵਿਹਾਰ ਪਰਿਵਾਰ ਦੇ ਮੁਖੀ ਵਾਂਗ ਹੀ ਹੁੰਦਾ ਸੀ। 'ਉਜਾੜ','ਤੂੜੀ ਦੀ ਪੰਡ','ਉਲ੍ਹਾਮਾ' ਆਦਿ ਕਹਾਣੀਆਂ ਦੇ ਮੁਖ ਪਾਤਰ ਅਜਿਹੇ ਲੋਕਾਂ ਦੀ ਹੀ ਪ੍ਰਤੀਨਿਧ ਉਦਾਹਰਣ ਵਜੋਂ ਸਾਹਵੇਂ ਆਉਂਦੇ ਹਨ।ਪਿੰਡ ਜਾਂ ਬਿਰਾਦਰੀ ਦਾ ਅਜਿਹਾ ਮੁਖੀ ਪੇਕੇ ਪਿੰਡ ਆ ਰਹੀ, ਭਾਵੇਂ ਕਿਸੇ ਅਸਲੋਂ ਗ਼ਰੀਬ ਘਰ ਦੀ ਹੀ, ਕੁੜੀ ਤੇ ਉਸਦੇ ਪ੍ਰਾਹੁਣੇ ਨੂੰ ਪੈਦਲ ਤੁਰਦਿਆਂ ਵੇਖ ਕੇ ਸਵਾਰੀ ਵਜੋਂ ਆਪਣੀ ਘੋੜੀ ਦੇ ਦਿੰਦਾ ਹੈ। ਉਸਨੂ ਇਹ ਚਿੰਤਾ ਹੁੰਦੀ ਹੈ ਕਿ ਪਿੰਡ ਦੀ ਕੋਈ ਨੂੰਹ ਆਪਣੇ ਘਰ ਵਿਚ ਓਪਰੇ ਲੋਕਾਂ ਦੀ ਆਮਦ ਨਾਲ ਆਪਣੇ ਭਾਈਚਾਰੇ ਤੇ ਪਿੰਡ ਦੀ ਇਜ਼ਤ ਲਈ ਖਤਰਾ ਨਾ ਬਣੇ। ਉਹ ਇਹ ਵੀ ਫਿਕਰ ਕਰਦਾ ਹੈ ਕਿ ਪਿੰਡ ਦੇ ਕਿਸੇ ਜਵਾਨ ਨੂੰ ਰੁਜ਼ਗਾਰ ਦੀ ਖਾਤਰ ਸ਼ਹਿਰ ਵਿਚ ਜਾ ਕੇ ਨਖਿੱਧ ਕੰਮ ਨਾ ਕਰਨੇ ਪੈਣ। ਉਸਦੀ ਤਾਂਘ ਹੁੰਦੀ ਹੈ ਕਿ ਨਵੀਂ ਪੌਦ ਵੱਡਿਆਂ ਦੀ ਕਹਿਣੇਕਾਰ ਹੋਵੇ ਅਤੇ ਪਰੰਪਰਕ ਕਦਰਾਂ-ਕੀਮਤਾਂ ਨਾਲ ਬੱਝੀ ਰਹੇ। ਉਸ ਅਨੁਸਾਰ ਇਹ ਲਾਜ਼ਮੀ ਹੈ ਕਿ ਬਿਰਾਦਰੀ ਜਾਂ ਪਿੰਡ ਦੀ ਪੱਧਰ 'ਤੇ ਸਮੂਹਕ ਨੌਈਅਤ ਦਾ ਜੋ ਵੀ ਕੋਈ ਫੈਸਲਾ ਹੋਵੇ ਉਸਨੂੰ ਸਾਰੇ ਲੋਕ ਪ੍ਰਵਾਨ ਕਰਨ। ਉਸਦੀ ਸਮਝ ਅਨੁਸਾਰ ਵੋਟਾਂ ਵਿਚ ਆਪਣੀ ਬਿਰਾਦਰੀ ਤੋਂ ਵੱਖਰੇ ਕਿਸੇ ਬੰਦੇ ਦੇ ਹੱਕ ਵਿਚ ਭੁਗਤਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਹੁਣ ਤਕ ਲੋਕਾਂ ਨੂੰ ਨਿਯੰਤਰਤ ਕਰਦੇ ਰਹੇ ਅਤੇ ਉਹਨਾਂ ਦਾ ਸਤਿਕਾਰ ਹਾਸਲ ਕਰਦੇ ਰਹੇ ਭੂਪਵਾਦੀ ਸਭਿਆਚਾਰਕ ਮਰਯਾਦਾ ਵਾਲੇ ਇਹਨਾਂ ਸ਼ੁਭ-ਭਾਵੀ ਮੁਖੀਆਂ ਜਾਂ ਬਜ਼ੁਰਗਾਂ ਦਾ ਅਗਾਂਹ ਜ਼ਮਾਨਾ ਨਹੀਂ ਰਿਹਾ। 'ਉਲ੍ਹਾਮਾ' ਨਾਂ ਦੀ ਕਹਾਣੀ ਵਿਚ ਗੱਲ ਭਾਵੇਂ ਦੇਸ਼-ਵੰਡ ਦੇ ਉਜਾੜੇ ਦੇ ਪ੍ਰਸੰਗ ਵਿਚ ਹੀ ਹੋਈ ਹੈ ਪਰ ਬੁੱਢੀ ਮੋਚਣ ਰਾਬਿਆ ਦਾ ਰਫਿਊਜੀ ਕੈਂਪ ਵਿਚ ਪਹੁੰਚ ਚੁੱਕੇ ਸਰਦਾਰ ਬਲਕਾਰ ਸਿੰਘ ਵੱਲ ਉਲ੍ਹਾਮਾ ਕਿ *' ਸਰਦਾਰ ਨੇ ਇਹ ਕੀ ਕੀਤਾ, ਉਹਨਾਂ ਨੂੰ ਪਿੱਛੇ ਛੱਡਕੇ ਆਪ ਉਹ ਕੁੱਪ ਵਿਚ ਜਾ ਵੜਿਆ! ਉਹਨਾਂ ਗ਼ਰੀਬਾਂ ਦੀ ਬਾਂਹ ਕਿਨ੍ਹੰ ਫੜਾਈ ਆ'* , ਪਿੰਡ ਦੇ ਮੁਖੀਆਂ ਵਿਚ ਵਿਸ਼ਵਾਸ ਤੇ ਸਤਿਕਾਰ-ਭਾਵ ਵਿਚੋਂ ਹੀ ਆਇਆ ਹੈ। ਪਰ ਇਹ ਰੋਅਬ, ਮਾਣ ਤੇ ਸਤਿਕਾਰ-ਭਾਵ ਆਉਣ ਵਾਲੇ ਸਮੇਂ ਦਾ ਸੱਚ ਨਹੀਂ। ਸੱਚ ਇਹ ਹੈ ਕਿ ਬਦਲਦੀਆਂ ਪਰਿਸਥਿਤੀਆ ਵਿਚ ਭੂਪਵਾਦੀ

ਸਮਾਜਕ ਵਿਹਾਰ ਤੇ ਸਭਿਆਚਾਰਕ ਕਦਰਾਂ-ਕੀਮਤਾਂ ਨਾਲ ਜੁੜਿਆ ਇਹ ਸਭ ਕੁਝ ਸੰਭਵ ਨਹੀਂ ਰਹਿਣ ਲੱਗਾ। ਪੂੰਜੀਵਾਦੀ ਲੋਕਤੰਤਰੀ ਕੀਮਤਾਂ ਦੇ ਵਿਕਾਸ ਨਾਲ ਪੈਦਾ ਹੋਈਆਂ ਨਵੇਂ ਜ਼ਮਾਨੇ ਦੀਆ ਨਵੀਆਂ ਸੋਚਾਂ ਪੁਰਾਣੀ ਸੋਚ ਵਿਚ ਤ੍ਰੇੜਾਂ ਪਾ ਰਹੀਆਂ ਹਨ। ਨਵੀਂ ਪੀੜ੍ਹੀ ਦੀ ਸਮਾਜਕ ਤੇ ਰਾਜਨੀਤਕ ਮਸਲਿਆਂ ਵੱਲ ਨਵੀਂ ਪਹੁੰਚ ਕਾਰਨ, ਉਭਰ ਰਹੀ ਨਵੀਂ ਚੇਤਨਾ ਕਾਰਨ, ਜੀਵਨ ਵਿਉਂਤਣ ਤੇ ਚਲਾਉਣ ਦੀਆਂ ਨਵੀਆਂ ਜੁਗਤਾਂ ਕਾਰਨ ਹੌਲ਼ੀ ਹੌਲ਼ੀ ਪੁਰਾਣਾ ਸੰਗਠਤ ਭਾਈਚਾਰਾ ਟੁੱਟ ਰਿਹਾ ਹੈ। ਕੁਲਵੰਤ ਸਿੰਘ ਵਿਰਕ ਤਬਦੀਲੀ ਦੇ ਇਸ ਅਮਲ ਦਾ ਵਾਸਤਵਿਕ ਚਿਤਰ ਪੇਸ਼ ਕਰਦਾ ਹੈ। ਅਜਿਹਾ ਚਿਤਰ ਪੇਸ਼ ਕਰਦਿਆਂ ਹੋਇਆਂ ਉਹ ਬਹਾਦਰ ਸਿੰਘ ਤੇ ਆਲਾ ਸਿੰਘ ਵਰਗੇ ਬਜ਼ੁਰਗਾਂ ਪ੍ਰਤੀ ਰਸਮੀ ਆਦਰ-ਸਤਿਕਾਰ ਦੇ ਭਾਵ ਵਿਚ ਭਾਵੇਂ ਕੋਈ ਕਮੀ ਤਾਂ ਨਹੀਂ ਆਉਣ ਦਿੰਦਾ, ਪਰ ਇਹ ਅਵੱਸ਼ ਦਰਸਾਉਂਦਾ ਹੈ ਕਿ ਪੁਰਾਣੀਆਂ ਕਦਰਾਂ-ਕੀਮਤਾਂ ਨਾਲ ਜੁੜੇ ਇਹਨਾਂ ਬਜ਼ੁਰਗਾਂ ਦਾ ਜ਼ਮਾਨਾ ਹੁਣ ਨਹੀਂ ਰਿਹਾ। ਇਤਿਹਾਸਕ ਅਨਿਵਾਰਤਾ ਦੇ ਸੱਚ ਤੋਂ ਵਿਰਕ ਨਾ ਕੇਵਲ ਮੁਨਕਰ ਨਹੀਂ ਹੁੰਦਾ ਸਗੋਂ ਅਗਾਂਹ ਵੱਲ ਤਬਦੀਲੀ ਨੂੰ ਹਕੀਕਤ ਵਜੋਂ ਸਵੀਕਾਰਦਾ ਵੀ ਹੈ।

ਸਿਰਫ ਸਤਹ ਉੱਤੋਂ ਹੀ ਕਹਾਣੀ ਨੂੰ ਪੜ੍ਹਨ ਤੇ ਸਮਝਣ ਦੀ ਬਿਰਤੀ ਦਾ ਸ਼ਿਕਾਰ ਕੋਈ ਪਾਠਕ ਪਰੰਪਰਕ ਸੋਚ ਵਿਚ ਬੱਝੇ ਇਹਨਾਂ ਕਹਾਣੀਆਂ ਦੇ ਬਜ਼ੁਰਗ ਪਾਤਰਾਂ ਦੇ ਬੋਲਾਂ ਤਕ ਸੀਮਤ ਰਹਿ ਕੇ ਅਸਲੋਂ ਉਲਟੇ ਅਰਥ ਕੱਢ ਸਕਦਾ ਹੈ ਅਤੇ ਲੇਖਕ ਦੀ ਪਹੁੰਚ ਬਾਰੇ ਗ਼ਲਤ ਧਾਰਨਾ ਬਣਾ ਸਕਦਾ ਹੈ। ਜਿਵੇਂ ਇਸ ਤਰ੍ਹਾਂ ਦਾ ਵਿਚਾਰ ਕਿ ਲੇਖਕ ਭੂਪਵਾਦੀ ਸਭਿਆਚਾਰ ਤੇ ਇਸਦੇ ਮੁੱਲ-ਵਿਧਾਨ ਦੀ ਪੈਰਵਾਈ ਕਰ ਰਿਹਾ ਹੈ। ਧੀਮੀ ਸੁਰ ਵਾਲੀ ਆਪਣੀ ਸਹਿਜ ਸੰਜਮੀ ਜੁਗਤ ਨਾਲ ਵਿਰਕ ਇਸ ਵੰਨਗੀ ਦੀਆਂ ਕਹਾਣੀਆਂ ਵਿਚ ਸਗੋਂ ਇਹ ਦਰਸਾਉਂਦਾ ਹੈ ਕਿ ਪੁਰਾਣੇ ਪੰਜਾਬ ਦਾ, ਜਾਤ-ਪਾਤ ਤੇ ਊਚ-ਨੀਚ ਨੂੰ ਇਕ ਸਹਿਜ ਹਕੀਕਤ ਵਜੋਂ ਸਵੀਕਾਰਨ ਵਾਲਾ, ਪਰ ਨਾਲ ਦੀ ਨਾਲ ਭਾਈਵਾਲੀ ਤੇ ਸਾਂਝ ਦੇ ਬਿੰਬ ਵਾਲਾ, ਸੰਗਠਤ ਪੇਂਡੂ ਭਾਈਚਾਰਾ ਹੁਣ ਟੁੱਟਣਾ ਹੀ ਟੁੱਟਣਾ ਹੈ। ਟੁੱਟਣ ਦੀ ਇਸ ਪ੍ਰਕਿਰਿਆ ਨੂੰ ਵਿਰਕ ਸਿਰਫ ਯਥਾਰਥ ਵਜੋਂ ਉਭਾਰਦਾ ਹੈ, ਇਸ ਉੱਤੇ ਰੁਦਨ ਦੀ ਸੁਰ ਬਿਲਕੁਲ ਨਹੀਂ ਅਪਨਾਉਂਦਾ। ਲੋਕ-ਤੰਤਰੀ ਵਿਵਸਥਾ ਵਿਚ ਹੁਣ ਵੋਟਾਂ ਬਿਰਾਦਰੀ ਦੇ ਨਾਂ ਉੱਤੇ ਹੀ ਨਹੀਂ ਪੈਣਗੀਆਂ। ਆਰਥਿਕ ਸਮਾਜਕ ਹਕੀਕਤ ਇਹ ਹੈ ਕਿ ਲੋਕ ਹੁਣ ਆਪਣੇ ਰਵਾਇਤੀ ਕਿੱਤਿਆਂ ਤਕ ਵੀ ਸੀਮਤ ਨਹੀਂ ਰਹਿਣਗੇ। ਪਿੰਡ ਹੁਣ ਇਕ ਸਵੈ-ਨਿਰਭਰ ਸੁਤੰਤਰ ਇਕਾਈ ਨਹੀਂ ਬਣਿਆ ਰਹਿ ਸਕੇਗਾ ਅਤੇ ਨਵੇਂ ਨਵੇਂ ਕਿੱਤਿਆਂ ਤੇ ਰੁਜ਼ਗਾਰ ਦੀ ਭਾਲ਼ ਵਿਚ ਲੋਕਾਂ ਨੂੰ ਸ਼ਹਿਰ ਵੱਲ ਰੁਖ ਕਰਨਾ ਹੀ ਪਏਗਾ। ਆਲਾ ਸਿੰਘ ਜਾਂ ਬਹਾਦਰ ਸਿੰਘ ਹੁਣ ਕਿਸੇ ਜੱਟ ਦੇ ਪੁੱਤ ਦੇ ਤਾਂਗਾ ਵਾਹੁਣ ਅਤੇ ਉਸਦੇ ਘਰ ਵਿਚ ਹਮ-ਪੇਸ਼ਾ ਕੰਮੀ-ਕਮੀਣ ਸਾਥੀਆਂ ਦੇ ਆਉਣ ਉੱਤੇ ਝੋਰਾ ਤਾਂ ਕਰ ਸਕਦੇ ਹਨ, ਪਰ ਇਸ ਸਥਿਤੀ ਨੂੰ ਟਾਲ਼ ਨਹੀ ਸਕਦੇ। ਬਿਰਾਦਰੀ ਦੇ ਪਰੰਪਰਾਗਤ ਸੰਕਲਪ ਵਾਲੀ 'ਤੂੜੀ ਦੀ ਪੰਡ' ਹੁਣ ਅਵੱਸ਼ ਖਿਲਰਨੀ ਹੀ ਹੈ ਅਤੇ ਇਸ ਦੀ ਥਾਂ ਸਾਂਝਾਂ ਤੇ ਸਮੂਹਾਂ ਦੇ ਮੁਤਬਾਦਲ ਸੰਕਲਪ ਉਭਰਨੇ ਹੀ ਹਨ। ਪਿੰਡ ਦੀ ਸੱਥ ਵਿਚ ਨਵੀਆਂ ਨਵੀਆਂ ਗੱਲਾਂ ਕਰਨ ਵਾਲੇ ਗੱਭਰੂਆਂ ਦੀ ਭੀੜ ਨੂੰ 'ਉਜਾੜ' ਸਮਝਣ ਵਾਲੇ ਬਜ਼ੁਰਗ ਦੀ ਸਥਿਤੀ ਅਵੱਸ਼ ਤਰਸਯੋਗ ਹੈ ਪਰ ਉਸਦੀ ਸੋਚ ਸਮੇਂ ਤੋਂ ਪਿੱਛੇ ਰਹਿ ਗਈ ਹੈ, ਇਹ ਹਕੀਕਤ ਹੈ। ਵਿਰਕ ਦੀ ਵਿਸ਼ੇਸ਼ਤਾ ਇਸੇ ਗੱਲ ਵਿਚ ਹੈ ਕਿ ਇਸ ਸਭ ਕੁਝ ਦੀ ਸਹਿਜ ਕਲਾਤਮਕ ਪੇਸ਼ਕਾਰੀ ਵਿਚ ਉਸਦਾ ਮਾਨਵਵਾਦੀ-ਪ੍ਰਗਤੀਵਾਦੀ ਦ੍ਰਿਸ਼ਟੀਕੋਣ ਇਕਸਾਰ ਕਾਰਜਸ਼ੀਲ ਰਹਿੰਦਾ ਹੈ।

ਗੱਲ ਉਸਨੇ ਪਿੰਡ ਦੀ ਕੀਤੀ ਹੈ ਜਾਂ ਸ਼ਹਿਰ ਦੀ, ਵਿਰਕ ਹਰ ਹਾਲਤ ਵਿਚ ਜੋ ਕੁਝ ਨਵਾਂ ਹੈ ਉਸਦੇ ਨਾਲ ਖਲੋਂਦਾ ਹੈ। ਬਦਲ ਰਹੇ ਜੀਵਨ ਦੀਆਂ ਝਾਕੀਆਂ ਉਸਨੂੰ ਬਹੁਤ ਖਿੱਚ ਪਾਉਂਦੀਆਂ ਹਨ। ਉਸਦੀਆਂ ਕਹਾਣੀਆਂ ਵਿਚ ਨਵੇਂ ਜ਼ਮਾਨੇ ਦੇ ਨਵੇਂ ਲੋਕਾਂ ਦੀਆਂ ਸੋਚਾਂ ਅਤੇ ਜੀਵਨ-ਸਮਾਚਾਰ ਭਰਪੂਰ ਰੂਪ ਵਿਚ ਪੇਸ਼ ਹੋਏ ਹਨ। ਜਿਸ ਪੁਸਤਕ ਉੱਤੇ ਵਿਰਕ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ, ਉਸ ਦਾ ਨਾਂ ਹੀ 'ਨਵੇਂ ਲੋਕ' ਸੀ ਅਤੇ ਉਹਨਾਂ ਨਵੇਂ ਲੋਕਾਂ ਦੀ ਵਿਸ਼ੇਸ਼ਤਾ ਇਹੀ ਹੈ ਕਿ ਉਹ ਭੂਪਵਾਦੀ ਸਭਿਆਚਾਰ ਵਿਚੋਂ ਨਿਕਲ ਕੇ ਨਵੇਂ ਪੂੰਜੀਵਾਦੀ ਮੁੱਲ-ਵਿਧਾਨ ਨੂੰ

ਅਪਨਾ ਰਹੇ ਹਨ। ਉਸਦੇ ਕਹਿਣ ਮੁਤਾਬਕ 'ਜਿਸ ਨਵੀਂ ਸਭਿਅਤਾ ਨੂੰ ਆਪਣੇ ਟੈਂ ਵਿਚ ਅਸੀਂ ਪੱਛਮੀ ਸਭਿਅਤਾ ਦਾ ਨਾਂ ਦਿੱਤਾ ਹੋਇਆ ਹੈ, ਉਹ ਉਸਨੂੰ ਬਹੁਤ ਖਿੱਚ ਪਾਂਦੀ ਸੀ। ਉਹ ਇਸ ਵੱਲ ਚੌਖੁਰੀਆਂ ਦੌੜਨਾ ਚਾਹੁੰਦਾ ਸੀ। ਇਸਨੂੰ ਕਿਸੇ ਇਕ ਦੇਸ਼ ਜਾਂ ਕੁਝ ਦੇਸ਼ਾਂ ਦੀ ਮਲਕੀਅਤ ਨਾ ਸਮਝਦਾ ਹੋਇਆ ਉਹ ਇਸ ਨਵੀਂ ਸਭਿਅਤਾ ਨੂੰ ਮਨੁੱਖਤਾ ਦੇ ਪੰਧ ਦੇ ਸ਼ਾਹਰਾਹ ਉੱਤੇ ਇਕ ਵੱਡਾ ਪੜਾਅ' ਮਿਥਦਾ ਸੀ। ਇਸ ਨਵੀਂ ਸਭਿਅਤਾ ਅਨੁਸਾਰ ਬਦਲ ਰਹੇ ਔਰਤ-ਮਰਦ ਸੰਬੰਧਾਂ ਬਾਰੇ ਲਿਖੀਆਂ ਵਿਰਕ ਦੀਆਂ ਕਹਾਣੀਆਂ ਤੋਂ ਪਤਾ ਲੱਗਦਾ ਹੈ ਕਿ ਉਸਦੀ ਦ੍ਰਿਸ਼ਟੀ ਵਿਚ ਤਾਜ਼ਗੀ ਤੇ ਨਵਾਂਪਨ ਹੈ। ਕਾਮ ਅਵੱਸ਼ ਹੀ ਮਨੁੱਖ ਦਾ ਇਕ ਬਹੁਤ ਮਹੱਤਵਪੂਰਨ ਤੇ ਬੁਨਿਆਦੀ ਜਜ਼ਬਾ ਹੈ। ਇਸ ਜਜ਼ਬੇ ਦੀ ਅਤ੍ਰਿਪਤੀ ਤੋਂ ਪੈਂਦੇ ਕੁ-ਪ੍ਰਭਾਵਾਂ ਅਤੇ ਤ੍ਰਿਪਤੀ ਤੋਂ ਪੈਂਦੇ ਸੁ-ਪ੍ਰਭਾਵਾਂ ਨੂੰ ਸਹਿਜ ਨਾਲ ਚਿਤਰਦਿਆਂ ਹੋਇਆਂ ਉਸਨੇ ਇਸ ਨਾਲੋਂ ਭੂਪਵਾਦੀ ਨੈਤਿਕਤਾ ਨੂੰ ਤੋੜਿਆ ਹੈ ਅਤੇ ਇਸਦੀ ਸੁਭਾਵਕ ਪੂਰਤੀ ਦੇ ਹੱਕ ਵਿਚ ਗੱਲ ਕੀਤੀ ਹੈ।

ਔਰਤ ਮਰਦ ਦੀ ਕੁਦਰਤੀ ਪਰਸਪਰ ਖਿੱਚ ਨੂੰ ਵਿਰਕ ਨੇ ਬਹੁਤ ਨਿਝੱਕ ਹੋ ਕੇ ਬਿਆਨ ਕੀਤਾ ਹੈ। ਕਿਸੇ ਮੁਟਿਆਰ ਵੱਲੋਂ ਆਪਣੀ ਸੁੰਦਰਤਾ ਉੱਤੇ ਮਾਣ ਕਰਨ ਅਤੇ ਆਪਣੀ ਇਸ ਸੁੰਦਰਤਾ ਦਾ ਸਿੱਕਾ ਕਿਸੇ ਗੱਭਰੂ ਤੋਂ ਮੰਨਵਾਉਣ ਦੀ ਜਿਹੋ ਜਿਹੀ ਗੱਲ 'ਤੂੰ ਹੀ ਦੱਸ' ਕਹਾਣੀ ਵਿਚਲੀ ਪਿੰਡ ਦੀ ਮੁਟਿਆਰ ਨੇ ਕੀਤੀ ਹੈ ਉਸ ਤਰ੍ਹਾਂ ਦੀ ਗੱਲ ਨੂੰ ਆਪਣੇ ਵੇਲ਼ਿਆਂ ਵਿਚ ਵਿਰਕ ਵਰਗਾ ਨਵੀਂ ਪਹੁੰਚ ਵਾਲਾ ਲੇਖਕ ਹੀ ਦਰਸਾ ਸਕਦਾ ਸੀ। ਗੁਜਰੀ ਪਿੰਡ ਦੀ ਸਭ ਤੋਂ ਸੁਹਣੀ ਕੁੜੀ ਸੀ। ਚਾਚੀ ਚੀਮੀ ਦੇ ਬਹੁਤ ਗੋਰੇ ਕਾਲਿਜ ਪੜ੍ਹਦੇ ਭਣੇਵੇਂ ਦੀ ਪਿੰਡ ਵਿਚ ਆਮਦ ਤੇ ਉਸਦੀ ਸੰਦਰਤਾ ਦੀ ਮਹਿਮਾ ਗੁਜਰੀ ਲਈ ਜਿਵੇਂ ਚੈਲਿੰਜ ਬਣ ਗਈ ਸੀ। ਦੋਨਾਂ ਵਿਚੋਂ ਕੌਣ ਵਧੇਰੇ ਸੁੰਦਰ ਹੈ, ਇਸਦਾ ਨਿਖੇੜਾ ਕਰਨ ਲਈ ਗੁਜਰੀ ਆਪਣਾ ਨੰਗਾ ਪਿੰਡਾ ਉਸਦੇ ਨੰਗੇ ਪਿੰਡੇ ਸਾਹਮਣੇ ਵਿਖਾਉਣ ਦੀ ਕਲਪਨਾ ਕਰਦੀ ਹੋਈ ਉਸਤੋਂ ਪੁੱਛਣਾ ਲੋੜਦੀ ਹੈ ਕਿ *"ਸਾਡੇ ਦੋਹਾਂ ਵਿਚੋਂ ਭਲਾ ਕੌਣ ਗੋਰਾ ਏ? ਚਾਚੀ ਚੀਮੀ ਦੇ ਅੰਗਰੇਜ਼ਾਂ ਵਰਗੇ ਗੋਰੇ ਭਣੇਵਿਆਂ, ਤੂੰ ਹੀ ਦੱਸ?"* ਕੁਝ ਏਸੇ ਤਰ੍ਹਾਂ ਦੀ ਹੀ ਗੱਲ ਹੈ 'ਮੂਹਲੀ ਜਿੱਡੇ ਡੌਲ਼ੇ' ਨਾਂ ਦੀ ਕਹਾਣੀ ਦੇ ਨਾਨਕੇ ਪਿੰਡ ਆਏ ਗੱਭਰੂ ਖੜਕੂ ਵੱਲ ਬੰਸੋ ਦੀ ਪਿਆਰ-ਖਿੱਚ ਦੇ ਚਿਤਰਨ ਵਿਚ। ਦੋਹਾਂ ਦੇ ਪਿਆਰ-ਕਲੋਲਾਂ ਵਿਚ ਬੰਸੋ ਦੀਆਂ ਵੰਗਾਂ ਕਈ ਵਾਰੀ ਤੇ ਕਈ ਚਿਰ ਤਕ ਖੜਕੂ ਦੇ ਹੱਥੋਂ ਲਹਿੰਦੀਆਂ ਚੜ੍ਹਦੀਆਂ ਰਹੀਆਂ ਹਨ। ਪਰ ਬੰਸੋ ਦੇ ਇਹ ਬੋਲ ਕਿ '*ਧਰਮੂ ਜਿੰਨੀ ਤਾਕਤ ਤਾਂ ਨਹੀਂ ਨਾ ਉਸ ਵਿਚ। ਉਸ ਰੁੜ੍ਹ ਗਏ ਦੇ ਤੇ ਮੂਹਲੀ ਜਿੱਡੇ ਡੌਲ਼ੇ ਈ ਨੇ* ', ਖੜਕੂ ਲਈ ਸਹਿਣ ਕਰਨੇ ਔਖੇ ਹਨ ਅਤੇ ਬੰਸੋ ਦੇ ਇਹ ਬੋਲ ਹੀ ਖੜਕੂ ਨੂੰ ਆਪਣੇ ਪਿੰਡ ਵਾਪਸ ਤੋਰ ਦਿੰਦੇ ਹਨ, ਕਿਉਂਕਿ ਜੇ ਹਿੰਮਤ ਧਰਮੂ ਵਿਚ ਵਧੇਰੀ ਸੀ ਤਾਂ ਬੰਸੋ ਦਾ ਖੜਕੂ ਨਾਲ ਪਿਆਰ ਕੇਹਾ? ਇਸੇ ਤਰ੍ਹਾਂ ਪਿੰਡ ਵਿਚ ਨਿੱਕੇ ਬੱਚਿਆਂ ਦੇ ਹੌਲ਼ੀ ਹੌਲ਼ੀ ਗੱਭਰੂਆਂ ਤੇ ਮੁਟਿਆਰਾਂ ਵਿਚ ਵਟਣ ਅਤੇ ਇਸ ਤਬਦੀਲੀ ਨਾਲ ਪੇਂਡੂ ਸਮਾਜਕ ਪਰਿਵੇਸ਼ ਵਿਚ ਉਹਨਾਂ ਦੇ ਮੇਲ-ਮਿਲਾਪ ਉੱਤੇ ਪ੍ਰਤੀਬੰਧ ਲੱਗਣ ਤੇ ਇਸਦੇ ਉਲੰਘਣ ਦੇ ਵਰਤਾਰੇ ਨੂੰ ਵਿਰਕ ਨੇ ਰਵਾਇਤੀ ਸੋਚ ਤੋਂ ਹਟ ਕੇ ਸਹਿਜਤਾ ਨਾਲ ਬਿਆਨ ਕੀਤਾ ਹੈ। 'ਜਾਗ' ਕਹਾਣੀ ਵਿਚਲੇ ਮੁੰਡੇ ਨੇ ਜਵਾਨੀ ਵਿਚ ਪ੍ਰਵੇਸ਼ ਕਰ ਲਿਆ ਹੈ ਤਾਂ ਬਚਪਨ ਦੀ ਸਾਥਣ ਪਾਸ਼ੋ ਨਾਲ ਉਸਦਾ ਮੇਲ ਲਗਪਗ ਵਰਜਤ ਹੋ ਗਿਆ ਹੈ। ਹੁਣ ਉਹ ਦੋਵੇਂ ਇਸ ਵਰਜਣਾ ਦੇ ਬਾਵਜੂਦ ਜੁਗਤ ਬਣਾ ਕੇ ਇਕੱਠੇ ਮੇਲਾ ਵੇਖਣ ਜਾਂਦੇ ਹਨ ਪਰ ਵਾਪਸੀ ਉੱਤੇ ਪਿੰਡ ਵਿਚ ਵੜਨ ਤੋਂ ਪਹਿਲਾਂ ਵੱਖ ਵੱਖ ਹੋ ਜਾਂਦੇ ਹਨ।

ਔਰਤ ਲਈ ਮਰਦ ਦੀ ਸਿੱਕ ਦਾ ਬਹੁਤ ਹੀ ਖੂਬਸੂਰਤ ਵੇਰਵਾ ਵਿਰਕ ਦੀ ਪਹਿਲੀ ਹੀ ਕਹਾਣੀ 'ਚਾਚਾ' ਵਿਚ ਜੇ ਛੜੇ ਚਾਚੇ ਨੂੰ ਹਮੇਸ਼ਾ ਚੇਤਿਆਂ ਵਿਚ ਰਹਿਣ ਵਾਲਾ ਪਾਤਰ ਬਣਾ ਜਾਂਦਾ ਹੈ ਤਾਂ 'ਛਾਹ ਵੇਲਾ' ਵਿਚ ਪੇਂਡੂ ਨੌਜਵਾਨ ਦੀ ਅਜਿਹੀ ਖਿੱਚ ਨੇ ਵਿਰਕ ਦੀ ਇਸ ਕਹਾਣੀ ਨੂੰ ਇਕ ਅਸਾਧਾਰਨ ਮਹੱਤਵ ਵਾਲੀ ਰਚਨਾ ਬਣਾ ਦਿੱਤਾ ਹੈ। ਛੜਾ ਅੱਧਖੜ ਚਾਚਾ ਕਲਪਤ ਚਾਚੀ ਨਾਲ ਮੇਲ ਦੀਆਂ ਸੁਆਦਲੀਆਂ ਗੱਲਾਂ ਕਰ ਕਰ ਕੇ ਆਪਣਾ ਤੇ ਦੂਜਿਆਂ ਦਾ ਦਿਲ ਪਰਚਾਉਂਦਾ ਰਿਹਾ ਹੈ। ਉਮਰ ਦੀ ਢਲ਼ਦੀ ਸ਼ਾਮ ਵਿਚ ਫੌਜੀ ਭਤੀਜੇ ਨੂੰ ਉਸਨੇ ਕਿਹਾ ਤਾਂ ਭਾਵੇਂ ਹਾਸੇ ਵਾਲੇ ਅੰਦਾਜ਼

ਵਿਚ ਹੈ, ਪਰ ਉਸਦੇ ਬੋਲਾਂ ਵਿਚ ਔਰਤ ਵੱਲ ਕੁਦਰਤੀ ਖਿੱਚ ਦੀ ਅਤ੍ਰਿਪਤੀ ਦੀ ਤਿੱਖੀ ਚੀਸ ਹੈ, ਜੋ ਨਵੀਂ ਸੋਚ ਵਾਲਾ ਸੰਵੇਦਨਸ਼ੀਲ ਮਨੁੱਖ ਸਹਿਜੇ ਹੀ ਸਮਝ ਸਕਦਾ ਹੈ*: "ਕਾਈ ਚਾਚੀ ਤੇ ਫੜੀਂ ਆ ਮੇਰੇ ਲਈ ਓਥੋਂ..ਆਖੀਂ ਹਮ ਤੁਮਕੋ ਓਥੇ ਬਾਰ ਮੇਂ ਬਹੁਤ ਆਰਾਮ ਦੇਵੇਗਾ। "* ਅਤੇ ਕਹਾਣੀ 'ਛਾਹ ਵੇਲਾ' ਵਿਚ ਤੇਜੂ ਲਈ ਜਦੋਂ ਉਸਦੀ ਭਰਜਾਈ ਛਾਹ ਵੇਲਾ ਲੈਕੇ ਆ ਜਾਂਦੀ ਹੈ ਅਤੇ ਕੁਝ ਸਮਾਂ ਸਾਹਮਣੇ ਬੈਠ ਕੇ ਗੱਭਰੂ ਦਿਉਰ ਨੂੰ ਇਹ ਛਾਹ ਵੇਲਾ ਖੁਆਉਂਦੀ ਹੈ ਤਾਂ ਤੜਕੇ ਦਾ ਲਿੱਸਾ ਲਿੱਸਾ ਉਸਦਾ ਸਰੀਰ ਜਿਵੇਂ ਹੋਰ ਦਾ ਹੋਰ ਹੋ ਜਾਂਦਾ ਹੈ; ਹੁਣ ਕਿਸਦੀ ਮਜਾਲ ਹੈ ਕਿ ਉਸਦੀ ਜੋਗ ਦਾ ਕੋਈ ਮੁਕਾਬਲਾ ਕਰ ਸਕੇ!

ਪੇਂਡੂ ਕਿਸਾਨੀ ਸਭਿਆਚਾਰ ਦੇ ਬਹੁਤ ਯਥਾਰਥਕ ਚਿਤਰ ਪੇਸ਼ ਕਰਨ ਕਰਕੇ ਵਿਰਕ ਦੀਆਂ ਕਈ ਕਹਾਣੀਆਂ ਜਿਵੇਂ 'ਛਾਹ ਵੇਲਾ', 'ਦੁੱਧ ਦਾ ਛੱਪੜ', 'ਧਰਤੀ ਹੇਠਲਾ ਬੌਲ਼ਦ' ਤਾਂ ਸ਼ਾਹਕਾਰ ਰਚਨਾਵਾਂ ਦਾ ਦਰਜਾ ਪ੍ਰਾਪਤ ਕਰ ਗਈਆਂ ਹਨ। ਇਹਨਾਂ ਕਹਾਣੀਆਂ ਵਿਚ ਪੇਂਡੂ ਸਮਾਜ ਵਿਚ ਆਮ ਲੋਕਾਂ ਦੇ ਵਰਤੋਂ-ਵਿਹਾਰ,ਚੱਜ-ਆਚਾਰ,ਰਿਸ਼ਤਿਆਂ, ਭਾਈਚਾਰਕ ਸਾਂਝਾਂ ਤੇ ਉਹਨਾਂ ਵਿਚਲੀਆਂ ਤ੍ਰੇੜਾਂ ਦੀ ਗੱਲ ਬਹੁਤ ਸਹਿਜਤਾ ਨਾਲ ਰੂਪਮਾਨ ਹੋਈ ਹੈ। ਖੇਤਾਂ ਵਿਚ ਹਲ਼ ਵਾਹੁੰਦੇ,ਡੰਗਰ ਸਾਂਭਦੇ,ਖੇਤੀ ਬਾੜੀ ਦੇ ਹੋਰ ਕਈ ਪ੍ਰਕਾਰ ਦੇ ਕੰਮਾਂ-ਕਾਰਾਂ ਵਿਚ ਜੁਟੇ ਹੋਏ, ਸਮਾਜਕ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਘਰ ਦੇ ਅੰਦਰ ਬਾਹਰ ਵਿਚਰਦੇ ਕਹਾਣੀਆਂ ਵਿਚਲੇ ਪੇਂਡੂ ਔਰਤ ਮਰਦ ਸਾਧਾਰਨਤਾ ਵਿਚ ਅਸਾਧਾਰਨਤਾ ਦਾ ਪਰਿਚਯ ਦਿੰਦੇ ਹਨ। 'ਦੁੱਧ ਦਾ ਛੱਪੜ' ਵਿਚਲਾ ਲਾਲ ਆਪਣੇ ਭਰਾ ਦਿਆਲ ਨਾਲ ਆਪਸੀ ਰਿਸ਼ਤੇ ਵਿਚਲੇ ਵਿਗਾੜ ਨੂੰ ਵਧਣ ਤੋਂ ਰੋਕਣ ਲਈ ਅਤੇ ਘਰ ਵਾਲੀ ਨੂੰ ਸੰਤੁਸ਼ਟ ਕਰਨ ਲਈ ਪਹਿਲਾਂ ਹੀ ਚੋਈ ਹੋਈ ਮੱਝ ਤੋਂ ਮਿਲੇ ਥੋੜ੍ਹੇ ਜਿੰਨੇ ਦੁੱਧ ਨੂੰ ਬਹੁਤਾ ਦਰਸਾਉਣ ਵਾਸਤੇ ਜੇ ਖੁਦ ਦੁੱਧ ਡ੍ਹੋਲਦਾ ਹੈ ਤਾਂ 'ਧਰਤੀ ਹੇਠਲਾ ਬੌਲ਼ਦ' ਵਿਚਲਾ ਫੌਜੀ ਕਰਮ ਸਿੰਘ ਦਾ ਬਾਪੂ ਘਰ ਆਏ ਉਸਦੇ ਸਾਥੀ ਫੌਜੀ ਮਾਨ ਸਿੰਘ ਨੂੰ ਪੁੱਤਰ ਦੇ ਮਰਨ ਦੀ ਖਬਰ ਨਹੀਂ ਦੱਸਦਾ ਕਿਉਂਕਿ " *ਐਵੇਂ ਅਸਾਂ ਆਖਿਆ ਮੁੰਡਾ ਛੁੱਟੀ ਆਇਆ ਏ, ਇਹਦੀ ਛੁੱਟੀ ਖਰਾਬ ਨਾ ਹੋਵੇ।*" ਅਤੇ ਇੰਝ ਜਾਣੋ ਇਹ ਬਜ਼ੁਰਗ ਉਹ ਧੌਲ਼ ਹੋ ਨਿਬੜਦਾ ਹੈ ਜੋ ਆਪਣੇ ਸਿਰ 'ਤੇ ਸਾਰੀ ਧਰਤੀ ਦਾ ਭਾਰ ਚੁੱਕ ਕੇ ਖੜ੍ਹਾ ਰਹਿੰਦਾ ਹੈ ਅਤੇ ਜੋ ਭਾਰ ਥੱਲੇ ਦੱਬਿਆ ਹੋਣ ਪਿੱਛੋਂ ਵੀ ਲੋਕਾਂ ਦਾ ਭਾਰ ਚੁੱਕਣਾ ਚਾਹੁੰਦਾ ਹੈ।

ਪੇਂਡੂ ਸਮਾਜ ਵਿਚ, ਮਰਯਾਦਾ ਦੇ ਅੰਦਰ ਜਾਂ ਬਾਹਰ, ਔਰਤ ਮਰਦ ਦੀ ਕੁਦਰਤੀ ਖਿੱਚ ਦੇ ਪ੍ਰਗਟਾਅ ਵਿਚ ਨਿਰਸੰਦੇਹ ਵੱਡੀਆਂ ਰੋਕਾਂ ਮੌਜਦ ਹਨ ਜਿੰਨ੍ਹਾਂ ਨੂੰ ਪਾਰ ਕਰਨਾ ਜੇ ਕਠਨ ਹੈ ਤਾਂ ਇਹਨਾਂ ਨੂੰ ਕਹਾਣੀ ਵਿਚ ਦਰਸਾਉਣਾ ਵੀ ਸਹਿਲ ਨਹੀਂ। ਵਿਰਕ ਨੇ ਇਹ ਕੁਝ ਬਹੁਤ ਸਹਿਜਤਾ ਨਾਲ ਕੀਤਾ ਹੈ। ਪਰ ਆਪਣੀ ਸਾਹਿਤਕਾਰੀ ਦੇ ਮੁੱਢਲੇ ਕੁਝ ਵਰ੍ਹਿਆਂ ਤੋਂ ਪਿੱਛੋਂ ਉਸਦਾ ਕਰਮ ਖੇਤਰ ਸ਼ਹਿਰ ਵਿਚ ਤਬਦੀਲ ਹੋ ਗਿਆ ਸੀ। ਇੰਝ ਉਸਦੀਆਂ ਕਹਾਣੀਆਂ ਦਾ ਵਸਤੂ-ਸੰਸਾਰ ਵੀ ਸਹਿਜੇ ਸਹਿਜੇ ਸ਼ਹਿਰ ਵਿਚ ਤਬਦੀਲ ਹੋ ਗਿਆ। ਭਾਵੇਂ ਵਿਰਕ ਦਾ ਇਹ ਹਮੇਸ਼ਾ ਕਹਿਣਾ ਰਿਹਾ ਕਿ ਜ਼ਿੰਦਗੀ ਦਾ ਵਡੇਰਾ ਭਾਗ ਸ਼ਹਿਰ ਵਿਚ ਬਿਤਾਉਣ ਦੇ ਬਾਵਜੂਦ ਉਹ ਕਹਾਣੀ ਲਿਖਣ ਸਮੇਂ ਸ਼ਹਿਰ ਦੇ ਪਾਤਰਾਂ ਤੇ ਘਟਨਾਵਾਂ ਨੂੰ ਵੀ ਪਿੰਡ ਵਿਚ ਰੱਖ ਕੇ ਵੇਖਣ ਸਮਝਣ ਦੀ ਕੋਸ਼ਸ਼ ਕਰਦਾ ਰਿਹਾ ਹੈ। ਇਸ ਕਥਨ ਵਿਚ ਸਚਾਈ ਵੀ ਹੈ। ਪਰ ਇਸ ਦੇ ਬਾਵਜੂਦ ਇਹ ਹਕੀਕਤ ਹੈ ਕਿ ਵਿਰਕ ਨੇ ਸ਼ਹਿਰ ਦੇ ਮਧ ਵਰਗੀ ਪਾਤਰਾਂ ਦੇ ਜੀਵਨ-ਸਮਾਚਾਰਾਂ ਨੂੰ ਵੀ ਉਸੇ ਕੁਸ਼ਲਤਾ ਨਾਲ ਕਹਾਣੀ ਵਿਚ ਗੁੰਦਿਆ ਹੈ ਜਿਵੇਂ ਪਿੰਡ ਦੇ ਜੀਵਨ ਨੂੰ। ਇਸ ਲਈ ਔਰਤ ਮਰਦ ਦੀ ਸਾਂਝ ਦਾ ਵਿਸ਼ਾ, ਜੋ ਵਿਰਕ ਦੀਆਂ ਕਹਾਣੀਆਂ ਦਾ ਪ੍ਰਮੁਖ ਵਿਸ਼ਾ ਰਿਹਾ ਹੈ, ਸ਼ਹਿਰ ਦੇ ਪ੍ਰਸੰਗ ਵਿਚ ਬਹੁ-ਵਿਧ ਰੂਪ ਵਿਚ ਅਤੇ ਮੁਕਾਬਲਤਨ ਵਧੇਰੇ ਖੁਲ੍ਹ ਵਿਚ ਰੂਪਮਾਨ ਹੋਇਆ ਹੈ।

ਸ਼ਹਿਰੀ ਪਰਿਵੇਸ਼ ਵਾਲੀਆਂ ਕਹਾਣੀਆਂ ਵਿਚ ਰੁਮਾਂਸ, ਪਿਆਰ ਅਤੇ ਔਰਤ ਦੀ ਸੁੰਦਰਤਾ ਤੇ ਖਿੱਚ ਦੀ ਗੱਲ ਜਿਵੇਂ ਵਿਰਕ ਨੇ ਕੀਤੀ ਹੈ, ਉਸ ਵਿਚ ਇਸ ਵਿਧਾ ਦੇ ਦੂਸਰੇ ਸਮਰੱਥ ਸਮਕਾਲੀ ਲੇਖਕਾਂ ਨਾਲ ਕਾਫੀ ਕੁਝ ਮਿਲਦਾ ਤਾਂ ਹੈ, ਤਦ ਵੀ ਵਿਰਕ ਦੇ ਚਿਤਰਨ ਵਿਚ ਸਹਿਜਤਾ

ਤੇ ਸਹਾਨੁਭੂਤੀ ਵਾਲਾ ਅੰਸ਼ ਕੁਝ ਵਧੇਰੇ ਉਘੜਵਾਂ ਹੈ। ਵਿਰਕ ਦੇ ਰਚਨਾ-ਕਾਲ ਦੇ ਮੁੱਢਲੇ ਦੌਰ ਦੌਰਾਨ ਸਮੁੱਚੇ ਸਾਹਿਤ-ਜਗਤ ਵਿਚ ਫਰਾਇਡਵਾਦ ਦਾ ਅਸਰ ਕੁਝ ਵਧੇਰੇ ਹੀ ਪ੍ਰਬਲ ਸੀ, ਸਗੋਂ ਬਹੁਤ ਹਾਲਤਾਂ ਵਿਚ ਲੇਖਕ ਸੁਚੇਤ ਤੌਰ 'ਤੇ ਆਪਣੇ ਦ੍ਰਿਸ਼ਟੀਕੋਣ ਵਿਚ ਮਾਰਕਸਵਾਦ ਤੇ ਫਰਾਇਡਵਾਦ ਦੇ ਸੁਮਿਸ਼ਰਣ ਦੀ ਗੱਲ ਬੜੇ ਮਾਣ ਨਾਲ ਕਰਦੇ ਸਨ। ਇਸ ਲਈ ਵਿਰਕ ਦੀਆਂ ਕਈ ਕਹਾਣੀਆਂ ਜਿਵੇਂ 'ਤਿੰਨ ਰੰਗ','ਗਊ','ਅਲੀ ਬਾਬਾ ਤੇ ਕਾਸਮ','ਸਾਬਣ','ਦਿੱਲੀ ਦੀ ਕੁੜੀ','ਮੈਂ ਹੁਣ ਬਹੁਤ ਖੁਸ਼ ਹਾਂ' ਆਦਿ ਵਿਚ ਸੈਕਸ ਦਾ ਕੁਝ ਖੁਲ੍ਹਾ ਜ਼ਿਕਰ ਵੀ ਹੈ। ਪਰ ਵਿਰਕ ਨੇ ਇਸ ਵਿਸ਼ੈ ਨੂੰ ਵਿਭਿੰਨ ਸਥਿਤੀਆਂ ਤੇ ਵਿਭਿੰਨ ਪ੍ਰਸੰਗਾਂ ਵਿਚ ਸਮਾਜ ਵਿਗਿਆਨਕ ਅਤੇ ਮਨੋ ਵਿਗਿਆਨਕ ਸੂਝ ਦੇ ਮਿਸ਼ਰਣ ਸਹਿਤ ਖੂਬਸੂਰਤੀ ਨਾਲ ਕਹਾਣੀ ਵਿਚ ਗੁੰਦਿਆ ਹੈ।

ਸੁੰਦਰ ਔਰਤ ਅਤੇ ਰਿਸ਼ਟ ਪੁਸ਼ਟ ਗੱਭਰੂ ਵਜੋਂ ਵਿਰੋਧੀ ਲਿੰਗ ਦੇ ਆਕਰਸ਼ਣ ਦੀ ਸੁਭਾਵਕ ਪ੍ਰਵਿਰਤੀ ਦੇ ਲੁਕਵੇਂ,ਮਾਸੂਮ,ਨਿਝੱਕ ਤੇ ਸਪਸ਼ਟ ਪ੍ਰਗਟਾਵਿਆਂ ਦੇ ਦਰਸ਼ਨ ਵਿਰਕ ਦੀਆਂ ਕਹਾਣੀਆਂ ਵਿਚ ਭਰਪੂਰ ਰੂਪ ਵਿਚ ਹੁੰਦੇ ਹਨ।'ਰੱਜ ਨਾ ਕੋਈ ਜੀਵਿਆ','ਇਹ ਦੁੱਧ ਤੇਰਾ','ਗਜਰੇ', 'ਟੂਣਾ','ਉਸੇ ਕਰਕੇ','ਪਟਿਆਲੇ ਦੀ ਸਵਾਰੀ','ਚਾਰ ਚਿੱਠੀਆਂ','ਪਾਰਸ' ਆਦਿ ਵਿਚ ਇਸ ਪਰਸਪਰ ਖਿੱਚ ਦੇ ਜਾਦੂ ਦੇ ਸਿਰ ਚੜ੍ਹ ਬੋਲਣ ਦਾ ਬਿਰਤਾਂਤ ਇਹਨਾਂ ਕਹਾਣੀਆਂ ਵਿਚ ਇਕ ਸਦੀਵੀ ਤਾਜ਼ਗੀ ਲੈ ਆਉਂਦਾ ਹੈ। ਮੁਟਿਆਰ ਨੌਕਰਾਣੀ ਨੂੰ ਮਿਣਕੇ ਦੁੱਧ ਪਾਉਣ ਪਿੱਛੋਂ ਉਸ ਉੱਤੇ ਚੰਗੀ ਤਰ੍ਹਾਂ ਨਜ਼ਰ ਸੁੱਟ ਕੇ ਜਦੋਂ ਨੌਜੁਆਨ ਦੋਧੀ ਆਖਦਾ ਹੈ, *"ਲੈ ਆਹ ਦੁੱਧ ਤੇਰਾ"* ਤਾਂ ਇਹ ਕੁਝ ਦੇਖਦੀ ਹੋਈ, ਪਤੀ ਦੀ ਗ਼ੈਰਹਾਜ਼ਰੀ ਵਿਚ ਉਤੇਜਤ ਅੱਧਖੜ੍ਹ ਮਾਲਕਣ, ਚਾਹੁੰਦੀ ਹੈ ਕਿ ਅਗਲੀ ਵਾਰ ਬੁੱਢੇ ਦੋਧੀ ਦੀ ਥਾਂ ਅੱਜ ਵਾਲਾ ਉਸਦਾ ਗੱਭਰੂ ਪੁੱਤਰ ਹੀ ਦੁੱਧ ਪਾਉਣ ਆਵੇ ਅਤੇ ਨੌਕਰਾਣੀ ਦੀ ਥਾਂ ਉਹ ਖੁਦ ਦੁੱਧ ਲਵੇ।'ਰੱਜ ਨਾ ਕੋਈ ਜੀਵਿਆ' ਵਿਚਲਾ ਨੌਜਵਾਨ ਸੱਤਪਾਲ ਆਪਣੇ ਘਰ ਵਾਲਿਆਂ ਦੇ ਇਸਰਾਰ ਉੱਤੇ ਦੂਰ-ਨੇੜੇ ਦੀ ਸਾਂਝ ਵਾਲੇ ਘਰ ਵਿਚ ਜਾ ਕੇ ਉਸ ਘਰ ਵਿਚਲੀ ਮੁਟਿਆਰ ਨੂੰ ਵੇਖ ਕੇ ਸਰਸ਼ਾਰ ਹੋ ਜਾਂਦਾ ਹੈ। ਉਸ ਮੁਟਿਆਰ ਨਾਲ ਸੰਭਾਵੀ ਜੀਵਨ-ਸਾਥ ਦੀ ਕਲਪਣਾ ਉਸਨੂੰ ਨਸ਼ਿਆ ਦਿੰਦੀ ਹੈ। ਪਰ ਛੇਤੀ ਮਗਰੋਂ ਬਾਜ਼ਾਰ 'ਚੋਂ ਗੁਜ਼ਰਦਿਆਂ ਉਸਨੂੰ ਜਦੋਂ ਇਕ ਹੋਰ ਅਤਿਅੰਤ ਹੁਸੀਨ ਕੁੜੀ ਦਿਸ ਪੈਂਦੀ ਹੈ ਤਾਂ ਉਸਨੂੰ ਅਹਿਸਾਸ ਹੁੰਦਾ ਹੈ ਕਿ ਸੁੰਦਰਤਾ ਤਾਂ ਪਰੇ ਤੋਂ ਪਰੇ ਹੈ, ਉਹ ਤਾਂ ਐਵੇਂ ਹੀ ਸੰਤੁਸ਼ਟ ਹੋਇਆ ਬੈਠਾ ਸੀ। ਇੰਝ ਉਸਦਾ ਕਲਪਣਾ ਦਾ ਮਹੱਲ ਜਿਵੇਂ ਡਿੱਗ ਪੈਂਦਾ ਹੈ।

ਕੋਈ ਵੀ ਮੁਟਿਆਰ ਆਪਣੇ ਪਿਆਰ ਦੇ ਨਿਝੱਕ ਪ੍ਰਗਟਾਅ ਤੋਂ ਅਕਸਰ ਸੰਕੋਚ ਕਰਦੀ ਹੈ ਪਰ ਜਦੋਂ ਸਮੇਂ ਦੀ ਥੁੜ ਹੋਵੇ ਅਤੇ ਅਗਾਂਹ ਮੌਕਾ ਮਿਲਣ ਦੀ ਸੰਭਾਵਨਾ ਦੂਰ ਹੋਵੇ ਤਾਂ ਇਹ ਸੰਕੋਚ ਕਿਵੇਂ ਸਹਿਜ ਦਲੇਰੀ ਦਾ ਰੂਪ ਧਾਰ ਲੈਂਦਾ ਹੈ, ਇਹ ਕੁਝ 'ਗਜਰੇ' ਕਹਾਣੀ ਵਿਚਲੀ ਮੁਟਿਆਰ ਦਰਸਾਉਂਦੀ ਹੈ। ਰੇਲਵੇ ਸਟੇਸ਼ਨ ਉੱਤੇ ਵਿਦਾਇਗੀ ਦੇ ਮੌਕੇ ਬੜੇ ਸਹਿਜ ਨਾਲ ਉਹ ਆਪਣੀ ਚਾਹਤ ਵਾਲੇ ਗੱਭਰੂ ਨੂੰ ਆਖਦੀ ਹੈ, *"ਇਹ ਲਉ ਸਾਂਭੋ ਆਪਣਾ ਭੰਨਿਆ ਹੋਇਆ ਗਜਰਾ, ਮੈਂ ਇਸ ਦਾ ਕੀ ਕਰਨਾ ਹੈ? ਮੈਨੂੰ ਨਵੇਂ ਗਜਰੇ ਲੈ ਕੇ ਮੇਰੇ ਦਿੱਲੀ ਦੇ ਪਤੇ 'ਤੇ ਭੇਜ ਦੇਣੇ।"* ਅਤੇ ਇੰਝ ਬਹੁਤ ਜੁਗਤ ਨਾਲ ਨੌਜਵਾਨ ਨੂੰ ਆਪਣੇ ਪਿਆਰ ਦਾ ਸੁਨੇਹਾ ਦੇ ਜਾਂਦੀ ਹੈ। ਏਵੇਂ ਹੀ 'ਕੁੱਤਾ ਤੇ ਹੱਡੀ' ਕਹਾਣੀ ਵਿਚਲੀ ਨਾਇਕਾ ਦੇ ਇਹਨਾਂ ਬੋਲਾਂ ਕਿ *"ਜੇ ਪਾਸ ਹੋ ਗਈ ਤਾਂ ਤੁਹਾਡੇ ਪੱਖੇ ਕਰਕੇ ਹੋਵਾਂਗੀ'* ਵਿਚ ਸ਼ੁਕਰਾਨਾ ਨਹੀਂ ਸਗੋਂ ਇਹਨਾਂ ਰਾਹੀਂ ਤਾਂ ਉਹ ਗੱਭਰੂ ਨੂੰ ਪਿਆਰ-ਸੁਨੇਹਾ ਦੇ ਰਹੀ ਹੈ। ਇਹਨਾਂ ਕਹਾਣੀਆਂ ਵਾਂਗ ਹੀ ਕਿਸੇ ਹਾਣੀ ਦੇ ਪਿਆਰ ਵਿਚ ਸਰਸ਼ਾਰ 'ਚਾਰ ਚਿੱਠੀਆਂ' ਵਿਚਲੀ ਮੁਟਿਆਰ ਸਤਿੰਦਰ ਦੇ ਬੋਲ ਹਨ ਕਿ *"ਇਕ ਕੁੜੀ ਜਦੋਂ ਡੂੰਘੇ ਇਤਬਾਰ ਵਿਚ ਕਿਸੇ ਮੁੰਡੇ ਦੀ ਹਿੱਕ 'ਤੇ ਸਿਰ ਰੱਖ ਕੇ ਸੌਂਦੀ ਹੈ, ਜੇ ਰੱਬ ਉੱਥੇ ਨਹੀਂ ਤਾਂ ਮੈਂ ਪੁੱਛਦੀ ਹਾਂ ਉਹ ਕਿੱਥੇ ਹੈ।"*

ਔਰਤ ਦੀ ਸੁੰਦਰਤਾ ਦੇ ਸੰਮੋਹਨ ਅਤੇ ਇਸਦੇ ਦੂਰ-ਰਸ ਪ੍ਰਭਾਵ ਦੀ ਹਕੀਕਤ ਨੂੰ ਵਿਰਕ ਨੇ ਗੱਭਰੂਆਂ ਤੇ ਮੁਟਿਆਰਾਂ ਦੇ ਆਕਰਸ਼ਣ ਤਕ ਸੀਮਤ ਨਾ ਕਰਦੇ ਹੋਏ ਸਭ ਉਮਰਾਂ ਨਾਲ ਸੰਬੰਧਤ ਵਿਆਪਕ ਜੀਵਨ ਵਿਚਲੇ ਇਸਦੇ ਲੁਕਵੇਂ ਜਾਂ ਪ੍ਰਤੱਖ ਪ੍ਰਗਟਾਵਿਆਂ ਨੂੰ ਆਪਣੀਆ ਕਹਾਣੀਆਂ

ਵਿਚ ਸਮੋਇਆ ਹੈ। ਜੇ ਉਪਰ ਦੱਸੀ ਕਹਾਣੀ ਵਿਚ ਪਿਆਰ ਵਿਚ ਗੜੁੱਚ ਮੁਟਿਆਰ ਵਿਚੋਂ ਰੱਬ ਵਸਦਾ ਪ੍ਰਤੀਤ ਹੁੰਦਾ ਹੈ ਤਾਂ ਕਈ ਹੋਰ ਕਹਾਣੀਆਂ ਵਿਚ ਸੁੰਦਰਤਾ ਦੇ ਮੰਤਰ ਮੁਗਧ ਕੀਤੇ ਹੋਏ ਲੋਕ ਇਕ ਤਰ੍ਹਾਂ ਦੀ ਅਲੌਕਿਕ ਅਵਸਥਾ ਨੂੰ ਪਹੁੰਚ ਜਾਂਦੇ ਹਨ ਅਤੇ ਉਹ ਸੁੰਦਰਤਾ ਦੇ ਸਪਰਸ਼ ਜਾਂ ਨੇੜ ਕਰਕੇ ਹੀ ਸਭ ਤਰ੍ਹਾਂ ਦੇ ਭੈਅ ਤੋਂ ਮੁਕਤ ਹੋ ਕੇ ਸ਼ੁਭ ਕੰਮ ਕਰਨ ਵੱਲ ਰੁਚਿਤ ਹੋ ਜਾਂਦੇ ਹਨ। ਇਹਨਾਂ ਭਾਵਾਂ ਨੂੰ ਪ੍ਰਗਟਾਉਣ ਵਾਲੀਆਂ 'ਪਾਰਸ', 'ਉਸੇ ਕਰਕੇ' ਅਤੇ 'ਟੂਣਾ' ਨਾਂ ਦੀਆਂ ਕਹਾਣੀਆਂ ਪ੍ਰਤੀਨਿਧ ਉਦਾਹਰਣਾਂ ਹਨ। 'ਪਾਰਸ' ਵਿਚਲੇ ਇਕ ਸਰਕਾਰੀ ਅਧਿਕਾਰੀ ਨੂੰ ਆਪਣੇ ਵਿਭਾਗੀ ਕੰਮ ਵਿਚ ਕਿਸੇ ਨਿੱਕੀ ਮੋਟੀ ਕੁਤਾਹੀ ਲਈ ਉਪਰਲਿਆਂ ਦੀ ਕਰੋਪੀ ਦਾ ਭੈਅ ਲਗਾਤਾਰ ਪਰੇਸ਼ਾਨ ਕਰ ਰਿਹਾ ਹੈ। ਪਰ ਇਕ ਸੁੰਦਰੀ ਦਾ ਸੁਪਨੇ ਵਿਚ ਮੇਲ ਉਸਨੂੰ ਸਵੈ ਵਿਸ਼ਵਾਸ ਨਾਲ ਭਰ ਦਿੰਦਾ ਹੈ ਅਤੇ ਜੋ ਵੀ ਸਥਿਤੀ ਹੋਵੇ, ਉਸਦਾ ਸਾਹਮਣਾ ਕਰਨ ਦਾ ਉਸ ਵਿਚ ਸਾਹਸ ਆ ਜਾਂਦਾ ਹੈ। ਸੁਪਨੇ ਵਿਚ ਹੀ *'ਇਕ ਕੁੜੀ ਦੀ ਪ੍ਰਸ਼ੰਸਾ ਸਾਰੇ ਡਰ ਭਉ ਉਤਾਰ ਗਈ।'* 'ਉਸੇ ਕਰਕੇ' ਕਹਾਣੀ ਵਿਚਲਾ ਹਰਵੰਤ ਸਿੰਘ ਮੈਜਿਸਟਰੇਟ ਇਕ ਸੁੰਦਰੀ ਦੇ ਸੰਪਰਕ ਵਿਚ ਆਉਣ ਤੋਂ ਮਗਰੋਂ ਇਹ ਸਮਝਦਾ ਹੈ ਕਿ *'ਜੇ ਰੱਬ ਨੇ ਉਸਨੂੰ ਬਣਾਇਆ ਸੀ ਤਾਂ ਫਿਰ ਹੋਰ ਇੰਨਾ ਕੁਝ ਬਣਾਨ ਦਾ ਕੀ ਫਾਇਦਾ? ਜੇ ਉਹ ਸੀ ਤਾਂ ਸ਼ਰਾਬ ਬਣਾਨ ਦੀ ਕੀ ਲੋੜ ਸੀ? ਤੇ ਫਿਰ ਧਰਮ ਕਿਉਂ ਬਣਾਇਆ? ਕਾਨੂੰਨ ਕਿਉਂ ਬਣਾਇਆ? ਇਹਨਾਂ ਦੋਹਾਂ ਦੀ ਪ੍ਰੇਰਨਾ ਤੋਂ ਬਿਨਾਂ ਇਸ ਕੁੜੀ ਦੇ ਹੁੰਦਿਆਂ ਉਹ ਆਪਣੇ ਆਪ ਹਰ ਇਕ ਦਾ ਭਲਾ ਚਾਹੁੰਦਾ ਸੀ, ਕਿਸੇ ਦਾ ਨੁਕਸਾਨ ਨਹੀਂ ਸੀ ਕਰ ਸਕਦਾ, ਕਿਸੇ ਦਾ ਬੁਰਾ ਨਹੀਂ ਸੀ ਕਰ ਸਕਦਾ।'* ਪ੍ਰਬੰਧਕੀ ਵਿਵਸਥਾ ਜਾਂ ਕਾਨੂੰਨ-ਵਿਵਸਥਾ ਦੇ ਸਾਰੇ ਪਰਪੰਚ ਸੁੰਦਰਤਾ ਦੇ ਹੁੰਦਿਆ ਬੇਲੋੜੇ ਹਨ। ਸੁੰਦਰਤਾ ਦੇ ਪ੍ਰਕਾਸ਼ ਵਿਚ ਕੁਝ ਗ਼ਲਤ ਹੋਣ ਦੀ ਸੰਭਾਵਨਾ ਹੀ ਨਹੀਂ। ਇੰਝ ਹੀ 'ਟੂਣਾ' ਨਾਂ ਦੀ ਕਹਾਣੀ ਵਿਚ ਹਾਈ ਕੋਰਟ ਦਾ ਜੱਜ ਕਿਸੇ ਮਹਿਲਾ ਕਾਲਿਜ ਦੀ ਲੈਕਚਰਾਰ ਦੀ ਸੁੰਦਰਤਾ ਵਿਚ ਏਨਾ ਡੰਗਿਆ ਜਾਂਦਾ ਹੈ ਕਿ ਉਸਨੂੰ ਲੱਗਦਾ ਹੈ ਜਿਵੇਂ ਸੁੰਦਰੀ ਦਾ ਉਸ ਉੱਤੇ ਕੋਈ ਟੂਣਾ ਹੋ ਗਿਆ ਹੈ। ਉਸਦੇ ਰੋਗ ਦਾ ਇਲਾਜ ਇਹੀ ਹੈ ਕਿ ਸੁੰਦਰੀ ਸਿਰਫ ਇਕ ਵਾਰ ਫੂਕ ਮਾਰ ਕੇ ਟੂਣੇ ਦਾ ਅਸਰ ਜ਼ਾਇਲ ਕਰ ਦੇਵੇ।

ਔਰਤ ਮਰਦ ਦੇ ਪਿਆਰ ਦੀ ਕੱਥ ਕਰਦਿਆਂ ਸਮੇਂ ਦੇ ਹਿਸਾਬ ਨਾਲ ਨਵੀਂ ਗੱਲ ਜੋ ਵਿਰਕ ਨੇ ਕੀਤੀ ਹੈ ਉਹ ਇਹ ਵੀ ਹੈ ਕਿ ਕੇਵਲ ਮਰਦ ਹੀ ਔਰਤ ਦੀ ਸੁੰਦਰਤਾ ਵੱਲ ਆਕਰਸ਼ਤ ਨਹੀਂ ਹੁੰਦਾ, ਔਰਤ ਖੁਦ ਵੀ ਮਨੁੱਖ ਨਾਲੋਂ ਨਿਵੇਕਲੀ ਉਸ ਨੂੰ ਮਿਲੀ ਸੁੰਦਰਤਾ ਦੀ ਇਸ ਕੁਦਰਤੀ ਦਾਤ ਬਾਰੇ ਚੇਤੰਨ ਹੁੰਦੀ ਹੈ। ਉਹ ਪਿਆਰ ਦੇ ਜਜ਼ਬੇ ਦੇ ਪ੍ਰਗਟਾਅ ਵਿਚ ਮਰਦ ਦੇ ਹੀ ਪਹਿਲ-ਕਦਮੀ ਕਰਨ ਦੀ ਉਡੀਕ ਨਹੀਂ ਕਰਦੀ ਰਹਿੰਦੀ। ਔਰਤ ਮਰਦ ਦੇ ਆਪਸੀ ਰਿਸ਼ਤੇ ਬਾਰੇ ਸੁੰਦਰਤਾ,ਰੁਮਾਂਸ ਤੇ ਜਿਨਸੀ ਸੰਬੰਧਾਂ ਦੀਆਂ ਵਿਰਕ ਦੀਆਂ ਸਭ ਕਹਾਣੀਆਂ ਦਾ ਸਾਰ ਤੱਤ ਇਹ ਹੈ ਕਿ ਇਹ ਲਿੰਗਕ ਨੈਤਿਕਤਾ ਦੇ ਭੂਪਵਾਦੀ ਮਾਪਦੰਡਾਂ ਦੇ ਵਿਰੋਧ ਵਿਚ ਤਾਂ ਜਾਂਦੀਆਂ ਹੀ ਹਨ, ਨਾਲ ਦੀ ਨਾਲ ਇਹ ਔਰਤ ਦੇ ਅਸਤਿਤਵ ਨੂੰ ਸਥਾਪਤ ਵੀ ਕਰਦੀਆਂ ਹਨ।

ਪੜ੍ਹ-ਲਿਖਕੇ ਆਪਣੇ ਪੈਰਾਂ 'ਤੇ ਖੜ੍ਹੀ ਹੋ ਰਹੀ, ਸਮਾਜ ਵਿਚ ਆਪਣਾ ਸਿਰ ਉੱਚਾ ਚੁੱਕ ਕੇ ਜਿਉਣ ਲਈ ਯਤਨਸ਼ੀਲ ਨਵੀਂ ਔਰਤ ਉਸਦੀਆਂ ਕਹਾਣੀਆ ਵਿਚ ਬਾਖੂਬੀ ਪੇਸ਼ ਹੋਈ ਹੈ। ਸਮਾਜ ਵਿਚ ਆਪਣੀ ਹੋਂਦ 'ਤੇ ਮਾਣ ਦਾ ਅਹਿਸਾਸ ਕਰਵਾਉਣ ਵੱਲ ਵਧ ਰਹੀ ਔਰਤ ਵਿਰਕ ਦੇ ਸਤਿਕਾਰ ਦੀ ਪਾਤਰ ਬਣੀ ਹੈ। ਔਰਤ ਦੇ ਆਪਣੇ ਆਪ ਵਿਚ ਵਧ ਰਹੇ ਸਵੈ-ਵਿਸ਼ਵਾਸ ਤੇ ਸਵੈ-ਮਾਣ ਵਿਚੋਂ ਵਿਰਕ ਨੂੰ ਨਵੇਂ ਭਾਰਤ ਦੇ ਨਕਸ਼ ਵਿਖਾਈ ਦਿੰਦੇ ਹਨ। ਨਵੇਂ ਪਰਿਵੇਸ਼ ਵਿਚ ਔਰਤ ਦੇ ਘਰ ਦੀ ਚਾਰ-ਦੀਵਾਰੀ 'ਚੋਂ ਨਿਕਲਣ ਅਤੇ ਆਪਣੇ ਤੌਰ 'ਤੇ ਸਮਾਜ ਦੇ ਵਿਕਾਸ ਵਿਚ ਯੋਗਦਾਨ ਪਾਉਣ ਦੇ ਬਿਰਤਾਂਤ ਦੇ ਪੱਖ ਤੋਂ 'ਸ਼ੇਰਨੀਆਂ' ਅਤੇ 'ਨਮਸਕਾਰ' ਕਹਾਣੀਆਂ ਦੀ ਗੱਲ ਕੀਤੀ ਜਾ ਸਕਦੀ ਹੈ। ਆਜ਼ਾਦੀ ਤੋਂ ਝੱਟ ਮਗਰੋਂ ਦੇ ਵਰ੍ਹਿਆਂ ਵਿਚ ਜਦੋਂ ਸਿੱਖਿਆ, ਸੰਚਾਰ, ਸਿਹਤ ਵਿਵਸਥਾ ਵਰਗੇ ਖੇਤਰਾਂ ਵਿਚ ਔਰਤਾਂ ਦੀ ਸ਼ਮੂਲੀਅਤ ਦੇ ਦਰ ਖੁਲ੍ਹਣ ਲੱਗੇ ਸਨ ਤਾਂ ਇਹਨਾਂ ਖੇਤਰਾਂ ਵਿਚ ਸ਼ਹਿਰ ਤੋਂ ਦੂਰ ਪਿੰਡਾਂ ਥਾਂਵਾਂ ਉੱਤੇ ਕੰਮ ਕਰਨ ਲਈ ਅੱਗੇ ਆਈਆਂ

ਕੁੜੀਆਂ ਉਸਨੂੰ 'ਸ਼ੇਰਨੀਆਂ' ਲਗਦੀਆਂ ਹਨ। ਪਿੰਡਾਂ ਵਿਚ ਅਧਿਆਪਕਾਵਾਂ ਵਜੋਂ ਨਿਯੁਕਤ ਹੋਈਆਂ ਆਪਣੇ ਕੰਮ ਉੱਤੇ ਪੁੱਜਣ ਦੀ ਖ਼ਾਤਰ ਸ਼ਹਿਰ ਦੇ ਪਾਰਕ ਵਿਚ ਰਤਾ ਹਨੇਰੇ ਸਾਇਕਲ ਚਲਾਉਣਾ ਸਿਖਦੀਆਂ ਕੁੜੀਆਂ ਬਾਰੇ ਕੁਝ ਹੋਰ ਹੀ ਸੋਚਦਾ ਕਹਾਣੀ ਵਿਚਲਾ ਮਰਦ ਪਾਤਰ ਹਕੀਕਤ ਜਾਣਨ ਉਪਰੰਤ ਆਪਣੀ ਸੋਚ 'ਤੇ ਸ਼ਰਮਸਾਰ ਹੁੰਦਾ ਹੈ। *'ਕੰਮ ਕਰਨ ਵਾਲੀਆਂ ਕੁੜੀਆਂ 'ਤੇ ਬੜੀਆਂ ਤੁਹਮਤਾਂ ਲਗਦੀਆਂ ਨੇ।'* ਇਸਤਰ੍ਹਾਂ ਰੂੜ੍ਹੀਗਤ ਸਮਾਜ ਵਿਚ ਲੁਕਵੀਆਂ ਜਾਂ ਪ੍ਰਤੱਖ ਊਜਾਂ ਦੇ ਸਾਹਮਣੇ ਮਰਦ ਦੇ ਸਹਾਰੇ ਤੋਂ ਬਿਨਾਂ ਨੌਕਰੀਆਂ ਉੱਤੇ ਜਾਣ ਦੀ ਪਹਿਲ ਕਰਨ ਵਾਲੀਆਂ ਕੁੜੀਆਂ ਨੂੰ ਹੀ ਲੇਖਕ ਨੇ 'ਸ਼ੇਰਨੀਆਂ' ਕਿਹਾ ਹੈ। 'ਨਮਸਕਾਰ' ਕਹਾਣੀ ਵਿਚਲੀ ਸੁਸਿੱਖਿਅਤ ਡਾਕਟਰ ਮਟਿਆਰ *'ਆਪਣੀ ਹਸਤੀ ਨਾਲ ਹੀ ਔਰਤਾਂ ਨੂੰ ਆਜ਼ਾਦੀ ਦੁਆਂਦੀ ਅਨੁਭਵ ਕਰ ਰਹੀ ਹੈ।'* ਉਸਦੇ ਇਸ ਦਾਅਵੇ ਨੂੰ ਚੈਲਿੰਜ ਦੇ ਰੂਪ ਵਿਚ ਕਹਾਣੀ ਦੇ ਇਕ ਪਾਤਰ ਦੁਆਰਾ ਇਹ ਆਖਿਆ ਜਾਂਦਾ ਹੈ ਕਿ *'ਜੇ ਸਿਆਲਾਂ ਦੀ ਧੀ, ਹੀਰ, ਆਪਣਾ ਕਿੱਸਾ ਲਿਖਵਾ ਕੇ ਤੇ ਬੰਦੇ ਬੰਦੇ ਦੇ ਮੂੰਹੋਂ ਗਵਾ ਕੇ ਔਰਤਾਂ ਦਾ ਰਾਹ ਨਾ ਖੋਲ੍ਹ ਸਕੀ ਤਾਂ ਉਹ ਟੁਰ ਫਿਰਕੇ ਹੀ ਕਿਵੇਂ ਖੋਲ੍ਹ ਦੇਵੇਗੀ?'* ਤਾਂ ਇਸ ਦੇ ਜਵਾਬ ਵਿਚ ਮੁਟਿਆਰ ਡਾਕਟਰ ਦਾ ਤਰਕ ਬੋਲਦਾ ਹੈ ਕਿ *'ਆਦਰ ਮਰੀ ਹੋਈ ਹੀਰ ਦਾ ਹੀ ਹੋਇਆ ਹੈ। ਜਿਉਂਦੀ ਹੀਰ ਦਾ ਕਿਧਰੇ ਕੋਈ ਆਦਰ ਨਹੀਂ ਸੀ। ਉਸਦੀ ਡਾਕਟਰ ਦੀ ਪਦਵੀ ਕਰਕੇ ਤੇ ਉਸਦੇ ਡਾਕਟਰੀ ਦੇ ਕਸਬ ਤੋਂ ਲਾਭ ਹੋਣ ਕਰਕੇ ਉਸਦਾ ਜਿਉਂਦੀ ਦਾ ਆਦਰ ਹੈ'* ਤਾਂ ਕਹਾਣੀ ਦੇ ਮੁਖ ਗੋਰੇ ਪਾਤਰ ਰਾਹੀਂ ਵਿਰਕ ਨਵੇਂ ਭਾਰਤ ਵਜੋਂ ਇਸ ਡਾਕਟਰ ਨੂੰ 'ਨਮਸਕਾਰ' ਕਰਦਾ ਹੈ।

ਜੇ ਕੁਲਵੰਤ ਸਿੰਘ ਵਿਰਕ ਵਿਕਾਸ ਦੀ ਪ੍ਰਕਿਰਿਆ ਦਾ ਸੁਆਗਤ ਕਰਦਾ ਹੋਇਆ ਉਸਦਾ ਹਾਣੀ ਬਣਨ ਲਈ ਉਤਸੁਕ ਹੈ ਤਾਂ ਸਮਾਜ ਦੇ ਦਬੇ ਕੁਚਲੇ ਲੋਕਾਂ ਨਾਲ ਉਸਦੀ ਹਮਦਰਦੀ ਵੀ ਸਾਫ ਸਪਸ਼ਟ ਹੈ। ਉਸ ਅਨੁਸਾਰ ਲੇਖਕ ਸੰਵੇਦਨਸ਼ੀਲ ਤੇ 'ਪਤਲ ਚੰਮਾ' ਜੀਵ ਹੁੰਦਾ ਹੈ, ਜਿਸਨੂੰ ਆਮ ਲੋਕਾਂ ਦਾ ਦੁੱਖ ਦਰਦ ਦੂਜਿਆਂ ਦੇ ਟਾਕਰੇ ਵਧੇਰੇ ਟੁੰਬਦਾ ਹੈ। ਇਸੇ ਲਈ ਰਵਾਇਤੀ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਵਧੇਰੇ ਮਹੱਤਵ ਵਾਲੇ ਸਮਝੇ ਜਾਂਦੇ ਵਿਸ਼ਿਆ ਦਾ ਵੀ ਵਿਰਕ ਦੀ ਕਹਾਣੀ ਦੇ ਵਸਤੂ ਵਿਚ ਅਭਾਵ ਨਹੀਂ। ਉਹ ਅਵੱਸ਼ ਕਿਸੇ ਖਾਸ ਪਾਰਟੀ ਨਾਲ ਨਹੀਂ ਜੁੜਦਾ ਸਗੋਂ ਸਿੱਧਾ ਮਨੁੱਖਤਾ ਨਾਲ ਆਪਣਾ ਨਾਤਾ ਜੋੜਦਾ ਹੈ। ਸ਼੍ਰੇਣੀ ਸਮਾਜ ਵਿਚ ਲੁੱਟੇ-ਖੁੜੇ ਲੋਕਾਂ ਦੇ ਜੀਵਨ ਨੂੰ ਪੇਸ਼ ਕਰਦੀਆਂ ਉਸਦੀਆਂ ਕਹਾਣੀਆਂ ਵਿਚ 'ਪੌਣਾ ਆਦਮੀ','ਲੱਖਾਂ ਕਰੋੜਾਂ ਰੁਪਈਆ','ਮੁੱਢੋਂ ਸੁੱਢੋਂ', 'ਬਿਗਾਨੀ ਚੀਜ਼','ਪੰਜਾਹ ਰੁਪਏ','ਕਸ਼ਟ ਨਿਵਾਰਨ','ਇਕ ਫੇਰੀ','ਨੌਕਰੀ','ਮਾਵਾਂ ਧੀਆਂ', 'ਸਾਬਨ ਦੀ ਚਿੱਪਰ' ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਹਨਾਂ ਕਹਾਣੀਆਂ ਵਿਚ ਸਮਾਜ ਤੇ ਰਾਜ-ਵਿਵਸਥਾ ਦਾ ਸ਼੍ਰੇਣਕ ਚਰਿੱਤਰ ਅਕਸਰ ਵਿਅੰਗ ਤੇ ਵਿਡੰਬਨਾ ਦੀ ਜੁਗਤ ਦੀ ਵਰਤੋਂ ਰਾਹੀਂ ਯਥਾਰਥਵਾਦੀ ਪਹੁੰਚ ਨਾਲ ਸਾਕਾਰ ਹੋਇਆ ਹੈ। ਬਿਲਾ ਸ਼ੱਕ ਗ਼ਰੀਬੀ ਤੇ ਥੁੜ ਦਾ ਜ਼ਿਕਰ ਕਰਦਿਆਂ ਉਹ ਉਪਭਾਵੁਕ ਨਹੀਂ ਹੁੰਦਾ। ਊਣੇ-ਵਿਹੂਣੇ ਲੋਕਾਂ ਦੇ ਜੀਵਨ ਦਾ ਚਿੱਤਰ ਉਸਨੇ ਕਲਾ ਦੇ ਦਾਇਰੇ ਵਿਚ ਰਹਿ ਕੇ ਹੀ ਕੀਤਾ ਹੈ।

'ਲੱਖਾਂ ਕਰੋੜਾਂ ਰੁਪਈਆ' ਨਾਂ ਦੀ ਕਹਾਣੀ ਵਿਚ ਗ਼ਰੀਬੀ ਵਿਚ ਫਾਥੀ ਬਾਲੂ ਦੀ ਮਾਂ ਦਾ ਕਹਿਣਾ ਹੈ ਕਿ *'ਪੁੱਤਰ ਤੇ ਲੱਖੀਂ ਕਰੋੜੀਂ ਵੀ ਨਹੀਂ ਲੱਭਦੇ।'* ਪਰ ਵਿਡੰਬਨਾ ਇਹ ਹੈ ਕਿ ਨੌਕਰੀ ਦੇਣ ਵਾਲੇ ਸਰਕਾਰੀ ਮਹਿਕਮੇ ਲਈ ਬਾਲੂ ਇਕ ਸਾਈਕਲ ਨਾਲੋਂ ਵੀ ਸਸਤਾ ਹੈ। ਦਫਤਰੀ ਫਾਈਲਾਂ ਨੂੰ ਵੱਖ ਵੱਖ ਥਾਈਂ ਪੁਚਾਉਣ ਲਈ ਸਾਈਕਲ ਦੀ ਵਰਤੋਂ ਨੂੰ ਮਹਿੰਗਾ ਸਮਝਦਿਆਂ ਹੋਇਆਂ *'ਸਾਹਬ ਨੇ ਸਾਈਕਲ ਵਾਪਸ ਕੀਤਾ ਤੇ ਬਾਲੂ ਨੂੰ ਚਪੜਾਸੀ ਰੱਖ ਲਿਆ।'* 'ਪੰਜਾਹ ਰੁਪਏ' ਵਿਚ ਇਕ ਬੰਨੇ ਗ਼ਰੀਬ ਕਿਸਾਨ ਬੱਖਾ ਸਿੰਘ ਦੀ ਆਰਥਿਕ ਤੰਗਦਸਤੀ ਹੈ ਜੋ ਆਪਣੀ ਨਵੀਂ ਵਿਆਹੀ ਧੀ ਪ੍ਰੀਤੋ ਨੂੰ ਪਰੰਪਰਾਗਤ ਢੰਗ ਨਾਲ ਉਸਦੇ ਸਹੁਰਿਆਂ ਤੋਂ ਪੇਕੇ ਘਰ ਲਿਆਉਣ ਲਈ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਲੋੜੀਂਦੇ ਪੰਜਾਹ ਰੁਪਏ ਜੁਟਾ ਨਹੀਂ ਸਕਦਾ। ਇਸ ਤਰ੍ਹਾਂ ਉਹ ਧੀ ਨੂੰ ਸਹੁਰਿਆਂ ਤੋਂ ਰਸਮੀ ਢੰਗ ਨਾਲ ਲੈ ਕੇ ਆਉਣ ਦਾ ਪ੍ਰੋਗਰਾਮ ਅੱਗੇ ਪਾਉਣ ਲਈ ਮਜਬੂਰ

ਹੈ। ਦੂਜੇ ਬੰਨੇ ਸਰਕਾਰੀ ਭ੍ਰਿਸ਼ਟਾਚਾਰ ਦਾ ਚਿਤਰ ਹੈ ਜਿਸ ਵਿਚ ਇਕ ਸਰਕਾਰੀ ਅਧਿਕਾਰੀ ਸਰਦਾਰ ਜਵਾਹਰ ਸਿੰਘ ਆਪਣੇ ਤੋਂ ਵਡੇਰੇ ਅਫਸਰਾਂ ਦੇ ਸ਼ਿਕਾਰ ਖੇਡਣ ਤੇ ਪਿਕਨਿਕ ਮਨਾਉਣ ਦੇ ਖਰਚਾਂ ਦਾ ਭਾਰ ਚੁੱਕਣ ਲਈ ਅਖੌਤੀ ਇੰਸਪੈਕਸ਼ਨ ਵਾਸਤੇ ਸਰਕਾਰੀ ਦੌਰੇ ਦਾ ਪਰਪੰਚ ਰਚਾਉਂਦਾ ਹੈ, ਜਿਸ ਉੱਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ। 'ਅੱਧੇ ਪੌਣੇ' ਵਿਚ ਦੇਸ ਦੇ ਆਜ਼ਾਦ ਹੋਣ ਪਿੱਛੋਂ ਪ੍ਰਬੰਧਕੀ ਵਿਵਸਥਾ ਦੇ ਜਮਾਤੀ ਚਰਿੱਤਰ ਨੂੰ ਗ਼ਰੀਬ ਕਿਰਤੀਆਂ ਨਾਲ ਹਮਦਰਦੀ ਦੀ ਭਾਵਨਾ ਨਾਲ ਜਿਵੇਂ ਕੁਸ਼ਲਤਾ ਸਹਿਤ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਹੈ, ਉਸ ਤੋਂ ਰਵਾਇਤੀ ਪ੍ਰਗਤੀਵਾਦੀ ਵੀ ਮਾਤ ਪੈ ਜਾਂਦੇ ਹਨ। ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਜ਼ਿਮੀਂਦਾਰ ਭੁਪਿੰਦਰ ਸਿੰਘ ਦੇ ਨਾਲ ਨਾਲ ਮੁਜ਼ਾਰੇ ਕਰਮੇ ਵਰਗੇ ਸਭ ਵਰਗਾਂ ਦੇ ਲੋਕ ਇਕ ਹੋ ਕੇ ਚੱਲੇ ਸਨ। ਪਰ ਦੇਸ਼ ਆਜ਼ਾਦ ਹੋਣ ਪਿੱਛੋਂ ਸਰਕਾਰ ਦੇ ਕਾਰਕੁਨਾਂ ਅਨੁਸਾਰ ਜ਼ਮੀਨ ਤੋਂ ਚੰਗੀ ਪੈਦਾਵਾਰ ਲੈਣ ਦੇ ਸੰਬੰਧ ਵਿਚ ਨਵੀਆਂ ਸਕੀਮਾਂ ਦਾ ਸਰੋਕਾਰ ਕੇਵਲ ਜ਼ਿਮੀਂਦਾਰਾਂ ਨਾਲ ਹੀ ਹੈ, ਇਹ ਗੱਲਾਂ ਮੁਜ਼ਾਰਿਆਂ ਦੇ ਕੰਮ ਦੀਆਂ ਨਹੀਂ। ਇਹ ਕੁਝ ਵੇਖਕੇ *'ਕਰਮੇ ਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਭੁਪਿੰਦਰ ਸਿੰਘ ਦੀ ਦੱਸੀ ਹੋਈ ਆਜ਼ਾਦੀ ਵਿਚ ਉਸ ਲਈ ਅਜੇ ਕਸਰ ਹੈ।'* ਵਿਵਸਥਾ ਹੱਥੋਂ ਜਾਂ ਤਕੜਿਆਂ ਹੱਥੋਂ ਕਮਜ਼ੋਰ ਅਥਵਾ ਗ਼ਰੀਬ ਲੋਕਾਂ ਨਾਲ ਨਿੱਤ-ਦਿਹਾੜੀ ਕੀਤੇ ਜਾਂਦੇ ਛੋਟੇ ਵੱਡੇ ਧੱਕਿਆਂ ਦੀ ਮਿਸਾਲ ਵਜੋਂ ਪੇਸ਼ ਹੈ 'ਕਸ਼ਟ ਨਿਵਾਰਣ' ਸਿਰਲੇਖ ਵਾਲੀ ਕਹਾਣੀ। ਇਸ ਕਹਾਣੀ ਵਿਚਲੇ ਅੱਧਖੜ ਉਮਰ ਦੇ ਸਾਧਾਰਨ ਗ਼ਰੀਬ ਕਿਸਾਨ ਨਾਲ, ਮਾੜਾ ਹੋਣ ਕਰਕੇ, ਮੁਰੱਬੇਬੰਦੀ ਵਿਚ ਧੱਕਾ ਹੋਇਆ ਹੈ। ਧੱਕੇ ਵਿਰੁੱਧ ਵੱਡੇ ਅਫਸਰ ਕੋਲ ਚਾਰਾਜੋਈ ਕਰਨ ਲਈ ਵੇਲੇ ਸਿਰ ਸ਼ਹਿਰ ਪਹੁੰਚਣ ਵਾਸਤੇ ਰਾਤ ਭਰ ਸਵੇਰ ਵਾਲੀ ਪਹਿਲੀ ਬੱਸ ਉਡੀਕਦੇ ਰਹੇ ਇਸ ਕਮਜ਼ੋਰ ਵਿਅਕਤੀ ਨਾਲ ਬੱਸ ਵਿਚ ਵੀ ਧੱਕਾ ਹੁੰਦਾ ਹੈ ਜਦੋਂ ਸਭ ਤੋਂ ਪਿੱਛੋਂ ਬੱਸ ਵਿਚ ਚੜ੍ਹਨ ਵਾਲੇ ਬਾਬੂ ਨੂੰ ਥਾਂ ਦੇਣ ਲਈ ਉਸਨੂੰ ਉਸਦੀ ਸੀਟ ਤੋਂ ਉਠਾਕੇ ਉੱਥੇ ਬਿਠਾ ਦਿੱਤਾ ਜਾਂਦਾ ਹੈ ਜਿੱਥੇ ਕਿਸੇ ਨੇ ਉਲਟੀ ਕੀਤੀ ਹੋਈ ਹੈ।

'ਮੁੱਢੋਂ ਸੁੱਢੋਂ' ਤਾਂ ਵਿਰਕ ਦੀ ਇਕ ਲਾਮਿਸਾਲ ਕਹਾਣੀ ਹੈ ਜਿਸ ਵਿਚੋਂ ਰਾਜਨੀਤਕ ਮਸਲਿਆਂ ਵਿਚ ਉਸਦੀ ਦਿਲਚਸਪੀ ਦੇ ਨਾਲ ਨਾਲ ਉਸਦਾ ਪ੍ਰਗਤੀਵਾਦੀ-ਮਾਨਵਵਾਦੀ ਦ੍ਰਿਸ਼ਟੀਕੋਣ ਪੂਰਨ ਕਲਾਤਮਕਤਾ ਨਾਲ ਰੂਪਮਾਨ ਹੋਇਆ ਹੈ। ਸੁਤੰਤਤਾ ਤੋਂ ਪਿੱਛੋਂ ਖੁਸ਼ ਹੈਸੀਅਤੀ ਟੈਕਸ ਦੇ ਵਿਰੁੱਧ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਲੱਗੇ ਕਿਸਾਨ ਮੋਰਚੇ ਦੀਆਂ ਘਟਨਾਵਾਂ ਦੀ ਪਿੱਠਭੂਮੀ ਵਿਚ ਲਿਖੀ ਗਈ ਇਹ ਕਹਾਣੀ ਮੋਰਚੇ ਦੌਰਾਨ ਪੁਲਸ ਵੱਲੋਂ ਪਿੰਡ ਵਿਚ ਗੋਲੀ ਚਲਾਏ ਜਾਣ ਤੇ ਨਤੀਜੇ ਵਜੋਂ ਕੁਝ ਲੋਕਾਂ ਦੇ ਮਾਰੇ ਜਾਣ ਨਾਲ ਪਿੰਡ ਵਿਚ ਛਾਏ ਸਹਿਮ ਦੀ ਗੱਲ ਕਰਦੀ ਹੈ। ਕਹਾਣੀ ਵਿਚ ਸੁਝਾਊ ਢੰਗ ਨਾਲ ਉਹ ਸਭ ਕੁਝ ਅੰਕਤ ਹੈ ਜੋ ਸਰਕਾਰੀ ਦਮਨ ਦੇ ਪ੍ਰਸੰਗ ਵਿਚ ਲੋਕਾਂ ਨਾਲ ਹਮਦਰਦੀ ਦਰਸਾਉਣ ਲਈ ਪ੍ਰਗਤੀਵਾਦੀ ਚੇਤਨਾ ਵਾਲਾ ਕੋਈ ਸਿਰਜਕ ਲਿਆ ਸਕਦਾ ਹੈ। ਫਰਕ ਇਹ ਹੈ ਕਿ ਵਿਰਕ ਇਹ ਕੁਝ ਦਰਸਾਉਣ ਲਈ ਨਾ ਭੜਕਾਹਟ ਤੇ ਨਾ ਰੁਦਨ ਵਾਲੀ ਸੁਰ ਅਪਨਾਉਂਦਾ ਹੈ। ਉਹ ਇਸ ਦੁਖਾਂਤ ਦੀ ਘੜੀ ਵਿਚ ਵੀ ਭਵਿੱਖਮੁਖੀ ਆਸ਼ਾਵਾਦੀ ਪਹੁੰਚ ਨਾਲ ਪਿੰਡ ਵਿਚਲੇ ਸੋਗ ਤੇ ਸਹਿਮ ਦੇ ਵਾਤਾਵਰਣ ਦੇ ਸਮਾਨਾਂਤਰ ਜ਼ਿੰਦਗੀ ਨਾਲ ਧੜਕਦੇ ਇਕ ਨਵ ਵਿਆਹੇ ਜੋੜੇ ਨੂੰ ਪਿੰਡ ਵੱਲ ਜਾਂਦੇ ਵਿਖਾਉਂਦਾ ਹੈ,ਜਿੰਨ੍ਹਾਂ ਦੇ ਬੱਚਿਆਂ ਨੇ ਉਸ ਪਿੰਡ ਦੀ ਅਗਲੀ ਪੀਹੜੀ ਵਜੋਂ ਸਾਹਵੇਂ ਆਉਣਾ ਹੈ। *'ਉਹ ਦੋਵੇਂ ਉਸ ਪਿੰਡ ਨੂੰ ਜਾ ਰਹੇ ਸਨ ਜਿਸ ਪਿੰਡ ਤੋਂ ਮੈਂ ਆ ਰਿਹਾ ਸਾਂ। ਇਹ ਮੁਕਲਾਵੇ ਆਈ ਵਹੁਟੀ ਹੁਣ ਓਥੇ ਹੀ ਰਹੇਗੀ। ਇਕ ਨਵਾਂ ਘਰ ਵਸੇਗਾ। ਬੱਚੇ ਜੰਮਣਗੇ,ਜਿਹੜੇ ਉਸ ਪਿੰਡ ਦੀ ਨਵੀਂ ਪੀੜ੍ਹੀ ਬਣਨਗੇ।'* ਅਤੇ ਕਹਾਣੀ ਦਾ ਪ੍ਰਵਕਤਾ ਅਖੀਰ ਉੱਤੇ ਇਹ ਆਖਦਾ ਹੈ, *' ਮੈਨੂੰ ਹੋਰ ਹੌਸਲਾ ਹੋ ਗਿਆ। ਮਨੁੱਖ ਦੀਆਂ ਬਲਾਈਂ ਮਨੁੱਖ ਦਾ ਆਪਣਾ ਬੱਚਾ ਹੀ ਵੱਡਾ ਹੋ ਕੇ ਕਟਦਾ ਆਇਆ ਹੈ।'*

ਦੇਸ਼-ਵੰਡ ਦੇ ਦੁਖਾਂਤ ਨੂੰ ਵਿਰਕ ਨੇ ਬਿਲਕੁਲ ਨਵੇਂ ਤੇ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਿਆ ਤੇ ਪੇਸ਼ ਕੀਤਾ ਹੈ। ਬਟਵਾਰੇ ਦੌਰਾਨ ਸਰਹੱਦ ਦੇ ਦੋਵੇਂ ਪਾਸੇ ਵਹਿਸ਼ਤ ਦੇ ਨੰਗੇ ਨਾਚ ਦੇ ਸਨਮੁਖ

ਆਪਣੀ ਕਹਾਣੀ-ਰਚਨਾ ਵਿਚ ਉਸਦਾ ਬਲ ਇਸ ਘੋਰ ਤ੍ਰਾਸਦੀ ਦੇ ਦੁੱਖ ਨੂੰ ਪੇਸ਼ ਕਰਨ ਤੋਂ ਵੱਧ ਮਨੁੱਖ ਨੂੰ ਜ਼ਿੰਦਗੀ ਨਾਲ ਜੋੜੀ ਰੱਖਣ ਉੱਤੇ ਹੈ। ਵੰਡ ਦੇ ਦੁਖਾਂਤ ਦੀਆਂ ਪਰਤਾਂ ਫਰੋਲਦਿਆਂ ਹੋਇਆਂ ਉਹ ਮਨੁੱਖਤਾ ਵਿਚ ਆਪਣੇ ਵਿਸ਼ਵਾਸ ਨੂੰ ਮੱਧਮ ਨਹੀਂ ਪੈਣ ਦਿੰਦਾ। 'ਖੱਬਲ','ਮੁਰਦੇ ਦੀ ਤਾਕਤ','ਉਲ੍ਹਾਮਾ','ਓਪਰੀ ਧਰਤੀ','ਮੁਕਤਸਰ','ਮੈਨੂੰ ਜਾਣਨੈਂ' ਆਦਿ ਦੇਸ਼-ਵੰਡ ਦੀ ਤ੍ਰਾਸਦੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਆਪਣੀ ਵਸਤ ਬਣਾਉਂਦੀਆਂ ਵਿਰਕ ਦੀਆਂ ਕਹਾਣੀਆਂ ਵਿਚ ਆਸ਼ਾਵਾਦ ਨਾਲ ਜੁੜਿਆ ਉਸਦਾ ਮਾਨਵਵਾਦ ਭਰਵੇਂ ਤੇ ਪ੍ਰਭਾਵੀ ਰੂਪ ਵਿਚ ਪੇਸ਼ ਹੋਇਆ ਹੈ, ਜਿਸਦੀ ਸਭ ਤੋਂ ਸਿਖਰਲੀ ਮਿਸਾਲ ਹੈ ਉਸਦੀ ਸ਼ਾਹਕਾਰ ਕਹਾਣੀ 'ਖੱਬਲ'। ਦੇਸ਼-ਵੰਡ ਦੀ ਭਿਆਨਕਤਾ ਨਾਲ ਮਧੋਲੀ ਤੇ ਖਰਾਬ ਕੀਤੀ ਇਸ ਕਹਾਣੀ ਦੀ ਮੁਖ ਪਾਤਰ ਅੰਦਰ ਲੁਕੀ ਜੀਵਨ ਦੀ ਚਿਣਗ ਨੂੰ ਜਿਵੇਂ ਵਿਰਕ ਨੇ ਪੇਸ਼ ਕੀਤਾ ਹੈ, ਉਹ ਉਸਦੀ ਮਾਨਵਵਾਦੀ ਦ੍ਰਿਸ਼ਟੀ ਤੇ ਸਹਿਜ ਕਲਾਤਮਕਤਾ ਦਾ ਕਮਾਲ ਹੈ। ਪਰਿਵਾਰ ਤੋਂ ਨਿਖੇੜਕੇ ਧੱਕੇ ਨਾਲ ਇਕ ਮੁਸਲਮਾਨ ਵੱਲੋਂ ਆਪਣੇ ਘਰ ਵਸਾਈ ਹੋਈ ਇਸ ਬੁਰੇ-ਹਾਲ ਔਰਤ ਨੂੰ ਜਦੋਂ ਉਸ ਵਰਗੀਆਂ ਉਧਾਲੀਆਂ ਔਰਤਾਂ ਵਾਪਸ ਪਰਤਾਉਣ ਦੀ ਸਰਕਾਰੀ ਨੀਤੀ ਅਧੀਨ ਭਾਰਤੀ ਸੈਨਾ ਦਾ ਅਧਿਕਾਰੀ ਉਸਨੂੰ ਲੈਣ ਜਾਂਦਾ ਹੈ ਤਾਂ ਉਹ ਆਪਣੀ ਮੰਦੀ ਹਾਲਤ ਵਿਚ ਵੀ ਇਕ ਆਸ ਦੀ ਚਿਣਗ ਲੱਭ ਲੈਂਦੀ ਹੈ। ਭਾਰਤੀ ਫੌਜੀ ਅਫਸਰ ਦੀ ਸੁਰੱਖਿਆ ਵਿਚ ਉਸ ਨਾਲ ਚੜ੍ਹਦੇ ਪੰਜਾਬ ਪਰਤਣ ਦੀ ਥਾਂ ਸਗੋਂ ਉਸ ਅੱਗੇ ਇਕ ਅਨੋਖੀ ਮੰਗ ਰੱਖਦੀ ਹੋਈ ਉਹ ਆਖਦੀ ਹੈ: *"ਤੂੰ ਮੇਰਾ ਸਿੱਖ ਭਰਾ ਏਂ। ਮੈਂ ਵੀ ਕਦੀ ਸਿੱਖ ਹੁੰਦੀ ਸਾਂ। ਹੁਣ ਤੇ ਮੈਂ ਮੁਸਲਮਾਨ ਹੋ ਗਈ ਹੋਈ ਹਾਂ।... ਮੇਰੀ ਇਕ ਨਨਾਣ ਏ ਨਿੱਕੀ। ਰੁੜ੍ਹ ਗਏ ਬਾਰਾਂ ਚੱਕ ਵਾਲੇ ਲੈ ਗਏ ਹੋਏ ਨੀ। ਉਸ ਦਿਨ ਹਮਲੇ ਵਿਚ ਸਭ ਤੋਂ ਵੱਡੀ ਧਾੜ ਉਹਨਾਂ ਦੀ ਹੀ ਸੀ ਤੇ ਉਹ ਹੀ ਉਸਨੂੰ ਲੈ ਗਏ ਨੀ। ਤੇਰੀ ਐਸ ਵੇਲੇ ਮੈਨੂ ਬੜੀ ਚੌਧਰ ਜਾਪਦੀ ਏ। ਤੂੰ ਉਹਨੂੰ ਮੇਰੇ ਕੋਲ ਲਿਆ ਦੇ...ਮੈਂ ਉਸਦੀ ਭਰਜਾਈ ਆਂ। ਮੈਂ ਉਹਨੂੰ ਹੱਥੀਂ ਪਾਲ਼ਿਆ ਏ, ਮਾਂ ਬਰੋਬਰ ਆਂ। ਉਹ ਮੇਰੇ ਕੋਲ ਆਏਗੀ।ਮੈਂ ਆਪਣੀ ਹੱਥੀਂ ਉਹਨੂੰ ਕਿਸੇ ਦੇ ਲੜ ਲਾਂਗੀ। ਮੇਰੀ ਸਾਂਝ ਵਧੇਗੀ, ਮੇਰੀਆਂ ਬਾਹੀਂ ਬਣਨਗੀਆਂ। ਮੈਂ ਕਿਸੇ ਨੂੰ ਆਪਣਾ ਆਖਣ ਵਾਲੀ ਬਣਾਂਗੀ ।"*

ਇੰਝ ਹੀ ਦੇਸ਼-ਵੰਡ ਉਪਰੰਤ ਕਿਵੇਂ ਨਾ ਕਿਵੇਂ ਦਿੱਲੀ ਪਹੁੰਚੇ ਅਸਲੋਂ ਹੀ ਮੰਦੀ ਹਾਲਤ ਵਿਚ ਮਹਿਜ਼ ਦਿਨ-ਕਟੀ ਕਰ ਰਹੇ, ਇਕਲਾਪੇ ਦੇ ਮਾਰੇ,'ਮੈਨੂੰ ਜਾਣਨੈ?' ਕਹਾਣੀ ਵਿਚਲੇ ਬੇਹਿਸ ਸ਼ਰਨਾਰਥੀ ਨੂੰ ਜਦੋਂ ਥੋੜ੍ਹੀ ਜਿਹੀ ਵੀ ਜਾਣ-ਪਛਾਣ ਦਾ ਸਹਾਰਾ ਮਿਲਦਾ ਹੈ ਤਾਂ ਉਸ ਵਿਚ ਜ਼ਿੰਦਗੀ ਜਿਵੇਂ ਮੁੜ ਅੰਗੜਾਈਆਂ ਲੈਣ ਲਗਦੀ ਹੈ ਅਤੇ ਕੁਝ ਹੀ ਦਿਨਾਂ ਵਿਚ ਉਹ ਹੋਰ ਦਾ ਹੋਰ ਬਣ ਜਾਂਦਾ ਹੈ। ਉਸ ਦਾ ਕਹਿਣਾ ਹੈ ਕਿ *'ਮੈਨੂੰ ਤੇ ਸੁਰਤ ਈ ਹੁਣ ਆਈ ਏ,ਜਿਉਂ ਦਾ ਪਾਰ ਟੱਪਿਆਂ। ਮੈਨੂੰ ਤੇ ਜਾਣਦਾ ਈ ਕੋਈ ਨਹੀਂ ਸੀ। '* ਏਸੇ ਤਰ੍ਹਾਂ'ਓਪਰੀ ਧਰਤੀ'.'ਉਲ੍ਹਾਮਾ','ਮੁਰਦੇ ਦੀ ਤਾਕਤ', 'ਕੁੜੀ ਦਾ ਦਾਜ' ਤੇ 'ਮੁਕਤਸਰ' ਸਿਰਲੇਖ ਵਾਲੀਆਂ ਕਹਾਣੀਆਂ ਵਿਚ ਬਟਵਾਰੇ ਦਾ ਦੁਖਾਂਤ ਰੁਦਨ ਵਾਲੀ ਸੁਰ ਵਿਚ ਢਿੱਲੀ ਤੇ ਨਿਰਾਸਕੁਨ ਗੱਲ ਕਰਨ ਦੀ ਥਾਂ ਮਾੜੀਆਂ ਹਾਲਤਾਂ ਵਿਚ ਵੀ ਮਨੁੱਖੀ ਚਰਿੱਤਰ ਦੀ ਵਡਿਆਈ ਨੂੰ ਪੇਸ਼ ਕਰਨ ਦਾ ਵਾਹਣ ਬਣਦਾ ਹੈ।

ਵਾਸਤਵ ਵਿਚ ਸਾਧਾਰਨ ਮਨੁੱਖਾਂ ਰਾਹੀਂ ਇਨਸਾਨੀ ਚਰਿੱਤਰ ਦੀਆਂ ਵੱਖ ਵੱਖ ਪਰਤਾਂ ਉੱਤੇ ਝਾਤ ਪੁਆਉਣਾ ਹੀ ਵਿਰਕ ਦੀ ਕਹਾਣੀ ਦਾ ਵੱਡਾ ਪਛਾਣ-ਚਿੰਨ੍ਹ ਹੈ। ਇਸ ਤਰ੍ਹਾਂ ਦੇ ਚਰਿੱਤਰ ਦੀ ਪੇਸ਼ਕਾਰੀ ਵਿਚ ਮਨੁੱਖ ਦੀ ਜਾਤ,ਜਮਾਤ,ਊਚ-ਨੀਚ, ਚੰਗੇ-ਮੰਦੇ ਆਦਿ ਦਾ ਪੱਖ ਪਿਛੋਕੜ ਵਿਚ ਚਲਿਆ ਜਾਂਦਾ ਹੈ। ਇਕ ਨਿਸਚਤ ਪਰਿਵੇਸ਼ ਵਿਚ ਵਿਚਰਦੇ ਮਨੁੱਖ ਦੇ ਧੁਰ ਅੰਦਰ ਤਕ ਜਾ ਕੇ ਉਸਦੇ ਦਿਸਦੇ ਵਿਹਾਰ ਨੂੰ ਵਿਖਾਉਣਾ ਅਤੇ ਉਸ ਪਿੱਛੇ ਕਾਰਜਸ਼ੀਲ਼ ਕਾਰਕਾਂ ਦਾ ਸੰਕੇਤ ਦੇਣਾ ਹੀ ਉਸਦਾ ਉਦੇਸ਼ ਹੋ ਨਿਬੜਦਾ ਹੈ। ਬਾਕੀ ਸਾਰਾ ਨਿਰਣਾ ਉਹ ਪਾਠਕ ਉੱਤੇ ਛੱਡ ਦਿੰਦਾ ਹੈ। ਵਿਰਕ ਲਈ ਕੋਈ ਵੀ ਪਾਤਰ ਖਲਨਾਇਕ ਨਹੀਂ। ਪ੍ਰਵਾਨਤ ਸਦਾਚਾਰ ਦੀ ਉਲੰਘਣਾ ਕਰਨ ਵਾਲੇ ਪਾਤਰ ਵੀ ਪਿਆਰ ਤੇ ਹਮਦਰਦੀ ਦੇ ਪਾਤਰ ਬਣੇ ਰਹਿੰਦੇ ਹਨ। ਪਾਤਰਾਂ ਨਾਲ ਡੂੰਘੀ ਨਿਜੀ ਸਾਂਝ ਪਾ ਕੇ ਵਿਰਕ ਨੇ ਉਹਨਾਂ ਨੂੰ ਇਉਂ ਪੇਸ਼ ਕੀਤਾ ਹੈ ਕਿ ਆਪਣੀਆਂ ਤਰੁਟੀਆਂ, ਕਮਜ਼ੋਰੀਆਂ, ਹਾਰਾਂ, ਥੁੜਾਂ

ਦੇ ਬਾਵਜੂਦ ਉਹ ਸਾਨੂੰ ਆਪਣੇ, ਸਾਡੇ ਹੀ ਨੇੜੇ ਦੇ, ਜੀਵ ਲੱਗਦੇ ਹਨ।

'ਓਪਰੀ ਧਰਤੀ' ਦੇ ਹਜ਼ਾਰਾ ਸਿੰਘ ਦਾ ਚੋਰ ਹੋਣਾ ਵਸਤੂ ਵਜੋਂ ਇਸ ਕਹਾਣੀ ਦਾ ਮੁਖ ਸਰੋਕਾਰ ਨਹੀਂ। ਚੋਰੀ ਦੀ ਉਸਦੀ ਇਸ ਆਦਤ ਦਾ ਵੇਰਵਾ ਤਾਂ ਵਿਰਕ ਟੱਪੇ ਦੇ ਜੱਟ ਭਾਈਚਾਰੇ ਦੀ ਇਕ ਖਾਸੀਅਤ ਨੂੰ ਉਜਾਗਰ ਕਰਨ ਵਜੋਂ ਹੈ। ਕਹਾਣੀ ਵਿਚ ਹਜ਼ਾਰਾ ਸਿੰਘ ਸਗੋਂ ਹਮਦਰਦੀ ਦੇ ਪਾਤਰ ਵਜੋਂ ਉਭਰਦਾ ਹੈ ਜਿਸਨੂੰ ਆਪਣੇ ਕਸਬ ਲਈ ਨਵੀਂ ਧਰਤੀ ਰਾਸ ਨਹੀਂ ਆਉਂਦੀ। ਸ਼ੇਖੂਪੁਰੇ ਦੀ ਧਰਤੀ ਤੋਂ ਉਜੜਕੇ ਕਰਨਾਲ ਪਹੁੰਚਿਆ ਹਜ਼ਾਰਾ ਸਿੰਘ ਜਿਵੇਂ ਗਿਲੇ ਤੇ ਅਫਸੋਸ ਦੇ ਭਾਵ ਨਾਲ ਬੋਲਦਾ ਹੈ, *"ਏਸ ਓਪਰੀ ਧਰਤੀ 'ਤੇ ਤਾਂ ਅਸਲੋਂ ਮੇਰਾ ਪੈਰ ਈ ਨਹੀਂ ਉਠਦਾ, ਚੋਰੀ ਮੈਂ ਕੀ ਕਰਨੀ ਏਂ।"* ਪੇਂਡੂ ਸਮਾਜ ਦੇ ਪਿਛਕੋੜ ਵਿਚੋਂ ਉਭਰਦੇ 'ਉਜਾੜ' ਕਹਾਣੀ ਵਿਚਲੇ ਆਲਾ ਸਿੰਘ ਅਤੇ 'ਧਰਤੀ ਹੇਠਲਾ ਬੌਲਦ' ਵਿਚਲੇ ਬਜ਼ੁਰਗ ਬਾਪੂ ਵਰਗੇ ਪ੍ਰਤੀਨਿਧ ਪਾਤਰ ਤਾਂ ਕਿਸੇ ਸਮੇਂ ਯਾਦਾਂ ਦੇ ਪਿਛਵਾੜੇ ਵਿਚ ਜਾ ਸਕਦੇ ਹਨ, ਪਰ ਤੀਵੀਂ ਲਈ ਮਰਦ ਦੀ ਸਦੀਵੀ ਸਿੱਕ ਨੂੰ ਦਰਸਾਉਂਦਾ, ਕਲਪਤ ਚਾਚੀ ਨਾਲ ਜੋੜਕੇ ਆਪਣੀਆਂ ਕਹਾਣੀਆਂ ਸੁਣਾਉਣ ਵਾਲਾ 'ਚਾਚਾ' ਤਾਂ ਕਦੇ ਵੀ ਸਿਮਰਤੀ ਤੋਂ ਬਾਹਰ ਨਹੀਂ ਜਾ ਸਕਦਾ। *"ਮੈਂ ਤੇ ਤੇਰੀ ਚਾਚੀ ਇਕ ਵੇਰੀ ਚਲੇ ਮੱਸਿਆ ਅੰਬਰਸਰ ਦੀ। ਟੇਸ਼ਨ ਦੀ ਅਜੇ ਅੱਧੀ ਕੁ ਵਾਟ ਵੀ ਨਹੀਂ ਸਾਂ ਗਏ ਤੇ ਪੋਲਾ ਜਿਹਾ ਮੂੰਹ ਬਣਾ ਕੇ ਆਖਣ ਲੱਗੀ, 'ਲੈ ਆਹ ਜ਼ਰਾ ਮੁੰਡਾ ਤੇ ਫੜ, ਮੇਰੀ ਤੇ ਬਾਂਹ ਵੀ ਆਕੜ ਗਈ ਏ।' ਵਿਚੋਂ ਤੇ ਡਰ ਇਹ ਸਾਸੂ ਜੇ ਮੁੰਡੇ ਨੇ ਮੂਤਰਿਆ ਤਾਂ ਸੁੱਚੇ ਕਪੜੇ ਗਵੀਚ ਜਾਣਗੇ।"*

ਸ਼ਹਿਰੀ ਪਰਿਵੇਸ਼ ਵਿਚੋਂ ਵੀ ਬਹੁਤ ਸਾਧਾਰਨ ਜਾਪਦੇ ਪਰ ਅਸਾਧਾਰਨ ਗੱਲਾਂ ਕਰ ਜਾਣ ਵਾਲੇ ਕਿੰਨੇ ਹੀ ਪਾਤਰ ਵਿਰਕ ਦੀਆਂ ਕਹਾਣੀਆਂ ਵਿਚੋਂ ਝਾਤੀ ਮਾਰਦੇ ਹਨ। ਮੁਟਿਆਰ 'ਵਿੰਕੀ' ਅਜਿਹੀ ਹੀ ਇਕ ਪਾਤਰ ਹੈ ਜਿਸ ਦੇ ਵਿਆਹ ਦੀਆਂ ਘਰ ਵਿਚ ਤਿਆਰੀਆਂ ਹੋ ਰਹੀਆਂ ਹਨ। ਲੇਖਕ ਦਾ ਦੱਸਣਾ ਹੈ ਕਿ *'ਆਮ ਜੁਆਨ ਕੁੜੀਆਂ ਮਾਪਿਆਂ ਦੇ ਘਰੀਂ ਡਾਢੀਆਂ ਅੱਕੀਆਂ ਹੁੰਦੀਆਂ ਨੇ ਤੇ ਵਿਆਹ ਦੀਆਂ ਸੋਆਂ ਤੇ ਬੜੀਆਂ ਖੁਸ਼ ਹੁੰਦੀਆਂ ਨੇ। ਪਰ ਵਿੰਕੀ ਨੂੰ ਕੋਈ ਚਾਅ ਨਹੀਂ ਸੀ'।* ਕਾਰਨ ਇਹ ਕਿ ਸੁਦੀਪ ਨਾਂ ਦੇ ਇਕ ਮੁੰਡੇ ਨਾਲ ਉਸਦਾ ਪਿਆਰ ਸੀ। ਘਰ ਵਾਲੇ ਸੁਦੀਪ ਵੱਲੋਂ ਉਸਨੂੰ ਮੋੜਨ ਲਈ ਜਾਂ ਫਿਰ ਉਸ ਦੇ ਪਿਆਰ ਦੀ ਸੱਚਾਈ ਦਾ ਨਿਖੇੜਾ ਕਰਨ ਲਈ ਵਿੰਕੀ ਨੂੰ ਸਲਾਹ ਦਿੰਦੇ ਹਨ ਕਿ ਉਹ ਸੁਦੀਪ ਨੂੰ ਝੂਠ ਮੂਠ ਦਾ ਡਰਾਵਾ ਦੇਵੇ ਕਿ ਜੇ ਉਹ ਟਟਫਟ ਉਸ ਨਾਲ ਸ਼ਾਦੀ ਨਹੀਂ ਰਚਾਉਂਦਾ ਤਾਂ ਉਹ ਘਰ ਦਿਆਂ ਦੀ ਪਸੰਦ ਵਾਲੇ ਮੁੰਡੇ ਨਾਲ ਵਿਆਹ ਕਰ ਲਵੇਗੀ। ਆਪਣੇ ਪਿਆਰ ਵਿਚ ਪਰਿਪੱਕ ਵਿੰਕੀ ਲਈ ਇਹ ਸਲਾਹ ਨਿਰਮੂਲ ਹੈ, ਕਿਉਂਕਿ ਉਸ ਅਨੁਸਾਰ *"ਜਿਹੜੀ ਗੱਲ ਮੈਂ ਅਸਲ ਵਿਚ ਕਰਨੀ ਨਹੀਂ, ਉਹ ਮੈਂ ਕਹਿ ਕਿਵੇਂ ਸਕਦੀ ਹਾਂ।"* ਅਤੇ ਵਿੰਕੀ ਵਰਗੀ ਹੀ ਇਕ ਹੋਰ ਮੁਟਿਆਰ ਹੈ 'ਸਤਿਜੁਗ' ਕਹਾਣੀ ਵਿਚਲੀ ਨਿੰਮੀ। ਆਪਣੀਆਂ ਦੂਸਰੀਆਂ ਭੈਣਾਂ ਸੰਗ ਬਾਜ਼ਾਰ ਵਿਚ ਜਾਂਦਿਆਂ ਕਿਸੇ ਮੁੰਡੇ ਦੇ ਰਤਾ ਛੇੜਖਾਨੀ ਕਰ ਜਾਣ 'ਤੇ ਬਾਕੀ ਭੈਣਾਂ ਵਾਂਗ ਛੇੜਖਾਨੀ ਕਰਨ ਵਾਲੇ ਮੁੰਡੇ ਨੂੰ ਨਾ ਕੁੱਟਣ 'ਤੇ ਉਸਦਾ ਤਰਕ ਹੈ — *"ਨਹੀਂ ਭੈਣ ਜੀ ਤੁਸੀਂ ਗੁੱਸਾ ਨਾ ਕਰਨਾ, ਮੇਰੇ ਵੱਸ ਦੀ ਗੱਲ ਨਹੀਂ ਸੀ। ਮੇਰੇ ਕੋਲੋਂ ਕਿਸੇ ਨੂੰ ਦੁੱਖ ਨਹੀਂ ਦਿੱਤਾ ਜਾਂਦਾ।"* ਆਖਰ ਕਥਾ ਕਰਦਿਆਂ ਪੰਡਤ ਜੀ ਨੇ ਇਹੀ ਤ'ਤ ਤਾਂ ਕੱਢਿਆ ਸੀ ਕਿ, *ਅਸਲ ਵਿਚ ਲੋਕਾਂ ਨੂੰ ਦੁੱਖ ਦੇਣ, ਉਹਨਾਂ ਦਾ ਦਿਲ ਦੁਖਾਣ ਦਾ ਨਾਂ ਹੀ ਕਲਜੁਗ ਹੈ।'* ਅਤੇ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਕਿ ਇਸ 'ਸਤਿਜੁਗੀ' ਮੁਟਿਆਰ ਨਿੰਮੀ ਨੂੰ ਗੱਭਰੂ ਮੁੰਡੇ ਦਾ ਛੇੜਨਾ ਚੰਗਾ ਲੱਗਿਆ ਹੋਵੇਗਾ।

ਵਿਰਕ ਬਹੁਤ ਘੱਟ ਬੋਲਣ ਵਾਲਾ ਵਿਅਕਤੀ ਸੀ। ਕਿਸੇ ਮਹਿਫਲ ਵਿਚ ਵੀ ਅਕਸਰ ਚੁੱਪ ਰਹਿ ਕੇ ਜਾਂ ਬਹੁਤ ਹੀ ਘੱਟ ਬੋਲ ਕੇ ਦੂਸਰਿਆਂ ਦੀ ਗੱਲਬਾਤ ਸੁਣਦੇ ਜਾਣਾ ਅਤੇ ਉਹਨਾਂ ਦੇ ਵਿਹਾਰ ਨੂੰ ਵਾਚਣਾ ਉਸਦੇ ਸੁਭਾਅ ਦੇ ਨੇੜੇ ਸੀ। ਉਸਦਾ ਇਹ ਸੁਭਾਅ ਇਕ ਕਹਾਣੀਕਾਰ ਵਜੋਂ ਬਹੁਤ ਵੱਡਾ ਗੁਣ ਸਾਬਤ ਹੋਇਆ ਹੈ। ਉਸਦੀ ਕੋਈ ਵੀ ਕਹਾਣੀ ਆਕਾਰ ਵਿਚ ਪੁਸਤਕ ਦੇ ਪੰਜ ਛੇ ਸਫਿਆਂ ਤੋਂ ਵੱਧ ਨਹੀਂ। ਸੰਜਮਤਾ, ਸਹਿਜਤਾ ਤੇ ਸੂਖਮਤਾ ਉਸਦੀ ਕਹਾਣੀ ਦੇ ਵਿਸ਼ੇਸ਼ ਪਛਾਣ-

ਚਿੰਨ੍ਹ ਹਨ। ਨਿੱਕੀਆਂ ਨਿੱਕੀਆਂ,ਆਮ ਲੋਕਾਂ ਦੀ ਨਜ਼ਰ ਤੋਂ ਉਹਲੇ ਰਹਿ ਜਾਣ ਵਾਲੀਆਂ, ਗੱਲਾਂ ਉਸਦੀਆਂ ਕਹਾਣੀਆਂ ਦਾ ਅੰਗ ਬਣ ਕੇ ਬਹੁਤ ਵੱਡੇ ਅਰਥ ਦੇ ਜਾਂਦੀਆਂ ਹਨ, ਜਿਵੇਂ 'ਦੋ ਆਨੇ ਦਾ ਘਾਹ' ਨਾਂ ਦੀ ਕਹਾਣੀ ਵਿਚ ਪੇਂਡੂ ਪਿਛੋਕੜ ਵਾਲੇ ਸ਼ਹਿਰ ਦੀ ਕਮੇਟੀ ਦੇ ਪ੍ਰਧਾਨ ਵਕੀਲ ਸਰਦਾਰ ਬੂਟਾ ਸਿੰਘ ਦੀ ਸੁਭਾਵਕ ਕਮਜ਼ੋਰੀ। ਬਚਪਨ ਵਿਚ ਮੱਝੀਂ ਚਾਰਨ ਦਾ ਸ਼ੌਕ ਤੇ ਚੱਜ ਰੱਖਣ ਵਾਲਾ ਸ਼ਹਿਰ ਦਾ ਇਹ ਪਤਵੰਤਾ, ਗੁਆਂਢੀ ਰਾਇ ਬਹਾਦਰ ਅਮੋਲਕ ਰਾਮ ਨਾਲ ਆਪਣੀ ਡੂੰਘੀ ਸਾਂਝ ਦੇ ਬਾਵਜੂਦ ਉਸ ਦੀ ਮੱਝ ਦਾ ਆਪਣੀ ਕੋਠੀ ਦੇ ਘਾਹ ਵਿਚ ਮੂੰਹ ਮਾਰਨਾ ਬਰਦਾਸ਼ਤ ਨਹੀਂ ਕਰ ਸਕਦਾ। ਉਸਦੀ ਕੋਠੀ ਦੇ ਪਿਛਵਾੜੇ ਚਰ ਰਹੀ ਮੱਝ ਆਖਰ ਕਿੰਨਾ ਕੁ ਘਾਹ ਖਾ ਜਾਵੇਗੀ, ਉਨਾ ਕੁ ਜਿੰਨਾ ਮੰਡੀ ਵਿਚੋਂ ਦੋ ਆਨਿਆਂ ਵਿਚ ਮਿਲ ਜਾਵੇ। ਪਰ ਬਿਗਾਨੀ ਮੱਝ ਦਾ ਉਸਦੀ ਕੋਠੀ ਵਿਚਲੇ ਘਾਹ ਵਿਚ ਮੂੰਹ ਮਾਰਨਾ ਉਸਨੂੰ ਇੰਝ ਲਗਦਾ ਹੈ ' *ਜਿਵੇਂ ਕੋਈ ਉਸਦੇ ਨੋਟਾਂ ਦੇ ਸੰਦੂਕ ਵਿਚੋਂ ਆਪਣੀਆਂ ਜੇਬਾਂ ਭਰੀ ਜਾ ਰਿਹਾ ਹੋਵੇ।* 'ਅਤੇ ਉਹ ਆਪਣੇ ਮਿੱਤਰ ਗੁਆਂਢੀ ਦੀ ਮੱਝ ਨੂੰ ਸ਼ਿਸ਼ਕੇਰ ਕੇ ਹੀ ਹਟਦਾ ਹੈ, ਭਾਵੇਂ ਇਸ ਗੱਲ ਦਾ ਉਸਨੂੰ ਤੌਖਲਾ ਵੀ ਰਹਿੰਦਾ ਹੈ ਕਿ ਇਸ ਤਰ੍ਹਾਂ ਕਰਦਿਆਂ ਕਿਸੇ ਨੇ ਉਸਨੂੰ ਦੇਖ ਤਾਂ ਨਹੀਂ ਲਿਆ। ਮਨੁੱਖ ਦੇ ਵਿਹਾਰ ਦੀਆਂ ਅੰਦਰੂਨੀ ਪਰਤਾਂ ਨੂੰ ਪਕੜਨ ਵਾਲੀ ਇਹ ਵਿਰਕ ਦੀ ਇਕ ਸ੍ਰੇਸ਼ਟ ਮਨੋਵਿਗਿਆਨਕ ਕਹਾਣੀ ਹੈ ਜਿਸ ਦੀ ਕਲਾਤਮਕਤਾ ਦੀ ਪਛਾਣ ਨਾ ਕਰ ਸਕਣ ਕਾਰਨ ਭੁਲੇਖੇ ਵਸ ਕੋਈ ਇਸ ਵਿਚੋਂ ਵਕੀਲ਼ ਬੂਟਾ ਸਿੰਘ ਦੇ ਵਿਹਾਰ ਨੂੰ ਉਸਦੀ ਪੂੰਜੀਵਾਦੀ ਲਾਲਚੀ ਬਿਰਤੀ ਵਜੋਂ ਵੇਖ ਸਕਦਾ ਹੈ।

ਇੰਝ ਹੀ 'ਦਾਤੇ' ਸਿਰਲੇਖ ਵਾਲੀ ਕਹਾਣੀ ਵਿਚਲੇ ਬੱਚਿਆਂ ਦੀ ਮਾਸੂਮੀਅਤ ਸਾਹਮਣੇ ਆਉਂਦੀ ਹੈ। ਗ਼ਰੀਬੀ ਵਿਚ ਮਸਾਂ ਘਰ ਦਾ ਗੁਜ਼ਾਰਾ ਤੋਰਦੀ ਆਪਣੀ ਮਾਂ ਨੂੰ ਚੀਜ਼ ਵਸਤ ਖਰੀਦਣ ਸਮੇਂ ਬੱਚੇ ਅਕਸਰ ਆਪਣੀ ਨਿਜੀ ਲੋੜ ਦੀ ਚੀਜ਼ ਖਰੀਦਣ ਤੋਂ ਹਿਚਕਚਾਉਂਦਿਆਂ ਵੇਖਦੇ ਰਹੇ ਹਨ। ਇਹਨਾਂ ਮਾਸੂਮਾਂ ਨੂੰ ਘਰ ਦੀ ਗ਼ਰੀਬੀ ਦਾ ਅਹਿਸਾਸ ਨਹੀਂ। ਇਕ ਦਿਨ ਘਰ ਦੀਆਂ ਲੋੜਾਂ ਲਈ ਮਾਂ ਵੱਲੋਂ ਸੰਭਾਲ ਕੇ ਰੱਖੇ ਦਸ ਰੁਪਏ ਹੱਥ ਆ ਜਾਣ 'ਤੇ ਉਹ ਬਾਜ਼ਾਰ ਜਾ ਕੇ ਚਾਈਂ ਚਾਈਂ ਮਾਂ ਲਈ ਸੁਗਾਤਾਂ ਖਰੀਦਦੇ ਹੋਏ ਸੋਚ ਰਹੇ ਹਨ ਕਿ *'ਅੱਜ ਅਸਾਂ ਮੰਮੀ ਨੂੰ ਖੁਸ਼ ਕਰ ਦੇਣਾ ਏ।* 'ਬੱਚਿਆਂ ਦੀ ਮਾਨਸਿਕਤਾ ਦਾ ਹੀ ਇਕ ਹੋਰ ਖੂਬਸੂਰਤ ਪ੍ਰਗਟਾਅ ਹੈ 'ਮਿੰਨੀ ਦੀ ਸਲੇਟ' ਨਾਂ ਦੀ ਕਹਾਣੀ ਵਿਚਲੀ ਮਿੰਨੀ। ਮਿੰਨੀ ਦੇ ਪਿਤਾ ਗਿੱਲ ਸਾਹਿਬ ਨੇ ਅੱਜ ਜ਼ਿਲ੍ਹਾ ਪ੍ਰੀਸ਼ਦ ਦੀ ਪ੍ਰਧਾਨਗੀ ਦੀ ਚੋਣ ਵਿਚ ਜਿੱਤ ਹਾਸਲ ਕੀਤੀ ਹੈ। ਸੁਭਾਵਕ ਹੀ ਉਹ ਬਹੁਤ ਖੁਸ਼ ਹਨ ਅਤੇ ਗਿੱਲ ਕਾਟੇਜ ਦੇ ਲਾਅਨ ਵਿਚ ਬੈਠੇ ਲੋਕਾਂ ਤੋਂ ਵਧਾਈਆਂ ਲੈਣ ਵਿਚ ਰੁੱਝੇ ਹੋਏ ਹਨ। ਮਿੰਨੀ ਵੀ ਗਿੱਲ ਸਾਹਿਬ ਨਾਲ ਖੁਸ਼ੀ ਸਾਂਝੀ ਕਰਨੀ ਚਾਹੁੰਦੀ ਹੈ, ਜੋ ਅੱਜ ਦੇ ਦਿਨ ਪ੍ਰਧਾਨਗੀ ਮਿਲਣ ਦੀ ਘਟਨਾ ਤੋਂ ਬਿਨਾਂ ਭਲਾ ਕੀ ਹੋ ਸਕਦੀ ਹੈ! ਵਧਾਈਆਂ ਦੇਣ ਵਾਲਿਆਂ ਵਿਚ ਘਿਰੇ ਗਿੱਲ ਸਾਹਿਬ ਗੱਲ ਕਰਨ ਲਈ ਉਡੀਕਦੀ ਬੱਚੀ ਨੂੰ ਖੁਸ਼ੀ ਦੇ ਰਉਂ ਵਿਚ ਆਪਣੇ ਕੋਲ ਆਉਣ ਦਿੰਦੇ ਹਨ। ਪਰ ਮਿੰਨੀ ਲਈ ਤਾਂ ਆਪਣੇ ਪਿਤਾ ਨਾਲ ਸਾਂਝੀ ਕਰਨ ਲਈ ਖੁਸ਼ੀ ਵਾਲੀ ਜ਼ਰੂਰੀ ਖਬਰ ਇਹ ਹੈ ਕਿ*: "ਬੀਨਾ ਭੈਣ ਜੀ ਨੇ ਨਵੀਂ ਜਮਾਤ ਦੀਆਂ ਕਿਤਾਬਾਂ ਲੈ ਲਈਆਂ ਨੇ ਤੇ ਉਸ ਦੀ ਸਲੇਟ ਬੀਬੀ ਜੀ ਨੇ ਮੈਨੂੰ ਦੇ ਦਿੱਤੀ ਏ"।*

ਬਹੁਤ ਸਹਿਜ ਨਾਲ ਹੀ ਕਹਾਣੀ ਵਿਚ ਵੱਡੇ ਅਰਥਾਂ ਵਾਲੀਆਂ ਗੱਲਾਂ ਕਰ ਜਾਣ ਦੀ ਵਿਰਕ ਦੀ ਜੁਗਤ ਤਾਂ ਉਸ ਦੀ ਲਗਪਗ ਹਰ ਕਹਾਣੀ ਵਿਚ ਹੀ ਵੇਖੀ ਜਾ ਸਕਦੀ ਹੈ ਪਰ ਉਦਾਹਰਨ ਮਾਤਰ ਦੋ ਤਿੰਨ ਹੋਰ ਕਹਾਣੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪੜ੍ਹ-ਲਿਖ ਕੇ ਵੱਡਾ ਆਦਮੀ ਬਣ ਗਿਆ 'ਬੈਰਿਸਟਰ ਸਾਹਿਬ' ਕਹਾਣੀ ਵਿਚਲਾ ਮੁਖ ਪਾਤਰ ਪਸ਼ਚਾਤਾਪ ਜਿਹੇ ਦੇ ਭਾਵਾਂ ਵਿਚ ਵਿਚਰਦਾ ਹੈ। ਕਰਨ ਇਹ ਹੈ ਕਿ ਵੱਡਾ ਆਦਮੀ ਬਣ ਜਾਣ ਨਾਲ ਆਪਣੇ ਸਭ ਸਕਿਆਂ ਤੋਂ ਉਸਦੀ ਵਿੱਥ ਸਥਪਤ ਹੋ ਗਈ ਹੈ, ਜੋ ਉਸਨੇ ਖੁਦ ਕਾਇਮ ਨਹੀਂ ਕੀਤੀ। ਸਾਰੇ ਸਕੇ ਸੰਬੰਧੀ ਉਸ ਨੂੰ ਆਦਰ ਵਾਲੀ ਵਿੱਥ ਨਾਲ ਮਿਲਦੇ ਤੇ ਇਸੇ ਤਰ੍ਹਾਂ ਹੀ ਗੱਲ ਕਰਦੇ ਹਨ। ਜਦੋਂ ਮਾਂ ਵੀ ਪੁੱਤਰ ਨੂੰ ਓਪਰੇਪਨ ਵਾਲੇ ਇਸੇ ਤਰ੍ਹਾਂ ਦੇ ਸਤਿਕਾਰ-ਭਾਵ ਨਾਲ ਬੁਲਾਉਂਦੀ ਹੈ ਤਾਂ ਬੈਰਿਸਟਰ ਸਾਹਿਬ ਪਰੇਸ਼ਾਨੀ ਦੇ ਭਾਵ ਨਾਲ ਸੋਚਦੇ ਹਨ ਕਿ *'ਭੈਣ ਭਰਾ ਤੇ ਮਾਮਿਆਂ ਦੇ ਨਾਲ ਨਾਲ ਉਹ ਤਾਂ ਆਪਣੀ*

*ਮਾਤਾ ਤੋਂ ਵੀ ਨਿਖੜਿਆ ਹੋਇਆ ਹੈ।'* 'ਬਾਲਗ' ਕਹਾਣੀ ਦਾ ਮੁਖ ਪਾਤਰ ਨੌਜਵਾਨ ਤੇ ਕਾਂਤਾ ਗਵਾਂਢੀ ਸੀ। ਜਦੋਂ ਉਹ ਨਾਲ ਦੀ ਕੋਠੀ ਵਿਚ ਆ ਕੇ ਗਵਾਂਢੀ ਬਣੇ ਉਦੋਂ ਉਹ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ ਤੇ ਕਾਂਤਾ ਪੰਜਵੀਂ ਵਿਚ।ਉਸਨੂੰ ਕਾਂਤਾ ਦੇ ਕੁੜੀ ਹੋਣ ਦਾ ਅਹਿਸਾਸ ਸੀ, ਪਰ ਬਹੁਤਾ ਨਹੀਂ। ਮਾਸੀ ਜੀ ਯਾਨੀ ਕਾਂਤਾ ਦੀ ਮਾਂ ਦੋਨਾਂ ਦੇ ਨੇੜ ਤੋਂ ਕੁਝ ਫਿਕਰਮੰਦ ਹੁੰਦੀ ਜਿਸ ਕਰਕੇ ਉਹ ਬਿਨਾਂ ਕੋਈ ਕਸੂਰ ਕਰਨ ਦੇ ਹੀ ਕਸੂਰਵਾਰ ਅਨੁਭਵ ਕਰਦਾ ਰਹਿੰਦਾ। ਚੋਰ ਨਾ ਹੁੰਦਿਆਂ ਵੀ ਉਹ ਆਪਣੇ ਆਪ ਨੂੰ ਚੋਰ ਮਹਿਸੂਸ ਕਰਦਾ। ਆਪਣੀ ਬੇਇਜ਼ਤੀ ਨਾਲੋਂ ਉਸਨੂੰ ਕਾਂਤਾ ਦੀ ਮਾਂ ਦੇ ਮਾਨਸਿਕ ਦੁੱਖ ਦਾ ਵਧੇਰੇ ਫਿਕਰ ਹੁੰਦਾ। ਕੁਝ ਸਮੇਂ ਲਈ ਕਹਾਣੀ ਦੇ ਇਸ ਨੌਜਵਾਨ ਪਾਤਰ ਦੇ ਬਾਹਰ ਗਏ ਹੋਣ ਦੌਰਾਨ ਕਾਂਤਾ ਦਾ ਕਿਸੇ ਮੁੰਡੇ ਨਾਲ ਪਿਆਰ ਹੋ ਗਿਆ। ਕਾਂਤਾ ਨੇ ਐਲਾਨੀਆ ਕਹਿ ਵੀ ਦਿੱਤਾ ਕਿ ਉਸਨੇ ਵਿਆਹ ਵੀ ਉਸੇ ਮੁੰਡੇ ਨਾਲ ਹੀ ਕਰਾਣਾ ਹੈ। ਹੁਣ ਜਦੋਂ ਕਹਾਣੀ ਵਿਚਲਾ ਇਹ ਨੌਜਵਾਨ ਮੁਖ ਪਾਤਰ ਕਾਂਤਾ ਨੂੰ ਮਿਲਣ ਆਇਆ ਤਾਂ ਪਹਿਲਾਂ ਸੂਹਾਂ ਰਖਦੀ ਰਹਿੰਦੀ ਮਾਸੀ ਨੂੰ ਉਹਨਾਂ ਦੇ ਆਪਸ ਵਿਚ ਮਿਲ ਬੈਠਣ 'ਤੇ ਕੋਈ ਚਿੰਤਾ ਨਹੀਂ ਸੀ। ਬੈਠਕ ਵਿਚ ਉਹਨਾਂ ਨੂੰ ਇਕੱਠਿਆਂ ਬੈਠੇ ਵੇਖਕੇ ਹੁਣ ਮਾਸੀ ਨੇ ਸਹਿਜ ਨਾਲ ਆਖਿਆ— *'ਚੰਗਾ ਤੁਸੀਂ ਕਰੋ ਗੱਲਬਾਤ। ਮੈਂ ਤੇ ਕਮਰਾ ਝਾੜਨ ਵਾਸਤੇ ਆਈ ਸਾਂ। ਫੇਰ ਝਾੜ ਲਵਾਂਗੀ।'* ਲੇਖਕ ਦੇ ਕਹਿਣ ਮੁਤਾਬਕ *'ਪਿਆਰ ਪਾ ਲੈਣ ਕਰਕੇ ਕਾਂਤਾ ਇਹਨਾਂ ਦੋ ਤਿੰਨ ਮਹੀਨਿਆਂ ਵਿਚ ਹੀ ਬਾਲਗ ਹੋ ਗਈ ਸੀ'* ਅਤੇ ਇਸ ਲਈ ਹੁਣ ਮਾਂ ਨੂੰ ਉਸ ਬਾਰੇ ਬਹੁਤਾ ਫਿਕਰ ਕਰਨ ਦੀ ਲੋੜ ਨਹੀਂ ਸੀ ਰਹੀ।

'ਪਤੀ' ਕਹਾਣੀ ਦੀ ਮੁਖ ਪਾਤਰ ਮਿੰਨੀ ਆਪਣੇ ਢਿੱਲੇ ਆਚਰਣ ਕਰਕੇ ਮੁਹੱਲੇ ਵਿਚ ਕਾਫੀ ਬਦਨਾਮ ਸੀ। ਆਪਣੇ ਪਤੀ ਨਾਲ ਉਸਦਾ ਕੋਈ ਬਹੁਤਾ ਸਨੇਹ ਵੀ ਨਹੀਂ ਸੀ। ਪਰ ਕਿਸੇ ਦੁਕਾਨਦਾਰ ਨਾਲ ਝਗੜੇ ਤੋਂ ਪਤੀ ਦੇ ਹਵਾਲਾਤ ਵਿਚ ਡੱਕੇ ਹੋਣ 'ਤੇ ਇਹ ਔਰਤ ਸੱਚਮੁੱਚ ਦੀ ਪਰੇਸ਼ਾਨੀ ਵਿਚ ਆਖਦੀ ਹੈ, *"ਹਵਾਲਾਤ ਵਿਚ ਖਬਰੇ ਉਹਨਾਂ ਨੂੰ ਰੋਟੀ ਮਿਲਦੀ ਹੈ ਕਿ ਨਹੀਂ। ਉਹਨਾਂ ਦਾ ਹਾਲ ਜਾਣੇ ਬਿਨਾਂ ਮੈਥੋਂ ਅੱਜ ਰੋਟੀ ਨਹੀਂ ਖਾਧੀ ਜਾਂਦੀ।"* 'ਪ੍ਰੋਫੈਸਰ ਸਾਹਿਬ' ਨਾਂ ਦੀ ਕਹਾਣੀ ਵਿਚਲਾ ਪ੍ਰੋਫੈਸਰ ਪ੍ਰੋਫੈਸਰਾਂ ਦੇ ਟਕਸਾਲੀ ਬਿੰਬ ਮੁਤਾਬਕ ਸੱਚਮੁੱਚ ਕੁਝ ਜ਼ਿਆਦਾ ਹੀ ਬੁੱਧੀਮਾਨ ਹੈ! ਉਸ ਦਾ ਆਪਣੀ ਬੀਵੀ ਨਾਲ ਇੱਟ-ਖੜੱਕਾ ਰਹਿੰਦਾ ਸੀ। ਇਕ ਵਾਰ ਬੋਲ-ਬੁਲਾਰੇ ਪਿੱਛੋਂ ਪਤੀ ਪਤਨੀ ਵਜੋਂ ਆਪਣੇ ਸੰਬੰਧਾਂ ਦੇ ਤੋੜ-ਵਿਛੋੜੇ ਦਾ ਐਲਾਨ ਕਰਕੇ ਘਰੋਂ ਤੁਰੀ ਪਤਨੀ ਨੂੰ ਜਦੋਂ ਸਾਂਝੇ ਮਿੱਤਰ ਵੱਲੋਂ ਵਾਪਸ ਘਰ ਲਿਆਂਦਾ ਗਿਆ ਤਾਂ ਮੰਨ-ਮਨਾਈ ਦੇ ਰਉਂ ਵਿਚ ਪਤਨੀ ਆਖਦੀ ਹੈ, *"ਮੈਂ ਤੇ ਸੌ ਪੱਜ ਪਾਏ, ਇਹ ਗੱਲ ਹੀ ਨਹੀਂ ਸੀ ਗੌਲਦੇ। ਜੇ ਰਿਕਸ਼ਾ ਸੱਦਣ ਹੀ ਆਪ ਤੁਰ ਪੈਂਦੇ ਤਾਂ ਮੈਂ ਕੋਈ ਨਹੀਂ ਸੀ ਜਾਣਾ।"* ਇਸਦੇ ਜਵਾਬ ਵਿਚ ਪ੍ਰੋਫੈਸਰ ਸਹਿਬ ਦਾ ਕਹਿਣਾ ਹੈ, *"ਜਦ ਇਹ ਮੇਰੀ ਪਤਨੀ ਹੀ ਨਹੀਂ ਸੀ ਤਾਂ ਮੈਂ ਇਸ ਲਈ ਰਿਕਸ਼ਾ ਲੈਣ ਕਿਉਂ ਜਾਂਦਾ?"* ਇੰਝ ਹੀ 'ਘਰ' ਦੇ ਸੰਕੇਤਕ ਨਾਂ ਵਾਲੀ ਕਹਾਣੀ ਵਿਚ ਆਪਣੇ ਪਤੀ ਤੋਂ ਤੋੜ-ਵਿਛੋੜਾ ਕਰਨ ਜਾ ਰਹੀ ਸ਼ਹਿਰੀ ਮਧ ਵਰਗ ਦੀ ਇਕ ਔਰਤ ਆਪਣੇ ਮਰਦ ਪ੍ਰੇਮੀ ਨੂੰ ਇਸ ਤਜਵੀਜ਼ ਨਾਲ ਆਪਣਾ ਘਰ ਵਿਖਾਉਂਦੀ ਹੈ ਕਿ ਉਹ ਉਸਦੇ ਘਰ ਵਿਚ ਆ ਜਾਵੇ। ਅਚੇਤ ਹੀ ਔਰਤ ਉਸ ਸਭ ਕੁਝ 'ਤੇ ਆਪਣੇ ਇਸ ਪ੍ਰੇਮੀ ਦੀ ਝਾਤ ਪੁਆਉਂਦੀ ਹੈ ਜਿਸ ਉੱਤੇ ਉਸ ਔਰਤ ਤੇ ਉਸਦੇ ਪਤੀ ਦੀ ਸਾਂਝ ਦੀ ਮੁਹਰ-ਛਾਪ ਹੈ। ਉਹ ਰੀਝ ਨਾਲ ਦੱਸਦੀ ਹੈ ਕਿ ਘਰ ਦੀ ਕਿਹੜੀ ਚੀਜ਼ ਉਸਦੇ ਪਤੀ ਨੇ ਜਾਂ ਉਹਨਾਂ ਦੋਹਾਂ ਨੇ ਕਿਸ ਖਾਸ ਸਮੇਂ ਉੱਤੇ ਕਿਵੇਂ ਖਰੀਦੀ ਜਾਂ ਬਣਾਈ ਸੀ। ਅੰਦਰਲੇ ਵਸਤਰਾਂ ਸਮੇਤ ਦੋਹਾਂ ਜੀਆਂ ਦੇ ਕਪੜੇ ਵੀ ਇਕ ਅਲਮਾਰੀ ਵਿਚ ਆਪੋ ਵਿਚ ਉਲਝੇ ਪਏ ਹਨ। ਇਹ ਸਭ ਕੁਝ ਚੰਗੀ ਤਰ੍ਹਾਂ ਵੇਖ ਸਮਝ ਲੈਣ ਪਿੱਛੋਂ ਇਸ ਮਰਦ ਦਾ ਕਥਨ ਹੈ, *"ਘਰ ਵੇਖਣ ਪਿੱਛੋਂ ਕੋਈ ਤਾਕਤ ਮੈਨੂੰ ਘਰੋਂ ਬਾਹਰ ਵੱਲ ਨੂੰ ਧੱਕ ਰਹੀ ਸੀ। ਉਸ ਦਾ ਇੰਚ ਇੰਚ ਸਦਾ ਲਈ ਮੱਲਿਆ ਹੋਇਆ ਲਗਦਾ ਸੀ। ਮੇਰੇ ਲਈ ਓਥੇ ਠਹਿਰਨਾ ਵੀ ਔਖਾ ਹੋ ਰਿਹਾ ਸੀ। ਆ ਕੇ ਉਸ ਘਰ ਨੂੰ ਮੱਲਣਾ ਤੇ ਹੋਰ ਵੀ ਔਖਾ ਸੀ"।*

ਲਗਪਗ ਭਰੀ ਹੋਈ ਬੱਸ ਵਿਚ ਸਫਰ ਕਰ ਰਹੇ 'ਬਾਬੂ ਰਾਮ ਸਰੂਪ' ਦੀ ਨਾਲ ਵਾਲੀ ਸੀਟ

ਖਾਲੀ ਸੀ ਜਦੋਂ ਇਕ ਮੁਟਿਆਰ ਬੱਸ ਵਿਚ ਚੜ੍ਹੀ। ਇਕ ਸੁੰਦਰ ਮੁਟਿਆਰ ਨੂੰ ਆਪਣੇ ਨਾਲ ਦੀ ਸੀਟ 'ਤੇ ਬਿਠਾ ਕੇ ਭਲਾ ਕੌਣ ਖੁਸ਼ ਨਹੀਂ ਹੋਵਗਾ! ਪਰ ਬਾਬੂ ਰਾਮ ਸਰੂਪ ਲਈ ਮੁਟਿਆਰ ਦਾ ਨਾਲ ਬੈਠਣਾ ਖੁਸ਼ੀ ਨਾਲੋਂ ਵੱਧ ਪਰੇਸ਼ਾਨੀ ਦਾ ਬਾਇਸ ਬਣਦਾ ਹੈ। ਇਕ ਹੋਰ ਖਾਲੀ ਪਈ ਸੀਟ ਦੇ ਨਾਲ ਇਕ ਨੌਜਵਾਨ ਬੈਠਾ ਸੀ ਜਿਸ ਉੱਤੇ ਬੈਠਣ ਦੀ ਥਾਂ,ਪ੍ਰਤੱਖ ਹੀ, ਬਾਬੂ ਰਾਮ ਸਰੂਪ ਦੇ ਚਿੱਟੇ ਹੋਏ ਵਾਲਾਂ ਨੂੰ ਉਸਦੇ ਜ਼ਿੰਮੇਵਾਰ ਹੋਣ ਦਾ ਸਰਟੀਫੀਕੇਟ ਸਮਝਕੇ ਕੁੜੀ ਨੇ ਉਸ ਵਾਲੀ ਸੀਟ ਚੁਣੀ ਸੀ। ਇਹੀ ਵਜ੍ਹਾ ਹੈ ਬਾਬੂ ਰਾਮ ਸਰੂਪ ਦੀ ਪਰੇਸ਼ਾਨੀ ਦੀ। *"ਬੱਸ ਵਿਚ ਚੜ੍ਹਨ ਵਾਲੀ ਕੁੜੀ ਵੱਲੋਂ ਨਾਲ ਦੀ ਸੀਟ 'ਤੇ ਬੈਠਣ ਲਈ ਪੁੜਪੁੜੀ ਉਤਲੀ ਚਿੱਟੀ ਲਸ ਦਾ ਆਸਰਾ ਲੈਣਾ ਬਾਬੂ ਹੁਰਾਂ ਨੂੰ ਬਹੁਤ ਦੁਖੀ ਕਰ ਰਿਹਾ ਸੀ। ਉਹਨਾਂ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਇਕ ਅੱਖ ਦੇ ਫੋਰ ਵਿਚ ਉਹ ਕਈ ਵਰ੍ਹੇ ਹੋਰ ਬੁੱਢੇ ਹੋ ਗਏ ਸਨ।"*

ਸਹਿਜ ਸੰਜਮੀ ਬਿਰਤਾਂਤ ਦੇ ਨਾਲ ਸੂਖਮ ਵਿਅੰਗ ਅਤੇ ਪੇਂਡੂ ਜੀਵਨ-ਯਥਾਰਥ 'ਚੋਂ ਲਈਆਂ ਖੂਬਸੂਰਤ ਢੁਕਵੀਆਂ ਉਪਮਾਵਾਂ ਵੀ ਵਿਰਕ ਦੀ ਕਹਾਣੀ ਨੂੰ ਵਿਲੱਖਣ ਬਣਾਉਂਦੀਆਂ ਹਨ। 'ਛਾਹ ਵੇਲਾ' ਵਿਚ ਤੇਜੂ ਤੇ ਉਸਦੀ ਭਰਜਾਈ ਲਈ ਗੱਲਬਾਤ ਦਾ ਮਾਧਿਅਮ ਬੱਚਾ ਹੈ। ਤੇਜੂ ਬੱਚੇ ਨੂੰ ਸੰਬੋਧਤ ਹੁੰਦਾ ਹੈ ਤੇ ਭਰਜਾਈ ਬੱਚੇ ਰਾਹੀਂ ਉਸਦਾ ਬੋਲ ਮੋੜਦੀ ਹੈ: *"ਉਠ ਕੇ ਗੁੱਠਾਂ ਗੋਡ ਓਏ ਕਹੀ ਲੈ ਕੇ, ਕੁੱਛੜ ਈ ਚੜ੍ਹਿਆ ਰਹਿਨਾ ਏਂ ਹਰ ਵੇਲੇ।" "ਆਖ ਚਾਚਾ ਵੱਡਾ ਹੋਵਾਂਗਾ ਤਾਂ ਗੋਡਾ ਈ ਕਰਾਂਗਾ ਨਾ।"* ਅਤੇ ਇਸ ਤਰ੍ਹਾਂ ਦੀ ਗੱਲਬਾਤ ਉਪਰੰਤ ਤੇਜੂ ਹੇਠਾਂ ਉੜਕੇ ਭਰਜਾਈ ਕੋਲੋਂ *'ਇਸ ਮਾਸੂਮ ਜਿਹੇ ਡਾਕ ਦੇ ਮਹਿਕਮੇ* ਨੂੰ ਕੁੱਛੜ ਚੁੱਕ ਲੈਂਦਾ ਹੈ। ਕਮੇਟੀ ਦੇ ਪ੍ਰਧਾਨ ਦੇ ਮੁੰਡੇ ਨੂੰ ਚਪੇੜ ਮਾਰਨ ਕਰਕੇ ਇਕ ਸਕੂਲ 'ਚੋਂ ਕੱਢੇ ਜਾ ਚੁੱਕੇ ਹੋਣ ਕਰਕੇ ਮੁੜ ਬੇਰੁਜ਼ਗਾਰ ਹੋਣ ਦੇ ਤੌਖਲੇ ਵਿਚ ਫਾਥੇ ਬਹੁਤ ਹੀ ਡਰਾਕਲ ਗ਼ਰੀਬ ਸਕੂਲ 'ਮਾਸਟਰ ਭੋਲਾ ਰਾਮ' ਲਈ ਹੁਣ ਜਮਾਤ ਵਿਚ ਰੌਲ਼ਾ ਪਾਉਂਦੇ ਜਾਂ ਡਸਪਿਲਨ ਦੀ ਪਰਵਾਹ ਨਾ ਕਰਦੇ ਸਕੂਲੀ ਬੱਚੇ ਹੀ ਹਊਆ ਬਣੇ ਹੋਏ ਹਨ। ਕਮਿਊਨਿਸਟ ਵਿਚਾਰਧਾਰਾ ਦੀ ਚੜ੍ਹਤ ਵਾਲੇ ਵਾਤਾਵਰਣ ਵਿਚ ਉਸਨੂੰ ਜਾਪਦਾ ਹੈ ਜਿਵੇਂ ਬੱਚੇ ਕਹਿ ਰਹੇ ਹੋਣ ਕਿ 'ਸਕੂਲ ਸਾਡਾ ਏ.' ਤੇ ਉਸ ਅਨੁਸਾਰ *'ਇਹ ਸਭ ਕੁਝ ਕਮਿਊਨਿਸਟਾਂ ਨੇ ਹੀ ਇਹਨਾਂ ਨੂੰ ਸਿਖਾਇਆ ਏ।'* ਕੋਈ ਨਿੱਕੀ ਮੋਟੀ ਮੰਗ ਲਈ ਰਿਹਾੜ ਕਰ ਰਹੇ ਆਪਣੇ ਨਿੱਕੇ ਜਿਹੇ ਪੁੱਤਰ ਉੱਤੇ ਖਿਝਿਆ ਮਾਸਟਰ ਭੋਲਾ ਰਾਮ ਸੋਚਦਾ ਹੈ ਜਿਵੇਂ ਉਸਦਾ ਇਹ ਪੁੱਤਰ ਵੀ ਸਕੂਲੀ ਬੱਚਿਆਂ ਵਾਂਗ ਕਮਿਊਨਿਸਟ ਤੇ ਬਾਗੀ ਹੋ ਗਿਆ ਹੈ। ਇਸ ਤਰ੍ਹਾਂ ਦਾ ਹੀ ਵਿਅੰਗ ਬਸਤੀਵਾਦੀ ਹਕੂਮਤ ਦੇ ਜਮਾਤੀ ਚਰਿੱਤਰ ਬਾਰੇ 'ਨਮਸਕਾਰ' ਕਹਾਣੀ ਵਿਚਲੀ ਨਿਮਨ ਲਿਖਤ ਟਿੱਪਣੀ ਵਿਚ ਹੈ: *''ਸਟਾਲਨ ਅਤੇ ਹਿਟਲਰ, ਮੋਚੀ ਛੀਂਬੇ ਕਿਸਮ ਦੇ ਆਦਮੀਆਂ ਦੇ ਸੰਸਾਰ ਵਿਚ ਪ੍ਰਗਟ ਹੋਣ ਤੋਂ ਪਿੱਛੋਂ ਵੀ ਅਜੇ ਇਹ ਖਿਆਲ ਆਮ ਸੀ ਕਿ ਅੰਗਰੇਜ਼ ਕੇਵਲ ਖਾਂਦੇ ਪੀਂਦੇ ਹਿੰਦੁਸਤਾਨੀਆਂ ਨੂੰ ਹੀ ਅਫਸਰੀ ਦੇ ਯੋਗ ਸਮਝਦੇ ਸਨ।'* ਸਾਰੀ ਉਮਰ ਪਤੀ ਦੇ ਪਿਆਰ ਤੋਂ ਅਣਜਾਣ ਰਹੀ 'ਰਣਬੀਰ ਕੌਰ' ਉਸ ਵੱਲ ਪਰਤ ਰਹੇ ਪਤੀ ਦੇ ਪਿਆਰ ਨੂੰ ਪਛਾਣ ਨਹੀਂ ਸਕਦੀ। ਮਾਮੂਲ ਤੋਂ ਉਲਟ ਆਪਣੇ ਪਤੀ ਦੇ ਪਿਆਰ ਭਰੇ ਬੋਲਾਂ ਨੂੰ ਭੂਤ ਸਮਝਕੇ ਉਹ ਬੁਰੜਾ ਉੱਠਦੀ ਹੈ, *"ਹਾਇ ਮੈਂ ਮਰ ਗਈ, ਇਹ ਤੁਹਾਨੂੰ ਕੀ ਹੋ ਗਿਆ ਏ? ਤੁਸੀਂ ਤੇ ਫਿਰ ਪਹਿਲੇ ਜਿਹੀਆਂ ਗੱਲਾਂ ਕਰਨ ਲੱਗ ਪਏ ਓ।"* ਨੌਕਰੀ- ਪੇਸ਼ਾ ਅਤੇ ਟਟਪੂੰਜੀਆ ਬਿਰਤੀ ਵਾਲੇ ਮਧ ਵਰਗੀ ਲੋਕਾਂ ਦੇ ਵਿਹਾਰ ਅਤੇ ਉਹਨਾਂ ਦੇ ਸਰੋਕਾਰਾਂ ਉੱਤੇ ਇਸ ਤਰ੍ਹਾਂ ਦੇ ਵਿਅੰਗ ਦੀਆਂ ਉਦਾਹਰਨਾਂ *'ਮੱਛਰ', 'ਨੌਕਰੀ', 'ਇਕ ਫੇਰੀ', 'ਐਤਵਾਰ ਸਵੇਰੇ', 'ਹਾਰ'* ਆਦਿ ਕਹਾਣੀਆਂ ਵਿਚ ਵੇਖੀਆਂ ਜਾ ਸਕਦੀਆਂ ਹਨ।

'ਭੁੱਖ' ਨਾਂ ਦੀ ਕਹਾਣੀ ਵਿਚ ਇਸਤਰ੍ਹਾਂ ਦੀ ਟਿੱਪਣੀ ਹੈ, *' ਹਰ ਇਕ ਆਦਮੀ ਤਸੀਲਦਾਰੀ ਤੇ ਕਰ ਸਕਦਾ ਹੈ ਪਰ ਕਹਾਣੀਆਂ ਤੇ ਨਹੀਂ ਨਾ ਲਿਖ ਸਕਦਾ।'* ਲੇਖਕ ਦੀ ਸੱਚਮੁੱਚ ਦੀ ਰੋਟੀ ਦੀ ਭੁੱਖ ਇਕ ਨੌਜਵਾਨ ਵੱਲੋਂ ਮਿਲੀ ਪ੍ਰਸ਼ੰਸਾ ਨਾਲ ਹੀ ਕਿਧਰੇ ਗੁੰਮ-ਗੁਆਚ ਜਾਂਦੀ ਹੈ, *ਜੋ ਕਹਾਣੀਕਾਰਾਂ ਨੂੰ ਖਾਸਾ ਜਵਾਹਰ ਲਾਲ ਨਹਿਰੂ ਸਮਝਦਾ ਹੈ,* ਅਤੇ ਪ੍ਰਕਾਸ਼ਕ ਤੋਂ ਪੈਸੇ ਮੰਗਣ ਗਿਆਂ ਇਹ ਲੇਖਕ ਇਹ ਮੰਗ ਕਰਨ ਤੋਂ ਬਿਨਾਂ ਹੀ ਮੁੜ ਆਉਂਦਾ ਹੈ।'ਸਾਬਣ ਦੀ ਚਿੱਪਰ' ਨਾਂ ਦੀ

ਕਹਾਣੀ ਵਿਚ ਉਪਰਲੀ ਸ਼੍ਰੇਣੀ ਦੇ ਅਖੌਤੀ ਪ੍ਰਗਤੀਵਾਦੀ ਅਛੋਪਲੇ ਜਿਹੇ ਹੀ ਵਿਰਕ ਦੇ ਸੂਖਮ ਵਿਅੰਗ ਦੀ ਮਾਰ ਹੇਠ ਆ ਜਾਂਦੇ ਹਨ: *'ਨਰਿੰਦਰ ਸਰਦਾਰਾਂ ਦਾ ਮੁੰਡਾ ਸੀ। ਹੁਣ ਕਹਾਣੀਆਂ ਲਿਖਣ ਲੱਗ ਪਿਆ ਸੀ। ਇਹ ਤੇ ਕੋਈ ਅਨੋਖੀ ਗੱਲ ਨਹੀਂ ਸੀ। ਸਰਦਾਰਾਂ ਦੇ ਮੁੰਡਿਆਂ ਤੋਂ ਕਿਹੜਾ ਕੰਮ ਭੁੱਲਿਆ ਹੋਇਆ ਏ। ਆਪਣੀਆਂ ਪੈਲੀਆਂ ਦੀ ਵੱਟ ਵੀ ਮਾਰਦੇ ਨੇ ਤੇ ਵਜ਼ੀਰੀਆਂ ਵੀ ਕਰਦੇ ਨੇ। ਮਜ਼ੇ ਦੀ ਗੱਲ ਤੇ ਇਹ ਸੀ ਕਿ ਉਸ ਦੀਆਂ ਕਹਾਣੀਆਂ ਮਾਰਕਸ ਦੇ ਸ਼ਬਦਾਂ ਵਿਚ 'ਲੁੱਟੇ ਹੋਏ ਲੋਕਾਂ' ਦਾ ਪੱਖ ਪੂਰਦੀਆਂ ਸਨ।'* ਇਸ 'ਪ੍ਰਗਤੀਵਾਦੀ' ਕਾਕੇ ਨੂੰ ਘਰ ਦੀ ਮੁਟਿਆਰ ਨੌਕਰਾਣੀ ਦਾ ਨੇੜ ਹਾਸਲ ਕਰਨ 'ਤੇ ਕੋਈ ਪਰੇਸ਼ਾਨੀ ਨਹੀਂ, ਜਿਸ ਵਿਚਾਰੀ ਦੀ ਨਿਗਾਹ ਸਿਰਫ ਸਾਬਣ ਦੀ ਟਿੱਕੀ 'ਤੇ ਹੈ। 'ਬਿਗਾਨੀ ਚੀਜ਼' ਨਾਂ ਦੀ ਕਹਾਣੀ ਵਿਚ ਬੱਸ ਦੇ ਸਫਰ ਵਿਚ ਬੱਚੇ ਨੂੰ ਲੱਭੀ ਪੈਨਸਲ ਬਿਗਾਨੀ ਆਖਕੇ ਮੋੜਨ ਲਈ ਆਖਣ ਵਾਲੇ ਪਾਤਰ ਦਾ *'ਦਿਆਨਤਦਾਰ ਹੋਣ ਦੇ ਅਹਿਸਾਸ ਨਾਲ ਚਿਹਰਾ ਦਗ ਦਗ ਕਰ ਰਿਹਾ ਸੀ।* ਪਰ ਅਜਿਹੇ ਦਿਆਨਤਦਾਰ ਪਾਤਰ ਦੀ ਯੂ.ਪੀ. ਵਿਚ ਮੁਰੱਬੇ ਲੈ ਕੇ ਮਜ਼ਦੂਰਾਂ ਦੇ ਕੀਤੇ ਕੰਮ ਦੇ ਹਿਸਾਬ ਕਿਤਾਬ ਵਿਚ ਹੇਰਾਫੇਰੀ ਨਾਲ ਜ਼ਿਆਦਾ ਪੈਸੇ ਬਣਾਉਣ ਦੀ ਤਮੰਨਾ ਵੀ ਬਹੁਤ ਪ੍ਰਬਲ ਹੈ। ਇਸ ਤਰ੍ਹਾਂ ਵਿਰਕ ਨੇ ਧੀਮੀ ਸੁਰ ਵਿਚ ਵਿਅਕਤੀ ਪੱਧਰ 'ਤੇ ਵੀ ਅਤੇ ਸਮੂਹਕ ਪੱਧਰ 'ਤੇ ਵੀ ਆਲੋਚਨਾ ਦੀ ਮਾਰ ਹੇਠ ਆਉਣ ਵਾਲੇ ਕਿਰਦਾਰਾਂ ਦੇ ਵਿਹਾਰ ਤੇ ਵਰਤਾਰੇ ਉੱਤੇ ਸੂਖਮ ਪਰ ਕਾਟਵਾਂ ਵਿਅੰਗ ਕੀਤਾ ਹੈ,ਜਿਸਦੀ ਚੋਭ ਦਾ ਪਤਾ ਕੁਝ ਦੇਰ ਪਿੱਛੋਂ ਹੀ ਲੱਗਦਾ ਹੈ।

ਕਹਾਣੀ ਕਹਿਣ ਲਈ ਅਕਸਰ ਵਿਰਕ ਨੇ ਉਤਮਪੁਰਖੀ ਬਿਰਤਾਂਤਕਾਰ ਦੀ ਜੁਗਤ ਦੀ ਵਧੇਰੇ ਵਰਤੋਂ ਕੀਤੀ ਹੈ। ਇਹ ਜੁਗਤ ਸਹਿਜ ਕਲਾਤਮਕ ਚਿਤਰਨ ਲਈ ਬਹੁਤ ਢੁਕਵੀਂ ਹੈ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਲੇਖਕ ਬਿਨਾਂ ਕਿਸੇ ਉਚੇਚ ਦੇ ਹੌਲ਼ੀ ਹੌਲ਼ੀ ਗੱਲ ਕਰ ਰਿਹਾ ਹੋਵੇ। ਇਸ ਤਰ੍ਹਾਂ ਕਹਾਣੀ ਗੁੰਦਣ ਵਿਚ ਲੋੜ ਅਨੁਸਾਰ ਅੱਗੇ ਪਿੱਛੇ ਜਾਣਾ, ਲਮਕਾਅ ਜਾਂ ਠਹਿਰਾਅ ਲਿਆਉਣਾ ਬਹੁਤ ਸਹਿਲ ਹੋ ਜਾਂਦਾ ਹੈ। ਇਸ ਜੁਗਤ ਨਾਲ ਲੇਖਕ ਦੇ ਨਿੱਜ ਦੇ ਕਹਾਣੀ ਵਿਚ ਦਾਖਲ ਹੋਏ ਬਗ਼ੈਰ ਉਸਦਾ ਦ੍ਰਿਸ਼ਟੀਕੋਣ ਵੀ ਭਲੀ ਭਾਂਤ ਰੂਪਮਾਨ ਹੋ ਜਾਂਦਾ ਹੈ ਅਤੇ ਪਾਠਕ ਨਾਲ ਰਿਸ਼ਤਾ ਵਧੇਰੇ ਅਪਣੱਤ ਵਾਲਾ ਹੋ ਜਾਂਦਾ ਹੈ। ਜਦੋਂ ਉਤਮਪੁਰਖੀ ਬਿਰਤਾਂਤਕਾਰ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ ਤਾਂ ਉਹ ਕਹਾਣੀ ਵਿਚਲੇ ਵਸਤੂ-ਯਥਾਰਥ ਨੂੰ ਹੀ ਵਧੇਰੇ ਮੰਨਣਯੋਗ ਨਹੀਂ ਬਣਾ ਰਿਹਾ ਹੁੰਦਾ, ਇਸ ਨਾਲ ਕਹਾਣੀ ਨੂੰ ਵਧੇਰੇ ਰਸਦਾਇਕ ਵੀ ਬਣਾ ਰਿਹਾ ਹੁੰਦਾ ਹੈ:

*'ਇਹ ਗੱਲ ਮੈਨੂੰ ਮੇਰੇ ਇਕ ਬੰਗਾਲੀ ਮਿੱਤਰ ਨੇ ਚਿਰ ਹੋਇਆ ਸੁਣਾਈ ਸੀ'*

*'ਸਾਡੇ ਲਿਖਣ ਵਾਲਿਆਂ ਦੀ ਇਹ ਕਮਜ਼ੋਰੀ ਹੁੰਦੀ ਹੈ ਕਿ ਸਾਨੂੰ ਜਿੰਨਾ ਸਵਾਦ ਲੇਖਕਾਂ ਕੋਲ ਬਹਿਕੇ ਤੇ ਉਹਨਾਂ ਨਾਲ ਗੱਲਾਂ ਕਰਕੇ ਆਉਂਦਾ ਹੈ ਓਨਾ ਹੋਰ ਕਿਧਰੇ ਨਹੀਂ ਆਉਂਦਾ ਤੇ ਜੇ ਲੇਖਕ ਕੋਈ ਇਸਤਰੀ ਹੋਵੇ,ਫਿਰ ਤੇ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਇਕ ਵੱਖਰੀ ਦੁਨੀਆ ਦਾ ਬੂਹਾ ਖੁਲ੍ਹ ਗਿਆ'*

*'ਇਕ ਕੰਮ ਜਿਹੜਾ ਮੈਂ ਹੋਰ ਕੰਮਾਂ ਨਾਲੋਂ ਚੰਗੀ ਤਰ੍ਹਾਂ ਕਰ ਸਕਦਾ ਹਾਂ, ਉਹ ਮੱਝੀਂ ਚਾਰਨਾ ਹੈ'*

*'ਜੋ ਕੁਝ ਲਿਖਾਰੀ ਬੜੇ ਔਖੇ ਹੋ ਕੇ ਕਿਤਾਬਾਂ ਵਿਚ ਲਿਖਦੇ ਨੇ, ਉਹੋ ਜਿਹੀਆ ਗੱਲਾਂ ਉਹ ਸਹਿਜ ਸੁਭਾ ਕਹਿ ਜਾਂਦੀ ਸੀ'*

*'ਇਕ ਸਵਾਦੀ ਗੱਲ ਮੈਨੂੰ ਹੁਣ ਹੋਰ ਗੱਲਾਂ ਤੋਂ ਪਹਿਲਾਂ ਚੇਤੇ ਆਈ ਹੈ'*

'ਸਹਿਜ ਬਿਰਤਾਂਤ ਦੇ ਨਾਲ ਨਾਲ ਉਸ ਵੱਲੋਂ ਵਰਤੀਆਂ ਜਾਂਦੀਆਂ ਅਸਲੋਂ ਨਿਵੇਕਲੀਆਂ ਉਪਮਾਵਾਂ ਵੀ ਵਿਰਕ ਦੀ ਕਹਾਣੀ ਨੂੰ ਰੋਚਿਕ ਬਣਾਉਣ ਵਿਚ ਵੱਡਾ ਹਿੱਸਾ ਪਾਉਂਦੀਆਂ ਹਨ। ਜਿਵੇਂ ਉਸਨੇ ਖੁਦ ਹੀ ਦੱਸਿਆ ਹੈ, ਕਿਸੇ ਵੀ ਉਪਮਾ ਦੀ ਚੋਣ ਲਈ ਉਹ ਅਕਸਰ ਪਿੰਡ ਦੇ ਜੀਵਨ ਤੇ ਕਿਸਾਨੀ ਰਹਿਤਲ ਵੱਲ ਮੁੜਦਾ ਸੀ। ਪੇਂਡੂ ਜੀਵਨ ਵਿਚੋਂ ਆਈਆਂ ਅਜਿਹੀਆਂ ਉਪਮਾਵਾਂ ਕਈ ਵਾਰ ਅਟਪਟੀਆਂ ਜਾਪਣ ਦੇ ਬਾਵਜੂਦ ਆਪਣੀ ਮੌਲਿਕਤਾ ਸਦਕਾ ਹੀ ਵਿਰਕ ਦੀ ਕਹਾਣੀ ਦਾ ਰੰਗ ਉਘਾੜ ਜਾਂਦੀਆਂ ਹਨ:

*'ਜਿਸ ਤਰ੍ਹਾਂ ਅੱਗ ਨਾਲ ਗੱਲਾਂ ਕੀਤਿਆਂ ਦਾਲ ਵਧੇਰੇ ਸਵਾਦ ਬਣਨ ਦੀ ਕੋਈ ਸੰਭਾਵਨਾ ਨਹੀਂ ਤੇ ਨਾ ਤਵੇ ਨਾਲ ਗੱਲਾਂ ਕੀਤਿਆਂ ਰੋਟੀ ਛੇਤੀ ਪੱਕਣ ਦੀ, ਇਸੇ ਤਰ੍ਹਾਂ ਰਾਮ ਸਿੰਘ ਨਾਲ ਗੱਲਾਂ ਕਰਨਾ ਵੀ ਸਾਨੂੰ ਵਿਅਰਥ ਲਗਦਾ ਸੀ'* (ਏਕਸ ਕੇ ਹਮ ਬਾਰਿਕ)

*'ਉਹ ਜੀਵਨ ਨੂੰ ਮੁੱਠ ਵਿਚ ਘੁੱਟਕੇ, ਠੰਡੇ ਦਿਲ ਬੈਠੇ ਸਨ, ਜਿਸ ਤਰ੍ਹਾਂ ਤੂੜੀ ਦੀ ਕਿਸੇ ਧੜ ਵਿਚੋਂ ਫੋਲ ਕੇ ਇਕ ਲਾਲ ਲੱਭਣ ਦੇ ਮੁਕਾਬਲੇ ਵਿਚ ਉਹ ਜਿੱਤ ਗਏ ਹੋਣ' (ਪਹਾੜਨ ਤੇ ਚਪੜਾਸੀ)*

*'ਸਾਹਮਣੇ ਦੇ ਪਰਬਤੀ ਦ੍ਰਿਸ਼ ਵੱਲ ਉਹ ਇਸ ਤਰ੍ਹਾਂ ਵੇਖਦੇ ਜਿਸ ਤਰ੍ਹਾਂ ਇਕ ਰੱਜਿਆ ਹੋਇਆ ਢੱਗਾ ਤੂੜੀ ਵੱਲ ਵੇਖਦਾ ਹੈ'* (ਮਿਹਰ ਗੁਲ)

*'ਸੁੰਦਰ ਔਰਤ ਵੇਖਕੇ ਮੈਨੂੰ ਇਸ ਤਰ੍ਹਾਂ ਲਗਦਾ ਜਿਵੇਂ ਘਾਹ ਵਾਲੀ ਕਿਸੇ ਵੱਡੀ ਰੱਖ ਵਿਚ ਮੈਨੂੰ ਆਪਣੀਆਂ ਮੱਝਾਂ ਚਾਰਨ ਦੀ ਖੁਲ੍ਹ ਮਿਲ ਗਈ ਹੋਵੇ'* (ਪਾਪਣ)

*'ਤਾਰਾ ਜਾਣਦਾ ਸੀ ਕਿ ਕਈ ਜ਼ਨਾਨੀਆਂ ਦੂਸਰੀਆਂ ਤੋਂ ਸੋਹਣੀਆਂ ਹੁੰਦੀਆਂ ਨੇ, ਜਿਸ ਤਰ੍ਹਾਂ ਕਈ ਢੱਗੇ ਦੂਸਰਿਆਂ ਤੋਂ ਤ੍ਰਿਖੇ ਹੁੰਦੇ ਨੇ'* (ਬਹੁਤ ਨੇੜੇ-ਬਹੁਤ ਦੂਰ)

*'ਖੁਸ਼ੀ ਚੀਜ਼ ਕੀ ਹੈ?—ਜਿਵੇਂ ਕਪੜੇ ਨੂੰ ਰੰਗ ਚੜ੍ਹ ਜਾਂਦਾ ਹੈ? ਜਾਂ ਇਸ ਤਰ੍ਹਾਂ ਜਿਵੇਂ ਕਿਸੇ ਲੰਮੀ ਚੌੜੀ ਮਸ਼ੀਨ ਦੇ ਪੁਰਜ਼ੇ ਆਪੋ ਵਿਚ ਫਿੱਟ ਬੈਠ ਜਾਣ?—ਜਾਂ ਫਿਰ ਜਿਵੇਂ ਅੰਬ ਪੱਕ ਜਾਂਦਾ ਹੈ? ਜਾਂ ਜਿਵੇਂ ਕੋਈ ਬੱਦਲੀ ਵਸਣ ਲੱਗ ਪੈਂਦੀ ਹੈ?'*

*'ਪਿਆਰ ਇਸ ਤਰ੍ਹਾਂ ਨਹੀਂ ਪੱਕਦਾ ਜਿਵੇਂ ਕਣਕ ਪੱਕਦੀ ਹੈ। ਪਹਿਲਾਂ ਬੀਜੀ ਜਾਏਗੀ, ਫਿਰ ਉੱਗੇਗੀ, ਵੱਡੀ ਹੋਵੇਗੀ, ਸਿੱਟੇ ਪੈਣਗੇ, ਲਾਲੀ ਫਿਰੇਗੀ, ਤਾਂ ਪੱਕੇਗੀ। ਇਹ ਇਕ ਝਟਪਟ ਦੀ ਖੇਡ ਵੀ ਹੋ ਸਕਦੀ ਸੀ ਜਿਵੇਂ ਪਹਿਲੀਆਂ ਵਿਚ ਲੋਕਾਂ ਨੂੰ ਕਿੱਲੇ ਠੋਕਦਿਆਂ ਮੁਹਰਾਂ ਦੇ ਭਰੇ ਹੋਏ ਭਾਂਡੇ ਲੱਭ ਪੈਂਦੇ ਸਨ'*

*'ਇਸ ਨਿੱਕੀ ਜਿਹੀ ਮੁਲਾਕਾਤ ਨਾਲ ਹੀ ਸਾਗਰ ਮਧੋਲਿਆ ਗਿਆ ਜਿਵੇਂ ਫਲ੍ਹੇ ਵਾਹੁੰਦਿਆਂ ਫਲ੍ਹਾ ਉਸ ਦੇ ਉੱਤੋਂ ਦੀ ਲੰਘ ਗਿਆ ਹੋਵੇ'*

*ਪ੍ਰੋਫੈਸਰ ਸਾਗਰ ਦਾ ਇਕ ਹੋਰ ਕੁੜੀ ਨਾਲ ਮੇਲ ਹੋ ਗਿਆ। ਇਹ ਕੁੜੀ ਬਿਲਕੁਲ ਹੋਰ ਤਰ੍ਹਾਂ ਦੀ ਸੀ। ਬਗ਼ੈਰ ਹੱਥ ਲਾਣ ਦੇ ਵੀ ਉਸਦੀ ਸੀ ਜਿਵੇਂ ਕਿਸੇ ਜੱਟ ਦੀ ਜੱਦੀ ਜ਼ਮੀਨ'* (ਸਾਗਰ ਤੇ ਨਿਰਮਲਾ)

*ਘਰਦਿਆਂ ਦੇ ਖਿਆਲ ਵਿਚ 'ਉਹਨਾਂ ਦੀ ਗਊ ਧੀ ਨੂੰ ਵੱਗ ਨਾਲੋਂ ਨਿਖੜਕੇ ਸੋਟੇ ਬਹੁਤ ਪਏ ਹਨ, ਪੱਠੇ ਚਰਨ ਨੂੰ ਘੱਟ ਮਿਲੇ ਹਨ'* (ਗਊ)

ਵਿਰਕ ਦੀਆਂ ਸਾਰੀਆਂ ਕਹਾਣੀਆਂ ਨੂੰ ਇਕ ਵਾਰ ਨਹੀਂ ਕਈ ਕਈ ਵਾਰ ਪੜ੍ਹਿਆ ਹੈ। ਸਮੇਂ ਦੇ ਵਕਫੇ ਨਾਲ ਪੜ੍ਹਨ 'ਤੇ ਨਾ ਕੇਵਲ ਇਹਨਾਂ ਦੀ ਪੜ੍ਹਤ ਪਹਿਲਾਂ ਵਾਂਗ ਹੀ ਦਿਲਚਸਪ ਹੁੰਦੀ ਰਹੀ ਹੈ, ਇਹਨਾਂ ਵਿਚੋਂ ਮਾਨਵੀ ਮੁੱਲਾਂ ਨੂੰ ਅੱਗੇ ਵਧਾਉਣ ਵਾਲੇ ਪਹਿਲਾਂ ਗੁੱਝੇ ਰਹਿ ਗਏ ਨਵੇਂ ਅਰਥ ਵੀ ਲੱਭਦੇ ਰਹੇ ਹਨ। ਪੇਂਡੂ ਜ਼ਿੰਦਗੀ ਦਾ ਭਰਪੂਰ ਚਿਤਰ ਪੇਸ਼ ਕਰਕੇ, ਸ਼ਹਿਰੀ ਜੀਵਨ-ਯਥਾਰਥ ਦੀ ਬਦਲਦੀ ਨੁਹਾਰ ਦਿਖਾ ਕੇ, ਔਰਤ ਦੀ ਸਥਿਤੀ ਅਤੇ ਪਿਆਰ ਤੇ ਕਾਮ ਦੇ ਮਾਮਲੇ ਵਿਚ ਨਵੇਂ ਸੰਕਲਪਾਂ ਦੀ ਹਮਾਇਤ ਕਰਕੇ, ਸਮੂਹਕ ਨੋਈਅਤ ਦੇ ਸਰੋਕਾਰਾਂ ਵੱਲ ਯਥਾਯੋਗ ਧਿਆਨ ਦੇ ਕੇ, ਅਣਗੌਲ਼ੀਆਂ ਰਹਿ ਜਾਣ ਵਾਲੀਆਂ ਗੱਲਾਂ ਨੂੰ ਲੱਭਕੇ ਅਤੇ ਨਿੱਕੀਆਂ ਗੱਲਾਂ ਵਿਚ ਵੱਡੇ ਅਰਥਾਂ ਦਾ ਸੰਚਾਰ ਕਰ ਕੇ ਵਿਰਕ ਨੇ ਆਪਣੀ ਕਹਾਣੀ ਰਾਹੀਂ ਪੰਜਾਬੀ ਪਾਠਕਾਂ ਦੀ ਝੋਲੀ ਵਿਚ ਜੋ ਕੁਝ ਪਾਇਆ ਹੈ, ਉਸਨੂੰ ਨਮਸਕਾਰ ਕਰਨੀ ਬਣਦੀ ਹੈ। 000

***(raghbirsirjana@gmail.com)***

# ਲਸ਼ਕਰ ਦੀ ਚੜ੍ਹਾਈ ਤੇ ਉਤਰਾਈ: ਬਲਜੀਤ ਬਾਸੀ

ਪੰਜਾਬੀ ਵਿਚ ਅੱਜ ਕਲ੍ਹ ਲਸ਼ਕਰ ਸ਼ਬਦ ਬਹੁਤਾ ਕਰਕੇ ਇਕ ਦਹਿਸ਼ਤਗਰਦ ਜਥੇਬੰਦੀ ਲਸ਼ਕਰੇ-ਤਾਇਬਾ ਦੇ ਨਾਂ ਵਿਚ ਹੀ ਲਿਖਿਆ ਜਾਂ ਬੋਲਿਆ ਮਿਲਦਾ ਹੈ। ਪਾਕਿਸਤਾਨ ਆਧਾਰਤ ਇਹ ਜਥੇਬੰਦੀ ਪਹਿਲਾਂ ਅਫ਼ਗ਼ਾਨਿਸਤਾਨ ਨੂੰ ਸੋਵੀਅਤ ਰੂਸ ਤੋਂ ਮੁਕਤ ਕਰਾਉਣ ਤੇ ਹੁਣ ਭਾਰਤੀ ਕਸ਼ਮੀਰ ਨੂੰ ਪਾਕਿਸਤਾਨ ਵਿਚ ਮਿਲਾਉਣ ਲਈ ਦਹਿਸ਼ਤਗਰਦ ਕਾਰਵਾਈਆਂ ਕਰਦੀ ਹੈ। ਲਸ਼ਕਰੇ-ਤਾਇਬਾ ਦਾ ਅਰਥ ਹੈ ਨੇਕਾਂ ਦੀ ਸੈਨਾ। ਫਾਰਸੀ ਤੱਯਬ ਦਾ ਮਤਲਬ ਹੁੰਦਾ ਹੈ ਨੇਕ, ਪਵਿੱਤਰ, ਤੇ ਲਸ਼ਕਰ ਜੋ ਅਸੀਂ ਵਿਚਾਰਨ ਜਾ ਰਹੇ ਹਾਂ, ਏਥੇ ਸੈਨਾ ਦਾ ਅਰਥਾਵਾਂ ਹੈ। ਲੌਅ ਲਸ਼ਕਰ ਜਾਂ ਲਾਮ ਲਸ਼ਕਰ ਜੁੱਟਾਂ ਵਿਚ ਵੀ ਲਸ਼ਕਰ ਖੂਬ ਝਲਕਦਾ ਹੈ। ਫਾਰਸੀ ਵੱਲੋਂ ਆਇਆ ਇਹ ਸ਼ਬਦ ਸਾਡੀਆਂ ਅੱਖਾਂ ਸਾਹਮਣੇ ਕਿਸੇ ਲੜਾਕੂ ਮੁਹਿੰਮ ਲਈ ਤੁਰੀ, ਕਾਫਲੇ ਵਾਂਗ ਕਵਾਇਦ ਕਰਦੀ ਹੋਈ ਚੱਲ ਸੋ ਚੱਲ ਸੈਨਾ ਦਾ ਬਿੰਬ ਲਿਆਉਂਦਾ ਹੈ। ਇਸ ਲਸ਼ਕਰ ਵਿਚ ਸੈਨਾ ਤੋਂ ਇਲਾਵਾ ਹਾਥੀ ਘੋੜੇ, ਸਾਜ਼-ਓ- ਸਮਾਨ, ਅਸਲਾ, ਰਸਦ ਤੇ ਇਨ੍ਹਾਂ ਦੀ ਸੰਭਾਲ ਵਿਚ ਨਿਰੰਤਰ ਜੁਟੇ ਰੱਖਿਅਕ ਵੀ ਸ਼ਾਮਿਲ ਹੁੰਦੇ ਹਨ। ਉਂਝ ਪੰਜਾਬੀ ਵਿਚ ਇਹ ਸ਼ਬਦ ਫੌਜ, ਸੈਨਾ, ਕਟਕ, ਛਾਉਣੀ ਤੋਂ ਬਿਨਾਂ ਕਿਸੇ ਮਹੱਤਵਾਕਾਂਖੀ ਵਿਅਕਤੀ ਦੇ ਪਿੱਛੇ ਲੱਗੀ ਲਾਮਡੋਰੀ ਲਈ ਅਤੇ ਲੋਕਾਂ ਦੀ ਵਹੀਰ, ਹੇੜ੍ਹ, ਜਮਘਟੇ, ਭੀੜਭਾੜ ਆਦਿ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ। ਕਿਸੇ ਨੇਕ ਕੰਮ ਲਈ ਇਕੱਠੇ ਲੋਕਾਂ ਨੂੰ ਲੋਕਾਂ ਦਾ ਲਸ਼ਕਰ ਕਿਹਾ ਜਾਂਦਾ ਹੈ। ਫਾਰਸੀ ਵਿਚ ਲਸ਼ਕਰ ਸ਼ਬਦ ਨਾਲ ਅਨੇਕਾਂ ਸੰਯੁਕਤ ਸ਼ਬਦ ਬਣੇ ਮਿਲਦੇ ਹਨ ਜਿਵੇਂ ਸਰ ਲਸ਼ਕਰ: ਫੌਜ ਦਾ ਆਗੂ; ਰਾਹਨੁਮਾਈ ਲਸ਼ਕਰ: ਫੌਜ ਦਾ ਗਾਈਡ; ਬਰਕੀ ਲਸ਼ਕਰ: ਤਲਵਾਰ; ਲਸ਼ਕਰ ਸ਼ਿਕਨ: ਫੌਜਾਂ ਹਰਾਉਣ ਵਾਲਾ; ਲਸ਼ਕਰ ਗਾਹ: ਛਾਉਣੀ, ਫੌਜ ਦਾ ਡੇਰਾ ਜਾਂ ਪੜਾਅ ਆਦਿ।

ਉਰਦੂ ਜ਼ੁਬਾਨ ਨੂੰ ਲਸ਼ਕਰੀ ਬੋਲੀ ਜਾਂ ਨਿਰਾ ਲਸ਼ਕਰੀ ਵੀ ਕਿਹਾ ਜਾਂਦਾ ਹੈ। ਯਾਦ ਰਹੇ ਉਰਦੂ ਸ਼ਬਦ ਵਿਚਲਾ ਉਰਦ ਤੁਰਕ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮਤਲਬ ਫੌਜ ਹੁੰਦਾ ਹੈ। ਸਮਝਿਆ ਜਾਂਦਾ ਹੈ ਕਿ ਉਰਦੂ ਭਾਸ਼ਾ ਫੌਜਾਂ ਵਿੱਚ ਉਤਰੀ ਭਾਰਤੀ ਭਾਸ਼ਾਵਾਂ ਤੇ ਅਰਬੀ ਫਾਰਸੀ ਜ਼ੁਬਾਨਾਂ ਬੋਲਦੇ ਫੌਜੀਆਂ ਦੇ ਮੇਲ ਨਾਲ ਬਣੀ। ਲਸ਼ਕਰ ਦਾ ਇਕ ਅਰਥ ਫੌਜੀ ਹਮਲਾ ਜਾਂ ਚੜ੍ਹਾਈ ਵੀ ਹੋ ਗਿਆ ਹੈ। ਲਸ਼ਕਰ ਰਾਜੇ ਬਾਦਸ਼ਾਹਾਂ ਪਾਸ ਹੀ ਹੋ ਸਕਦਾ ਹੈ, ਇਸ ਲਈ ਇਹ ਸ਼ਬਦ ਰਾਜਾ ਵੀ ਬਣ ਬੈਠਾ ਹੈ। ਕਬੀਰ ਜੀ ਨੇ ਪਰਮਾਤਮਾ ਨੂੰ ਇਹ ਸੰਗਿਆ ਦਿੱਤੀ, 'ਗਗਨ ਮੰਡਲ ਮਹਿ ਲਸਕਰੁ ਕਰੈ ਸੋ ਸੁਰਤਾਨੁ ਛਤ੍ਰ ਸਿਰਿ ਧਰੈ'। ਗੁਰੂ ਨਾਨਕ ਨੇ ਇਹ ਸ਼ਬਦ ਫੌਜ ਦੇ ਅਰਥਾਂ ਵਿਚ ਵਰਤਿਆ ਹੈ, 'ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ' ਅਤੇ 'ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ'। ਸੂਫੀ ਤੇ ਕਿੱਸਾ ਕਾਵਿ ਵਿਚ ਵੀ ਇਸ ਸ਼ਬਦ ਦੀ ਟੋਹ ਹੈ। ਬੁਲ੍ਹੇ ਸ਼ਾਹ ਦੀ ਤਸਦੀਕ ਹੈ:

*ਕਿੱਥੇ ਮੀਰ ਮਲਕ ਸੁਲਤਾਨਾਂ*  
*ਸੱਭੇ ਛਡ ਗਏ ਟਿਕਾਣਾ*  
*ਕੋਈ ਮਾਰ ਨਾ ਬੈਠੇ ਠਾਣਾ*

*ਲਸ਼ਕਰ ਦਾ ਜਿਨ੍ਹਾਂ ਸ਼ੁਮਾਰ ਨਹੀਂ*
*ਉਠ ਜਾਗ ਘੁਰਾੜੇ ਮਾਰ ਨਹੀਂ।*

ਲਸ਼ਕਰ ਇਕ ਤਰ੍ਹਾਂ ਫੌਜਾਂ ਦਾ ਹੀ ਡੇਰਾ ਹੈ, ਇਸ ਲਈ ਇਹ ਸ਼ਬਦ ਛਾਉਣੀ ਦੇ ਅਰਥ ਵੀ ਧਾਰਨ ਕਰ ਗਿਆ। ਗਵਾਲੀਅਰ ਦੇ ਸਿੰਧੀਆ ਪਰਿਵਾਰ ਨੇ ਗਵਾਲੀਅਰ ਸ਼ਹਿਰ ਤੋਂ ਥੋੜ੍ਹਾ ਹਟਵੇਂ ਥਾਂ 'ਤੇ ਇਕ ਛਾਉਣੀ ਬਣਾਈ ਸੀ, ਜਿਸ ਦਾ ਨਾਂ ਹੀ ਲਸ਼ਕਰ ਵਜੋਂ ਪ੍ਰਚਲਤ ਹੋਇਆ। ਅੱਜ ਲਸ਼ਕਰ ਨਾਂ ਦਾ ਇਹ ਇਕ ਵੱਖਰਾ ਸ਼ਹਿਰ ਹੈ। ਲਸ਼ਕਰ ਤੋਂ ਬਣੇ ਲਸ਼ਕਰੀ ਦਾ ਅਰਥ ਫੌਜੀ ਹੈ ਪਰ ਇਹ ਇਕ ਉਪ ਨਾਂ ਅਤੇ ਖਾਸ ਨਾਂ ਵਜੋਂ ਵੀ ਵਰਤਿਆ ਮਿਲਦਾ ਹੈ। ਦੋਰਾਹਾ ਨੇੜੇ ਇਕ ਸਰਾਏ ਲਸ਼ਕਰੀ ਖ਼ਾਨ ਹੈ। ਇਹ ਸ਼ੇਰ ਸ਼ਾਹ ਸੂਰੀ ਮਾਰਗ ਉੱਤੇ ਪੈਂਦੀ ਹੈ। ਇਹ ਸਰਾਏ 1667 ਈ. ਵਿਚ ਬਾਦਸ਼ਾਹ ਔਰੰਗਜ਼ੇਬ ਦੇ ਰਾਜ ਵਿਚ ਮੁਗ਼ਲ ਫੌਜ ਦੇ ਜਰਨੈਲ ਲਸ਼ਕਰੀ ਖ਼ਾਨ ਨੇ ਬਣਵਾਈ ਸੀ।

ਏਥੇ ਇਕ ਸ਼ਬਦ ਲਾਸਕਰ (lascar) ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ ਜੋ ਇਸੇ ਲਸ਼ਕਰ ਦਾ ਹੀ ਯੂਰਪੀ ਰੂਪਾਂਤਰ ਹੈ ਪਰ ਇਤਿਹਾਸਕ ਤੌਰ 'ਤੇ ਕੁਝ ਵੱਖਰੇ ਅਰਥ ਵਜੋਂ ਇਸਤੇਮਾਲ ਹੋਇਆ। ਸੋਲ੍ਹਵੀਂ ਸਤ੍ਹਾਰਵੀਂ ਸਦੀ ਵਿਚ ਯੂਰਪੀ ਸ਼ਕਤੀਆਂ ਦਾ ਦੱਖਣੀ ਏਸ਼ੀਆ, ਅਰਬ, ਪ੍ਰਸ਼ਾਂਤ ਮਹਾਸਾਗਰ ਦੇ ਦੇਸ਼ਾਂ ਅਤੇ ਅਫਰੀਕਾ ਉੱਤੇ ਵਪਾਰਕ ਅਤੇ ਸਿਆਸੀ ਗ਼ਲਬਾ ਹੋ ਗਿਆ। ਭਾਰਤ ਵਿਚ ਮੁੱਖ ਤੌਰ 'ਤੇ ਪੁਰਤਗੀਜ਼ਾਂ ਅਤੇ ਅੰਗਰੇਜ਼ਾਂ ਨੇ ਆਪਣੇ ਪੈਰ ਜਮਾਏ। ਸੁਹਲ ਤੇ ਠੰਡ ਦੇ ਗਿੱਝੇ ਗੋਰੇ ਜਹਾਜ਼ੀ ਨਾ ਤਾਂ ਇਸ ਖਿੱਤੇ ਦੇ ਗਰਮ ਜਲਵਾਯੂ ਅਤੇ ਸਮੁੰਦਰਾਂ ਦੇ ਗਰਮ ਪਾਣੀਆਂ ਨੂੰ ਝੱਲ ਸਕਦੇ ਸਨ ਤੇ ਨਾ ਹੀ ਸਮੁੰਦਰੀ ਮਾਰਗਾਂ ਦੀਆਂ ਹੋਰ ਦੁਸ਼ਵਾਰੀਆਂ। ਬੀਮਾਰ ਹੋਏ ਕਈ ਰਸਤੇ ਵਿਚ ਤੇ ਕਈ ਟਿਕਾਣਿਆਂ 'ਤੇ ਪਹੁੰਚ ਕੇ ਦਮ ਤੋੜ ਜਾਂਦੇ ਸਨ। ਇਸ ਲਈ ਉਨ੍ਹਾਂ ਨੂੰ ਆਪਣੇ ਜਹਾਜ਼ਾਂ ਲਈ ਇਸ ਖਿੱਤੇ ਦੇ ਹੀ ਮਾਹਰ ਜਹਾਜ਼ੀਆਂ ਦੀ ਲੋੜ ਪ੍ਰਤੀਤ ਹੋਈ ਤਾਂ ਦੇਸੀ ਮਲਾਹਾਂ ਤੋਂ ਬਿਨਾਂ ਹੋਰ ਹਰ ਤਰ੍ਹਾਂ ਦੇ ਕੰਮ ਜਿਵੇਂ ਮਿਸਤਰੀ, ਰਸੋਈਆ, ਸਾਮਾਨ ਢੋਣ ਵਾਲਾ ਕੁਲੀ, ਕੋਲੇ ਦੇ ਝੋਕੇ ਆਦਿਕ ਕੰਮ ਕਰਨ ਲਈ ਇਸ ਖਿੱਤੇ ਦੇ ਲੋਕਾਂ ਨੂੰ ਭਰਤੀ ਕਰ ਲਿਆ ਗਿਆ। ਇਹ ਲੋਕ ਰਸਤੇ ਵਿਚ ਸਮੁੰਦਰੀ ਡਾਕੂਆਂ ਤੋਂ ਵੀ ਬਚਾਅ ਕਰਦੇ ਸਨ। ਇਹ ਕੰਮ ਲਸ਼ਕਰ ਯਾਨਿ ਫੌਜੀ ਤੋਂ ਵੱਧ ਹੋਰ ਕੌਣ ਕਰ ਸਕਦਾ ਸੀ। ਪੁਰਤਗੀਜ਼ ਜਹਾਜ਼ ਮਾਲਕਾਂ ਨੇ ਪਹਿਲਾਂ ਪਹਿਲ ਭਾਰਤ ਦੇ ਗੋਆ ਤੇ ਹੋਰ ਬਸਤੀਆਂ ਵਿਚ ਜਿਨ੍ਹਾਂ ਫੌਜੀਆਂ ਤੋਂ ਅਜਿਹਾ ਕੰਮ ਕਰਵਾਇਆ, ਉਨ੍ਹਾਂ ਲਈ ਲਾਸ਼ਕਰ ਸ਼ਬਦ ਦੀ ਵਰਤੋਂ ਕੀਤੀ। ਸ੍ਰੀਲੰਕਾ ਦੀਆਂ ਭਾਸ਼ਾਵਾਂ ਤਾਮਿਲ ਤੇ ਸਿਨਹਾਲੀ ਵਿਚ ਲਸ਼ਕਰ ਸ਼ਬਦ ਦਾ ਲਸਕਾਰਿਨ ਜਿਹਾ ਰੂਪਾਂਤਰ ਹੈ। ਸ੍ਰੀਲੰਕਾ ਦੇ ਇਨ੍ਹਾਂ ਲਸਕਾਰੀਨਾਂ ਨੇ ਸੋਲ੍ਹਵੀਂ ਸਦੀ ਦੇ ਅਰੰਭ ਵਿਚ ਪੁਰਤਗੀਜ਼ਾਂ ਵੱਲੋਂ ਕਈ ਲੜਾਈਆਂ ਲੜੀਆਂ ਸਨ। ਪੁਰਤਗੀਜ਼ਾਂ ਨੇ ਸ੍ਰੀਲੰਕਾ ਦੇ ਇਸੇ ਲਸਕਾਰਿਨ ਸ਼ਬਦ ਨੂੰ ਆਪਣੇ ਲਹਿਜੇ ਅਨੁਸਾਰ ਲਾਸਕਰ ਉਚਾਰਿਆ ਤੇ ਦੇਸੀ ਲਸ਼ਕਰਾਂ ਲਈ ਵਰਤਿਆ। ਫਿਰ ਏਹੋ ਸ਼ਬਦ ਬਰਤਾਨੀਆਂ ਦੀ ਈਸਟ ਇੰਡੀਆ ਕੰਪਨੀ ਨੇ ਵੀ ਵਰਤਣਾ ਸ਼ੁਰੂ ਕਰ ਦਿੱਤਾ। ਫੌਜੀਆਂ ਅਤੇ ਮਲਾਹਾਂ ਤੋਂ ਇਲਾਵਾ ਇਹ ਸ਼ਬਦ ਦੇਸੀ ਨੌਕਰਾਂ ਲਈ ਵੀ ਵਰਤਿਆ ਜਾਣ ਲੱਗਾ।

ਜਹਾਜ਼ੀਆਂ ਵਜੋਂ ਭਾਵੇਂ ਲਾਸਕਰਾਂ ਦਾ ਤੋਰੀ ਫੁਲਕਾ ਚਲਦਾ ਰਿਹਾ ਪਰ ਇਨ੍ਹਾਂ ਨਾਲ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਸੀ। ਇਹ ਵਿਚਾਰੇ ਇਕ ਤਰ੍ਹਾਂ ਨਾਲ ਬੰਧਕ ਮਜ਼ਦੂਰ ਹੀ ਸਨ। ਨੌਕਰੀ ਦੇਣ ਸਮੇਂ ਉਨ੍ਹਾਂ ਤੋਂ ਸਖਤ ਸ਼ਰਤਾਂ ਵਾਲੇ ਬਾਂਡ ਭਰਾਏ ਜਾਂਦੇ ਸਨ। ਸਮੁੰਦਰੀ ਜਹਾਜ਼ਾਂ ਵਿਚ ਇਨ੍ਹਾਂ ਤੋਂ ਹਰ ਤਰ੍ਹਾਂ ਦੇ ਘਟੀਆ ਅਤੇ ਔਖੇ ਕੰਮ ਕਰਵਾਏ ਜਾਂਦੇ। ਇਨ੍ਹਾਂ ਦੀ ਤਨਖਾਹ ਗੋਰੇ ਸਹਿਕਰਮੀਆਂ ਦੀ ਤਨਖਾਹ ਨਾਲੋਂ ਵੀਹਵਾਂ ਹਿੱਸਾ ਹੁੰਦੀ ਸੀ। ਖਾਣਾ ਘਟੀਆ ਤਾਂ ਹੁੰਦਾ ਹੀ ਸੀ, ਢਿੱਡ ਭਰਵਾਂ ਵੀ ਨਹੀਂ ਸੀ ਦਿੱਤਾ ਜਾਂਦਾ। ਸਮਾਂ ਬੀਤਣ ਨਾਲ ਭਾਰਤ ਤੋਂ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ

ਲਾਸਕਰ ਬਰਤਾਨੀਆ ਜਾਣ ਲੱਗੇ। ਲੰਡਨ ਵਿਚ ਟੋਪੀਆਂ, ਪਗੜੀਆਂ ਤੇ ਪਾਜਾਮਾ ਪਹਿਨਣ ਵਾਲੇ ਇਨ੍ਹਾਂ ਅਜੂਬਿਆਂ ਨਾਲ ਨਸਲੀ ਵਿਤਕਰਾ ਹੁੰਦਾ। ਉਨ੍ਹਾਂ ਨੂੰ ਰਹਿਣ ਲਈ ਜਗਹ ਨਹੀਂ ਸੀ ਦਿੱਤੀ ਜਾਂਦੀ, ਉਨ੍ਹਾਂ ਦੇ ਪੈਸੇ ਖੋਹ ਲਏ ਜਾਂਦੇ। ਉਹ ਅਕਸਰ ਕਈ ਖਿਰਾਇਤੀ ਰਹਾਇਸ਼ਾਂ ਵਿਚ ਰਹਿੰਦੇ। ਉਨ੍ਹਾਂ ਨੂੰ ਅੰਗਰੇਜ਼ੀ ਬੋਲਣ ਦੀ ਵੀ ਸਮੱਸਿਆ ਆਉਂਦੀ। ਉੱਤੋਂ ਗੋਰੇ ਸ਼ਕਾਇਤਾਂ ਕਰਦੇ ਕਿ ਸਾਨੂੰ ਛੱਡ ਕੇ ਇਨ੍ਹਾਂ ਘਟੀਆ ਏਸ਼ੀਅਨਾਂ ਨੂੰ ਜਹਾਜ਼ਾਂ ਵਿਚ ਨੌਕਰੀਆਂ ਕਿਉਂ ਦਿੱਤੀਆਂ ਹਨ। ਪਰ ਉਨ੍ਹਾਂ ਨੂੰ ਸਮਝਾਇਆ ਜਾਂਦਾ ਕਿ ਇਨ੍ਹਾਂ ਵਰਗਾ ਗ਼ੁਲਾਮਾਨਾਂ ਕੰਮ ਤੁਸੀਂ ਨਹੀਂ ਕਰ ਸਕਦੇ। ਇਹ ਸਮੁੰਦਰ ਦੀ ਘੋਰ ਗਰਮੀ ਵਾਲੇ ਇਲਾਕੇ ਵਿਚ ਜਹਾਜ਼ ਦੇ ਇੰਜਣਾਂ ਵਿਚ ਕੋਲਾ ਝੋਕ ਸਕਦੇ ਹਨ, ਇਨ੍ਹਾਂ ਜਿੰਨਾ ਮਿਹਨਤੀ, ਸਿਰੜੀ ਤੇ ਵਫਾਦਾਰ ਕੋਈ ਨਹੀਂ ਹੋ ਸਕਦਾ। ਕਿੱਡੀ ਵਿਡੰਬਨਾ ਹੈ ਕਿ ਇਕ ਪਾਸੇ ਲਸ਼ਕਰ ਰਾਜੇ ਦੀ ਪਦਵੀ ਧਾਰ ਲੈਂਦੇ ਹਨ ਤੇ ਦੂਜੇ ਪਾਸੇ ਨਿਰੇ ਗ਼ੁਲਾਮ। ਅਸਲ ਵਿਚ ਤਾਂ ਦੁਨੀਆਂ ਭਰ ਵਿਚ ਜਿੱਥੇ ਜਿੱਥੇ ਯੂਰਪੀ ਗੋਰੇ ਗਏ, ਉੱਥੇ ਉੱਥੇ ਦੀ ਭਾਸ਼ਾ ਵਿਚ ਇਹ ਸ਼ਬਦ ਕਿਸੇ ਨਾ ਕਿਸੇ ਰੂਪ ਵਿਚ ਮਿਲਦਾ ਹੈ।

ਲਸ਼ਕਰ ਸ਼ਬਦ ਦੀ ਵਿਉਤਪਤੀ ਬਾਰੇ ਕੋਈ ਇਕ ਮਤ ਨਹੀਂ ਮਿਲਦਾ। ਵਧੇਰੇ ਭੰਬਲਭੂਸਾ ਇਸ ਗੱਲ ਦਾ ਹੈ ਕਿ ਕੀ ਇਹ ਮੁੱਢਲੇ ਤੌਰ 'ਤੇ ਅਰਬੀ ਦਾ ਸ਼ਬਦ ਹੈ ਜਾਂ ਫਾਰਸੀ ਦਾ। ਇਕ ਮਤ ਅਨੁਸਾਰ ਇਹ ਫਾਰਸੀ ਦਾ ਹੀ ਮੂਲ ਸ਼ਬਦ ਹੈ ਜਿਸ ਦਾ ਮਧਕਾਲੀ ਫਾਰਸੀ ਵਿਚ ਲਸ਼ਕਲ ਜਿਹਾ ਰੂਪ ਸੀ ਜੋ ਅੱਗੇ ਜਾ ਕੇ ਲਸ਼ਕਰ ਬਣਿਆ। ਅਰਬੀ ਵਾਲਿਆਂ ਨੇ ਇਸ ਦੀ ਮੁੱਢਲੀ ਧੁਨੀ ਲ ਨੂੰ ਅਰਬੀ ਆਰਟੀਕਲ 'ਅਲ' ਸਮਝਦਿਆਂ ਇਸ ਨੂੰ ਖਾਰਜ ਕਰ ਦਿੱਤਾ ਤੇ ਸ਼ਬਦ ਰਹਿ ਗਿਆ ਅਸਕਰ ਜੋ ਅਰਬੀ ਅਤੇ ਫਾਰਸੀ ਭਾਸ਼ਾਵਾਂ ਵਿਚ ਫੌਜ, ਸੈਨਾ ਜਾਂ ਕਟਕ ਲਈ ਵਰਤਿਆ ਮਿਲਦਾ ਹੈ। ਇਸ ਸ਼ਬਦ ਦੇ ਹੋਰ ਅਰਥ ਬਣੇ ਸਮੂਹ, ਇਕੱਠ, ਮਹੈਣ। ਇਰਾਨ ਦੇ ਕੁਝ ਨਗਰਾਂ ਦਾ ਨਾਂ ਵੀ ਅਸਕਰ ਹੈ। ਉਸਮਾਨੀ ਸੈਨਾ ਨੂੰ 'ਅਸਕਰੀ ਇਸਲਾਮ' ਕਿਹਾ ਜਾਂਦਾ ਸੀ ਅਰਥਾਤ ਜੋ ਇਸਲਾਮ ਦੀ ਖਾਤਰ ਲੜਦੀ ਸੀ। ਕਈ ਮੁਸਲਮਾਨ ਨਾਵਾਂ ਵਿਚ ਅਸਕਰ ਸ਼ਬਦ ਆਉਂਦਾ ਹੈ। ਇਰਾਨ, ਕੇਂਦਰੀ ਏਸ਼ੀਆ ਤੇ ਹੋਰ ਮੁਸਲਮਾਨ ਆਬਾਦੀ ਵਾਲੇ ਦੇਸ਼ਾਂ ਵਿਚ ਅਸਕਰ ਨਾਂ ਦੇ ਕਈ ਨਗਰ ਅਤੇ ਵਿਅਕਤੀ ਨਾਂ ਹਨ। ਕੁਰੂਕਸ਼ੇਤਰ ਦੇ ਇਕ ਪਿੰਡ ਦਾ ਮੁੱਢ ਅਸਕਰ ਅਲੀ ਨਾਂ ਦੇ ਫਕੀਰ ਤੋਂ ਬੱਝਿਆ ਦੱਸਿਆ ਜਾਂਦਾ ਹੈ। ਅਫਰੀਕੀ ਦੇਸ਼ਾਂ ਦੇ ਯੂਰਪੀ ਆਬਾਦੀਆਂ ਦੇ ਸਥਾਨਕ ਫੌਜੀਆਂ ਲਈ ਵੀ ਅਸਕਰੀ ਸ਼ਬਦ ਵਰਤਿਆ ਮਿਲਦਾ ਹੈ। ਫਲਸਤੀਨ ਵਿਚ ਇਕ ਸ਼ਰਨਾਰਥੀ ਕੈਂਪ ਦਾ ਨਾਂ ਅਸਕਰ ਹੈ।

ਲਸ਼ਕਰ ਸ਼ਬਦ ਦੀ ਦੂਸਰੀ ਵਿਆਖਿਆ ਅਨੁਸਾਰ ਅਰਬੀ ਅਸਕਰ ਦੇ ਅੱਗੇ ਅਰਬੀ ਆਰਟੀਕਲ ਅਲ ਲੱਗ ਕੇ 'ਅਲਅਸਕਰ' ਬਣਿਆ ਜੋ ਫਾਰਸੀ ਵਿਚ ਆ ਕੇ ਹੌਲ਼ੀ ਹੌਲ਼ੀ ਲਸ਼ਕਰ ਦਾ ਰੂਪ ਧਾਰਨ ਕਰ ਗਿਆ। ਅਜਿਤ ਵਡਨੇਰਕਰ ਕੁਝ ਹੋਰ ਪਿੱਛੇ ਗਿਆ ਹੈ। ਉਸ ਅਨੁਸਾਰ ਇਸ ਸ਼ਬਦ ਦੀ ਮੁੱਢੀ ਹਿਬਰੂ 'ਸਿਖਰ' ਹੈ । ਬਾਈਬਲ ਵਿਚ ਸਮਾਰੀਆ ਖੇਤਰ ਵਿਚਲੇ ਇਕ ਸਿਖਰ ਨਾਂ ਦੇ ਕਸਬੇ ਦਾ ਜ਼ਿਕਰ ਆਉਂਦਾ ਹੈ। ਇਸ ਸ਼ਬਦ ਨੇ ਵਿਗੜ ਕੇ ਇਸਖਰ ਦਾ ਰੂਪ ਧਾਰਿਆ। ਇਹ ਸ਼ਬਦ ਹੋਰ ਅੱਗੇ ਹਿਬਰੂ ਅਰਬੀ ਦੀ ਵਿਚਲੀ ਕੜੀ ਅਰਮਾਇਕ ਭਾਸ਼ਾ ਵਿਚ ਦਾਖਲ ਹੋਇਆ ਤਾਂ ਇਸ ਨੇ ਅਰਬ ਬਸਤੀ ਜਾਂ ਘਿਰੇ ਹੋਏ ਥਾਂ ਦਾ ਅਰਥ ਗ੍ਰਹਿਣ ਕੀਤਾ। ਫਿਰ ਅਰਬੀ ਵਿਚ ਆ ਕੇ ਇਹ ਸਮੂਹ, ਸੰਗਠਨ ਦਾ ਅਰਥਾਵਾਂ ਬਣਿਆ ਤੇ ਅਖੀਰ ਫੌਜ ਬਣ ਕੇ ਸਾਹ ਲਿਆ। 000

***(8345 Opal Drive, Westland, MI 48185 USA***
***Email: baljit_basi@yahoo.com)***

# ਚਿਰਾਗ਼ਾਂ ਦਾ ਮੇਲਾ ਤੇ ਸ਼ਾਹ ਹੁਸੈਨ: ਮੁਦੱਸਰ ਬਸ਼ੀਰ

ਅੰਗਰੇਜ਼ੀ ਮਹੀਨਾ ਮਾਰਚ ਤੇ ਦੇਸੀ ਮਹੀਨਾ ਵਿਸਾਖ ਕਈ ਸਦੀਆਂ ਤੋਂ ਪੰਜਾਬ ਦੀ ਵਾਰ ਵਿਚ ਮੇਲਿਆਂ ਦੇ ਟੋਰੇ ਤੇ ਸਾਂਗੇ ਵਿਚ ਖਾਸ ਮੰਨੇ ਜਾਂਦੇ ਨੇ। ਪਿਛਲੇ 60 ਵਰ੍ਹਿਆਂ ਵਿਚ ਵੀ ਮਾਰਚ ਦਾ ਅਖੀਰਲਾ ਹਫਤਾ ਲਾਹੌਰ ਦੇ ਵਾਸੀਆਂ ਤੇ ਖਾਸਕਰ ਪੜ੍ਹਿਆਰਾਂ ਲਈ ਬੜਾ ਈ ਖਾਸ ਏ। ਮਾਰਚ ਦੇ ਏਸ ਹਫਤੇ ਵਿਚ ਬਹਾਰ ਦੀਆਂ ਛੁੱਟੀਆਂ ਦੇ ਨਾਲ 31 ਮਾਰਚ ਨੂੰ ਪੰਜਾਬ ਦੇ ਸਾਰੇ ਸਕੂਲਾਂ ਵਿਚ ਪੜ੍ਹਿਆਰਾਂ ਦੇ ਨਤੀਜੇ ਬੋਲੇ ਜਾਉਂਦੇ ਸਨ। ਏਸੇ ਈ ਹਫਤੇ ਵਿਚ ਚਿਰਾਗ਼ਾਂ ਦੇ ਮੇਲੇ ਦੀ ਧੁੰਮ ਲਾਹੌਰ ਦੇ ਨਾਲ ਨਾਲ ਪੂਰੇ ਪੰਜਾਬ ਵਿਚ ਮੱਚ ਜਾਉਂਦੀ ਸੀ। ਚਿਰਾਗ਼ਾਂ ਦਾ ਮੇਲਾ ਅਸਲ ਵਿਚ ਇਕ ਮੁੱਢ ਬੰਨ੍ਹਦਾ ਸੀ ਪੰਜਾਬ ਦੇ ਬਾਕੀ ਮੇਲਿਆਂ ਦਾ। ਇਸ ਮਗਰੋਂ ਪੂਰੇ ਪੰਜਾਬ ਵਿਚ ਥਾਉਂ ਥਾਏਂ ਤੋੜੇ ਤੋੜ ਮੇਲਿਆਂ ਦੇ ਢੋਲ ਵੱਜਣ ਲੱਗ ਪੈਂਦੇ ਸਨ।

ਲਾਹੌਰ ਦੇ ਢੇਰ ਵਾਸੀਆਂ ਨੇ ਚਿਰਾਗ਼ਾਂ ਦੇ ਮੇਲੇ ਬਾਰੇ ਇਕ ਪੁਰਾਣੀ ਰੀਤੀ ਆਪਣਿਆਂ ਵੱਡਿਆਂ ਕੋਲ਼ੋਂ ਸੁਣ ਰੱਖੀ ਹੋਈ ਹੈ, ਤੇ ਕਈਆਂ ਆਪਣੀਆਂ ਅੱਖਾਂ ਨਾਲ ਡਿੱਠੀ ਵੀ ਹੋਵਣੀ ਹੈ। ਚਿਰਾਗ਼ਾਂ ਦੇ ਮੇਲੇ ਵਿਚ ਹਨੇਰੀ ਜ਼ਰੂਰ ਵਗਦੀ ਹੈ। ਜਿਹੜੀ ਰਾਤ ਚਿਰਾਗ਼ੀ ਦੀ ਹੁੰਦੀ ਹੈ, ਉਸ ਰਾਤ ਮੀਂਹ ਵੀ ਵਸਦਾ ਏ। ਚਿਰਾਗ਼ੀ ਦੀ ਰਾਤ ਹਰ ਜੀਅ ਆਪੋ ਆਪਣੇ ਹਿਸਾਬ ਨਾਲ ਮਿੱਟੀ ਦੇ ਦੀਵੇ, ਮੋਮਬੱਤੀਆਂ, ਅਗਰਬੱਤੀਆਂ ਚਿਰਾਗ਼ਾਂ ਦੀ ਇਕ ਖਾਸ ਥਾਂ ਉੱਤੇ ਜਗਾਉਂਦਾ ਏ। ਇਸ ਦਾ ਚਾਨਣ ਕਿਸੇ ਵੇਲ਼ੇ ਵਿਚ ਦੂਰੋਂ ਦੂਰੋਂ ਦਿਸਦਾ ਸੀ ਜਦ ਆਲ਼ੇ ਦੁਆਲ਼ੇ ਇੱਡੇ ਮਕਾਨ ਨਹੀਂ ਸਨ। ਚਾਨਣ ਨੂੰ ਅਜੇ ਤਾਈਂ 'ਮੱਚ ਮੱਚਣਾ' ਆਖਿਆ ਜਾਂਦਾ ਏ। ਇਕ ਪਾਸੇ ਪੂਰੇ ਜ਼ੋਰ ਦੀ ਹਨੇਰੀ ਮੀਂਹ ਤੇ ਦੂਜੇ ਪਾਸੇ ਖਲਕਤ ਦੇ ਜਗਾਏ ਦੀਵਿਆਂ ਦਾ ਚਾਨਣ। ਹਨੇਰੀ ਦਾ ਜ਼ੋਰ ਕਿੰਨਾ ਕੁ ਵੀ ਹੋਵੇ, ਮੀਂਹ ਭਾਵੇਂ ਭੋਈਂ 'ਤੇ ਗੋਡੇ ਗੋਡੇ ਭਰ ਦੇ, ਪਰ ਚਿਰਾਗ਼ ਆਪਣੀ ਥਾਏਂ ਜਗਦੇ ਈ ਰਹਿੰਦੇ ਨੇ।

ਲਾਹੌਰ ਦੇ ਵਸਨੀਕ ਦੋ ਚੱਜਾਂ ਨਾਲ ਸ਼ਾਹ ਹੁਸੈਨ ਨੂੰ ਜਾਣਦੇ ਨੇ। ਇਕ ਸ਼ਾਹ ਹੁਸੈਨ ਜਿਨ੍ਹਾਂ ਦਾ ਮਜ਼ਾਰ ਸ਼ਾਲਾਮਾਰ ਬਾਗ਼ ਦੀ ਗੁੱਠ ਵਿਚ ਏ। ਤੇ ਆਪ ਆਪਣੀਆਂ ਕਰਾਮਾਤਾਂ ਪਾਰੋਂ ਮਾਧੋ ਲਾਲ ਹੁਸੈਨ ਦੇ ਨਾਂ ਨਾਲ ਜੱਗ ਜਾਣੇ ਮਾਣੇ ਨੇ ਤੇ ਦੂਜੇ ਸ਼ਾਹ ਹੁਸੈਨ ਜਿਹੜੇ ਆਪਣੀਆਂ ਕਾਫੀਆਂ ਪਾਰੋਂ ਪ੍ਰਸਿੱਧ ਨੇ। ਅਸਲ ਵਿਚ ਇਹ ਦੋਵੇਂ ਇਕੋ ਈ ਜੀਅ ਦੇ ਵੱਖਰੇ ਰੂਪ ਨੇ, ਇਕੋ ਈ ਹੁਸੈਨ, ਲਾਲ ਹੁਸੈਨ ਦੇ ਦੋ ਰੂਪ ਤੇ ਇਨ੍ਹਾਂ ਦੋ ਰੂਪਾਂ ਦਾ ਕਾਰਨ ਉਨ੍ਹਾਂ ਦੀ ਆਪਣੀ ਹਸਤੀ ਨਹੀਂ। ਏਸ ਦਾ ਕਾਰਨ ਲੋਕਾਂ ਦਾ ਵਾਰ ਤੋਂ ਵਾਂਝਿਆਂ ਹੋਣਾ ਏ। ਆਮ ਲੋਕੀਂ ਆਪਣੀ ਥਾਵੇਂ, ਸੂਝਵਾਨ ਤੇ ਇਲਮਦਾਰ ਲੋਕ ਵੀ ਏਸ ਸੱਚ ਨੂੰ ਨਹੀਂ ਜਾਣਦੇ ਸਨ। ਏਸ ਸਾਂਗੇ ਵਿਚ ਇਕ ਲਿਖਤ ਕਨ੍ਹਈਆ ਲਾਲ ਹਿੰਦੀ ਹੋਰਾਂ ਦੀ ਕਿਤਾਬ 'ਤਾਰੀਖ ਲਾਹੌਰ' (ਸਫਾ 241) ਉੱਤੇ ਏਵੇਂ ਏ:

"ਲਾਲ ਹੁਸੈਨ ਇਕ ਫਕੀਰ, ਅਲ੍ਹਾ ਲੋਕ ਬਾਤਸ਼ਾਹ ਅਕਬਰ ਦੇ ਰਾਜ ਵੇਲ਼ੇ ਲਾਹੌਰ ਦਾ ਵਾਸੀ ਸੀ। ਜ਼ਾਤ ਦਾ ਜੁਲਾਹਾ ਸੀ। ਇਸ ਦੇ ਵੱਡਿਆਂ ਵਿਚ ਕਲਸ ਰਾਏ ਨਾਂ ਦਾ ਹਿੰਦੂ, ਹਮਾਯੂੰ ਬਾਤਸ਼ਾਹ ਦੇ ਵੇਲ਼ੇ ਮੁਸਲਮਾਨ ਹੋਇਆ। ਉਸ ਦਾ ਪੋਤਾ ਇਹ ਹੁਸੈਨ ਸੀ ਜਿਹੜਾ ਸ਼ੇਖ ਬਹਿਲੋਲ ਕਾਦਰੀ ਦਾ ਮੁਰੀਦ ਹੋਇਆ। ਇਸ ਦੀਆਂ ਕਈ ਕਰਾਮਾਤਾਂ ਮੁਸਲਮਾਨਾਂ ਵਿਚ ਪ੍ਰਸਿੱਧ ਨੇ। ਏਸ ਤੋਂ ਅੱਡ ਇਕ ਸ਼ਾਇਰੀ ਦੀ ਕਿਤਾਬ "ਹਕੀਕਤ ਅਲਫਕਰ" ਜਿਸਦਾ ਲਿਖਾਰੀ ਪੀਰ ਮੁਹੰਮਦ ਨਾਂ ਦਾ ਇਕ ਬੰਦਾ ਸੀ। ਉਹਨੇ ਇਹ ਕਿਤਾਬ ਸ਼ਾਹ ਹੁਸੈਨ ਦੀ ਸ਼ਾਨ ਵਿਚ ਲਿਖੀ ਹੈ। ਜਿਸ ਵਿਚ ਉਹਨੇ ਕਈ ਹਜ਼ਾਰ ਕਰਾਮਾਤਾਂ ਹੁਸੈਨ ਦੀਆਂ ਆਪਣੀਆਂ ਅੱਖੀਆਂ ਡਿੱਠੀਆਂ ਲਿਖੀਆਂ ਨੇ। ਇਹ ਬਜ਼ੁਰਗ ਲਾਲ ਲੀੜੇ ਪਾਉਂਦਾ ਸੀ। ਉਸ ਤੋਂ ਉਹਦਾ ਨਾਂ ਲਾਲ ਹੁਸੈਨ ਪੈ ਗਿਆ।

ਮਾਧੋ ਬਾਹਮਣਾਂ ਦਾ ਇਕ ਸੋਹਣਾ ਮੁੰਡਾ ਸੀ ਤੇ ਸ਼ਾਹਦਰੇ ਵਿਚ ਰਹਿੰਦਾ ਸੀ। ਇਸ ਨੂੰ ਵੀ ਲਾਲ ਹੁਸੈਨ ਨਾਲ ਚੋਖਾ ਇਸ਼ਕ ਸੀ। ਅਖੀਰ ਉਹ ਵੀ ਮੁਸਲਮਾਨ ਹੋਇਆ ਤੇ ਲਾਲ ਹੁਸੈਨ ਦਾ

ਮੁਰੀਦ ਹੋਇਆ। ਲਾਲ ਹੁਸੈਨ 1008 ਹਿਜਰੀ (1599 ਈਸਵੀ) ਵਿਚ ਮੋਇਆ ਤੇ ਸ਼ਾਹਦਰੇ ਦੇ ਨੇੜੇ ਦਫਨ ਹੋਇਆ। ਰੱਬੀ ਕਰਨੀ ਕੁਝ ਐਵੇਂ ਦੀ ਹੋਈ ਕਿ ਕੁਝ ਵਰ੍ਹਿਆਂ ਮਗਰੋਂ ਰਾਵੀ ਦਰਿਆ ਅਗਾਂਹ ਨੂੰ ਵਧਦਾ ਮਕਬਰੇ ਦੇ ਨੇੜੇ ਆ ਗਿਆ। ਮਾਧੋ ਨੇ ਆਪਣੇ ਮੁਰਸ਼ਦ ਦਾ ਸੰਦੂਕ ਓਥੋਂ ਕੱਢਿਆ ਤੇ ਉਸ ਥਾਵੇਂ ਲਿਆ ਦਫਨ ਕੀਤਾ, ਜਿੱਥੇ ਅੱਜ ਇਹ ਮਜ਼ਾਰ ਹੈ। ਉਸ ਮਗਰੋਂ ਮਾਧੋ 1052 ਹਿਜਰੀ (1642 ਈਸਵੀ) ਵਿਚ ਮੋਇਆ ਤੇ ਉਸੇ ਥਾਂ ਦਫਨ ਹੋਇਆ।"

ਉੱਤੇ ਦਿੱਤੇ ਸਾਂਗਿਆਂ ਵਿਚ ਇਕ ਗੱਲ ਸਾਫ ਦਿੱਸਦੀ ਹੈ ਕਿ ਸ਼ਾਹ ਹੁਸੈਨ ਜਾਤੋਂ ਜੁਲਾਹਾ ਸੀ। ਵਾਰ ਦੇ ਪੰਨਿਆਂ ਵਿਚ ਸ਼ਾਹ ਹੁਸੈਨ ਤੋਂ ਪਹਿਲਾਂ ਇਕ ਹੋਰ ਜੁਲਾਹੇ ਹੁਸੈਨ ਬਿਨ ਮਨਸੂਰ ਹੱਲਾਜ ਦਾ ਪਾਤਰ ਵੀ ਦਿਸਦਾ ਹੈ, ਜਿਹੜਾ ਆਪਣੇ ਵੇਲ਼ੇ ਬਾਤਸ਼ਾਹੀ ਵਿਹਾਰ ਦੇ ਸਾਹਮਣੇ ਨਾਬਰ ਬਣ ਖਲੋਤਾ ਸੀ। ਉਨ੍ਹਾਂ ਮਗਰੋਂ ਭਗਤ ਕਬੀਰ ਵੀ ਇਕ ਜੁਲਾਹੇ ਈ ਸਨ। ਓਵੇਂ ਦਾ ਈ ਹੁਸੈਨ ਲਾਹੌਰ ਵਿਚ ਵੀ ਦਿਸਿਆ।

ਇਕ ਕਾਫੀ ਤੱਕੋ ਜਿਹਦੇ ਵਿਚ ਲਾਲ ਹੁਸੈਨ ਦੇ ਦੋਵੇਂ ਪਾਤਰ ਨੇ। ਲਾਲ ਹੁਸੈਨ ਤੇ ਮਾਧੋ ਲਾਲ ਹੁਸੈਨ:

*ਅਨੀ ਹਸੈਨੋ ਜੁਲਾਹਾ, ਨਾ ਓਸ ਮੇਲ ਨਾ ਲਾਹਾ*
*ਨਾ ਉਹ ਮੰਗਿਆ ਨਾ ਪਰਨਾਇਆ, ਨਾ ਇਸ ਗੰਢ ਨਾ ਸਾਹਾ*
*ਅਨੀ ਹਸੈਨੋ ਜੁਲਾਹਾ, ਨਾ ਓਸ ਮੇਲ ਨਾ ਲਾਹਾ*
*ਨਾ ਘਰ ਬਾਰੀ ਨਾ ਮੁਸਾਫਿਰ, ਨਾ ਉਹ ਮੋਮਨ ਨਾ ਉਹ ਕਾਫਰ*
*ਜੋ ਆਹਾ, ਸੋ ਆਹਾ*
*ਅਨੀ ਹਸੈਨੋ ਜੁਲਾਹਾ, ਨਾ ਓਸ ਮੇਲ ਨਾ ਲਾਹਾ*

ਧਰਤੀ ਉੱਤੇ ਹਰ ਵੇਲ਼ੇ ਤੇ ਹਰ ਬਾਤਸ਼ਾਹੀ ਦੇ ਜਬਰ ਦੇ ਖਿਲਾਫ ਨਾਬਰੀ ਦੀਆਂ ਲਹਿਰਾਂ ਟੁਰਦੀਆਂ ਰਹੀਆਂ। ਕਦੇ ਢੇਰ ਖੁਲ੍ਹ ਕੇ ਕਦੇ ਅੰਦਰੇ ਅੰਦਰ ਲੋਕਾਈ ਵਿਚ, ਪਰ ਨਾਬਰੀ ਹਮੇਸ਼ ਜਬਰ ਦੇ ਸਾਹਮਣੇ ਕਿਸੇ ਨਾ ਕਿਸੇ ਸ਼ਕਲ ਵਿਚ ਖਲੋਤੀ ਦਿਸਦੀ ਏ। ਤੇ ਉਹਦਾ ਤੱਤ ਸੱਤ ਏਹੋ ਈ ਹੈ ਕਿ ਵਿਹਾਰ ਵਿਚ ਵਸਦੇ ਹੋਏ ਆਪਣਾ ਆਹਰ ਕੀਤਾ ਜਾਵੇ। ਏਸ ਤੋਂ ਬਾਹਰ ਕੁਝ ਵੀ ਨਹੀਂ। ਬਦਲਾਓ, ਪੁੱਠ ਵਿਹਾਰ ਵਿਚ ਰਹਿੰਦਿਆਂ ਈ ਹੋ ਸਕਦਾ ਹੈ। ਹਿੰਦੋਸਤਾਨ ਤੇ ਖਾਸ ਕਰ ਪੰਜਾਬ ਦੀ ਵਾਰ ਵਿਚ ਏਸ ਨੂੰ 'ਬਾਬੇ ਮਾਰਗ ਰੀਤੀ' ਦਾ ਨਾਂ ਦਿੱਤਾ ਗਿਆ ਏ। ਵਿਹਾਰ ਦੇ ਨਾਲੋ ਨਾਲ ਟੇਢਿਆਂ ਤੁਰਨਾ। ਏਸੇ ਸਾਂਗੇ ਵਿਚ ਹੇਠਾਂ ਕੁਝ ਕਵਿਤਾ ਬਾਬਿਆਂ ਦੀ ਦਿੱਤੀ ਜਾ ਰਹੀ ਹੈ:

*ਫਰੀਦਾ ਮਨ ਮੈਦਾਨ ਕਰ, ਟੋਏ ਟਿੱਬੇ ਲਾਹ*
*ਅੱਗੇ ਮੂਲ਼ ਨਾ ਆਵਈ, ਦੋਜਖ ਸੰਦੀ ਭਾਹ* (ਬਾਬਾ ਫਰੀਦ)
*ਸੋਤੇ ਕੋ ਜਾਗਤ ਕਹੇ, ਜਾਗਤ ਕੋ ਸੋਤਾ*
*ਜੀਵਤ ਕੋ ਮੋਆ ਕਹੇ, ਮੋਏ ਨਹੀਂ ਰੋਤਾ* (ਗੁਰੂ ਨਾਨਕ ਸਾਹਿਬ ਜੀ)
*ਜੋ ਪਰਾਇਆ ਸੋਈ ਆਪਣਾ*
*ਜੋ ਤਜ ਛਡੰਨ ਤਿਸ ਸਿਉਂ ਮਨ ਰਚਨਾ* (ਗੁਰੂ ਅਰਜਨ ਸਾਹਿਬ)
*ਮੈਂ ਤਾਂ ਰਾਂਝਣ ਹਿੱਕ ਥੀਓਵਸੇ, ਖੇੜਿਆਂ ਨਾਲ ਜੁਦਾਈ*
*ਬੇਲੇ ਵੈਸਾਂ ਰਾਂਝੂ ਵਾਲੇ, ਛੋੜ ਬਬਾਨੀ ਸ਼ਾਹੀ*
*ਬਈ ਹਰ ਕਾਈ ਮਾਂ ਪਿਉ ਜਾਈ, ਹੀਰ ਇਸ਼ਕ ਦੀ ਜਾਈ*
*ਸੱਚੂ ਆਖੇ ਸੋਜ਼ ਮਾਹੀ ਦਾ, ਡੇਂਦਾ ਇਸ਼ਕ ਗਵਾਹੀ* *(ਸੱਚਲ ਸਰਮਸਤ)*

ਸੱਚਲ ਕਿਹੜੇ ਇਸ਼ਕ ਦੀ ਗੱਲ ਕੀਤੀ। ਰਾਂਝਾ ਕਿਹੜੀ ਰਮਜ਼ ਵਿਚ ਵਰਤਿਆ ਗਿਆ ਏ। ਗੁਰੂ ਅਰਜਨ ਕੀ ਛੱਡਣ ਤੇ ਕਿਹੜੀ ਸ਼ੈਅ ਦੇ ਪਾਵਣ ਦੀ ਗੱਲ ਕੀਤੀ। ਬਾਬਾ ਫਰੀਦ ਮਨ ਮੈਦਾਨ ਕਰਨ ਦਾ ਕੀ ਚੱਜ ਦੱਸਿਆ ਹੈ। ਇਹ ਸੱਭੇ ਏਕਤਾ ਦੀ ਗੱਲ ਕਰਦੇ ਨੇ ਤੇ ਬਰਾਬਰੀ ਦੀ ਨੀਂਹ ਉੱਤੇ ਧਰਿਆ ਹਰਿਆ ਭਰਿਆ ਸਮਾਜ। ਬਾਤਸ਼ਾਹੀ ਜ਼ਿੱਦ ਹੈ ਏਕਤਾ ਦੀ।

ਇਕ ਬਾਤਸ਼ਾਹ ਦੇ ਮਹਿਲ ਮਾੜੀਆਂ ਦੀਆਂ ਨੀਹਾਂ ਵਿਚ ਲੱਖਾਂ ਬੰਦਿਆ ਦਾ ਲਹੂ ਹੁੰਦਾ ਏ। ਏਸੇ ਧਰੂ ਦੇ ਲਹੂ ਤੋਂ ਈ ਨਾਬਰੀ ਪੁੰਗਰਦੀ ਹੈ। ਸ਼ਾਹ ਹੁਸੈਨ ਵੀ ਇਕ ਨਿਸ਼ਾਨ ਸੀ ਨਾਬਰੀ ਦਾ, ਅਕਬਰ ਦੇ ਲਾਗੂ ਕੀਤੇ ਜਬਰ ਦੇ ਨਿਜ਼ਾਮ ਦਾ। ਇਕ ਪਾਸੇ ਦੁੱਲਾ ਭੱਟੀ ਖੁਲ੍ਹ ਕੇ ਅਕਬਰ ਦੀ ਬਾਤਸ਼ਾਹੀ ਦੇ ਖਿਲਾਫ ਖਲੋਤਾ ਸੀ ਤੇ ਦੂਜੇ ਪਾਸੇ ਲਾਲ ਲੀੜਿਆਂ ਵਿਚ ਮੂੰਹ ਉੱਤੇ ਕਾਲਖ ਮਲ਼ਿਆ ਲਾਲ ਹੁਸੈਨ ਲਾਹੌਰ ਦੀਆਂ ਗਲ਼ੀਆਂ ਵਿਚ ਨੱਚਦਾ ਗਾਉਂਦਾ ਪਿਆ ਸੀ। ਉਸਦਾ ਗਾਵਣ, ਉਸਦੀ ਸ਼ਾਇਰੀ ਖਲਕਤ ਲਈ ਇਕ ਨਿਸ਼ਾਨ ਸੀ, ਜਿਹਦੀ ਸਰਦਲ 'ਬਾਬੇ ਮਾਰਗ ਰੀਤੀ' ਸੀ। ਵਾਰ ਦੇ ਪੰਨਿਆਂ ਵਿਚ ਇਹ ਗੱਲ ਵੀ ਦਿਸਦੀ ਹੈ ਕਿ ਜਦੋਂ ਸ਼ਹਿਰ ਲਾਹੌਰ ਦੇ ਦਿੱਲੀ ਦਰਵਾਜ਼ੇ ਦੇ ਬਾਹਰ ਦੁੱਲੇ ਨੂੰ ਫਾਂਸੀ ਚਾੜ੍ਹਿਆ ਜਾ ਰਿਹਾ ਸੀ ਤੇ ਖਲਕਤ ਬੇਵਸਾਹੀ ਨਾਲ ਸਭ ਕੁਝ ਵਿਹੰਦੀ ਪਈ ਸੀ, ਉਸ ਵੇਲ਼ੇ ਲਾਲ ਹੁਸੈਨ ਦੀ ਸ਼ਾਇਰੀ ਦੀ ਕੂਕ ਚਾਰ ਚੁਫੇਰੇ ਸੀ। ਲੋਕਾਂ ਵਿਚ ਖਲੋਤਾ ਅਕਬਰ ਦੀ ਬਾਤਸ਼ਾਹੀ ਦਾ ਮਖੌਲ ਉਡਾਉਂਦਾ ਲਾਲ ਹੁਸੈਨ ਆਪਣੇ ਵੇਲ਼ੇ ਦਾ ਚੰਗਾ ਡਾਢਾ ਪੜ੍ਹਿਆ ਲਿਖਿਆ ਤੇ ਜਾਣੂੰ ਸੀ। ਦਰਬਾਰ ਵਿਚ ਜਿਹੜੀ ਥਾਂ ਚਾਹੁੰਦਾ ਲੱਭ ਸਕਦੀ ਸੀ। ਉਸ ਦੇ ਨਾਲ ਈ ਪੜ੍ਹਿਆ ਮੁਲਕ ਅਲੀ ਲਾਹੌਰ ਦਾ ਕੋਤਵਾਲ ਸੀ। ਦੁੱਲੇ ਨੂੰ ਫਾਂਸੀ ਚਾੜ੍ਹਦਿਆਂ ਮੁਲਕ ਅਲੀ ਕੋਤਵਾਲ ਤੇ ਹੋਰ ਸਰਕਾਰੀ ਅਹਿਲਕਾਰ ਫਾਂਸੀ ਤੋਂ ਵੱਧ ਸ਼ਾਹ ਹੁਸੈਨ ਦੀ ਸ਼ਾਇਰੀ ਤੋਂ ਚਿੰਤਤ ਸਨ। ਉਹ ਸ਼ਾਹ ਹੁਸੈਨ ਨੂੰ ਜ਼ੰਜੀਰਾਂ ਪਾਉਂਦੇ, ਬੇੜੀਆਂ ਬੰਨ੍ਹਦੇ। ਪਰ ਉਹ ਸਾਰੀਆਂ ਜ਼ੰਜੀਰਾਂ ਆਪਣੇ ਆਪ ਖੁਲ੍ਹ ਜਾਂਦੀਆਂ। ਤਲਿਸਮ ਤੇ ਜਾਦੂ ਤੋਂ ਕੁਝ ਪਰਾਂਹ ਹੋ ਕੇ ਜੇ ਉਨ੍ਹਾਂ ਜ਼ੰਜੀਰਾਂ ਦੀਆਂ ਰਮਜ਼ਾਂ ਨੂ ਜਾਣੀਏਂ ਤੇ ਇਹ ਗੱਲ ਦਿਸਦੀ ਏ ਕਿ ਸ਼ਾਹ ਹੁਸੈਨ ਨੂੰ ਕਿਸੇ ਜ਼ੰਜੀਰ ਵਿਚ ਬੰਨ੍ਹਿਆ ਜਾ ਹੀ ਨਹੀਂ ਸਕਦਾ ਸੀ। ਕਿਉਂਜੁ ਉਹ ਪਹਿਲਾਂ ਹੀ ਜ਼ੰਜੀਰਾਂ ਵਿਚ ਸੀ। ਖਲਕਤ ਦੇ ਨਾਲ ਇਸ਼ਕ, ਬਰਾਬਰੀ ਤੇ ਸਾਂਝ ਦੀਆਂ ਜ਼ੰਜੀਰਾਂ ਵਿਚ:

*ਰੱਬਾ ਮੇਰੇ ਹਾਲ ਦਾ ਮਹਿਰਮ ਤੂੰ*
*ਅੰਦਰ ਤੂੰ ਹੈਂ ਬਾਹਰ ਤੂੰ ਹੈਂ, ਰੋਮ ਰੋਮ ਵਿਚ ਤੂੰ*
*ਤੂੰ ਹੈਂ ਤਾਣਾ ਤੂੰ ਹੈਂ ਬਾਣਾ, ਸਭ ਕੁਝ ਮੇਰਾ ਤੂੰ*
*ਕਹੇ ਹੁਸੈਨ ਫਕੀਰ ਨਿਮਾਣਾ, ਮੈਂ ਨਾਹੀਂ ਸੱਭ ਤੂੰ*

ਅਕਬਰ ਵੇਲ਼ੇ ਦਾ ਇਹ ਸ਼ਾਇਰ ਸਦੀਆਂ ਤੀਕਰ ਆਮ ਲੋਕਾਂ ਦੇ ਨਾਲ ਗਿਆਨੀ ਧਿਆਨੀ ਲੋਕਾਂ ਦੀਆਂ ਅੱਖੀਆਂ ਤੋਂ ਉਹਲੇ ਰਿਹਾ। ਉਸ ਦੀਆਂ ਕਾਫੀਆਂ ਸਿੰਧ ਤੇ ਇਸ ਦੇ ਨਾਲ ਪੰਜਾਬ ਦੇ ਕੱਵਾਲਾਂ ਦੇ ਸੈਣੀਆਂ ਵਿਚ ਪੀੜ੍ਹੀਓ ਪੀੜ੍ਹੀ ਟੁਰਦੀਆਂ ਰਹੀਆਂ। ਵੀਹਵੀਂ ਸਦੀ ਦੇ ਮੁੱਢਾਂ ਵਿਚ ਕਿਸੇ ਸ਼ੁਕੀਨ ਸਿੰਧੀ, ਜੋ ਸਿੰਧ ਦੀਆਂ ਢੇਰ ਥਾਂਵਾਂ ਫਿਰਿਆ, ਨੇ ਕੱਵਾਲਾਂ, ਗਵਈਆਂ ਕੋਲ਼ੋਂ ਕਾਫੀਆਂ ਇਕੱਠੀਆਂ ਕਰ ਕੇ ਲਿਖੀਆਂ। ਇਸ ਸ਼ੌਕੀਨ ਦਾ ਨਾਂ ਅਜੇ ਤਾਈਂ ਸਾਹਮਣੇ ਨਹੀਂ ਆਇਆ। ਉਹਦੀਆਂ ਇਕੱਠੀਆਂ ਕੀਤੀਆਂ ਕਾਫੀਆਂ ਨੂੰ 1940 ਈ. ਵਿਚ ਡਾਕਟਰ ਮੋਹਨ ਸਿੰਘ ਦੀਵਾਨਾ ਨੇ ਛਾਪਿਆ। ਉਨ੍ਹਾਂ ਮਗਰੋਂ ਪਰਖ ਪੜਚੋਲ ਮਾੜੀ ਮਾੜੀ ਜਿਹੀ ਟੁਰਦੀ ਰਹੀ ਤੇ ਫਿਰ ਅੱਜ ਦੇ ਇਕ ਵੱਡੇ ਸੁਝਵਾਨ ਜਨਾਬ ਮੁਹੰਮਦ ਆਸਿਫ ਖਾਨ ਹੋਰਾਂ ਆਪਣੀ ਖੋਜ, ਪਰਖ ਪੜਚੋਲ ਮਗਰੋਂ ਮਜਲਿਸ ਸ਼ਾਹ ਹੁਸੈਨ ਵੱਲੋਂ ਛਾਪਿਆ। ਉਨ੍ਹਾਂ ਦੇ ਨਾਲ ਸ਼ਾਹ ਹੁਸੈਨ ਦੇ ਕਲਾਮ ਦੀ ਖੋਜ, ਪਰਖ ਤੇ ਸੋਧ ਵਿਚ ਡਾਕਟਰ ਨਜ਼ੀਰ ਅਹਿਮਦ ਦੇ ਯਤਨ ਵੀ ਲੋਕਾਂ ਵੇਖੇ। ਏਵੇਂ ਡੇਢ ਸੌ ਦੇ ਨੇੜੇ ਤੇੜੇ ਕਾਫੀਆਂ ਸਿੰਧੀ ਕੱਵਾਲਾਂ ਦੇ ਕਾਰਨ ਆਮ ਲੋਕਾਂ ਤਕ ਅੱਪੜੀਆਂ। ਉਹ ਲੋਕੀਂ ਜਿਹੜੇ ਏਸ ਗੱਲ ਨੂੰ ਮੰਨਦੇ ਨੇ ਕਿ ਪੰਜਾਬੀ ਬੋਲੀ ਹਰ ਥਾਂ ਨਹੀਂ ਸਮਝੀ ਜਾਉਂਦੀ, ਸਿੰਧ ਤੋਂ ਪੰਜਾਬੀ ਕਾਫੀਆਂ ਦਾ ਲੱਭਣਾ, ਉਨ੍ਹਾਂ ਲਈ ਇਕ ਸਵਾਲ ਤੇ ਵਿਚਾਰ ਹੈ। ਇਨ੍ਹਾਂ ਕਾਫੀਆਂ ਤੋਂ ਅੱਡ ਖੌਰੇ ਸ਼ਾਹ ਹੁਸੈਨ ਦਾ ਕੇਡਾ ਢੇਰ ਕੰਮ ਹੋਵੇਗਾ ਜਿਹੜਾ ਸੰਭਾਲਿਆ ਨਾ ਗਿਆ ਤੇ ਨਾ ਹੀ ਲਿਖਿਆ ਜਾ ਸਕਿਆ।

ਆਪਣੀ ਇਸ ਚਰਚਾ ਦਾ ਮੁੱਢਾਂ ਮੇਲੇ ਨਾਲ ਬੰਨ੍ਹਿਆ ਹੋਇਆ ਸੀ। ਹੁਣ ਫੇਰ ਪਹਿਲੇ ਵੱਲ ਪਰਤਣੇ ਆਂ। ਜੇ ਇਹ ਗੱਲ ਦੁਹਰਾਈ ਜਾਵੇ ਕਿ ਚਿਰਾਗ਼ਾਂ ਦਾ ਇਹ ਮੇਲਾ ਪੂਰੇ ਪੰਜਾਬ ਵਿਚ ਹੋਵਣ

ਵਾਲੇ ਮੇਲਿਆਂ ਦੀ ਨੀਂਹ ਉਸਾਰਦਾ ਏ ਤੇ ਇਹ ਗੱਲ ਝੂਠੀ ਨਹੀਂ। ਸ਼ਾਹ ਹੁਸੈਨ ਦੇ ਨਾਲ ਜੁੜੇ ਚਿਰਾਗ਼ਾਂ ਦੇ ਮੇਲੇ ਦੇ ਨਾਲ ਨਾਲ ਬਸੰਤ ਦੇ ਮੇਲੇ ਦਾ ਵੇਰਵਾ ਮੌਲਵੀ ਨੂਰ ਅਹਿਮਦ ਚਿਸ਼ਤੀ ਹੋਰਾਂ ਆਪਣੀ ਕਿਤਾਬ 'ਤਹਿਕੀਕਾਤ ਚਿਸ਼ਤੀ' (ਸਫਾ 357) ਉੱਤੇ ਏਵੇਂ ਕੀਤਾ ਏ:

"ਚਿਰਾਗ਼ਾਂ ਦੇ ਮੇਲੇ ਦਾ ਇਹ ਹਾਲ ਹੈ ਕਿ ਕਈ ਮੀਲਾਂ ਤੋਂ ਖਲਕਤ ਇਕੱਠੀ ਹੋ ਕੇ ਜ਼ਿਆਰਤ ਪਾਰੋਂ ਆਉਂਦੀ ਏ, ਤੇ ਸ਼ਾਲਾਮਾਰ ਬਾਗ਼ ਦੀ ਐਡੀ ਖੁਲ੍ਹੀ ਢੇਰ ਥਾਂ ਆਪਣੀ ਥਾਵੇਂ, ਪਰ ਖਲਕਤ ਕਾਰਨ ਪੈਰ ਧਰਨ ਦੀ ਥਾਂ ਨਹੀਂ ਲੱਭਦੀ। ਸੁਬਹਾਨ ਅੱਲਾ ਇਸ ਦਿਹਾੜ ਇਕ ਵੱਖਰਾ ਆਨੰਦ ਹੁੰਦਾ ਏ ਕਿ ਬੂਟੇ ਬੂਟੇ ਹੇਠ ਰਾਗਦਾਰੀ ਹੁੰਦੀ ਏ। ਇਕ ਦਿਨ ਤੇ ਇਕ ਰਾਤ ਜ਼ਿਆਰਤ ਕਰਨ ਵਾਲਿਆਂ ਤੇ ਹਾਜ਼ਰੀ ਦੇਵਣ ਵਾਲਿਆਂ ਦੀ ਗਿਣਤੀ ਏਨੀ ਵਧ ਜਾਉਂਦੀ ਏ ਕਿ ਬਾਗ਼ ਤੇ ਖਾਨਕਾਹ ਦੀ ਥਾਂ ਤੋਂ ਲਾਹੌਰ ਦੇ ਬੂਹੇ ਤੀਕਰ ਢੇਰ ਖਲਕਤ ਹੁੰਦੀ ਏ ਕਿ ਜਿੱਥੋਂ ਤੀਕਰ ਨਿਗ੍ਹਾ ਜਾਉਂਦੀ ਏ ਬੰਦਾ ਈ ਬੰਦਾ ਦਿਸਦਾ ਏ।

ਇਨ੍ਹਾਂ ਦਿਹਾੜਾਂ ਵਿਚ ਕੰਮ ਕਾਰ ਤੋਂ ਅਵਾਜ਼ਾਰ, ਸੱਠ ਸੱਤਰ ਹਜ਼ਾਰ ਬੰਦੇ ਅੰਮ੍ਰਿਤਸਰ ਤੋਂ ਲਾਹੌਰ ਰੇਲ ਗੱਡੀ ਰਾਹੀਂ ਅੱਪੜਦੇ ਨੇ। ਰੇਲ ਤੋਂ ਅੱਡ ਇਕ ਵੱਡੀ ਗਿਣਤੀ ਲੋਕਾਂ ਦੀ ਯੱਕਿਆਂ ਰੇੜ੍ਹੀਆਂ ਉੱਤੇ, ਪੈਦਲ, ਬੱਘੀਆਂ ਉੱਤੇ ਤੇ ਏਸ ਦੇ ਨਾਲੋ ਨਾਲ ਊਠਾਂ ਉੱਤੇ ਬਹਿ ਕੇ ਅੱਪੜਦੀ ਏ। ਹਲਵਾਈਆਂ ਦੀਆਂ ਸਜਾਈਆਂ ਹੱਟਾਂ ਉੱਤੇ ਕੀ ਵਪਾਰ ਹੁੰਦਾ ਏ, ਇਸ ਦੀ ਤਾਂ ਗੱਲ ਹੀ ਛੱਡ ਦੇਵੋ।

ਇਸ ਦਿਹਾੜੇ ਸਾਰੇ ਜ਼ਿਲ੍ਹੇ ਦੇ ਹਾਕਮ ਤੇ ਪੁਲਸ ਦੇ ਅਫਸਰ ਬੰਦੋਬਸਤ ਪਾਰੋਂ ਓਥੇ ਇਕੱਠੇ ਹੁੰਦੇ ਨੇ। ਇਸੇ ਦਿਹਾੜੀ ਇਕ ਹੱਟੀ ਆਬਕਾਰੀ ਦੀ ਉਸਾਰੀ ਜਾਂਦੀ ਏ। ਏਸ ਗੱਲ ਨੂੰ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਸ਼ਰੀਫ ਲੋਕੀਂ ਘੱਟ ਈ ਇਨ੍ਹਾਂ ਥਾਵਾਂ ਉੱਤੇ ਆਉਂਦੇ ਨੇ ਤੇ ਏਸ ਨਾਲ ਜੋ ਕੁਝ ਹੁੰਦਾ ਹੈ ਉਹ ਵੀ ਕਮਾਲ ਈ ਹੁੰਦਾ ਏ। ਇਸ ਦਿਹਾੜੀ ਜਿੱਥੋਂ ਤੀਕਰ ਨਿਗ੍ਹਾ ਜਾਉਂਦੀ ਏ ਹਰ ਜੀਵ ਸੋਹਣੇ ਲੀੜੇ ਪਾ ਕੇ ਓਥੇ ਆਉਂਦਾ ਏ। ਏਥੋਂ ਤੀਕਰ ਕਿ ਜਿਸ ਬੰਦੇ ਕੋਲ ਰਾਤ ਨੂੰ ਖਾਵਣ ਦੀ ਰੋਟੀ ਨਹੀਂ ਹੁੰਦੀ, ਉਸ ਦਿਹਾੜੀ ਉਹ ਵੀ ਨਵਾਬ ਬਣ ਕੇ ਆਉਂਦਾ ਏ। ਹਜ਼ਾਰਾਂ ਰੁਪਈਆਂ ਦੀ ਸ਼ਰਾਬ ਆਪਣੀ ਥਾਵੇਂ ਵਿਕਦੀ ਏ। ਮੇਰਾ ਕਲਮ ਏਸ ਜੋਗਾ ਨਹੀਂ ਕਿ ਉਹ ਏਸ ਮੇਲੇ ਦੀਆਂ ਰੌਣਕਾਂ ਲਿਖ ਸਕੇ। ਹੁਣ ਮੈਂ ਬਸੰਤ ਦੇ ਮੇਲੇ ਦਾ ਅੱਖੀਆਂ ਵੇਖਿਆ ਹਾਲ ਸੁਣਾਵਾਂਗਾ।

ਅੱਜ ਦੂਜੀ ਜਨਵਰੀ ਸਾ ਸ਼ੋਬਾ ਦੇ ਦਿਹਾੜ ਹਜ਼ੂਰ ਸ਼ਾਹ ਹੁਸੈਨ ਦਾ ਉਰਸ ਤੇ ਨਾਲ ਬਸੰਤ ਦਾ ਮੇਲਾ ਹੈ। ਤੇ ਮੈਂ ਫਕੀਰ ਬੰਦਾ ਵੀ ਹਾਜ਼ਰੀ ਦੇਵਣ ਟੁਰ ਗਿਆ। ਮੈਂ ਕੀ ਦੱਸਾਂ ਕਿ ਮੈਂ ਓਥੇ ਕਿਸ ਗਿਣਤੀ ਵਿਚ ਖਲਕਤ ਯੱਕਿਆਂ, ਬੱਘੀਆਂ ਤੇ ਘੋੜੇ ਹਾਥੀਆਂ ਉੱਤੇ ਤੱਕੀ। ਦਿੱਲੀ ਦਰਵਾਜ਼ੇ ਤੋਂ ਸ਼ਾਲਾਮਾਰ ਬਾਗ਼ ਤੋੜੀ ਐਡੀ ਖਲਕਤ ਸੀ ਕਿ ਤਿਲ ਸੁੱਟਣ ਨੂੰ ਥਾਂ ਭੋਈਂ ਉੱਤੇ ਨਹੀਂ ਲੱਭਦੀ ਸੀ।"

ਵੰਡ ਤੋਂ ਪਹਿਲਾਂ ਤੇ ਉਸ ਮਗਰੋਂ ਇਕ ਲਿਖਤ ਮਸਊਦ ਨਿਜ਼ਾਮੀ ਹੋਰਾਂ ਦੀ 'ਨਕੂਸ਼' ਲਾਹੌਰ ਨੰਬਰ (ਸਫਾ 763) ਉੱਤੇ ਏਵੇਂ ਦਿਸਦੀ ਏ:

"ਲਾਹੌਰ ਦੇ ਮੇਲਿਆਂ ਵਿਚ ਸਭ ਤੋਂ ਵੱਡਾ ਮੇਲਾ ਜਿਹੜਾ ਹਰ ਵਰ੍ਹੇ ਮਾਰਚ ਦੇ ਅਖੀਰਲੇ ਹਫਤੇ ਐਤਵਾਰ ਨੂੰ ਮੁਗ਼ਲਾਂ ਦੇ ਉਸਾਰੇ ਸ਼ਾਲਾਮਾਰ ਬਾਗ਼ ਵਿਚ ਲੱਗਦਾ ਏ। ਜੇ ਰੋਜ਼ਿਆਂ ਦਾ ਮਹੀਨਾ ਆ ਜਾਵੇ ਤੇ ਏਸ ਦੀ ਤਾਰੀਖ ਬਦਲ ਕੇ ਰੋਜ਼ਿਆਂ ਮਗਰੋਂ ਕਰ ਦਿੱਤੀ ਜਾਂਦੀ ਏ। ਬਹਾਰ ਰੁੱਤ ਦਾ ਇਹ ਮੇਲਾ ਆਪਣੀ ਸ਼ਾਨ ਵਿਚ ਇਕ ਅਚਰਜ ਅਡਿੱਠਾ ਮੇਲਾ ਏ। ਹਫਤੇ ਦੀ ਸ਼ਾਮ ਨੂੰ ਦਰਗਾਹ ਮਾਧੋ ਲਾਲ ਹੁਸੈਨ, ਜਿਹੜੀ ਸ਼ਾਲਾਮਾਰ ਬਾਗ਼ ਤੋਂ ਅੱਧੇ ਮੀਲ ਘੱਟ ਪੈਂਡੇ ਉੱਤੇ ਬਾਗ਼ਬਾਨਪੁਰਾ ਵਿਚ ਹੈ (ਜਿਸ ਨੂੰ ਅੱਜ ਵੀ ਬਜ਼ੁਰਗ ਭਗਵਾਨਪੁਰਾ ਵੀ ਆਖਦੇ ਨੇ) ਇੱਥੇ ਚਿਰਾਗ਼ ਇਕ ਵੱਡੀ ਗਿਣਤੀ ਵਿਚ ਜਗਾ ਕੇ ਆਉਂਦੇ ਨੇ। ਏਸ ਕਾਰਨ ਦਰਗਾਹ ਤੇ ਏਸ ਦੇ ਆਲ਼ੇ ਦੁਆਲ਼ੇ ਦੀ ਥਾਂ ਚਾਨਣ ਨਾਲ ਭਰ ਜਾਂਦੀ ਏ। ਦਰਸ਼ਕ ਤੇ ਮੇਲੇ ਵਿਚ ਹਾਜ਼ਰੀ ਦੇਵਣ ਵਾਲੇ ਲੋਕੀਂ ਦਰਗਾਹ ਉੱਤੇ ਵੀ ਬਹਿੰਦੇ ਨੇ ਤੇ ਸ਼ਾਲਾਮਾਰ ਬਾਗ਼ ਵਿਚ ਵੀ। ਭਾਵੇਂ ਚਿਰਾਗ਼ ਦਰਗਾਹ ਮਾਧੋ ਲਾਲ ਹੁਸੈਨ ਉੱਤੇ ਈ ਜਗਦੇ ਨੇ ਪਰ ਮੇਲਾ ਸ਼ਾਲਾਮਾਰ ਬਾਗ਼ ਵਿਚ ਲੱਗਦਾ ਏ। ਮੇਲੇ ਦੇ ਦਿਨਾਂ ਵਿਚ ਬਾਗ਼ ਦਾ ਦਰਸ ਡਾਢਾ ਸੋਹਣਾ ਤੇ ਨਿਵੇਕਲ਼ਾ ਹੁੰਦਾ ਏ। ਏਸ ਦੇ ਹੌਜ਼ ਪਾਣੀ ਨਾਲ ਨੱਕੋ ਨੱਕ ਭਰ ਜਾਂਦੇ ਨੇ। ਫਵਾਰੇ ਛੁੱਟਦੇ ਨੇ ਤੇ ਜਦੋਂ

ਸੰਗਮਰਮਰ ਦੀ ਆਬਸ਼ਾਰ ਉੱਤੇ ਪਾਣੀ ਢੀਂਦਾ ਤੇ ਬੰਦਾ ਕਿਸੇ ਹੋਰ ਜਹਾਨ ਅੱਪੜ ਜਾਂਦਾ ਏ। ਰੁੱਖਾਂ, ਫੁੱਲਾਂ, ਬੂਟਿਆਂ ਤੇ ਲੋਕਾਈ ਦੇ ਲੀੜਿਆਂ ਦੀਆਂ ਲਿਸ਼ਕਾਂ ਕਾਰਨ ਮੁਗ਼ਲ ਬਾਤਸ਼ਾਹ ਸ਼ਾਹ ਜਹਾਨ ਦਾ ਇਹ ਬਾਗ਼ ਪਰਸਤਾਨ ਦੀ ਸ਼ਕਲ ਬਣ ਜਾਂਦਾ ਏ।

ਪਾਕਿਸਤਾਨ ਬਣਨ ਤੋਂ ਪਹਿਲਾਂ ਤੀਕਰ ਇੱਥੇ ਗੁਜਰਾਂਵਾਲਾ, ਸਿਆਲਕੋਟ, ਗੁਜਰਾਤ, ਸ਼ੇਖੂਪੁਰਾ, ਅੰਮ੍ਰਿਤਸਰ, ਜਲੰਧਰ, ਫਿਰੋਜ਼ਪੁਰ ਤੇ ਮੁਲਤਾਨ ਤੋਂ ਢੇਰ ਲੋਕ ਇਹ ਮੇਲਾ ਤੱਕਣ ਆਉਂਦੇ ਸਨ। ਸ਼ਹਿਰੀਆਂ ਤੋਂ ਅੱਡ ਇੱਥੇ ਇਕ ਵੱਡੀ ਗਿਣਤੀ ਪਿੰਡਾਂ ਥਾਵਾਂ ਦੇ ਲੋਕਾਂ ਦੀ ਵੀ ਹਾਜ਼ਰੀ ਦੇਵਣ ਆਉਂਦੀ ਸੀ। ਹਿੰਦੂ, ਮੁਸਲਿਮ ਤੇ ਸਿੱਖ ਪੇਂਡੂਆਂ ਦੀਆਂ ਟੋਲੀਆਂ ਦਿਨੇ ਰਾਤੀਂ ਮੇਲੇ ਵਿਚ ਬੋਲੀਆਂ ਬੋਲਦਿਆਂ ਤੇ ਲੋਕ ਗੀਤ ਗਾਵਣ ਗਾ ਕੇ ਸੁਆਦ ਲੈਂਦੀਆਂ ਤੇ ਏਸ ਦੇ ਨਾਲੋ ਨਾਲ ਦੇਖਣ ਆਲ਼ਿਆਂ ਨੂੰ ਵੀ ਆਨੰਦ ਲੱਭਦਾ।

ਅੱਜ ਤੋਂ ਚਾਲ਼ੀਹਾ ਵਰ੍ਹੇ ਪਹਿਲਾਂ ਹਫਤੇ ਦੀ ਰਾਤ ਨੂੰ ਜਦੋਂ ਚਿਰਾਗ਼ ਜਗਦੇ ਤੇ ਸ਼ਾਲਾਮਾਰ ਬਾਗ਼ ਵਿਚ ਇਕ ਅਚਰਜ ਬਹਾਰ ਹੁੰਦੀ। ਸ਼ਹਿਰ ਦੇ ਅਮੀਰਾਂ ਤੇ ਰਈਸਾਂ ਦੇ ਉੱਚੀ ਸ਼ਾਨ ਵਾਲੇ ਤੰਬੂਆਂ ਵਿਚ ਸੰਗੀਤ ਦੀਆਂ ਸੰਗਤਾਂ ਸਜਦੀਆਂ, ਜਿਨ੍ਹਾਂ ਵਿਚ ਲਾਹੌਰ ਦੀਆਂ ਪ੍ਰਸਿੱਧ ਗਾਵਣ ਵਾਲੀਆਂ ਦੇ ਮੁਜਰੇ ਹੁੰਦੇ, ਭੰਡਾਂ ਦੀਆਂ ਨਕਲਾਂ ਹੁੰਦੀਆਂ, ਹੀਰ ਰਾਂਝੇ ਦੇ ਸਵਾਂਗ ਭਰ ਜਾਉਂਦੇ ਤੇ ਰਾਤ ਇਨ੍ਹਾਂ ਮੌਜ ਮਸਤੀਆਂ ਵਿਚ ਹੰਢ ਜਾਂਦੀ। ਬਾਗ਼ ਦੇ ਅੰਦਰ ਹੱਟੀਆਂ ਲੱਗਦੀਆਂ ਜਿੱਥੇ ਹਰ ਸ਼ੈਅ ਮਿਲਦੀ ਸੀ। ਪੇਂਡੂ ਸਾਰੀ ਰਾਤ ਆਪਣੇ ਗਾਉਣ ਗਾਂਵਦੇ ਤੇ ਬੋਲੀਆਂ ਬੋਲਣ ਨਾਲ ਮੇਲੇ ਦੀ ਰੌਣਕ ਵਧਾਂਦੇ। ਅਗਲੇ ਵਰ੍ਹੇ ਕੁਝ ਟੋਲੀਆਂ ਦੀ ਬੋਲੀਆਂ ਮੇਰੇ ਚੇਤੇ ਵੀ ਰਹਿ ਗਈਆਂ। ਤੁਸੀਂ ਉਹ ਸੁਣੋ:

*1.ਖੱਟਣ ਚੱਲਿਆ ਤੇ ਕੀ ਖੱਟ ਲਿਆਂਦਾ, ਖੱਟ ਕੇ ਲਿਆਂਦੇ ਪੇੜੇ*
*ਤੀਵੀਆਂ ਬਣਾਉਣ ਵਾਲ਼ਿਆ, ਤੇਰੇ ਵਿਚ ਜੰਨਤਾਂ ਦੇ ਡੇਰੇ*
*2. ਗੋਰੀ ਨਹਾ ਕੇ ਛੱਪੜ ਵਿਚੋਂ ਨਿਕਲੀ, ਸੁਲਫੇ ਦੀ ਲਾਟ ਵਰਗੀ*
*3. ਬੇਰੀਆਂ ਨੂੰ ਬੇਰ ਲੱਗ ਗਏ, ਤੈਨੂੰ ਕੁਝ ਨਾ ਲੱਗਾ ਮੁਟਿਆਰੇ*
*4. ਕਾਹਨੂੰ ਡਾਹਨੀਏਂ ਗ਼ਲੀ ਦੇ ਵਿਚ ਚਰਖਾ, ਬਹੁਤਿਆਂ ਦੇ ਖ਼ੂਨ ਹੋਵਣਗੇ*

ਨਕੂਸ਼ ਲਾਹੌਰ ਨੰਬਰ ਦਾ ਇਹ ਮਜ਼ਮੂਨ 1962 ਈ. ਤੋਂ ਪਹਿਲਾਂ ਲਿਖਿਆ ਗਿਆ ਸੀ ਤੇ ਨੂਰ ਅਹਿਮਦ ਚਿਸ਼ਤੀ ਦੀ ਲਿਖਤ 1870 ਈ. ਦੇ ਆਲ਼ੇ ਦੁਆਲੇ ਦੀ ਏ। ਜੇ ਇਨ੍ਹਾਂ ਲਿਖਤਾਂ ਵੱਲ ਧਿਆਨ ਪਾਇਆ ਜਾਵੇ ਤਾਂ ਸ਼ਾਹ ਹੁਸੈਨ ਦਾ ਮੇਲਾ ਸੈਂਕੜੇ ਵਰ੍ਹੇ ਪੁਰਾਣਾ ਦਰਾਵੜਾਂ ਦਾ ਮੇਲਾ ਜਾਪਦਾ ਏ, ਜਿਸ ਵਿਚ ਹਰ ਧਰਮ, ਜਾਤੀ ਤੇ ਮੇਲ ਦਾ ਬੰਦਾ ਹੁੰਦਾ ਸੀ। ਅੰਗਰੇਜ਼ ਸਰਕਾਰ ਦੇ ਵੇਲ਼ੇ ਇਕ ਰੇਲ ਗੱਡੀ ਖਾਸ ਇਨ੍ਹਾਂ ਦਿਹਾੜਾਂ ਵਿਚ ਟੁਰਦੀ ਜਿਹੜੀ ਹਰ ਅੱਧੇ ਘੰਟੇ ਮਗਰੋਂ ਅੰਮ੍ਰਿਤਸਰ ਲਾਹੌਰ ਨੂੰ ਆਂਦੀ ਜਾਵੰਦੀ। ਮੇਲੇ ਵਿਚ ਆਈ ਲੱਖਾਂ ਦੀ ਖਲਕਤ ਨੂੰ ਸਾਂਭਣ ਪਾਰੋਂ ਲਾਹੌਰ ਜੀ.ਟੀ.ਰੋਡ ਅਤੇ ਗੁਲਾਬੀ ਬਾਗ਼ ਨੂੰ ਕੁਝ ਚਿਰ ਲਈ ਪੁਲਸ ਚੌਕੀ ਵਿਚ ਬਦਲ ਦਿੱਤਾ ਜਾਂਦਾ। ਅੰਗਰੇਜ਼ਾਂ ਤੋਂ ਅਜੇ ਤਾਈਂ ਏਸ ਬਾਗ਼ ਦੇ ਬੱਸ ਸਟਾਪ ਨੂੰ ਗੁਲਾਬੀ ਚੌਂਕੀ ਦੇ ਨਾਂ ਤੋਂ ਸੱਦਿਆ ਜਾਂਦਾ ਰਿਹਾ। ਇਹ ਵੱਖਰੀ ਗੱਲ ਹੈ ਕਿ ਲਾਹੌਰ ਦੇ ਵਾਸੀਆਂ ਨੂੰ ਏਸ ਗੱਲ ਦੀ ਕੋਈ ਜਾਣਕਾਰੀ ਨਹੀਂ ਕਿ ਏਸ ਸਟਾਪ ਨੂੰ ਗੁਲਾਬੀ ਚੌਂਕੀ ਕਿਉਂ ਆਖਿਆ ਜਾਂਦਾ ਸੀ।

ਵੰਡ ਮਗਰੋਂ ਜੋ ਕੁਝ ਏਧਰ ਦੀ ਰਹਿਤਲ ਬਹਿਤਲ ਨਾਲ ਹੋਇਆ ਉਹ ਸਭ ਦੇ ਸਾਹਮਣੇ ਏ। 1980 ਦੇ ਦਹਾਕੇ ਵਿਚ ਏਸ ਮੇਲੇ ਉੱਤੇ ਵੀ ਕਈ ਚੱਜਾਂ ਦੀਆਂ ਬਾਂਧਾਂ ਬੰਨ੍ਹ ਛੱਡੀਆਂ ਗਈਆਂ। ਉਸ ਵੇਲ਼ੇ ਦੀ ਫੌਜੀ ਸਰਕਾਰ ਨੂੰ ਹਰ ਉਸ ਥਾਂ ਤੋਂ ਡਰ ਸੀ ਜਿੱਥੇ ਕਿਧਰੇ ਵੀ ਚਾਰ ਜੀਅ ਇਕੱਠੇ ਹੋ ਜਾਂਦੇ ਸਨ। ਪਰ ਫਿਰ ਵੀ ਓਥੇ ਈ 'ਲਾਲ ਕਾਫਰ' ਦੇ ਨਾਂ ਵਾਲੀ ਦੁੱਧ ਵਾਲੀ ਹੱਟੀ ਜਿਉਂਦੀ ਜਾਗਦੀ ਰਹੀ। ਤੇ ਜਦੋਂ ਐੱਮ ਆਰ ਡੀ ਦੀ ਲਹਿਰ ਟੁਰੀ ਤੇ ਉਸਦੀਆਂ ਨੀਂਹਾਂ ਵੀ ਉੱਥੇ ਈ ਪੱਕੀਆਂ ਹੋਈਆਂ ਤੇ ਉਦੋਂ ਇਹ ਨਾਅਰ ਵੱਜਿਆ:

*ਮਹਿੰਗਾ ਆਟਾ ਮਹਿੰਗੀ ਦਾਲ਼, ਮਾਧੋ ਲਾਲ ਮਾਧੋ ਲਾਲ*
*ਹੋ ਗਏ ਇਹਨੂੰ ਕਿੰਨੇ ਸਾਲ, ਮਾਧੋ ਲਾਲ ਮਾਧੋ ਲਾਲ*

ਸੰਤਾਲ਼ੀ ਤੋਂ ਅੱਜ ਦਿਹਾੜ ਤੀਕਰ ਲੈਂਡ ਮਾਫੀਆ ਦਾ ਕੰਮ ਵਧਿਆ ਪਿਆ ਏ ਤੇ ਏਸ ਨਾਲ ਦਹਿਸ਼ਤਗਰਦੀ ਤੇ ਦੂਜੇ ਰੌਲ਼ਿਆਂ ਕਾਰਨ ਅਗਲਿਆਂ ਸ਼ਾਲੀਮਾਰ ਬਾਗ਼ ਦੇ ਸਾਹਮਣੇ ਜਿੱਥੇ ਅੰਗੂਰੀ ਬਾਗ਼ ਦੇ ਕੁਝ ਨਿਸ਼ਾਨ ਹੈ ਸਨ, ਓਥੇ ਉਨ੍ਹਾਂ ਅੰਗੂਰੀ ਬਾਗ਼ ਸਕੀਮ ਬਣਾ ਛੱਡੀ। ਇੱਥੇ ਈ ਫਿਰ ਅੰਗੂਰੀ ਸਿਨਮਾ ਵੀ ਬਣਿਆ। ਸ਼ਾਲਾਮਾਰ ਬਾਗ਼ ਤੋਂ ਅਗਾਂਹ ਜੀ.ਟੀ.ਰੋਡ ਉੱਤੇ ਖੇਤ ਪੈਲ਼ੀਆਂ ਹੁੰਦੇ ਸਨ। ਜਿਹਨਾਂ ਵਿਚ ਕਦੇ ਕਿਧਰੇ ਅਗਲਿਆਂ ਵੇਲ਼ਿਆਂ ਦੇ ਬਾਗ਼ਾਂ ਤੇ ਹਵੇਲੀਆਂ ਦੇ ਖੰਡਰ ਵੀ ਦਿੱਸਦੇ ਸਨ। ਖਲਕਤ ਵਸੀ, ਸ਼ਾਮਲਾਟਾਂ ਉੱਤੇ ਕਬਜ਼ੇ ਹੋਏ। ਚਾਰ ਚੁਫੇਰੇ ਮਕਾਨ ਛੱਤੇ ਗਏ। ਵੱਡੀਆਂ ਵੱਡੀਆਂ ਹਵੇਲੀਆਂ ਨੇ ਕਟੜਿਆਂ ਦੇ ਰੂਪ ਧਾਰੇ। ਜਿੱਥੇ ਇਕ ਪਰਿਵਾਰ ਵਸਦਾ ਸੀ, ਉਨ੍ਹਾਂ ਮਕਾਨਾਂ ਵਿਚ ਗਲ਼ੀਆਂ ਬਣਾ ਕੇ ਪੰਜਾਹ ਪੰਜਾਹ ਘਰ ਉਸਾਰੇ ਗਏ।

ਸ਼ਾਹ ਹੁਸੈਨ ਦੇ ਮੇਲੇ ਕਾਰਨ ਸਾਰਾ ਲਾਹੌਰ ਈ ਜਗ ਜਾਂਦਾ ਸੀ ਤੇ ਵੰਡ ਮਗਰੋਂ ਵੀ ਕਈ ਵਰ੍ਹਿਆਂ ਤੀਕਰ ਮੁਗਲਪੁਰੇ ਚੌਂਕ ਤੋਂ ਸਾਰੇ ਰਾਹ ਬੰਦ ਕਰ ਦਿੱਤੇ ਜਾਉਂਦੇ ਸਨ। ਚਾਰੇ ਚੁਫੇਰੇ ਮੇਲੇ ਨੂੰ ਆਉਣ ਵਾਲੇ ਲੋਕ ਪੈਦਲ ਟੁਰਦੇ ਸਨ। ਪਿੜ ਵਿਚ ਕਈ ਸੌ ਹੱਟੀਆਂ ਲੱਗਦੀਆਂ ਜਿਨ੍ਹਾਂ ਵਿਚ ਕੁਝ ਹੱਟੀਆਂ ਇੰਝ ਦੀਆਂ ਸਨ ਕਿ ਉਨ੍ਹਾਂ ਦੇ ਹੱਟੀਵਾਣ ਏਸ ਮੇਲੇ ਮਗਰੋਂ ਹੋਰ ਕਿਸੇ ਮੇਲੇ ਵਿਚ ਹੱਟੀ ਨਹੀਂ ਲਾਉਂਦੇ ਸਨ। ਏਥੇ,ਥੇਟਰ,ਸਰਕਸ,ਮੌਤ ਦੇ ਖੂਹ,ਪੰਘੂੜੇ ਤੇ ਖਲਕਤ ਦਾ ਮਨ ਪਰਚਾਵਣ ਪਾਰੋਂ ਹੋਰ ਹਜ਼ਾਰਾਂ ਸ਼ੈਵਾਂ ਦਿਸਦੀਆਂ ਹਨ।

2000 ਈ. ਮਗਰੋਂ ਮਜ਼ਾਰਾਂ ਉੱਤੇ ਬੰਬ ਧਮਾਕਿਆਂ ਕਾਰਨ ਮੇਲੇ ਮੁੱਢੋਂ ਈ ਉਜੜ ਗਏ। ਸਰਕਾਰਾਂ ਮਾੜਿਆਂ ਕੋਲ਼ੋਂ ਜੀਵਣ ਦੀਆਂ ਸਾਰੀਆਂ ਖੁਸ਼ੀਆਂ ਖੋਹ ਲਈਆਂ। ਹੁਣ ਮੇਲਿਆਂ ਦੀਆਂ ਥਾਵਾਂ ਉੱਤੇ ਫੈਸਟੀਵਲ ਦਿਸਣ ਲੱਗ ਪਏ। ਵੱਡੇ ਵੱਡੇ ਸ਼ਾਪਿੰਗ ਮਾਲਜ਼ ਵਿਚ ਲੱਗੇ ਮੇਲਿਆਂ ਵਿਚ ਬਸ ਬਰਾਂਡ ਵਿਕਦੇ ਤੇ ਓਥੇ ਜਾਵਣ ਵਾਲੇ ਲੋਕੀਂ ਵੀ ਉਤਲੇ ਮੇਲ ਦੇ ਹੁੰਦੇ ਨੇ।

ਮਾਇਆ ਮੇਲ ਵਿਹਾਰ ਕਾਰਨ ਮਿੱਟੀ ਦੇ ਭਾਂਡੇ, ਪਠੋਰੇ, ਕਤਲੰਮੇ ਤੇ ਮਿਠਾਈਆਂ ਮੁੱਕਦੀਆਂ ਗਈਆਂ। ਇਨ੍ਹਾਂ ਮੇਲਿਆਂ ਦੀ ਬੱਸ ਇਕ ਮਾੜੀ ਜਿਹੀ ਖਬਰ ਅਖਬਾਰਾਂ ਤੇ ਨਿਊਜ਼ ਚੈਨਲਾਂ ਉੱਤੇ ਆ ਜਾਵੰਦੀ ਏ। ਚਿਰਾਗ਼ਾਂ ਦੇ ਮੇਲੇ ਦਾ ਪਾਸਾਰ ਘਟਦਾ ਘਟਦਾ ਬੱਸ ਦਰਗਾਹ ਦੇ ਅਹਾਤੇ ਤੀਕਰ ਦਾ ਹੀ ਰਹਿ ਗਿਆ ਏ। ਪਰ ਅਜੇ ਵੀ ਮਜ਼ਾਰ ਦੇ ਪੱਛਮੀ ਵਿਹੜੇ ਵਿਚ ਚਿਰਾਗ਼ ਜਗਦੇ ਨੇ। ਚਿਰਾਗ਼ੀ ਦੀ ਰਾਤ ਵੀ ਓਵੇਂ ਦੀ ਹੀ ਜਿਉਂਦੀ ਜਾਗਦੀ ਚਾਨਣ ਭਰੀ ਏ। ਧਮਾਲ ਪੈਂਦੀ, ਢੋਲ ਵੱਜਦੇ ਤੇ ਕਿਧਰੇ ਕਿਧਰੇ ਕੋਈ ਸਾਧੂ ਫਕੀਰ ਸੰਖ ਵੀ ਵਜਾ ਛੱਡਦਾ ਏ। ਮੈਨੂੰ ਏਹੋ ਈ ਆਸ ਏ ਕਿ ਖਲਕਤ ਜਿਉਂਦੀ ਰਵ੍ਹੇ ਤੇ ਸ਼ਾਹ ਹੁਸੈਨ ਦਾ ਫਲਸਫਾ ਜਿਸਨੂੰ ਅਕਬਰ ਤੋਂ ਅੰਗਰੇਜ਼ ਸਰਕਾਰ ਤੇ ਉਨ੍ਹਾਂ ਤੋਂ ਅਗਾਂਹ ਅੱਜੋਕੀਆਂ ਸਰਕਾਰਾਂ ਕਦੇ ਨਾ ਮੁਕਾ ਸਕੀਆਂ, ਉਨ੍ਹਾਂ ਦੀਆਂ ਕਾਫੀਆਂ ਆਪਣਾ ਰੰਗ ਵਿਖਾਵਦੀਆਂ ਰਹਿਣਗੀਆਂ। 'ਬਾਬੇ ਮਾਰਗ ਰੀਤੀ' ਆਪਣੀਆਂ ਸ਼ਕਲਾਂ ਬਦਲ ਕਦੇ ਦੁੱਲਾ ਭੱਟੀ ਬਣ ਗਿਆ ਕਦੇ ਰਾਏ ਅਹਿਮਦ ਖਾਨ ਖਰਲ ਤੇ ਕਦੇ ਭਗਤ ਸਿੰਘ, ਪਰ ਇਹ ਰੀਤੀ ਟੁਰਦੀ ਰਵ੍ਹੇਗੀ। ਜਿੱਥੇ ਜਿੱਥੇ ਜ਼ੁਲਮ ਜਬਰ ਹੋਵੇਗਾ ਏਸ ਦਾ ਰੰਗ ਵੀ ਦਿਸੇਗਾ:

*ਮੁਸ਼ਕਿਲ ਘਾਤ ਫਕੀਰੀ ਦਾ ਵੋ*
*ਪਾਏ ਕੁਠਾਲੀ, ਦੁਰਮਤ ਵਾਲੀ, ਕਰਮ ਜਰਾਏ ਸ਼ਰੀਰੀ ਦਾ*
*ਛੋੜ ਤਕੱਬਰ, ਪਕੜ ਹਲੀਮੀ, ਰਾਹ ਪਕ2ੜ ਵੋ ਸ਼ੀਰੀ ਦਾ*
*ਕਹੇ ਹੁਸੈਨ ਫਕੀਰ ਨਿਮਾਣਾ, ਦਫਤਰ ਪਾੜਵੋ ਮੀਰੀ ਦਾ*
*ਮੁਸ਼ਕਿਲ ਘਾਤ ਫਕੀਰੀ ਦਾ* 000

***(32-D Marghazar Colony, Multan Road, Lahore, Pakistan***
***Email: mud_aziz@hotmail.com)***

## ਆਜ਼ਾਦੀ ਸੰਗਰਾਮ ਦੀ ਕਵਿਤਾ (ਸੰਕਲਨ) ਡਾ. ਗੁਰਦੇਵ ਸਿੰਘ ਸਿੱਧੂ

ਡਾ. ਗੁਰਦੇਵ ਸਿੰਘ ਸਿੱਧੂ ਨੇ ਕੋਵਿਡ ਮਹਾਮਾਰੀ ਦੇ ਦਿਨਾਂ ਵਿਚ ਸੁਤੰਤਰਤਾ ਸੰਗ੍ਰਾਮ ਦੀ ਲਿਖਤੀ, ਅਲਿਖਤੀ ਤੇ ਅਗਿਆਤ ਕਵਿਤਾ ਦਾ ਸੰਕਲਨ ਤੇ ਸੰਪਾਦਨ ਕਰਕੇ ਜੱਸ ਖੱਟਿਆ ਹੈ। 'ਆਜ਼ਾਦੀ ਸੰਗਰਾਮ ਦੀ ਕਵਿਤਾ: 1900-1947' (ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਟੀ ਚੰਡੀਗੜ੍ਹ, ਪੰਨੇ 260, ਮੁੱਲ 360 ਰੁਪਏ) ਪੰਜਾਬ ਦੇ ਸੂਰਬੀਰ ਯੋਧਿਆਂ ਵੱਲੋਂ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਸ਼ਾਂਤਮਈ ਢੰਗ ਨਾਲ ਪਾਏ ਯੋਗਦਾਨ ਦੀ ਗਾਥਾ ਹੈ।

ਕੋਮਲ ਕਲਾ ਦੇ ਸਾਰੇ ਰੂਪ ਭਾਵੇਂ ਹਿਰਦੇਵੇਧਕ ਤੇ ਜੁਝਾਰੂ ਕਾਰਨਾਮਿਆਂ ਨੂੰ ਰੂਪਾਂਤਰ ਕਰਨ ਵਿਚ ਮਹੱਤਵ ਰੱਖਦੇ ਹਨ ਪਰ ਕਾਵਿਕ ਕਾਟ ਤਲਵਾਰ ਵਰਗੀ ਮੰਨੀ ਗਈ ਹੈ। ਇਸ ਪੁਸਤਕ ਵਿਚ ਉਨ੍ਹਾਂ ਸਾਰੀਆਂ ਕਾਵਿਕ ਲਿਖਤਾਂ ਨੂੰ ਉਨ੍ਹਾਂ ਦੇ ਅਸਲੀ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਜਿਨ੍ਹਾਂ ਨੇ ਵੀਹਵੀਂ ਸਦੀ ਦੇ ਪਹਿਲੇ ਅੱਧ ਤੇ ਉਸ ਤੋਂ ਵੀ ਪਹਿਲਾਂ ਆਜ਼ਾਦੀ ਦੀ ਚੇਤਨਾ ਉਭਾਰੀ। 'ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ' ਤੋਂ ਲੈ ਕੇ 'ਪੰਛੀ' ਮੌਤ ਦੀ ਘੋੜੀ 'ਤੇ ਚੜ੍ਹੇ ਲੱਖਾਂ', 'ਭਾਰਤ ਮਾਤਾ ਦਾ ਚਮਕਦਾ ਨੂਰ ਲੋਕੋ' ਤਕ।

ਗੁਰਦੇਵ ਸਿੰਘ ਸਿੱਧੂ ਨੇ ਇਸ ਸਾਰੀ ਸਮੱਗਰੀ ਦੀ ਕਾਲਵੰਡ ਵੀ ਕੀਤੀ ਹੈ ਅਤੇ ਸਾਹਿਤਕ ਤੇ ਵਿਚਾਰਧਾਰਕ ਵੰਡ ਵੀ। ਪਰ ਮੈਂ ਇੱਥੇ ਰਚਨਹਾਰਿਆਂ ਦੇ ਕਾਵਿਕ ਰੂਪ ਹੀ ਪੇਸ਼ ਕਰਾਂਗਾ ਜਿਹੜੇ ਸਮੇਂ, ਸਥਾਨ ਤੇ ਭਾਵਨਾ ਦੀ ਸਿੱਧੀ ਬਾਤ ਪਾਉਂਦੇ ਹਨ।

ਸਭ ਤੋਂ ਪਹਿਲਾਂ ਕੂਕਾ ਲਹਿਰ ਦੇ ਚੰਦਾ ਸਿੰਘ ਸੂਰਮਾ ਰਚਿਤ 'ਬਾਰਾਮਾਹਾ' ਤੇ ਫੇਰ 'ਕੌਮਾਗਾਟਾ ਮਾਰੂ ਤੇ ਗਦਰ ਪਾਰਟੀ ਲਹਿਰ', ਕ੍ਰਮਵਾਰ

*ਗੋਰੇ ਬੈਠੇ ਕਰਨ ਸਲਾਹੀਂ, ਇਹ ਸਿੱਖ ਸਾਥੋਂ ਡਰਦੇ ਨਾਹੀਂ*
*ਇਨ੍ਹਾਂ ਨੂੰ ਖ਼ੌਫ਼ ਕਿਸੇ ਦਾ ਨਾਹੀਂ, ਬਾਲ ਅਕਾਲ ਦੇ।*

0 0 0

*ਮੌਤ ਅਸਾਂ ਦੀ ਜ਼ਿੰਦਗੀ ਕੌਮ ਦੀ ਹੈ, ਫਰਜ਼ ਆਪਣਾ ਅਸਾਂ ਨਿਭਾ ਜਾਣਾ*
*ਸਾਡੀ ਯਾਦ ਨੇ ਵਤਨ ਸਪੁੱਤਰਾਂ ਨੂੰ, ਇਸ਼ਕ ਵਤਨ ਦਾ ਅੰਤ ਨੂੰ ਲਾ ਜਾਣਾ*

0 0 0

*ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ,ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।*
*ਜਿਹਨਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਢੇਰ ਮੁਸੀਬਤਾਂ ਝੱਲੀਆਂ ਨੇ।*

ਹੁਣ ਜੱਲ੍ਹਿਆਂਵਾਲਾ ਬਾਗ਼ ਦੇ ਸਾਕੇ ਬਾਰੇ ਫ਼ਿਰੋਜ਼ਦੀਨ ਸ਼ਰਫ਼ ਤੇ ਵਿਧਾਤਾ ਸਿੰਘ ਤੀਰ, ਕ੍ਰਮਵਾਰ:

*ਇਕੋ ਰੂਪ ਅੰਦਰ ਡਿੱਠਾ ਸਾਰਿਆਂ ਨੇ, ਉਹ ਰਹੀਮ, ਕਰਤਾਰ, ਭਗਵਾਨ ਏਥੇ।*
*ਹੋਏ ਜ਼ਮਜ਼ਮ ਤੇ ਗੰਗ ਇੱਕ ਥਾਂ 'ਕੱਠੇ, ਰਲਿਆ ਖ਼ੂਨ ਹਿੰਦੂ ਮੁਸਲਾਮਾਨ ਏਥੇ।*

*0 0 0*

*ਗੀਤ ਗਾਂਦਿਆਂ ਧਰਮੀਆਂ ਬੰਦਿਆਂ 'ਤੇ, ਡਾਇਰ ਆਇਆ ਸੀ ਤੀਰ ਚਲਾਣ ਏਥੇ।*
*ਭਾਣਾ ਸਾਈਂ ਦਾ ਮੰਨ ਸ਼ਹੀਦ ਹੋਇਆ, ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ।*

ਡਾਇਰ ਦੇ ਹੁਕਮ ਥੱਲੇ ਹੋਇਆ ਜੱਲ੍ਹਿਆਂਵਾਲਾ ਬਾਗ਼ ਦਾ ਕਤਲ-ਏ-ਆਮ ਏਨਾ ਵਹਿਸ਼ੀ ਸੀ ਕਿ ਇਸ ਨੇ ਊਧਮ ਸਿੰਘ ਦੇ ਮਨ ਉੱਤੇ ਅਜਿਹਾ ਪ੍ਰਭਾਵ ਪਾਇਆ ਕਿ ਉਹ ਸਮਾਂ ਪਾ ਕੇ ਵਲਾਇਤ ਗਿਆ ਤੇ ਉਸ ਨੇ ਜ਼ਾਲਮ ਡਾਇਰ ਦੀ ਹੱਤਿਆ ਕਰਕੇ ਸ਼ਹੀਦੀ ਪ੍ਰਾਪਤ ਕੀਤੀ।

ਸੁਤੰਤਰਤਾ ਸੰਗ੍ਰਾਮ ਦਾ ਇਕ ਰੂਪ ਗੁਰਦੁਆਰਾ ਸੁਧਾਰ ਲਹਿਰ ਵੀ ਸੀ ਜਿਸ ਦੇ ਅਧੀਨ ਗੁਰੂ ਕਾ ਬਾਗ਼ ਤੇ ਜੈਤੋ ਦੇ ਮੋਰਚੇ ਅਤੇ ਸਾਕਾ ਨਨਕਾਣਾ ਸਾਹਿਬ ਪ੍ਰਵਾਨ ਚੜ੍ਹੇ। ਪੇਸ਼ ਹਨ ਕਾਵਿਕ ਬੋਲ:

*ਜਿਗਰ ਕਲਮ ਦਾ ਪਾਟ ਦੋਫਾੜ ਹੋਇਆ,ਜਦੋਂ ਲਿਖਣ ਲੱਗਾ ਦਾਸਤਾਨ ਸਿੰਘਾਂ।*
*ਰੰਗ ਕਾਗਜ਼ ਦਾ ਗੋਹੜੇ ਦੇ ਵਾਂਗ ਹੋਇਆ,ਐਸਾ ਕੀਤਾ ਏ ਦੰਗ ਹੈਰਾਨ ਸਿੰਘਾਂ।*
*ਸੋਗ ਵਿਚ ਦਵਾਤ ਸਿਆਹ ਹੋ ਗਈ,ਲਏ ਮਾਤਮੀ ਬਾਣੇ ਜਿਉਂ ਤਾਣ ਸਿੰਘਾਂ।*
*ਚਾਰ ਕੂਟ ਦੇ ਵਿਚ ਪੁਕਾਰ ਪੈ ਗਈ, ਲਾਜ ਰੱਖ ਵਿਖਾਈ ਬਲਵਾਨ ਸਿੰਘਾਂ।*

-ਗੁਰੂ ਕਾ ਬਾਗ਼, ਫ਼ਿਰੋਜ਼ਦੀਨ ਸ਼ਰਫ

0 0 0

*ਸੁਣੋ ਖ਼ਾਲਸਾ ਜੀ ਸਾਡੇ ਕੂਚ ਡੇਰੇ, ਅਸੀਂ ਆਖਰੀ ਫ਼ਤਿਹ ਬੁਲਾ ਚੱਲੇ।*
*ਨਦੀ ਨਾਵ ਸੰਜੋਗ ਦੇ ਹੋਣ ਮੇਲੇ, ਸਤਿ ਸ੍ਰੀ ਅਕਾਲ ਬੁਲਾ ਚੱਲੇ।*

-ਜੈਤੋ ਦਾ ਮੋਰਚਾ, ਨਾਮਾਲੂਮ

0 0 0

*ਖਾਧਾ ਖ਼ੌਫ਼ ਨਾ ਛਵੀਆਂ ਗੰਡਾਸੀਆਂ ਦਾ, ਹੱਸ ਹੱਸ ਕੇ ਵੀਰ ਸ਼ਹੀਦ ਹੋਏ।*
*ਜਲੇ ਸ਼ਮ੍ਹਾਂ 'ਤੇ ਵਾਂਗ ਪਰਵਾਨਿਆਂ ਦੇ, ਬੱਕਰੇ ਖ਼ੂਬ ਕੁਰਬਾਨ ਦਿਨ ਈਦ ਹੋਏ।*

-ਸਾਕਾ ਨਨਕਾਣਾ ਸਾਹਿਬ, ਦਲਜੀਤ ਸਿੰਘ 'ਦਲਜੀਤ'

ਗੁਰਦੁਆਰਾ ਸੁਧਾਰ ਲਹਿਰ ਦੇ ਤੁਰੰਤ ਪਿੱਛੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹੀਦੀ ਨੇ ਸੰਗ੍ਰਾਮੀ ਕਵਿਤਾ ਨੂੰ ਉਭਾਰਿਆ। ਇਕ ਭੈਣ ਦੀ ਭਗਤ ਸਿੰਘ ਨੂੰ ਪੁਕਾਰ ਸੁਣੋ:

*ਮੈਨੂੰ ਵੀ ਹੁਣ ਲੈ ਚੱਲ ਨਾਲੇ, ਛੱਡ ਨਾ ਮਾਂ ਪਿਉ ਜਾਇਆ ਵੇ।*
*ਇਕੋ ਕੁੱਖ ਤੋਂ ਪੈਦਾ ਹੋ ਕੇ, ਕਿਉਂ ਤੂੰ ਮੁੱਖ ਭਵਾਇਆ ਵੇ।*
*ਉਸ ਵੇਲੇ ਸੱਦ ਲੈਂਦੋਂ ਮੈਨੂੰ, ਜਦ ਰੱਸਾ ਗਲ਼ ਪਾਇਆ ਵੇ।*
*ਤੇਰੇ ਬਾਝੋਂ ਦੁੱਖ ਵਿਚ 'ਦੁਖੀਆ', ਦਰਦ ਨਾ ਕਿਸੇ ਵੰਡਾਇਆ ਵੇ।*

ਕਿਰਤੀ ਕਿਸਾਨ ਲਹਿਰ ਵੀ ਏਸੇ ਤਰ੍ਹਾਂ ਦਾ ਸੰਦੇਸ਼ ਲੈ ਕੇ ਆਈ:

*ਤੇਰਾ ਰਹਿਣਾ ਹੁਣ ਹਿੰਦ ਵਿਚ ਬਹੁਤ ਮੁਸ਼ਕਲ, ਕਿਉਂਕਿ ਹੋ ਗਏ ਬੁਰੇ ਅਮਾਲ ਤੇਰੇ।*
*ਘੜਾ ਪਾਪ ਵਾਲਾ ਤੇਰਾ ਭਰ ਗਿਆ ਏ, ਹੋ ਗਏ ਜ਼ੁਲਮ ਵਾਲੇ ਪੂਰੇ ਸਾਲ ਤੇਰੇ।*

ਏਸ ਲਹਿਰ ਦੇ ਪ੍ਰਸੰਗ ਵਿਚ ਅਵਤਾਰ ਸਿੰਘ ਆਜ਼ਾਦ ਦੇ ਬੋਲ ਖਾਸ ਮਹੱਤਵ ਰੱਖਦੇ ਹਨ:

*ਤੂੰ ਹੈਂ ਜੋਧਾ, ਤੂੰ ਹੈ ਦਾਤਾ, ਤੂੰ ਹੈ ਤੇਗ ਚਲਾਵਣ ਜੋਗ*
*ਤੂੰ ਹੈਂ ਮਰਦ ਦਰਦ ਦਿਲ ਰੱਖੇਂ, ਤੂੰ ਹੈ ਦੁੱਖ ਹਟਾਵਣ ਜੋਗ*
*ਤੂੰ ਸੂਰਾ ਸਭ ਕੰਮੀਂ ਪੂਰਾ, ਧਰਤ 'ਤੇ ਰਾਜ ਕਮਾਵਣ ਜੋਗ*
*ਤੂੰ ਹੈਂ ਉੱਚਾ ਤੂੰ ਹੈਂ ਸੁੱਚਾ, ਤੂੰ ਸਭ ਫ਼ਿਕਰ ਮਿਟਾਵਣ ਜੋਗ*

ਕਿਰਤੀ ਕਿਸਾਨੀ ਲਹਿਰ ਦੇ ਨਾਲ-ਨਾਲ ਹਿੰਦੁਸਤਾਨੀ ਕੌਮੀ ਕਾਂਗਰਸ ਦੀ ਲਹਿਰ ਚੱਲ ਰਹੀ ਸੀ ਜਿਸ ਦੀ ਅਗਵਾਈ ਮਹਾਤਮਾ ਗਾਂਧੀ ਕਰ ਰਹੇ ਸਨ। ਇਸ ਲਹਿਰ ਦੇ ਅੰਮ੍ਰਿਤਸਰ ਸਮਾਗਮ ਵਿਚ ਇਕ ਬੰਗਾਲਣ ਦੇਸ਼ਭਗਤ ਸਰਲਾ ਦੇਵੀ ਦਾ ਲਿਖਿਆ ਗੀਤ ਏਨਾ ਹਰਮਨ ਪਿਆਰਾ ਹੋਇਆ ਕਿ ਹਰ ਮੀਟਿੰਗ ਤੇ ਹਰ ਇਕੱਠ ਵਿਚ ਗਾਇਆ ਗਿਆ। ਅੱਜ ਦੇ ਦਿਨ ਇਸ ਗੀਤ ਦੇ ਅਨੇਕਾਂ ਰੂਪ ਵੱਖ ਵੱਖ ਪੁਸਤਕਾਂ ਵਿਚ ਉਪਲਬਧ ਹਨ। ਏਥੇ ਕੇਵਲ 'ਅਕਾਲੀ ਭਬਕ' ਨਾਂ ਦੀ ਰਚਨਾ ਵਾਲੇ ਰੂਪ ਦੇ ਮੁੱਢਲੇ ਬੰਦ ਪੇਸ਼ ਹਨ:

*ਤੋਪ ਤਲਵਾਰ ਕੋਲੋਂ,ਗੋਲੀਆਂ ਦੀ ਮਾਰ ਕੋਲੋਂ*
*ਖੰਡੇ ਦੀ ਧਾਰ ਕੋਲੋਂ, ਕਦੀ ਨਹੀਂ ਹਾਰਨਾ, ਭਾਵੇਂ ਸਾਡੀ ਜਿੰਦ ਜਾਵੇ*
*ਕੁਰਕੀ ਨੀਲਾਮੀ ਕੋਲੋਂ,ਸਖ਼ਤ ਕਲਾਮੀ ਕੋਲੋਂ*
*ਫ਼ਾਂਸੀ, ਕਾਲੇ ਪਾਣੀ ਕੋਲੋਂ,ਕਦੇ ਨਹੀਂ ਹਾਰਨਾ, ਭਾਵੇਂ ਸਾਡੀ ਜਿੰਦ ਜਾਵੇ*

ਇਨ੍ਹਾਂ ਦਿਨਾਂ 'ਚ ਹੀ ਗਾਂਧੀ ਦਾ ਚਰਖਾ ਵੀ ਖੂਬ ਘੂਕਿਆ, ਖਾਸ ਕਰਕੇ ਲੋਕ ਬੋਲੀਆਂ ਵਿਚ:

*ਜੇ ਲੋੜ ਹੈ ਮੌਜ ਬਹਾਰਾਂ ਦੀ, ਸਿੱਖ ਜਾਚ ਗੰਢਣ ਤੰਦ ਤਾਰਾਂ ਦੀ*
*ਕੀ ਫਿਕਰ ਤੋਪ ਤਲਵਾਰਾਂ ਦੀ, ਅਸੀਂ ਕਰਨੀ ਨਹੀਂ ਕਪੱਤ ਕੁੜੇ*
*ਘਰ ਬੈਠ ਕੇ ਚਰਖਾ ਕੱਤ ਕੁੜੇ, ਲੈ ਗਾਂਧੀ ਵਾਲੀ ਮੱਤ ਕੁੜੇ।*

0 0 0

*ਦੇ ਚਰਖੇ ਨੂੰ ਗੇੜਾ, ਲੋੜ ਨਹੀਂ ਤੋਪਾਂ ਦੀ*

0 0 0

*ਤੇਰੇ ਬੰਬਾਂ ਨੂੰ ਚੱਲਣ ਨਹੀਂ ਦੇਣਾ, ਗਾਂਧੀ ਦੇ ਚਰਖੇ ਨੇ*

0 0 0

*ਸਾਨੂੰ ਦੇ ਗਿਆ ਖੱਦਰ ਦਾ ਬਾਣਾ, ਆਪ ਗਾਂਧੀ ਕੈਦ ਹੋ ਗਿਆ।*

ਮਜ਼ੇ ਦੀ ਗੱਲ ਇਹ ਹੈ ਕਿ ਇਨ੍ਹਾਂ ਰਚਨਾਵਾਂ ਵਿਚ ਹਰ ਤਰ੍ਹਾਂ ਦਾ ਛੰਦ ਵਿਧਾਨ ਮਿਲਦਾ ਹੈ: ਕਬਿੱਤ, ਕੋਰੜੇ, ਬੈਂਤ, ਸਿੱਠਣੀਆਂ, ਪਉੜੀ, ਡਿਓਢ, ਲੋਕ; ਜੁਗਨੀ ਤੇ ਜਿੰਦੂਆ ਸਮੇਤ।

ਕਵੀਆਂ ਵਿਚ ਹਿੰਦੂ, ਮੁਸਲਮਾਨ ਤੇ ਸਿੱਖਾਂ ਤੋਂ ਬਿਨਾ ਬੀਬੀਆਂ ਵੀ ਸ਼ਾਮਲ ਹਨ। ਮੁਨਸ਼ੀ ਮੁਹੰਮਦ ਬਖ਼ਸ਼, ਅਬਦੁਲ ਅਜ਼ੀਜ਼ ਪੀਰ, ਨੂਰ ਮੁਹੰਮਦ, ਫਿਰੋਜ਼ਦੀਨ ਸ਼ਰਫ, ਅਬਦੁੱਲ ਕਾਦਰ ਬੇਗ, ਖੁਸ਼ੀ ਰਾਮ ਆਰਿਫ਼, ਰਾਮ ਲਾਲ ਸੁਦੇਸ਼ੀ, ਅਰਜਨ ਦਾਸ ਵਹਿਸ਼ੀ, ਲਾਲ ਚੰਦ ਗੁਜਰਾਤੀ, ਗਿਆਨੀ ਬਿਸਰਾਮ ਸਿੰਘ, ਉਮਰਾਓ ਸਿੰਘ ਭਜਨੀਕ, ਅਰੂੜ ਸਿੰਘ ਤਾਇਬ, ਇੰਦਰ ਸਿੰਘ ਚਕਰਵਰਤੀ, ਅਵਤਾਰ ਸਿੰਘ ਆਜ਼ਾਦ, ਵਿਧਾਤਾ ਸਿੰਘ ਤੀਰ, ਅਮਰ ਸਿੰਘ ਸਫ਼ਦਰ, ਸਰਲਾ ਦੇਵੀ, ਪ੍ਰੇਮ ਕੌਰ, ਦਯਾਵੰਤੀ ਤੇ ਹੋਰ। ਪੁਸਤਕੀ ਨਾਵਾਂ ਵਿਚ 'ਕਾਲੀ ਦਸਤਾਰ', 'ਕੁਕੜੂੰ ਘੜੂੰ', 'ਹਿੰਦੁਸਤਾਨ ਲੁੱਟਿਆ ਗਿਆ', 'ਕਸਾਈ ਰਾਜਾ ਦੁਖੀ ਪਰਜਾ', 'ਸਵਰਾਜੀ ਚਰਖਾ' ਆਦਿ ਵੀ ਸਮੇਂ ਦੀ ਸੋਚ ਦੀ ਪੁਸ਼ਟੀ ਕਰਦੇ ਹਨ।

ਮੁੱਕਦੀ ਗੱਲ ਇਹ ਕਿ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬ ਦੇ ਅਜੀਤ ਸਿੰਘ ਅਤੇ ਉਸ ਦੇ ਭਰਾ ਹੀ ਨਹੀਂ, ਲਾਲਾ ਲਾਜਪਤ ਰਾਏ, ਸੂਫ਼ੀ ਅੰਬਾ ਪ੍ਰਸ਼ਾਦ, ਲਾਲ ਚੰਦ 'ਫਲਕ' ਨੇ ਅਜਿਹੀ ਚੇਤਨਾ ਪੈਦਾ ਕੀਤੀ ਕਿ ਦੇਸ਼ ਵਾਸੀਆਂ ਦਾ ਬੱਚਾ ਬੱਚਾ ਬੋਲ ਉਠਿਆ, ਦੇਸ਼ੋਂ ਬਾਹਰ ਵੀ। ਮੈਂ ਆਪਣੀ ਟਿੱਪਣੀ ਅਗਿਆਤ ਕਵੀ ਦੇ ਉਨ੍ਹਾਂ ਬੋਲਾਂ ਨਾਲ ਸਮਾਪਤ ਕਰਦਾ ਹਾਂ ਜਿਹੜੇ 8 ਸਤੰਬਰ, 1914 ਨੂੰ ਹਿੰਦੁਸਤਾਨ ਗਦਰ ਵਿਚ ਛਪੇ:

*ਵਿਚ ਗੁਲਾਮੀ ਜੀਉਂਦੇ ਰਹਿਣਾ, ਇਹ ਮਰਦਾਂ ਦੀ ਕਾਰ ਨਹੀਂ*
*ਐਸਾ ਫੇਰ ਤੁਹਾਨੂੰ ਮੁੜ ਕੇ , ਆਉਣਾ ਹੱਥ ਸ਼ਿਕਾਰ ਨਹੀਂ*
*ਮਰਦ ਗੱਜਦੇ ਵਿਚ ਮਦਾਨੀ, ਭੁੱਡੂ ਲੰਘਣ ਪਾਰ ਨਹੀਂ*
*ਜਾਨ ਪਿਆਰੀ ਕਰੋ ਨਾ ਸ਼ੇਰੋ,ਇਸ ਦਾ ਕੁਝ ਇਤਬਾਰ ਨਹੀਂ।*

ਅਗਿਆਤ ਕਵੀ ਦੇ ਇਹ ਬੋਲ ਕੇਵਲ ਇਕ ਸਦੀ ਪਹਿਲਾਂ ਦੇ ਪੰਜਾਬ ਉੱਤੇ ਹੀ ਨਹੀਂ ਢੁੱਕਦੇ, ਅੱਜੋਕੇ ਉਸ ਅੰਦੋਲਨ ਉੱਤੇ ਵੀ ਪਹਿਰਾ ਦਿੰਦੇ ਹਨ ਜਿਹੜਾ ਦਿੱਲੀ ਦੇ ਬਾਰਡਰ 'ਤੇ ਲੱਗਿਆ ਹੋਇਆ ਹੈ। ਅੱਜ ਉੱਥੇ ਵੀ ਏਸੇ ਤਰ੍ਹਾਂ ਦੀ ਕਵਿਤਾ ਰਚੀ ਜਾ ਰਹੀ ਹੈ। ਕਵਿਤਾ ਹੱਕ ਸੱਚ ਪਛਾਣਦੀ ਹੈ। ਇਸ ਉੱਤੇ ਪਹਿਰਾ ਦਿੰਦੀ ਹੈ। ਹੱਕ ਸੱਚ ਜ਼ਿੰਦਾਬਾਦ! **–ਗੁਲਜ਼ਾਰ ਸਿੰਘ ਸੰਧੂ**

## ਹਨੇਰੇ ਰਾਹ (ਨਾਵਲ) ਹਰਪ੍ਰੀਤ ਸੇਖਾ

ਹਰਪ੍ਰੀਤ ਸੇਖਾ ਪਰਵਾਸੀ ਪੰਜਾਬੀ ਕਹਾਣੀ ਵਿਚ ਆਪਣੇ ਤਿੰਨ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ' (2006), 'ਬਾਰਾਂ ਬੂਹੇ' (2013) ਅਤੇ 'ਪ੍ਰਿਜ਼ਮ'(2017) ਤੋਂ ਇਲਾਵਾ ਵਾਰਤਕ ਦੀ ਪੁਸਤਕ 'ਟੈਕਸੀਨਾਮਾ' ਅਤੇ 'ਕਿਲੇ ਦਾ ਮੋਤੀ'ਰਾਹੀਂ ਅਨੁਵਾਦ ਦੇ ਖੇਤਰ ਵਿਚ ਵੀ ਹੱਥ ਅਜ਼ਮਾ ਚੁੱਕਾ ਹੈ। ਉਸਦੀਆਂ ਕਹਾਣੀਆਂ ਦੀ ਇਕ ਪੁਸਤਕ ਸੁਭਾਸ਼ ਨੀਰਵ ਦੇ ਅਨੁਵਾਦ ਰਾਹੀਂ ਹਿੰਦੀ ਵਿਚ ਵੀ ਛਪ ਚੁੱਕੀ ਹੈ। ਉਸ ਕੋਲ਼ ਵਾਰਤਕ ਦਾ ਹੁਨਰ ਵੀ ਹੈ ਅਤੇ ਕਹਾਣੀ ਬੁਣਨ ਦੀ ਕਲਾ ਵੀ । ਇਸੇ ਤਹਿਤ ਉਹ ਆਪਣੇ ਪਲੇਠੇ ਨਾਵਲ 'ਹਨੇਰੇ ਰਾਹ' (ਗਰੇਸ਼ੀਅਸ ਬੁੱਕਸ ਪਟਿਆਲਾ, ਪੰਨੇ198, ਮੁੱਲ 350 ਰੁਪਏ) ਨਾਲ ਨਾਵਲ ਨਿਗਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਪਰਵਾਸੀ ਪੰਜਾਬੀ ਨਾਵਲ ਨੂੰ ਵੀ ਪੰਜਾਬੀ ਸਾਹਿਤ ਵਿਚ ਆਪਣਾ ਬਣਦਾ ਜ਼ਿਕਰਯੋਗ ਸਥਾਨ ਹਾਸਲ ਕਰਨ ਲਈ ਪਰਵਾਸੀ ਪੰਜਾਬੀਆਂ ਵਾਂਗ ਤਰੱਦਦ ਕਰਨਾ ਪਿਆ ਹੈ। ਪਰਵਾਸੀ ਪੰਜਾਬੀ ਨਾਵਲ ਭਾਵੇਂ ਨਿਰੰਤਰ ਸਫ਼ਰ ਵਿਚ ਹੈ ਪਰ ਉਸ ਵਿਚ ਵਿਸ਼ਿਆਂ ਦੇ ਪੱਖ ਤੋਂ ਦੁਹਰਾਓ ਹੋ ਰਿਹਾ ਹੈ।

ਬੇਸ਼ੱਕ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਦੀਆਂ ਜੋ ਸਮੱਸਿਆਵਾਂ ਸੀ ਉਹ ਹੁਣ ਨਹੀਂ ਰਹੀਆਂ ਪਰ ਨਵੀਂ ਪੀੜ੍ਹੀ ਦੀਆਂ ਸਮੱਸਿਆਵਾਂ ਵਿਚ ਆਰਥਿਕਤਾ ਸਾਂਝੇ ਸੂਤਰ ਵਜੋਂ ਕੰਮ ਕਰਦੀ ਹੈ। ਇਸ ਆਰਥਿਕਤਾ ਦੇ ਚੱਕਰਵਿਊ ਵਿਚ ਪਿਸਦੇ ਕੱਚੇ ਪਰਵਾਸੀਆਂ ਖਾਸ ਕਰਕੇ ਵਿਦਿਆਰਥੀ ਵੀਜ਼ੇ 'ਤੇ ਗਈ ਨੌਜਵਾਨ ਪੀੜ੍ਹੀ ਦੀ ਹਾਲਤ ਸਭ ਤੋਂ ਤਰਸਯੋਗ ਹੈ। ਉਹਨਾਂ ਦੀ ਲੁੱਟ-ਖਸੁੱਟ ਕਰਨ ਵਾਲੇ ਸਥਾਪਤ ਪਰਵਾਸੀ ਪੰਜਾਬੀ ਹੀ ਹਨ ਜਿਹੜੇ ਆਪ ਵੀ ਇਸੇ ਤਰ੍ਹਾਂ ਪੱਕੇ ਹੋਏ ਹਨ। ਇਸ ਤਰ੍ਹਾਂ ਇਹ ਇਕ ਲੜੀ ਬਣ ਜਾਂਦੀ ਹੈ। ਪਰਵਾਸੀ ਪੰਜਾਬੀਆਂ ਦੀ ਇਕ ਪੀੜ੍ਹੀ ਜਦੋਂ ਦੁੱਖਾਂ-ਕਸ਼ਟਾਂ ਤੇ ਆਰਥਿਕ ਤੰਗੀਆਂ-ਤੁਰਸ਼ੀਆਂ ਨੂੰ ਝੱਲਦੀ ਹੋਈ ਪੱਕੇ ਪੈਰੀਂ ਹੁੰਦੀ ਹੈ ਤਾਂ ਉਹ ਆਪਣੇ ਤੋਂ ਬਾਅਦ ਵਾਲੀ ਨਵੀਂ ਪੀੜ੍ਹੀ ਨੂੰ ਵੀ ਇਹੀ ਕੁਝ ਵਿਰਸੇ ਵਜੋਂ ਦਿੰਦੀ ਹੈ। ਇਸ ਜਮੂਦ ਨੂੰ ਤੋੜਨ ਦੀ ਕੋਸ਼ਿਸ਼ ਕੋਈ ਵੀ ਨਹੀਂ ਕਰਦਾ। ਨਾਵਲ ਦੇ ਅੰਤ ਵਿਚ ਗੁਰਸੀਰ, ਆਪਣੇ ਸਹਾਇਕ ਸਿਖਾਂਦਰੂ ਡਰਾਇਵਰ ਕਰਨਵੀਰ ਪ੍ਰਤੀ ਆਪਣਾ ਅੜੀਅਲ ਰਵੱਈਆ ਬਦਲ ਕੇ ਇਸ ਜਮੂਦ ਨੂੰ ਤੋੜਨ ਦਾ ਯਤਨ ਕਰਦਾ ਹੈ। ਨਾਵਲ ਵਿਚ ਪੇਸ਼ ਰਾਕੇਸ਼ ਅਤੇ ਚਿੱਟੀ ਵਰਗੇ ਇਮੀਗਰੇਸ਼ਨ ਸਲਾਹਕਾਰਾਂ ਨੇ ਮਲਟੀਨੇਸ਼ਨ ਕੰਪਨੀਆਂ ਵਾਂਗ ਲੁੱਟਣ ਲਈ ਬਹੁਪਰਤੀ ਜਾਲ ਪਾਇਆ ਹੋਇਆ ਹੈ। ਇਸ ਵਿਚ ਜੇਕਰ ਕੋਈ ਗੁਰਵੀਰ ਵਰਗਾ ਇਕੱਲਾ-ਇਕਹਿਰਾ ਇਮਾਨਦਾਰ ਸਲਾਹਕਾਰ ਕਿਸੇ ਨੂੰ ਸਲਾਹ ਦਿੰਦਾ ਵੀ ਹੈ ਤਾਂ ਉਸਦੀ ਸਲਾਹ ਮੰਨ ਕੇ ਫੈਸਲਾ ਲੈਣ ਦੀ ਹਿੰਮਤ ਕੋਈ ਨਹੀਂ ਦਿਖਾ ਪਾਉਂਦਾ। ਲੋਟੂ ਧਿਰਾਂ ਨੇ ਇਸ ਤਰ੍ਹਾਂ ਦੇ ਡਰ ਦਾ ਮਾਹੌਲ ਸਿਰਜ ਦਿੱਤਾ ਹੈ ਕਿ ਨਵੇਂ ਆਏ ਨੌਜਵਾਨ ਮੁੰਡੇ-ਕੁੜੀਆਂ ਪੱਕੇ ਹੋਣ ਦੀ ਕਾਹਲ਼ ਵਿਚ ਆਪਣੀ ਭਾਰੀ ਲੁੱਟ ਕਰਵਾਈ ਜਾਂਦੇ ਹਨ। ਹੱਥਲਾ ਨਾਵਲ ਇਸੇ ਤਰ੍ਹਾਂ ਦੇ ਅਰਥਗਤ ਪਾਸਾਰਾਂ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ।

ਨਾਵਲ ਵਿਚ ਦੋ ਬਿਰਤਾਂਤ ਨਾਲੋ-ਨਾਲ ਚੱਲਦੇ ਹਨ ਜਿਹੜੇ ਅੰਤ 'ਤੇ ਜਾ ਕੇ ਇਕਸੁਰ ਹੋ ਜਾਂਦੇ ਹਨ। ਇਕ ਬਿਰਤਾਂਤ ਗੁਰਸੀਰ ਦਾ ਹੈ ਜਿਹੜਾ ਆਪਣੀ ਭੈਣ ਦੇ ਪਤੀ ਦੀ ਸੜਕ ਹਾਦਸੇ ਵਿਚ ਮੌਤ ਹੋ ਜਾਣ 'ਤੇ ਉਸਦੇ ਦੁੱਖ ਵਿਚ ਸ਼ਰੀਕ ਹੋਣ ਲਈ ਕਨੇਡਾ ਆਉਂਦਾ ਹੈ। ਉਸਦੀ ਭੈਣ ਦੇ ਦੁੱਖ ਵਿਚ ਸ਼ਰੀਕ ਹੋਣ ਦੀ ਇੱਛਾ ਘੱਟ ਤੇ ਬਹਾਨੇ ਨਾਲ ਕਨੇਡਾ ਦਾ ਰਾਹ ਖੋਲ੍ਹਣ ਦੀ ਇੱਛਾ ਵੱਧ ਹੈ। ਸਿਰਫ਼ ਗੁਰਸੀਰ ਹੀ ਨਹੀਂ ਬਲਕਿ ਉਸਦਾ ਵੱਡਾ ਭਰਾ ਬਲਵੀਰ, ਜੋ ਸਕੂਲ ਅਧਿਆਪਕ ਹੈ, ਉਹ ਵੀ ਇਹੀ ਇੱਛਾ ਪਾਲ਼ਦਾ ਹੈ। ਗੁਰਸੀਰ ਦਾ ਤਾਇਆ ਵੀ ਆਪਣੇ ਵਿਹਲੇ ਫਿਰਦੇ ਪੁੱਤ ਛਿੰਦੇ ਨੂੰ ਭੇਜ ਕੇ ਆਪਣੀ ਇਹ ਲੁਕੀ ਇੱਛਾ ਜ਼ਾਹਰ ਕਰਦਾ ਹੈ। ਇਸ ਮਸਲੇ ਤੋਂ ਨਾਵਲ ਦੀ ਸ਼ੁਰੂਆਤ ਬਹੁਤ ਰੌਚਕ ਵੀ ਹੈ ਅਤੇ ਰਿਸ਼ਤਿਆਂ ਵਿਚ ਸਵਾਰਥੀ ਹਿਤਾਂ ਦੀ ਸਾਂਝ ਨੂੰ ਬਿਆਨ ਕਰਨ ਵਾਲੀ

ਵੀ ਹੈ। ਦੂਜਾ ਬਿਰਤਾਂਤ ਕਰਨਵੀਰ ਦਾ ਹੈ ਜਿਹੜਾ ਸਪੇਨ ਤੋਂ ਆਪਣੇ ਚਾਚੇ ਦੇ ਪੁੱਤ ਤੇ ਭਰਜਾਈ ਕੋਲ਼ ਕਨੇਡਾ ਆਉਂਦਾ ਹੈ। ਦੋਨਾਂ ਬਿਰਤਾਂਤਾਂ ਵਿਚ ਸਾਂਝਾ ਸੂਤਰ ਇਹ ਹੈ ਕਿ ਦੋਨੋ ਹੀ ਟਰੱਕ ਡਰਾਇਵਰ ਹਨ, ਦੋਹਾਂ ਨੂੰ ਲਾਇਸੰਸ ਲੈਣ ਲਈ ਜੱਦੋ-ਜਹਿਦ ਵੀ ਕਰਨੀ ਪੈਂਦੀ ਹੈ ਤੇ ਡਾਲਰ ਵੀ ਖਰਚਣੇ ਪੈਂਦੇ ਹਨ, ਵੱਡੀ ਰਕਮ ਤਾਰ ਕੇ ਐੱਲ.ਐੱਮ.ਆਈ.ਏ. ਲੈਣੀ ਪੈਂਦੀ ਹੈ। ਇਹ ਕੁਝ ਅਜਿਹੇ ਤਕਨੀਕੀ ਪੱਖ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਸ਼ਮਿੰਦਰ ਤੇ ਚਿੱਟੀ ਵਰਗੇ ਚਲਾਕ ਵਿਅਕਤੀ ਨਵੇਂ ਮੁੰਡਿਆਂ ਦੀ ਲੁੱਟ ਕਰਦੇ ਹਨ।

ਕਨੇਡਾ ਵਿਚ ਕਿਸੇ ਵੀ ਤਰ੍ਹਾਂ ਦਾ ਆਧਾਰ ਬਣਾ ਕੇ ਆਏ ਕੱਚੇ ਵਿਅਕਤੀ ਨੂੰ ਪੱਕਾ ਹੋਣ ਲਈ ਵਰਕ ਪਰਮਿਟ ਲੈਣਾ ਜ਼ਰੂਰੀ ਹੁੰਦਾ ਹੈ ਤਾਂ ਕਿ ਉਹ ਲਗਾਤਾਰ ਕੰਮ ਕਰਕੇ ਆਪਣਾ ਸਟੇਟਸ ਮਜ਼ਬੂਤ ਕਰ ਸਕੇ। ਵਰਕ ਪਰਮਿਟ ਲੈਣ ਲਈ ਹਜ਼ਾਰਾਂ ਡਾਲਰ ਰਿਸ਼ਵਤ ਦੇਣੀ ਪੈਂਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਭ ਪੰਜਾਬੀ ਭਾਈਚਾਰੇ ਦੇ ਲੋਕ ਹੀ ਕਰਦੇ ਹਨ, ਜਿਹੜੇ ਪੰਜਾਬ ਤੋਂ ਆਏ ਨੌਜਵਾਨਾਂ ਦੀ ਮਜਬੂਰੀ ਨੂੰ ਸਮਝਕੇ ਇਸਦਾ ਫ਼ਾਇਦਾ ਉਠਾਉਂਦੇ ਹਨ। ਗੁਰਸੀਰ ਤੇ ਕਰਨਵੀਰ ਸ਼ਮਿੰਦਰ ਅਤੇ ਚਿੱਟੀ ਹੱਥੋਂ ਇਸੇ ਤਰ੍ਹਾਂ ਲੁੱਟ ਕਰਵਾਉਂਦੇ ਹਨ। ਡਰਾਇਵਿੰਗ ਲਾਇਸੰਸ ਲਈ ਰੋਡ ਟੈੱਸਟ ਦਿਵਾਉਣ ਦੇ ਨਾਂਅ 'ਤੇ ਖੁੱਲ੍ਹੇ ਦਰਸ਼ਨ ਵਰਗਿਆਂ ਦੇ ਡਰਾਇਵਿੰਗ ਸਕੂਲ ਵੀ ਅਸਲ ਵਿਚ ਧੋਖਾਧੜੀ ਦਾ ਹੀ ਅੱਡਾ ਹਨ। ਉਹ ਮੋਟੀ ਫੀਸ ਲੈ ਕੇ ਜਾਅਲੀ ਢੰਗ ਨਾਲ ਟੈੱਸਟ ਦਿਵਾਉਂਦੇ ਹਨ। ਸਿਖਾਂਦਰੂਆਂ ਤੋਂ ਟਰੱਕ ਦੇ ਕਿਰਾਏ ਦੇ ਰੂਪ ਵਿਚ ਪੈਸੇ ਲੈ ਕੇ ਕਿਸੇ ਡਰਾਇਵਿੰਗ ਸਕੂਲ ਦਾ ਟਰੱਕ ਕਿਰਾਏ 'ਤੇ ਲੈਣ ਦੀ ਥਾਂ ਆਪਣੇ ਹੀ ਟਰੱਕ ਤੋਂ ਟੈੱਸਟ ਦਿਵਾਉਂਦੇ ਹਨ।

ਨਾਵਲ ਦਾ ਇਕ ਪਾਸਾਰ ਭਾਵਨਾਵਾਂ ਦੀ ਸੂਖਮਤਾ ਦੇ ਮਕਾਨਕੀ ਹੋ ਜਾਣ ਨਾਲ ਜੁੜਿਆ ਹੋਇਆ ਹੈ। ਭਾਵ ਮਨੁੱਖ ਦੇ ਨਿਰੋਲ ਆਪਣੇ ਮਨ ਵਿਚੋਂ ਉਪਜਦੇ ਹਨ। ਇਹ ਸ਼ੁੱਧ ਜਜ਼ਬੇ ਹੁੰਦੇ ਹਨ ਜਿਨ੍ਹਾਂ ਵਿਚ ਕੋਈ ਮਿਲਾਵਟ ਨਹੀਂ ਹੁੰਦੀ। ਸਮਕਾਲੀ ਦੌਰ ਐਨੀ ਬੇਵਿਸਾਹੀ ਵਾਲਾ ਹੈ ਕਿ ਵਿਅਕਤੀ ਦੇ ਭਾਵਾਂ ਵਿਚ ਵੀ ਸ਼ੁੱਧਤਾ ਨਹੀਂ ਰਹੀ ਤੇ ਉਸਨੂੰ ਆਪਣੇ ਸ਼ਬਦਾਂ 'ਤੇ ਵੀ ਯਕੀਨ ਨਹੀਂ ਰਿਹਾ। ਕਰਨਵੀਰ ਦੀ ਫੇਸਬੁੱਕ 'ਤੇ ਜੀਤੀ ਨਾਲ ਨੇੜਤਾ ਬਣ ਜਾਂਦੀ ਹੈ। ਉਹ ਉਸਨੂੰ ਪਹਿਲੀ ਵਾਰ ਮਿਲਣ ਸਮੇਂ ਆਪਣੇ ਮਨ ਅਤੇ ਵਿਚਾਰਾਂ ਰਾਹੀਂ ਜਾਣਨ ਦੀ ਥਾਂ ਗੂਗਲ ਦਾ ਸਹਾਰਾ ਲੈਂਦਾ ਹੈ। ਕਰਨਵੀਰ ਗੂਗਲ ਤੋਂ ਇਹ ਸਰਚ ਕਰਕੇ ਜਾਂਦਾ ਹੈ ਕਿ ਕਿਸੇ ਕੁੜੀ ਨੂੰ ਪਹਿਲੀ ਵਾਰ ਮੁੰਡੇ ਨੂੰ ਮਿਲਣ ਸਮੇਂ ਕਿਸ ਤਰ੍ਹਾਂ ਦੀ ਗੱਲਬਾਤ ਕਰਨੀ ਚਾਹੀਦੀ ਹੈ? ਕੀ ਕਰਨਾ ਚਾਹੀਦਾ ਤੇ ਕੀ ਨਹੀਂ ਕਰਨਾ ਚਾਹੀਦਾ ਇਸਦਾ ਫੈਸਲਾ ਕਰਨਵੀਰ ਆਪਣੀ ਬੁੱਧੀ ਤੋਂ ਕਰਨ ਦੀ ਬਜਾਏ ਗੂਗਲ ਰਾਹੀਂ ਕਰਦਾ ਹੈ। ਜੀਤੀ ਵੀ ਗੂਗਲ ਤੋਂ ਪੜ੍ਹ ਕੇ ਆਈ ਹੋਣ ਕਰਕੇ ਅਜਿਹਾ ਹੀ ਕਰਦੀ ਹੈ। ਇਸ ਤਰ੍ਹਾਂ ਬਣੇ ਰਿਸ਼ਤਿਆਂ ਤੋਂ ਪਿਆਰ ਤੇ ਲੰਮੇਰੀ ਸਾਂਝ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਕਰਨਵੀਰ ਅਤੇ ਜੀਤੀ ਦਾ ਰਿਸ਼ਤਾ ਇਸੇ ਦਵੰਦ ਵਿਚਕਾਰ ਫਸਿਆ ਹੋਇਆ ਹੋਣ ਕਰਕੇ ਉਹ ਵਿਆਹ ਕਰਵਾਉਣ ਦਾ ਫੈਸਲਾ ਨਹੀਂ ਕਰ ਸਕਦੇ, ਦੂਜੇ ਪਾਸੇ ਆਰਥਿਕ ਚੱਕਰ ਵਿਚ ਉਲਝਿਆ ਗੁਰਸੀਰ ਆਪਣੀ ਪਤਨੀ ਅੰਮ੍ਰਿਤ ਨਾਲ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਮਾਣ ਨਹੀਂ ਸਕਦਾ।

ਅਨੁਭਵੀ ਕਥਾਕਾਰ ਹੋਣ ਕਰਕੇ ਹਰਪ੍ਰੀਤ ਨੂੰ ਨਾਵਲ ਦਾ ਕਥਾਨਕ ਬੁਣਨ ਦੀ ਜਾਚ ਆਉਂਦੀ ਹੈ। 198 ਪੰਨੇ ਦੇ ਨਾਵਲ ਨੂੰ ਕੁੱਲ 14 ਕਾਂਡਾਂ ਵਿਚ ਵੰਡਿਆ ਹੈ ਅਤੇ ਹਰ ਇਕ ਕਾਂਡ ਦਾ ਨਾਮਕਰਨ ਦੋ ਮੁੱਖ ਪਾਤਰਾਂ ਕਰਨਵੀਰ ਅਤੇ ਗੁਰਸੀਰ ਦੇ ਨਾਮ 'ਤੇ ਕੀਤਾ ਹੈ। ਕਥਾਨਕ ਨੂੰ ਮੈਂ ਪਾਤਰ ਦੀ ਬਿਆਨਬਾਜ਼ੀ ਦੇ ਨਾਲ-ਨਾਲ ਵਾਰਤਾਲਾਪੀ ਵਿਧੀ ਰਾਹੀਂ ਵੀ ਉਸਾਰਿਆ ਹੈ। ਪਾਤਰਾਂ ਦੀ ਜਮਾਤੀ ਖ਼ਸਲਤ ਸਮਕਾਲੀ ਦੌਰ ਦੀਆਂ ਅਲਾਮਤਾਂ ਦੇ ਅਨੁਸਾਰੀ ਹੈ। ਸ਼ਮਿੰਦਰ, ਚਿੱਟੀ ਅਤੇ ਰਾਕੇਸ਼ ਵਰਗੇ ਲੋਟੂ ਪ੍ਰਬੰਧ ਦੇ ਪ੍ਰਤੀਕ ਹਨ ਜਦਕਿ ਕਰਨਵੀਰ ਤੇ ਗੁਰਸੀਰ ਲੁੱਟੀ ਜਾਣ ਵਾਲੀ ਧਿਰ ਦੇ ਵਾਹਕ ਬਣਕੇ ਪੇਸ਼ ਹੋਏ ਹਨ। ਪਾਤਰਾਂ ਦੀ ਭਾਸ਼ਾ ਇਲਾਕਾਈ ਹੈ। ਨਾਵਲ ਵਿਚ ਇਕ ਥਾਂ

ਬਿਰਤਾਂਤਕ ਇਕਾਗਰਤਾ ਭੰਗ ਹੁੰਦੀ ਹੈ, ਜਦੋਂ ਅੰਤਲੇ ਕਾਂਡ ਵਿਚ ਪੰਨਾ 171 ਅਤੇ 172 'ਤੇ ਫਲੈਗ ਪੋਲਿੰਗ ਹੋਣ ਉਪਰੰਤ ਵਰਕ ਪਰਮਿਟ ਲੈਣ ਲਈ ਅਫਸਰ ਨਾਲ ਹੋਈ ਗੱਲਬਾਤ ਦੇ ਪ੍ਰਸੰਗ ਵਿਚ ਕਰਨਵੀਰ ਦਾ ਨਾਂ ਗੁਰਸੀਰ ਨਾਲ ਰਲਗੱਡ ਹੋਇਆ ਮਿਲਦਾ ਹੈ। ਹਰਪ੍ਰੀਤ ਦੀ ਬਿਰਤਾਂਤਕ ਸਮਰੱਥਾ ਉਪਰ ਵਿਸ਼ਵਾਸ ਦੀ ਭਾਵਨਾ ਨਾਲ ਇਸ ਤਰ੍ਹਾਂ ਦੀ ਇੱਕਾ ਦੁੱਕਾ ਉਕਾਈ ਨੂੰ ਅੰਦਾਜ਼ ਕੀਤਾ ਜਾ ਸਕਦਾ ਹੈ। ਉਸ ਵਿਚ ਅਵੱਸ਼ ਵੱਡਾ ਨਾਵਲਕਾਰ ਬਣਨ ਦੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ।

**–(ਡਾ.) ਹਰਿੰਦਰ ਸਿੰਘ**

## ਮੁਹੱਬਤ ਵੇ.ਲਾ (ਨਾਵਲ) ਪਰਗਟ ਸਿੰਘ ਸਤੌਜ

ਪਰਗਟ ਸਿੰਘ ਸਤੌਜ ਆਪਣੇ ਹੱਥਲੇ ਨਾਵਲ 'ਮੁਹੱਬਤ ਵੇਲਾ' (ਕੈਲੀਬਰ ਪਬਲੀਕੇਸ਼ਨ, ਪਟਿਆਲਾ, ਪੰਨੇ 160, ਮੁੱਲ 180 ਰੁਪਏ) ਸਮੇਤ ਅੱਧੀ ਦਰਜਨ ਨਾਵਲ ਪੰਜਾਬੀ ਸਾਹਿਤ ਲਈ ਸਿਰਜ ਚੁੱਕਾ ਹੈ। ਉਸਦੇ ਨਾਵਲਾਂ ਵਿਚ ਜਿੱਥੇ ਮਾਲਵੇ ਦੇ ਗੂੜ੍ਹ ਪੇਂਡੂ ਯਥਾਰਥ ਨੂੰ ਚਿਤਰਿਆ ਗਿਆ ਹੁੰਦਾ ਹੈ ਉੱਥੇ ਨਾਲ ਦੀ ਨਾਲ ਹਾਸ਼ੀਆਗਤ ਧਿਰਾਂ ਦੀ ਮੂਕਤਾ ਨੂੰ ਜ਼ੁਬਾਨ ਦੇਣ ਦਾ ਯਤਨ ਵੀ ਕੀਤਾ ਗਿਆ ਹੁੰਦਾ ਹੈ। ਹੱਥਲੇ ਨਾਵਲ ਦਾ ਬਿਰਤਾਂਤ ਕਾਲਜੀਏਟ ਨੌਜਵਾਨਾਂ ਦੀ ਜੀਵਨ ਸ਼ੈਲੀ ਦੁਆਲੇ ਬੁਣਿਆ ਹੋਇਆ ਹੈ। ਲੇਖਕ ਦੇ ਆਪਣੇ ਸ਼ਬਦਾਂ ਅਨੁਸਾਰ ਉਹ ਇਸ ਨਾਵਲ ਰਾਹੀਂ ਉਸ ਨੌਜਵਾਨ ਪੀੜ੍ਹੀ ਦੀ ਗੱਲ ਕਰਨਾ ਚਾਹੁੰਦਾ ਹੈ ਜਿਨ੍ਹਾਂ ਦੀ ਗੱਲ ਸਾਹਿਤ ਵਿਚ ਨਹੀਂ ਕੀਤੀ ਜਾਂਦੀ। ਨਾਵਲਕਾਰ ਦਾ ਇਹ ਵੀ ਮੰਨਣਾ ਹੈ ਕਿ ਇਸ ਨਾਵਲ ਰਾਹੀਂ ਉਸਨੇ ਨੌਜਵਾਨ ਪੀੜ੍ਹੀ ਦੀ ਗੱਲ ਕਰਨ ਦੇ ਨਾਲ-ਨਾਲ ਇਸ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਦਾ ਯਤਨ ਵੀ ਕੀਤਾ ਹੈ। ਮੇਰਾ ਮੰਨਣਾ ਹੈ ਕਿ ਸਾਹਿਤ ਅਰਥਾਂ ਵਿਚ ਬੱਝ ਕੇ ਨਹੀਂ ਰਹਿ ਸਕਦਾ। ਇਸ ਵਿਚ ਅਰਥਾਂ ਤੋਂ ਪਾਰ ਜਾਣ ਦੀ ਸਮਰੱਥਾ ਹੁੰਦੀ ਹੈ। ਜੇਕਰ ਇਸ ਨਾਵਲ ਦੀ ਪੜ੍ਹਤ ਲੇਖਕ ਦੇ ਮਨੋਰਥ ਜਾਂ ਸੁਝਾਏ ਅਰਥਾਂ ਮੁਤਾਬਕ ਕੀਤੀ ਜਾਵੇ ਤਾਂ ਇਸਦੇ ਅਰਥਾਂ ਨਾਲ ਬੇਇਨਸਾਫੀ ਵੀ ਹੋਵੇਗੀ ਅਤੇ ਇਹ ਮਨ ਪ੍ਰਚਾਵੇ ਤਕ ਸੀਮਤ ਹੋ ਕੇ ਰਹਿ ਜਾਵੇਗਾ। ਇਸ ਨਾਵਲ ਨੂੰ ਇਹਨਾਂ ਅਰਥਾਂ ਤੋਂ ਪਾਰ ਹੋ ਕੇ ਦੇਖਣ-ਸਮਝਣ ਦੀ ਲੋੜ ਹੈ।

ਨਾਵਲ ਮੁੱਖ ਤੌਰ 'ਤੇ ਤਿੰਨ ਦੋਸਤਾਂ ਤਰਨ, ਸਕੀਮੀ ਅਤੇ ਆਸਿਫ਼ ਦਾ ਬਿਰਤਾਂਤ ਹੈ। ਤਰਨ ਤੇ ਸਕੀਮੀ ਫਿਜ਼ੀਕਲ ਕਾਲਿਜ ਵਿਚ ਬੀ.ਪੀ.ਐੱਡ. ਕਰਦੇ ਹਨ ਜਦਕਿ ਆਸਿਫ਼ ਪਿੰਡ ਰਹਿ ਕੇ ਆਪਣੇ ਬਾਪ ਨਾਲ ਖੇਤੀ ਵਿਚ ਹੱਥ ਵਟਾਉਂਦਾ ਹੈ। ਨੌਜਵਾਨ ਹੋਣ ਕਾਰਨ ਇਹਨਾਂ ਵਿਚ ਪਿਆਰ ਕਰਨ ਦਾ ਕੁਦਰਤੀ ਜਜ਼ਬਾ ਹੈ। ਇਹ ਜਜ਼ਬਾ ਪਿਆਰ ਤੋਂ ਸਮਾਜ ਤਕ ਫੈਲਿਆ ਹੋਇਆ ਹੈ। ਇਹ ਕਬੱਡੀ ਦੇ ਖਿਡਾਵੇ ਵੀ ਹਨ ਅਤੇ ਸਾਹਿਤ ਨਾਲ ਵੀ ਜੁੜੇ ਹੋਏ ਹਨ। ਪਿੰਡ ਵਿਚ ਨਾਟਕ ਮੇਲੇ ਕਰਵਾ ਕੇ ਸਮਾਜਕ ਚੇਤਨਾ ਦੀ ਜਾਗ ਲਾਉਂਦੇ ਹਨ। ਤਰਨ ਕਾਲਿਜ ਦੇ ਨੇੜਲੇ ਪਿੰਡ ਕਿਸੇ ਮਕਾਨ ਵਿਚ ਰਹਿੰਦਿਆਂ ਗੁਆਂਢ ਵਿਚ ਮਾਸੀ ਕੋਲ਼ ਆਈ ਨਿਮਰ ਨਾਲ ਨੇੜਤਾ ਬਣਾਉਂਦਾ ਹੈ। ਅੱਲ੍ਹੜ ਉਮਰ ਦੀ ਇਹ ਨੇੜਤਾ ਸ਼ੁਰੂ ਹੋਣ ਵਾਂਗ ਕੁਝ ਕੁ ਦਿਨਾਂ ਵਿਚ ਹੀ ਖਤਮ ਹੋ ਜਾਂਦੀ ਹੈ। ਉਸ ਤੋਂ ਬਾਅਦ ਤਰਨ ਯੂਥ ਫੈਸਟੀਵਲ 'ਤੇ ਆਈ ਰੀਤ ਵੱਲ ਖਿੱਚਿਆ ਜਾਂਦਾ ਹੈ। ਉਹਨਾਂ ਦਾ ਆਪਸੀ ਪਿਆਰ ਵਿਆਹ ਦੇ ਰੂਪ ਵਿਚ ਸਫਲ ਹੋ ਜਾਂਦਾ ਹੈ। ਦੂਜੇ ਪਾਸੇ ਆਸਿਫ਼ ਆਪਣੀ ਭੈਣ ਦੀ ਸਹੇਲੀ ਸਹਿਜ ਨਾਲ ਪਿਆਰ ਕਰਦਾ ਹੈ ਜਿਹੜਾ ਆਸਿਫ਼ ਦੀ ਮੌਤ ਨਾਲ ਇਹ ਪਿਆਰ ਅੱਧਵਾਟੇ ਰਹਿ ਜਾਂਦਾ ਹੈ।

ਨਾਵਲ ਨੂੰ ਪੜ੍ਹ ਕੇ ਮੇਰੇ ਜ਼ਿਹਨ ਵਿਚ ਦੋ ਫਿਲਮਾਂ ਘੁੰਮ ਗਈਆਂ ਜਿਨ੍ਹਾਂ ਨਾਲ ਨਾਵਲ ਦਾ ਵਿਸ਼ਾ ਸਿੱਧੇ ਰੂਪ ਵਿਚ ਤਾਂ ਨਹੀਂ ਪਰ ਅਸਿੱਧੇ ਰੂਪ ਵਿਚ ਜ਼ਰੂਰ ਜੁੜਿਆ ਹੋਇਆ ਹੈ। ਪਹਿਲੀ ਪੰਜਾਬੀ ਫਿਲਮ 'ਮਿੱਟੀ' ਹੈ ਤੇ ਦੂਜੀ ਹਿੰਦੀ ਦੀ ਫਿਲਮ 'ਰੰਗ ਦੇ ਬਸੰਤੀ'। ਇਹ ਫਿਲਮਾਂ

ਨੌਜਵਾਨ ਦੋਸਤਾਂ ਦੀ ਕਹਾਣੀ ਹਨ ਜਿਹੜੇ ਵਿਹਲੇ ਰਹਿੰਦੇ, ਖਰਮਸਤੀਆਂ ਕਰਦੇ ਤੇ ਨੌਜਵਾਨਾਂ ਵਾਲੇ ਸਾਰੇ ਕੰਮ ਕਰਦੇ ਹਨ। ਦੋਨਾਂ ਫਿਲਮਾਂ ਵਿਚ ਇਕ ਘਟਨਾ ਅਜਿਹੀ ਵਾਪਰਦੀ ਹੈ ਕਿ ਸਮਾਜ/ਘਰਦਿਆਂ ਦੀ ਨਜ਼ਰ ਵਿਚ ਵਿਹਲੇ ਫਿਰਦੇ, ਨਿਕੰਮੇ ਸਮਝੇ ਜਾਂਦੇ ਇਹ ਨੌਜਵਾਨ ਸਮਾਜਕ ਸੰਘਰਸ਼ਾਂ ਲਈ ਕੁਰਬਾਨੀ ਕਰ ਜਾਂਦੇ ਹਨ। ਨਾਵਲਕਾਰ ਦੁਆਰਾ ਸੁਝਾਏ ਅਰਥਾਂ ਦੀ ਥਾਂ ਇਸ ਨਾਵਲ ਵਿਚ ਸੰਘਰਸ਼ਾਂ ਵਿਚ ਕੁਰਬਾਨੀ ਦੇ ਪੱਖ ਤੋਂ ਬਹੁਤ ਵੱਡੇ ਅਰਥਾਂ ਵਾਲੀ ਗੱਲ ਹੈ। ਨਾਵਲ ਦੱਸਦਾ ਹੈ ਕਿ ਸਮਾਜ ਲਈ ਜਾਂ ਘਰਦਿਆਂ ਲਈ ਅਵਾਰਾ ਸਮਝੇ ਜਾਂਦੇ ਜਾਂ ਸਾਧਾਰਨ ਨੌਜਵਾਨਾਂ ਵਿਚ ਵੀ ਕੁਰਬਾਨੀ ਦਾ ਜਜ਼ਬਾ ਹੁੰਦਾ ਹੈ। ਇਸ ਜਜ਼ਬੇ ਨੂੰ ਜਾਗ ਲਾਉਣ ਦੀ ਲੋੜ ਹੁੰਦੀ ਹੈ। ਨਾਵਲ ਵਿਚ ਵੀ ਉਕਤ ਫਿਲਮਾਂ ਵਾਂਗ ਇਕ ਅਜਿਹੀ ਘਟਨਾ ਵਾਪਰਦੀ ਹੈ ਜਿਸ ਨਾਲ ਸਭ ਕੁਝ ਬਦਲ ਜਾਂਦਾ ਹੈ। ਇਹ ਘਟਨਾ ਨਾਵਲ ਦੇ ਅਰਥਾਂ ਨੂੰ ਵੀ ਬਦਲ ਦਿੰਦੀ ਹੈ ਅਤੇ ਇਸਦੇ ਪਾਤਰਾਂ ਦਾ ਚਿਹਨ ਚੱਕਰ ਵੀ ਤਬਦੀਲ ਹੋ ਜਾਂਦਾ ਹੈ।ਤਰਨ, ਸਕੀਮੀ ਅਤੇ ਆਸਿਫ਼ ਜਿਹੜੇ ਕਿਸੇ ਸਮੇਂ ਆਪਣੀ ਮਹਿਬੂਬਾ ਨੂੰ ਮਿਲਣ ਲਈ ਤੜਪਦੇ, ਬਹਾਨੇ ਬਣਾ ਕੇ ਮਿਲਦੇ, ਉਹੀ ਨੌਜਵਾਨ ਸਭ ਕੁਝ ਭੁਲਾ ਕੇ ਆਪਣੇ ਪਿੰਡ ਦੇ ਨੇੜੇ ਲੱਗਣ ਵਾਲੀ ਸ਼ਰਾਬ ਦੀ ਫੈਕਟਰੀ ਚੁਕਵਾਉਣ ਲਈ ਸੰਘਰਸ਼ ਕਰਦੇ ਹਨ। ਫੈਕਟਰੀ ਦੇ ਮਾਲਕ ਕੋਕਾ ਕੋਲਾ ਦੀ ਫੈਕਟਰੀ ਕਹਿ ਕੇ ਜ਼ਮੀਨ ਖਰੀਦ ਲੈਂਦੇ ਹਨ ਪਰ ਅਸਲ ਵਿਚ ਉਹਨਾਂ ਨੇ ਸ਼ਰਾਬ ਦੀ ਫੈਕਟਰੀ ਲਾਉਣੀ ਹੁੰਦੀ ਹੈ। ਆਸਿਫ਼ ਆਸੇ ਪਾਸੇ ਦੇ ਪਿੰਡਾਂ ਨੂੰ ਲਾਮਬੰਦ ਕਰਨ ਵਿਚ ਮੋਹਰੀ ਰੋਲ ਅਦਾ ਕਰਦਾ ਹੈ। ਤਰਨ ਤੇ ਸਕੀਮੀ ਪੇਪਰਾਂ ਤੋਂ ਵਿਹਲੇ ਹੋ ਕੇ ਇਸ ਸੰਘਰਸ਼ ਵਿਚ ਬਰਾਬਰ ਯੋਗਦਾਨ ਪਾਉਂਦੇ ਹਨ। ਸਰਮਾਏਦਾਰਾਂ ਦੇ ਕਹਿਣ ’ਤੇ ਭੀੜ ਨੂੰ ਖਿੰਡਾਉਣ ਲਈ ਪੁਲਿਸ ਵੱਲੋਂ ਕੀਤੀ ਗੋਲ਼ੀਬਾਰੀ ਵਿਚ ਇਕ ਗੋਲ਼ੀ ਆਸਿਫ਼ ਦੇ ਲੱਗ ਜਾਂਦੀ ਹੈ ਜਿਸ ਨਾਲ ਉਸਦੀ ਮੌਤ ਹੋ ਜਾਂਦੀ ਹੈ। ਆਸਿਫ਼ ਦੀ ਮੌਤ ਤੋਂ ਬਾਅਦ ਸੰਘਰਸ਼ ਹੋਰ ਤੇਜ਼ ਹੋ ਜਾਂਦਾ ਹੈ। ਇਸ ਦਬਾਅ ਵਿਚ ਸਰਕਾਰ ਨੂੰ ਹਾਰ ਮੰਨਣੀ ਪੈਂਦੀ ਹੈ ਤੇ ਲੋਕ ਏਕੇ ਦੀ ਜਿੱਤ ਹੋ ਜਾਂਦੀ ਹੈ।

ਨਾਵਲਕਾਰ ਨੇ ਪਿਆਰ ਦੇ ਅਰਥਾਂ ਨੂੰ ਵੱਖਰੇ-ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਇਕ ਪਾਸੇ ਆਸਿਫ਼ ਤੇ ਸਹਿਜ ਦਾ ਪਿਆਰ ਹੈ ਜਿਹੜਾ ਸਾਹਿਤ ਪੜ੍ਹਨ ਦੇ ਸ਼ੌਕ ਤੇ ਕਿਤਾਬਾਂ ਦੇ ਆਦਾਨ-ਪ੍ਰਦਾਨ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਮਿਲਣ ਦੀ ਤੜਪ ਤਾਂ ਹੈ ਪਰ ਕੋਈ ਕਾਹਲ਼ਾਪਨ ਜਾਂ ਹਵਸ ਨਹੀਂ ਹੈ। ਤਰਨ ਤੇ ਰੀਤ ਦੇ ਸੰਬੰਧਾਂ ਵਿਚ ਵੀ ਕੁਝ ਹੱਦ ਤਕ ਅਜਿਹਾ ਹੈ ਪਰ ਉਸ ਵਿਚ ਕਾਲਜੀਏਟ ਮੁੰਡੇ-ਕੁੜੀਆਂ ਵਾਲੀ ਤੜਕ-ਫੜਕ ਹੈ। ਦੂਜੇ ਪਾਸੇ ਨੰਦੂ ਅਤੇ ਗਰੇਵਾਲ ਦੇ ਬਿਰਤਾਂਤ ਰਾਹੀਂ ਪਿਆਰ ਦੀ ਅਜਿਹੀ ਪਰਿਭਾਸ਼ਾ ਸਿਰਜੀ ਹੈ ਜਿਹੜੀ ਸਮਕਾਲ ਵਿਚ ਵੱਧ ਪ੍ਰਚਲਤ ਹੈ। ਗਰੇਵਾਲ ਵਰਗੇ ਇਕੋ ਸਮੇਂ ਕਿਸੇ ਇਕ ਕੁੜੀ ਦੀ ਥਾਂ ਅਨੇਕਾਂ ਨਾਲ ਸੰਬੰਧ ਬਣਾ ਕੇ ਰੱਖਦੇ ਹਨ। ਮਧੂ ਵਾਂਗ ਅੱਜ-ਕੱਲ ਦੀਆਂ ਕੁੜੀਆਂ ਵੀ ਇਸ ਗੱਲ ਨੂੰ ਬਾਖ਼ੂਬੀ ਜਾਣਦੀਆਂ ਹਨ। ਮਧੂ, ਗਰੇਵਾਲ ਦਾ ਝੂਠ ਫੜਨ ਲਈ ਪੁਨੀਤ ਦੇ ਨਾਂਅ ’ਤੇ ਝੂਠੀ ਆਈ.ਡੀ. ਬਣਾ ਕੇ ਗਰੇਵਾਲ ਨਾਲ ਗੱਲ ਕਰਦੀ ਹੈ। ਉਹ ਗਰੇਵਾਲ ਦਾ ਝੂਠ ਫੜ ਕੇ ਉਸਨੂੰ ਬੇਇੱਜ਼ਤ ਕਰਦੀ ਹੈ। ਬੇਸ਼ੱਕ ਪਿਆਰ ਬਾਰੇ ਹਰ ਇਕ ਦਾ ਦ੍ਰਿਸ਼ਟੀਕੋਣ ਵੱਖਰਾ ਹੁੰਦਾ ਹੈ, ਪਰ ਮੁੱਖ ਤੌਰ ’ਤੇ ਇਕ ਕੁਦਰਤੀ ਜਜ਼ਬੇ ਵਜੋਂ ਵਿਰੋਧੀ ਲਿੰਗ ਦੀ ਖਿੱਚ ਦਾ ਸਿਧਾਂਤ ਜ਼ਰੂਰ ਕੰਮ ਕਰਦਾ ਹੈ। ਇਸ ਵਿਚ ਸਰੀਰਕ ਤੇ ਮਾਨਸਿਕ ਸੁੱਖ ਭੋਗਣ ਦਾ ਜਜ਼ਬਾ ਨਵੀਂ ਪੀੜ੍ਹੀ ਦੇ ਹਰ ਨੌਜਵਾਨ ਵਿਚ ਲਾਜ਼ਮੀ ਹੁੰਦਾ ਹੈ। ਆਸਿਫ਼ ਤੇ ਤਰਨ ਦੇ ਪਿਆਰ ਵਿਚੋਂ ਸਰੀਰਕ ਭੁੱਖ ਗ਼ਾਇਬ ਕਰਨਾ ਹੁਣਵੇਂ ਯਥਾਰਥ ਤੋਂ ਬਾਹਰੀ ਗੱਲ ਹੈ।

ਨਾਵਲ ਦਾ ਬਿਰਤਾਂਤਕ ਸੰਗਠਨ ਸੰਘਣਾ ਹੈ। ਨਾਵਲਕਾਰ ਕੋਲ ਪੇਂਡੂ ਯਥਾਰਥ ਦੀ ਸੋਝੀ ਵੀ ਹੈ ਅਤੇ ਨੌਜਵਾਨ ਪੀੜ੍ਹੀ ਦੇ ਕਾਰਜੀ ਵੇਰਵਿਆਂ ਦੀ ਜਾਣਕਾਰੀ ਵੀ ਹੈ। ਹੋਸਟਲਾਂ ਵਿਚ ਇਕ ਦੂਜੇ ਨੂੰ ਡਰਾਉਣਾ, ਰਲ-ਮਿਲ ਕੇ ਸ਼ੁਗਲ ਮੇਲਾ ਕਰਨਾ, ਆਪਣੀਆਂ ਟੁੱਟੀਆਂ ਜਾਂ ਖਰਾਬ ਲਾਈਟਾਂ ਨੂੰ ਹੋਰ ਥਾਵਾਂ ਤੋਂ ਚੋਰੀ ਲਾਈਟਾਂ ਲਾਹ ਕੇ ਲਾਉਣ ਦੇ ਵੇਰਵੇ ਯਥਾਰਥਕ ਹਨ। ਵਾਤਾਵਰਨ ਦੇ ਪੱਖ ਤੋਂ

ਕਾਲਿਜ ਤੇ ਹੋਸਟਲਾਂ ਦਾ ਮਾਹੌਲ ਰੌਚਕਤਾ ਵਾਲਾ ਪੇਸ਼ ਹੋਇਆ ਹੈ। ਪਾਤਰ ਆਪਣੇ ਜਮਾਤੀ ਸੁਭਾਅ ਅਨੁਸਾਰ ਹੀ ਪੇਸ਼ ਹੋਏ ਹਨ। ਆਸਿਫ਼ ਦੀ ਮੌਤ ਨਾਵਲ ਦੇ ਬਿਰਤਾਂਤ ਵਿਚ ਸਹਿਜ ਸੁਭਾਅ ਆਇਆ ਮੋੜ ਜਾਪਣ ਦੀ ਥਾਂ ਨਾਵਲਕਾਰ ਵੱਲੋਂ ਮਨ-ਮਰਜ਼ੀ ਨਾਲ ਦਿੱਤਾ ਗਿਆ ਮੋੜ ਜਾਪਦੀ ਹੈ। ਕਿਉਂਕਿ ਆਸਿਫ਼ ਤੇ ਸਹਿਜ ਦੇ ਪਿਆਰ ਨੂੰ ਸਮਾਜਕ ਪ੍ਰਵਾਨਗੀ ਦਿਵਾਉਣ ਲਈ ਨਾਵਲ ਦੇ ਬਿਰਤਾਂਤ ਵਿਚ ਕਾਫ਼ੀ ਮੁਸ਼ੱਕਤ ਕਰਨੀ ਪੈਣੀ ਸੀ। ਇਸ ਲਈ ਇਕ ਜੁਗਤ ਰਾਹੀਂ ਆਸਿਫ਼ ਦੀ ਮੌਤ ਨਾਲ ਇਸ ਤੋਂ ਬਚਿਆ ਗਿਆ ਹੈ। ਨਾਵਲਕਾਰ ਨੂੰ ਮਿਸਤਰੀਆਂ ਦੀ ਕੁੜੀ (ਰੀਤ) ਤੇ ਜੱਟਾਂ ਦੇ ਮੁੰਡੇ (ਤਰਨ) ਦੇ ਪਿਆਰ ਨੂੰ ਸਮਾਜਕ ਪ੍ਰਵਾਨਗੀ ਮਿਲਣ ਦਾ ਤਾਂ ਯਕੀਨ ਹੈ ਪਰ ਉਹ ਇਕ ਮੁਸਲਿਮ ਮੁੰਡੇ (ਆਸਿਫ਼) ਤੇ ਜੱਟਾਂ ਦੀ ਕੁੜੀ (ਸਹਿਜ) ਦੇ ਪਿਆਰ ਦਾ ਸਮਾਜ ਵਿਚ ਪਤਾ ਲੱਗਣ ਤੋਂ ਡਰਦਾ ਪ੍ਰਤੀਤ ਹੁੰਦਾ ਹੈ। ਇਹੀ ਕਾਰਨ ਹੈ ਕਿ ਤਰਨ ਤੇ ਰੀਤ ਆਪਣੇ ਘਰੇ ਗੱਲ ਕਰ ਲੈਂਦੇ ਹਨ ਪਰ ਆਸਿਫ਼ ਤੇ ਸਹਿਜ ਇਸ ਬਾਰੇ ਕੁਝ ਵੀ ਨਹੀਂ ਸੋਚਦੇ। ਇਸ ਪਿਆਰ ਪ੍ਰਤੀ ਸਮਾਜ ਦਾ ਪ੍ਰਤੀਕਰਮ ਦਰਜ ਹੋਣ ਨਾਲ ਨਾਵਲ ਹੋਰ ਵੀ ਖ਼ੂਬਸੂਰਤ ਬਣ ਸਕਦਾ ਸੀ। ਇਹਨਾਂ ਇੱਕਾ-ਦੁੱਕਾ ਉਕਾਈਆਂ ਨੂੰ ਨਜ਼ਰ ਅੰਦਾਜ਼ ਕਰਦਿਆਂ ਨਾਵਲ ਨੂੰ ਪਿਆਰ ਤੇ ਕੁਰਬਾਨੀ ਦੇ ਅਰਥਾਂ ਵਜੋਂ ਇਕ ਅਹਿਮ ਕਿਰਤ ਵਜੋਂ ਪੜ੍ਹਿਆ ਤੇ ਸਮਝਿਆ ਜਾਣਾ ਚਾਹੀਦਾ ਹੈ। ਸਮਕਾਲੀ ਦੌਰ ਦੀ ਇਕੱਲਤਾ ਤੇ ਬੇਰੁਖੀ ਨਾਲ ਨਜਿੱਠਣ ਲਈ ਪਿਆਰ ਸਭ ਤੋਂ ਅਹਿਮ ਸਾਧਨ ਹੈ। ਪਿਆਰ ਦਿਨ-ਬ-ਦਿਨ ਖਤਮ ਹੁੰਦਾ ਜਾ ਰਿਹਾ ਹੈ। ਇਸਨੂੰ ਸਾਂਭਣ ਦੀ ਲੋੜ ਹੈ। ਪਿਆਰ ਦਾ ਸੱਚਾ ਜਜ਼ਬਾ ਕੁਰਬਾਨੀ ਦੇ ਮਾਦੇ ਨੂੰ ਵਧਾ ਦਿੰਦਾ ਹੈ। ਸੱਤਾ ਵੱਲੋਂ ਫੈਲਾਏ ਭਰਮਜਾਲ ਨੂੰ ਤੋੜਨ ਤੇ ਇਸ ਦੌਰ ਦੀਆਂ ਅਲਾਮਤਾਂ ਨਾਲ ਨਜਿੱਠਣ ਲਈ ਕੁਰਬਾਨੀ ਦੇ ਜਜ਼ਬੇ ਦੀ ਵੱਡੀ ਲੋੜ ਹੈ। ਨਾਵਲ ਦੋਹਾਂ ਜਜ਼ਬਿਆਂ ਦੀ ਸੰਤੁਲਤ ਪੇਸ਼ਕਾਰੀ ਕਰਦਾ ਹੈ। ਇਸ ਪੱਖ ਤੋਂ ਨਾਵਲ ਦੇ ਅਰਥਾਂ ਨੂੰ ਘਟਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ।

**-(ਡਾ.) ਹਰਿੰਦਰ ਸਿੰਘ**

## ਉਹ ਇੱਕੀ ਦਿਨ (ਨਾਵਲ) ਗੁਰਮੀਤ ਕੜਿਆਲਵੀ

'ਆਤੂ ਖੋਜੀ', 'ਸਾਰੰਗੀ ਦੀ ਮੌਤ', 'ਨਮੋਲੀਆਂ' ਤੇ 'ਗੁਰਚਰਨਾ ਗਾਡਰ' ਵਰਗੀਆਂ ਸ਼ਾਹਕਾਰ ਕਹਾਣੀਆਂ ਦਾ ਰਚੇਤਾ ਗੁਰਮੀਤ ਕੜਿਆਲਵੀ ਮੋਹਰਲੀ ਕਤਾਰ ਦਾ ਸਮਰੱਥਾਵਾਨ ਤੇ ਸੰਭਾਵਨਾਵਾਂ ਭਰਪੂਰ ਕਹਾਣੀਕਾਰ ਹੈ। ਉਸ ਨੇ ਕਹਾਣੀ ਤੋਂ ਇਲਾਵਾ ਬਾਲ ਸਾਹਿਤ ਤੇ ਵਾਰਤਕ 'ਤੇ ਵੀ ਕਲਮ ਚਲਾਈ ਅਤੇ ਆਪਣੇ ਸਾਹਿਤਕ ਕੱਦ ਨਾਲ ਨਿਆਂ ਵੀ ਕੀਤਾ ਹੈ। ਕਰੋਨਾ ਕਾਲ ਦੇ ਪਹਿਲੇ ਲਾੱਕ ਡਾਊਨ ਦੇ ਦਿਨਾਂ ਦੀ ਦਹਿਸ਼ਤ ਭਰੀ ਜ਼ਿੰਦਗੀ ਦੀ ਬਾਤ ਪਾਉਂਦੇ ਨਾਵਲ 'ਉਹ ਇੱਕੀ ਦਿਨ' (ਪੰਨੇ 152, ਮੁੱਲ 150 ਰੁਪਏ, ਪੀਪਲਜ਼ ਫੋਰਮ ਬਰਗਾੜੀ, ਪੰਜਾਬ) ਨਾਲ ਉਸ ਨੇ ਨਾਵਲ-ਰਚਨਾ ਦੇ ਪਿੜ ਵਿਚ ਵੀ ਪੈਰ ਰੱਖਿਆ ਹੈ। ਭਾਵੇਂ ਕਹਾਣੀ ਤੇ ਨਾਵਲ ਵਿਚ ਨੇੜਲਾ ਸੰਬੰਧ ਹੈ ਪਰ ਨਾਵਲ ਦੀਆਂ ਵਿਧਾਗਤ ਤੇ ਰੂਪਗਤ ਲੋੜਾਂ ਕਹਾਣੀ ਤੋਂ ਵੱਖਰੀਆਂ ਹਨ। ਇਸ ਲਈ ਬਹੁਤੀ ਵਾਰ ਕਹਾਣੀ ਤੋਂ ਨਾਵਲ ਵੱਲ ਆਏ ਲੇਖਕ ਜ਼ਿੰਦਗੀ ਦੇ ਦਿਸਦੇ ਦੇ ਪਿੱਛੇ ਕਾਰਜਸ਼ੀਲ ਅਣਦਿਸਦੇ ਰਹੱਸਾਂ ਤੇ ਜੀਵਨ ਦੇ ਸਮੁੱਚ ਨੂੰ ਪਕੜਨ ਤੇ ਪੇਸ਼ ਕਰਨ ਵਿਚ ਟਪਲਾ ਖਾ ਜਾਂਦੇ ਹਨ। ਇਸ ਤੌਖਲੇ ਦੇ ਸਨਮੁਖ ਗੁਰਮੀਤ ਨੇ ਨਾਵਲ ਦੀ ਸਾਹਿਤਕ ਸਿਨਫ਼ ਨਾਲ ਵਰ ਮੇਚਣ ਦਾ ਸਾਹਸ ਕੀਤਾ ਹੈ।

ਨਾਵਲ ਕਰੋਨਾ ਵਾਇਰਸ ਨਾਂ ਦੀ ਮਹਾਂਮਾਰੀ ਕਾਰਨ ਭਾਰਤ ਵਿਚ ਸਮੁੱਚੇ ਰੂਪ ਵਿਚ ਲੱਗੇ ਪਹਿਲੇ 21 ਦਿਨਾਂ ਦੇ ਲਾਕ ਡਾਊਨ ਦੇ ਸਮੇਂ ਲੋਕਾਂ ਵਿਚ ਫੈਲੀ ਦਹਿਸ਼ਤ, ਡਰ, ਨਿਰਾਸ਼ਾ, ਸ਼ੰਕਿਆਂ ਤੇ ਤੌਖਲਿਆਂ ਦੀ ਵਾਸਤਵਿਕ ਤਸਵੀਰ ਪੇਸ਼ ਕਰਦਾ ਹੈ। ਉਸ ਵੇਲੇ ਸ਼ਹਿਰਾਂ ਵਿਚ ਥਾਂ-ਥਾਂ ਆਈਸੋਲੇਸ਼ਨ ਸੈਂਟਰ ਬਣਾਏ ਗਏ ਤਾਂ ਕਿ ਬਾਹਰੋਂ ਆਏ ਸ਼ੱਕੀ ਵਿਅਕਤੀਆਂ ਨੂੰ 21 ਦਿਨਾਂ ਲਈ ਇਕਾਂਤਵਾਸ 'ਚ ਰੱਖਿਆ ਜਾਵੇ ਤੇ ਉਹਨਾਂ ਦੀ ਦੇਖਭਾਲ ਕੀਤੀ ਜਾ ਸਕੇ ਅਤੇ ਕਿਸੇ ਵਿਅਕਤੀ ਦੇ

ਸੰਕ੍ਰਿਮਤ ਹੋਣ ਕਾਰਨ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ। ਇਹ ਨਾਵਲ ਸ਼ਹਿਰ ਦੇ ਸਕੂਲ ਵਿਚ ਖੁੱਲ੍ਹੇ ਅਜਿਹੇ ਆਈਸੋਲੇਸ਼ਨ ਸੈਂਟਰ ਵਿਚ ਰੱਖੇ ਗਏ ਸ਼ੱਕੀ ਵਿਅਕਤੀਆਂ ਦੇ ਵਿਵਹਾਰ ਤੇ ਉਹਨਾਂ ਦੇ ਮਨੋਵਿਗਿਆਨਕ ਪੱਖ ਨੂੰ ਰੂਪਮਾਨ ਕਰਦਾ ਹੈ। ਸੈਂਟਰ ਵਿਚ ਅਮਰ ਕੌਰ-ਹਰਬੰਸ ਸਿੰਘ, ਜਿੰਦਰੋ, ਅੰਮ੍ਰਿਤ, ਆਨੰਦ, ਸੰਤੋਖ ਸਿੰਘ, ਗੁਰਚਰਨ, ਲਵੀ, ਨਿਰਭੈ, ਸੁਰਜੀਤ, ਪ੍ਰਕਾਸ ਕੌਰ, ਏ ਐੱਸ ਆਈ ਗੁਰਬੀਰ ਸਿੰਘ, ਐੱਸ ਡੀ ਐੱਮ ਤੇ ਤਹਿਸੀਲਦਾਰ ਆਦਿ ਪਾਤਰ ਆਉਂਦੇ ਹਨ। ਲੇਖਕ ਉਹਨਾਂ ਦੇ ਵਿਹਾਰ ਤੇ ਵਿਚਾਰਾਂ ਰਾਹੀਂ ਭਾਰਤ ਦੀਆਂ ਆਰਥਿਕ, ਸਮਾਜਕ-ਸਭਿਆਚਾਰਕ, ਧਾਰਮਿਕ, ਰਾਜਨੀਤਕ ਤੇ ਪ੍ਰਸ਼ਾਸਨਕ ਸਥਿਤੀਆਂ ਦੀ ਵਾਸਤਵਿਕਤਾ ਨੂੰ ਉਜਾਗਰ ਕਰਦਾ ਹੈ।

ਅਜਿਹੇ ਸੰਕਟਮਈ ਸਮੇਂ ਦੌਰਾਨ ਜਿੱਥੇ ਲੋੜਵੰਦਾਂ ਨੂੰ ਬਾਕੀਆਂ ਤੋਂ ਸਹਾਇਤਾ ਦੀ ਲੋੜ ਹੈ, ਉੱਥੇ ਬਹੁਤ ਸਾਰੇ ਲੋਕ ਇਸ ਸੰਕਟਮਈ ਸਮੇਂ ਨੂੰ ਆਪਣੇ ਹਿੱਤਾਂ ਤੇ ਮੁਨਾਫ਼ੇ ਲਈ ਵਰਤਣ ਵੱਲ ਅਗਰਸਰ ਹੁੰਦੇ ਹਨ। ਸੈਂਟਰ ਵਿਚ ਪੁਲਿਸ ਕਰਮਚਾਰੀ ਹਰੀ, ਤਹਿਸੀਲਦਾਰ, ਐੱਸ ਡੀ ਐੱਮ ਆਦਿ ਪਾਤਰ ਮਹਾਂਮਾਰੀ ਦੇ ਦੌਰ ਵਿਚ ਕਿਸੇ ਲੋੜਵੰਦ ਦੀ ਮੱਦਦ ਕਰਨ ਨੂੰ ਤਿਆਰ ਨਹੀਂ ਬਲਕਿ ਉਲਟਾ ਉਹ ਆਪਣੇ-ਆਪਣੇ ਅਹੁਦਿਆਂ ਤੇ ਤਰੱਕੀਆਂ ਲਈ ਲੋਕਾਂ ਨੂੰ ਲੁੱਟਣ ਦਾ ਕੋਈ ਵੀ ਮੌਕਾ ਗੁਆਉਣਾ ਨਹੀਂ ਚਾਹੁੰਦੇ। ਐੱਸ ਡੀ ਐੱਮ ਨੂੰ ਆਰ.ਟੀ.ਓ. ਨਾ ਬਣ ਪਾਉਣ ਦਾ ਰੰਜ ਹੈ। ਤਹਿਸੀਲਦਾਰ ਨੂੰ ਪੀ ਸੀ ਐੱਸ ਵਜੋਂ ਤਰੱਕੀ ਲਈ ਲੋੜੀਂਦੀ ਰਿਸ਼ਵਤ ਇਕੱਠੀ ਕਰਨ ਦਾ ਫ਼ਿਕਰ ਹੈ ਅਤੇ ਲਾਕ ਡਾਊਨ ਕਾਰਨ ਰਜਿਸਟਰੀਆਂ ਬੰਦ ਹੋਣ ਕਰਕੇ ਉਹ ਉਦਾਸ ਹੈ। ਹਰੀ ਸੈਂਟਰ ਵਿਚਲੇ ਵਿਅਕਤੀਆਂ ਲਈ ਆਏ ਨਿੱਕੇ-ਮੋਟੇ ਸਾਮਾਨ ਦੀ ਚੋਰੀ ਕਰਨ ਤੋਂ ਬਾਜ ਨਹੀਂ ਆਉਂਦਾ। ਪਰ ਇਹ ਨਹੀਂ ਕਿ ਹਰ ਵਿਅਕਤੀ ਆਪਣੇ ਲਾਲਚਾਂ-ਲੋਭਾਂ ਵਿਚ ਫਸਿਆ ਹੈ ਤੇ ਸਾਰੀ ਅਫ਼ਸਰਸ਼ਾਹੀ ਭ੍ਰਿਸ਼ਟ ਹੈ। ਪੁਲਿਸ ਵਿਚ ਗੁਰਬੀਰ ਸਿੰਘ ਵਰਗੇ ਸੁਹਿਰਦ ਤੇ ਇਮਾਨਦਾਰ ਮੁਲਾਜ਼ਮ ਵੀ ਮੌਜੂਦ ਹਨ ਜੋ ਲੋਕਾਂ ਦੀ ਮੱਦਦ ਕਰਨ ਲਈ ਹਰ ਵਕਤ ਤੱਤਪਰ ਰਹਿੰਦੇ ਹਨ। ਸੁਖਮਨ ਜੋ ਰਸੂਖਦਾਰ ਮਾਪਿਆਂ ਦੀ ਧੀ ਹੈ ਅਤੇ ਡਾਕਟਰ ਬਣ ਸਕਦੀ ਸੀ ਪਰ ਉਹ ਆਪਣੇ ਲਈ ਕੌਂਸਲਰ ਦੀ ਭੂਮਿਕਾ ਚੁਣਦੀ ਹੈ।'ਸਮਾਜ ਨੂੰ ਬਿਨਾਂ ਦਵਾਈਆਂ ਵਾਲੇ ਡਾਕਟਰਾਂ ਦੀ ਜ਼ਿਆਦਾ ਜ਼ਰੂਰਤ ਹੈ', ਆਨੰਦ ਦੇ ਇਸ ਕਥਨ ਨਾਲ ਸੁਖਮਨ ਦੀ ਚੋਣ ਦੀ ਮਹਤੱਤਾ ਨੂੰ ਉਘਾੜਿਆ ਗਿਆ ਹੈ। ਆਨੰਦ ਇਕ ਪੜ੍ਹਿਆ-ਲਿਖਿਆ ਬੇਰੁਜ਼ਗਾਰ ਹੈ। ਉਸ ਅੰਦਰ ਜ਼ਿੰਦਗੀ ਨੂੰ ਜਿਉਣ ਤੇ ਮਾਨਣ ਦੀ ਤਾਂਘ ਹੈ। ਉਹ ਸੈਂਟਰ ਵਿਚਲੇ ਬਾਕੀ ਵਿਅਕਤੀਆਂ ਦੀ ਢਹਿੰਦੀ ਕਲਾ ਤੇ ਨਿਰਾਸ਼ਾ ਨੂੰ ਚੜ੍ਹਦੀ ਕਲਾ ਵਿਚ ਤਬਦੀਲ ਕਰਨ ਲਈ ਸੁਪਨਿਆਂ, ਤਾਂਘਾਂ ਤੇ ਉਮੰਗਾਂ ਨਾਲ ਜੋੜਨ ਦਾ ਯਤਨ ਕਰਦਾ ਹੈ।

ਭਾਵੇਂ ਨਾਵਲ ਸਿੱਧੇ ਰੂਪ ਵਿਚ ਮਹਾਂਮਾਰੀ ਦੇ ਭਿਆਨਕ ਸਮੇਂ ਨਾਲ ਸੰਬੰਧਤ ਹੈ। ਪਰ ਇਸ ਵਿਚਲਾ ਬਿਰਤਾਂਤ ਕੋਝੀਆਂ ਸਰਕਾਰੀ ਚਾਲਾਂ, ਦਿਨੋ-ਦਿਨ ਵਧ ਰਹੀ ਬੇਰੁਜ਼ਗਾਰੀ, ਮੂਧੇ ਮੂੰਹ ਡਿੱਗ ਰਹੀ ਦੇਸ਼ ਦੀ ਆਰਥਿਕਤਾ ਤੇ ਭ੍ਰਿਸ਼ਟ ਤੰਤਰ ਦਾ ਪਰਦਾ ਚਾਕ ਕਰਦਾ ਹੈ। ਸੁਰਜੀਤ ਦੀ ਪਤਨੀ ਦੇ ਰਾਹੀਂ ਵਿਦਿਅਕ ਅਦਾਰਿਆਂ ਵਿਚ ਹੋ ਰਹੀ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਲੁੱਟ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਨਿਮਨ ਕਿਸਾਨੀ ਨਾਲ ਸੰਬੰਧਤ ਸੁਰਜੀਤ ਨੂੰ ਪੜ੍ਹਾਈ ਦੇ ਬਾਵਜੂਦ ਟਰਾਂਸਪੋਰਟ ਮਹਿਕਮੇ ਵਿਚ ਕੱਚੀ ਨੌਕਰੀ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਗੁਰਚਰਨ ਤੇ ਸੁਰਜੀਤ ਦੇ ਆਪਸੀ ਸੰਵਾਦ ਵਿਚੋਂ ਟਰਾਂਸਪੋਰਟ ਮਹਿਕਮੇ ਵਿਚਲੇ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਨੂੰ ਵਾਚਿਆ ਜਾ ਸਕਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਚੰਗੇ ਰੂਟ ਲਈ ਮਜਬੂਰੀ ਵਸ ਰਿਸ਼ਵਤ ਦੇਣੀ ਪੈਂਦੀ ਹੈ ਅਤੇ ਕਿਵੇਂ ਇੰਸਪੈਕਟਰ ਨੂੰ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ?

ਨਾਵਲ ਵਿਚ ਪੰਜਾਬ 'ਚ ਨਸ਼ਿਆਂ ਦੀ ਫੈਲ ਰਹੀ ਦਲਦਲ ਨੂੰ ਨੰਗਾ ਕੀਤਾ ਗਿਆ ਹੈ।

ਗੁਰਬੀਰ ਦੀ ਡਿਊਟੀ ਨਸ਼ਿਆਂ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨ 'ਤੇ ਲੱਗੀ ਹੈ ਪਰ ਉਹ ਪੰਜਾਬ ਦੇ ਨੌਜਵਾਨਾਂ ਦੇ ਨਸ਼ਿਆਂ ਦੇ ਗ਼ਲਬੇ ਵਿਚ ਆਉਣ ਦੀ ਵਾਸਤਵਿਕ ਸਥਿਤੀ ਤੋਂ ਜਾਣੂ ਹੋਣ ਦੇ ਬਾਵਜੂਦ ਬੇਵੱਸ ਹੈ। ਇਕ ਮਾਂ ਦਾ ਆਪਣੇ ਇਕਲੌਤੇ ਪੁੱਤ ਦੇ ਮਰਨ ਦੀ ਖ਼ਬਰ ਸੁਣਨ ਲਈ ਤਿਆਰ ਹੋਣਾ, ਨੌਜਵਾਨ ਦਾ ਵਾਰ-ਵਾਰ ਗੁਰਬੀਰ ਨੂੰ ਨਸ਼ੇ ਲਈ ਮੈਸਜ ਆਉਣਾ ਆਦਿ ਸਥਿਤੀਆਂ ਤੋਂ ਨਸ਼ਿਆਂ ਦੀ ਭਿਆਨਕ ਤਸਵੀਰ ਨੂੰ ਵੇਖਿਆ ਜਾ ਸਕਦਾ ਹੈ।

ਨਾਵਲ ਭਾਰਤ ਦੇ ਅਖੌਤੀ ਲੋਕਤੰਤਰ, ਲੋਕ ਹਤੈਸ਼ੀ ਥੋਥੀਆਂ ਨੀਤੀਆਂ, ਭ੍ਰਿਸ਼ਟ ਪ੍ਰਸ਼ਾਸ਼ਨ, ਰਿਸ਼ਵਤਖੋਰ ਅਫ਼ਸਰਸ਼ਾਹੀ, ਨਿੱਘਰ ਰਹੇ ਵਿਦਿਅਕ ਪ੍ਰਬੰਧ, ਬੇਰੁਜ਼ਗਾਰੀ, ਅਧਿਆਪਕਾਂ ਦੇ ਹੋ ਰਹੇ ਸ਼ੋਸ਼ਣ, ਕੱਚੇ ਮੁਲਾਜ਼ਮਾਂ ਦੀ ਸਮਾਜਕ-ਮਾਨਸਿਕ-ਆਰਥਿਕ ਸਥਿਤੀ ਤੇ ਸਮੱਸਿਆਵਾਂ ਨੂੰ ਯਥਾਰਥ ਦੇ ਧਰਾਤਲ 'ਤੇ ਪ੍ਰਸਤੁਤ ਕਰਦਾ ਹੈ। ਮਹਾਂਮਾਰੀ ਨੇ ਭਾਰਤੀ ਪ੍ਰਬੰਧ ਦੇ ਖੋਖਲੇ ਪ੍ਰਪੰਚਾਂ (ਸਿਹਤ ਸੇਵਾਵਾਂ, ਸਿੱਖਿਆ ਸੇਵਾਵਾਂ) ਦੇ ਬਾਹਰੀ ਲੋਕ ਭਰਮਾਊ ਖੋਲ ਨੂੰ ਲਾਹ ਕੇ ਪਰ੍ਹਾਂ ਸੁੱਟ ਦਿੱਤਾ ਹੈ। ਸੈਂਟਰ ਵਿਚ ਸਰਬਣ ਮਜ਼ਦੂਰਾਂ ਦੇ ਪ੍ਰਤੀਨਿਧੀ ਵਜੋਂ ਪੇਸ਼ ਹੁੰਦਾ ਹੈ ਅਤੇ ਕਿਰਤੀਆਂ, ਨਿਮਨ ਕਿਸਾਨਾਂ ਤੇ ਕੱਚੇ ਮੁਲਾਜ਼ਮਾਂ ਦੇ ਰੂਪ ਵਿਚ ਸਾਰੀਆਂ ਸ਼ੋਸ਼ਿਤ ਧਿਰਾਂ ਨੂੰ ਆਪਣੇ ਹਕੂਕ ਲਈ ਲੜਨ ਵਾਸਤੇ ਪ੍ਰੇਰਿਤ ਕਰਦਾ ਹੈ। ਅਖੀਰ ਵਿਚ ਜਿੰਦਰ ਤੇ ਅੰਮ੍ਰਿਤ ਦੇ ਪਿਆਰ ਦਾ ਫੁੱਲ ਖਿੜਨ ਨਾਲ ਜ਼ਿੰਦਗੀ ਦੀ ਮੌਤ 'ਤੇ ਜਿੱਤ ਵੱਲ ਇਸ਼ਾਰਾ ਕਰਦਾ ਨਾਵਲ ਦਾ ਅੰਤ ਸੁਖਾਂਤਕ ਹੈ।

ਨਾਵਲ ਦੀ ਬਣਤਰ ਤੇ ਬੁਣਤਰ ਸੁਗਠਿਤ ਹੈ। ਲੇਖਕ ਨੂੰ ਨਾਵਲੀ ਕੈਨਵਸ 'ਤੇ ਬਿਰਤਾਂਤ ਉਸਾਰੀ, ਪਾਤਰ ਉਸਾਰੀ ਤੇ ਸੰਵਾਦ ਸਿਰਜਣ ਦੀ ਸੋਝੀ ਹੈ ਤੇ ਉਹ ਇਸ ਵਿਚ ਸਫ਼ਲ ਰਿਹਾ ਹੈ। ਪਾਤਰਾਂ ਦੇ ਨਾਂ ਪ੍ਰਤੀਕਮਈ ਹਨ ਜੋ ਲੇਖਕ ਦਾ ਸੁਚੇਤ ਯਤਨ ਜਾਪਦਾ ਹੈ। ਵਾਸਤਵਿਕ ਵਸਤੂ ਵੇਰਵਿਆਂ ਦੇ ਗਲਪੀ ਰੁਪਾਂਤਰਣ ਦੇ ਨਾਲ ਸੁਪਨਿਆਂ, ਮਨੋਬਚਨੀ, ਮੌਕਾ-ਮੇਲ, ਵਾਰਤਾਲਾਪ, ਖਿਆਲਾਂ ਆਦਿ ਬਿਰਤਾਂਤਕ ਜੁਗਤਾਂ ਦੀ ਬਹੁਤ ਕੁਸ਼ਲ ਵਰਤੋਂ ਹੋਈ ਹੈ। ਕਿਤੇ-ਕਿਤੇ ਕਥਾ ਰਸ ਅਵੱਸ਼ ਪੇਤਲਾ ਪੈਂਦਾ ਹੈ ਅਤੇ ਆਨੰਦ ਤੇ ਸੁਖਮਨ ਨਾਂ ਦੇ ਪਾਤਰਾਂ ਵਿਚ ਲੇਖਕ ਦਾ ਝਲਕਾਰਾ ਵੀ ਪੈਂਦਾ ਹੈ। ਸਮੁੱਚੇ ਰੂਪ ਵਿਚ ਗੁਰਮੀਤ ਕੜਿਆਲਵੀ ਦਾ ਇਹ ਪਲੇਠਾ ਨਾਵਲ ਉਸਦੀ ਸਿਰਜਣਾਤਮਕਤਾ ਦੀ ਸ਼ਲਾਘਾਯੋਗ ਪ੍ਰਾਪਤੀ ਹੈ। **-ਪਰਗਟ ਸਿੰਘ ਬਰਾੜ**

## ਰੋਹ ਵਿਦਰੋਹ (ਨਾਵਲ) ਰਘਬੀਰ ਸਿੰਘ ਮਾਨ

ਕਹਾਣੀ ਦੀਆਂ ਦੋ ਪੁਸਤਕਾਂ 'ਅਚਿੰਤੇ ਬਾਜ਼ ਪਏ' ਅਤੇ 'ਕੋਈ ਤਾਂ ਹੈ' ਦੇ ਲੇਖਕ ਵਜੋਂ ਰਘਬੀਰ ਸਿੰਘ ਮਾਨ ਪੰਜਾਬੀ ਕਹਾਣੀ ਦੇ ਖੇਤਰ ਵਿਚ ਜਾਣਿਆ ਪਛਾਣਿਆ ਨਾਮ ਹੈ। 'ਰੋਹ ਵਿਦਰੋਹ' (ਪੰਨੇ 272, ਮੁੱਲ 500 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ) ਉਸਦਾ ਪਹਿਲਾ ਨਾਵਲ ਹੈ, ਜਿਸ ਵਿਚ ਭਾਰਤੀ ਸਮਾਜਕ ਵਿਵਸਥਾ ਵਿਚਲੇ ਜਾਤਪਾਤੀ ਪ੍ਰਬੰਧ ਅਤੇ ਸਾਮੰਤਵਾਦੀ ਮਾਨਸਿਕਤਾ ਤੋਂ ਉਪਜਦੇ ਭੇਦ-ਭਾਵ ਅਤੇ ਇਸ ਵਿਵਸਥਾ ਪ੍ਰਤੀ ਦਮਨਸ਼ੀਲ ਲਹਿਰਾਂ ਦੇ ਪ੍ਰਤੀਰੋਧ ਨੂੰ ਨਾਵਲ ਦੀ ਬਿਰਤਾਂਤਕ ਵਸਤੂ ਦਾ ਆਧਾਰ ਬਣਾਇਆ ਗਿਆ ਹੈ। ਜਾਤ ਪ੍ਰਬੰਧ ਅਤੇ ਵਰਣ ਵਿਵਸਥਾ ਭਾਰਤ ਦੇ ਸਮਾਜਕ-ਸੰਸਕ੍ਰਿਤਕ ਇਤਿਹਾਸ ਦਾ ਅਟੁੱਟ ਹਿੱਸਾ ਰਹੇ ਹਨ। ਧਰਮ ਤੇ ਗਿਆਨ ਦੀ ਸੱਤਾ 'ਤੇ ਭਾਰੂ ਧਿਰਾਂ ਨੇ ਇਸ ਪ੍ਰਬੰਧ ਨੂੰ ਰੱਦਣ ਦੀ ਥਾਂ ਇਸਨੂੰ ਹੋਰ ਮਜ਼ਬੂਤ ਕੀਤਾ ਅਤੇ ਆਪਣੇ ਹਿਤਾਂ ਲਈ ਵਰਤਿਆ। ਇਹ ਪ੍ਰਬੰਧ ਬ੍ਰਾਹਮਣਵਾਦੀ ਤਾਕਤਾਂ ਦੇ ਹੱਥ ਵਿਚ ਰਹਿ ਕੇ ਸਮਾਜ ਦੇ ਦਬੇ ਕੁਚਲੇ ਵਰਗਾਂ ਅਤੇ ਗਲੀਜ਼ ਕੰਮ ਕਰਦੇ ਮਨੁੱਖਾਂ ਦੀ ਹੋਣੀ ਨੂੰ ਕਿਸਮਤ, ਕਰਮ,ਧਰਮ ਤੇ ਅਗਲੇ ਪਿਛਲੇ ਜਨਮ ਨਾਲ ਜੋੜਦਾ ਸਮੁੱਚੀ ਸਮਾਜਕ ਗਤੀ ਨੂੰ ਪ੍ਰਭਾਵਤ ਕਰਦਾ ਰਿਹਾ। ਸ਼ੂਦਰ ਦਾ ਦਰਜਾ ਪ੍ਰਾਪਤ ਮਨੁੱਖ ਇਸ ਵਿਵਸਥਾ ਤੋਂ ਪੈਦਾ ਹੋਈ ਦਿਸਦੀ ਅਣਦਿਸਦੀ ਗ਼ੁਲਾਮੀ ਦਾ ਸਭਿਆਚਾਰ ਹੰਢਾਉਂਦਾ ਰਿਹਾ। ਹਿੰਦੀ ਅਤੇ ਹੋਰ ਖੇਤਰੀ ਭਾਸ਼ਾਵਾਂ ਦੇ

ਸਾਹਿਤ ਨੇ ਦਲਿਤ ਲਹਿਰ ਤਹਿਤ ਜਾਤੀ/ਜਮਾਤੀ ਅਤੇ ਲਿੰਗਕ ਵਿਤਕਰਿਆਂ ਵਿਚ ਅਣਮਨੁੱਖੀ ਭੇਦ-ਭਾਵ ਹੰਢਾਉਂਦੇ ਦਲਿਤ ਵਰਗ ਦੀ ਮਾਰਮਿਕ ਪੇਸ਼ਕਾਰੀ ਕਰ ਕੇ ਸਮੁੱਚੇ ਭਾਰਤੀ ਪਾਠਕਾਂ ਦਾ ਧਿਆਨ ਖਿੱਚਿਆ ਹੈ।

ਪੰਜਾਬੀ ਦਲਿਤ ਸਾਹਿਤ ਵਿਚ ਇਸ ਵਰਣ ਤੇ ਜਾਤੀ ਪ੍ਰਬੰਧ ਦੀ ਕਰੂਰ ਵਿਵਸਥਾ ਵਿਚ ਨਪੀੜੇ ਜਾ ਰਹੇ ਵਰਗਾਂ ਦੀ ਸੰਵੇਦਨਾ ਨੂੰ ਰਜਿਸਟਰ ਕਰਨ ਦੇ ਨਾਲ ਨਾਲ ਇਸ ਪ੍ਰਬੰਧ ਨੂੰ ਰੱਦ ਕਰਨ ਤੇ ਇਸ ਪ੍ਰਤੀ ਨਾਬਰ ਧੁਨੀਆਂ ਦਾ ਪ੍ਰਗਟਾਵਾ ਕੀਤਾ ਮਿਲਦਾ ਹੈ। ਪੰਜਾਬੀ ਦਲਿਤ ਕਹਾਣੀ ਤੇ ਨਾਵਲ ਇਸ ਪ੍ਰਸੰਗ ਵਿਚ ਆਪਣੀ ਵੱਖਰੀ ਵਸਤੂ ਤੇ ਵੱਖਰਾ ਕਾਵਿ ਸ਼ਾਸਤਰ ਸਿਰਜ ਰਹੇ ਹਨ। ਰਘਬੀਰ ਸਿੰਘ ਮਾਨ ਆਪਣੇ ਇਸ ਨਾਵਲ ਦੁਆਰਾ ਜਾਤੀ ਵਿਵਸਥਾ ਦੇ ਤੰਦੂਆ ਜਾਲ਼ ਵਿਚ ਫਸੇ ਮਨੁੱਖਾਂ ਦੇ ਦਮਨ ਭਰਪੂਰ ਜੀਵਨ ਨੂੰ ਪੇਸ਼ ਕਰਦਾ ਹੋਇਆ ਦਲਿਤ ਉੱਥਾਨ ਲਈ ਅੰਤਰ ਜਾਤੀ ਵਿਆਹ, ਸਿੱਖਿਆ ਅਤੇ ਔਰਤਾਂ ਦੇ ਸਸ਼ਕਤੀਕਰਨ ਨੂੰ ਨਾਵਲ ਦੀ ਰਚਨਾ-ਦ੍ਰਿਸ਼ਟੀ ਵਜੋਂ ਉਭਾਰਦਾ ਹੈ। ਭਾਰਤ ਦੇ ਸਮੁੱਚੇ ਦਲਿਤ ਸਾਹਿਤ ਕੋਲ਼ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਦਾ ਸੋਮਾ ਬੁੱਧ ਦਰਸ਼ਨ ਅਤੇ ਮੱਧਕਾਲੀ ਭਗਤੀ ਲਹਿਰ ਸਮੇਤ ਭਾਰਤੀ ਭੂਖੰਡ ਦੇ ਵੱਖ ਵੱਖ ਹਿੱਸਿਆਂ ਵਿਚ ਉੱਠੇ ਦਲਿਤ ਅੰਦੋਲਨ ਰਹੇ ਹਨ। ਇਸਦੇ ਨਾਲ ਡਾ. ਅੰਬੇਦਕਰ ਦਾ ਜੀਵਨ ਦਰਸ਼ਨ, ਸੰਘਰਸ਼ ਅਤੇ ਲਿਖਤਾਂ ਦਲਿਤ ਨਾਵਲ ਦੀ ਰਚਨਾ ਪ੍ਰਕਿਰਿਆ ਦਾ ਮੁਖ ਸ੍ਰੋਤ ਰਹੇ ਹਨ। ਰਘਬੀਰ ਸਿੰਘ ਮਾਨ ਦਾ ਇਹ ਨਾਵਲ ਵੀ 'ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ' ਵਾਲੀ ਵੰਗਾਰ ਨੂੰ ਦਲਿਤ ਧਿਰਾਂ ਦੀ ਮੁਕਤੀ ਦਾ ਅਹਿਮ ਵਿਚਾਰਧਾਰਕ ਸੂਤਰ ਬਣਾ ਕੇ ਪੇਸ਼ ਕਰਦਾ ਹੈ। ਇਸਦੇ ਨਾਲ ਹੀ ਪੇਂਡੂ ਸਮਾਜ ਦਲਿਤ ਵਰਗ ਦੇ ਅੰਤਰ-ਵਿਰੋਧ, ਅਖੌਤੀ ਉੱਚ ਸ਼੍ਰੇਣੀ ਦੀ ਦਲਿਤਾਂ ਪ੍ਰਤੀ ਮਾਨਸਿਕ ਬਣਤਰ, ਦਲਿਤ ਔਰਤਾਂ ਦੇ ਦੂਹਰੇ ਸੰਤਾਪ, ਜਾਤੀਗਤ ਭੇਦ-ਭਾਵ ਆਦਿ ਸਰੋਕਾਰ ਇਸ ਨਾਵਲ ਦਾ ਰਚਨਾ ਧਰਾਤਲ ਬਣੇ ਹਨ। ਲੇਖਕ ਨੇ ਦਲਿਤ ਧਿਰਾਂ ਵਿਚ ਆਪਣੀ ਹੋਂਦ ਪ੍ਰਤੀ ਸੰਕੋਚਵੀਂ ਸਵੈ-ਗਿਲਾਨੀ ਤੇ ਅਪਰਾਧ ਭਰੀ ਦ੍ਰਿਸ਼ਟੀ ਦੇ ਨਾਲ ਨਾਲ ਉੱਚ ਜਾਤੀ ਵਰਗਾਂ ਵਿਚ ਸ਼ੋਸ਼ਤ ਵਰਗਾਂ ਲਈ ਨਫਰਤ, ਭਿੱਟ, ਹਿੰਸਾ ਅਤੇ ਹਿਕਾਰਤੀ ਦ੍ਰਿਸ਼ਟੀ ਨੂੰ ਪੇਸ਼ ਕਰਦਿਆਂ ਉਸ ਪ੍ਰਬੰਧ ਨੂੰ ਬੇਨਕਾਬ ਕਰਨ ਦਾ ਯਤਨ ਕੀਤਾ ਹੈ ਜਿਸ ਵਿਚ ਅਜਿਹੇ ਗ਼ੈਰ ਮਾਨਵੀ ਮੁੱਲਾਂ ਨੂੰ ਮਨੁੱਖ ਦੇ ਚੇਤਨ ਅਵਚੇਤਨ ਤਕ ਦ੍ਰਿੜ ਤੇ ਪ੍ਰਪੱਕ ਕਰ ਦਿੱਤਾ ਗਿਆ ਹੈ। ਜੀਵਨੀਮੂਲਕ ਰਚਨਾ ਸ਼ੈਲੀ ਵਿਚ ਲਿਖਿਆ ਇਹ ਨਾਵਲ ਪੰਜਾਬੀ ਦਲਿਤ ਸਾਹਿਤ ਵਿਚ ਸੰਵਾਦਮਈ ਵਾਧਾ ਕਰਦਾ ਹੈ।

ਇਸ ਰਚਨਾ ਵਿਚ ਪਿੰਡ ਦੇ ਸਮਾਜਕ ਰੰਗਮੰਚ 'ਤੇ ਦਲਿਤ ਅਤੇ ਅਖੌਤੀ ਉੱਚ ਜਾਤੀ ਜ਼ਿਮੀਂਦਾਰ ਧਿਰਾਂ ਸਰਗਰਮ ਹਨ। ਨਾਵਲੀ ਬਿਰਤਾਂਤ ਦੇ ਕੇਂਦਰ ਵਿਚ ਪ੍ਰੀਤੂ ਅਤੇ ਪਾਸ਼ੋ ਦਾ ਦਲਿਤ ਪਰਿਵਾਰ ਹੈ ਜਿਸਦਾ ਅਗਾਂਹਵਧੂ ਸੋਚ ਵਾਲਾ ਪੁੱਤਰ ਆਗੂ ਕਾਲਿਜ ਵਿਚ ਪ੍ਰੋਫੈਸਰ ਹੈ। ਆਗੂ ਅਖੌਤੀ ਉੱਚ ਜਾਤੀ ਦੀ ਸਹਿਰਕਮੀ ਕਿੰਨਦੀਪ ਨਾਲ ਅੰਤਰਜਾਤੀ ਵਿਆਹ ਕਰਾਉਂਦਾ ਹੈ। ਕਿੰਨਦੀਪ ਆਦਰਸ਼ਕ ਸੋਚ ਵਾਲੀ ਨੂੰਹ ਹੈ ਜਿਸਦਾ ਰੌਸ਼ਨ ਦਿਮਾਗ਼ ਜਾਤਾਂ ਵਰਣਾਂ ਦੇ ਸਥਾਪਤ ਪ੍ਰਬੰਧ ਤੇ ਵਿਤਕਰਿਆਂ ਤੋਂ ਉਪਰ ਹੈ। ਸੱਸ ਪਾਸ਼ੋ ਆਪਣੀ ਨੂੰਹ ਨੂੰ ਨਫਰਤੀ ਭਾਵਨਾ ਨਾਲ ਦੇਖਦੀ ਸਵਰਨ ਧਿਰਾਂ ਵੱਲੋਂ ਦਲਿਤਾਂ ਨਾਲ ਕੀਤੇ ਜਾਂਦੇ ਅਮਾਨਵੀ ਭੇਦ-ਭਾਵ ਨੂੰ ਤਰੋ ਤਾਜ਼ਾ ਰੱਖਦੀ ਹੈ ਅਤੇ ਨੂੰਹ ਪ੍ਰਤੀ ਹਿਕਾਰਤੀ ਭਾਵ ਰਖਦੀ 'ਬਦਲੇਖੋਰੀ' ਵਾਲਾ ਪ੍ਰਤੀਕਰਮ ਦਿੰਦੀ ਹੈ। ਆਗੂ ਵਿਹੜੇ ਦੇ ਲੋਕਾਂ ਨੂੰ ਸਮਾਜਕ ਅਲਾਮਤਾਂ ਵਿਚੋਂ ਕੱਢ ਕੇ ਸਿੱਖਿਅਤ ਹੋਣ ਅਤੇ ਸੰਘਰਸ਼ ਲਈ ਪ੍ਰੇਰਤ ਕਰਦਾ ਹੈ। ਪਿੰਡ ਵਿਚ ਰਤਨ ਸਿੰਘ, ਜਥੇਦਾਰ ਮੋਤਾ ਸਿੰਘ ਅਤੇ ਸੰਤੋਖ ਸਿੰਘ ਵਰਗੇ ਜ਼ਿਮੀਂਦਰ ਵਰਗ ਦੇ ਲੋਕ ਦਲਿਤ ਵਿਹੜਿਆਂ ਪ੍ਰਤੀ ਨਫਰਤੀ ਆਵੇਸ਼ ਨਾਲ ਭਰੇ ਰਹਿੰਦੇ ਹਨ। ਪੈਦਾਵਾਰੀ ਸਾਧਨਾਂ 'ਤੇ ਕਾਬਜ਼ ਇਹ ਜਮਾਤ ਨਾਵਲ ਅੰਦਰ ਆਪਣੇ ਜਮਾਤੀ ਖਾਸੇ ਵਿਚ ਪ੍ਰਗਟ ਹੋਈ ਹੈ ਜਿਹੜੀ ਉਤਪਾਦਨ ਦੇ ਸਾਧਨਾਂ ਅਤੇ ਸਮਾਜਕ 'ਸਰਦਾਰੀ' ਦੀ ਆੜ ਹੇਠਾਂ ਹਾਸ਼ੀਆਗਤ ਧਿਰਾਂ ਦਾ ਦਮਨ

ਕਰਦੀ ਹੈ। ਦਮਨ ਦਾ ਇਕ ਸਦੀਵੀ ਸਿਰਾ ਬ੍ਰਾਹਮਣਵਾਦੀ ਪ੍ਰਬੰਧ ਨਾਲ ਜੁੜਦਾ ਹੈ ਜਿਸਨੇ ਧਰਮ ਦੀ ਆੜ ਵਿਚ ਆਪਣੇ ਸੰਸਕ੍ਰਿਤਕ ਮੁੱਲਾਂ ਦੀ ਥਾਪਨਾ ਲਈ ਦਲਿਤਾਂ ਨੂੰ 'ਤਾੜਨ ਕੇ ਅਧਿਕਾਰੀ' ਵਾਲੇ ਦਾਬੇ ਤੋਂ ਪੇਸ਼ ਕੀਤਾ ਹੈ। ਨਾਵਲ ਵਿਚ ਲੇਖਕ ਨੇ ਪੇਂਡੂ ਸਮਾਜਕ ਯਥਾਰਥ ਦੇ ਸਾਮੰਤਵਾਦੀ ਸੁਭਾਅ ਤਹਿਤ ਮੁਰਦਿਆਂ ਨੂੰ ਆਪੋ ਆਪਣੇ ਸ਼ਮਸ਼ਾਨ ਘਾਟ ਵਿਚ ਜਲਾਉਣ, ਗੁਰਦੁਆਰੇ ਵਿਚ ਦਲਿਤਾਂ ਨਾਲ ਭੇਦ-ਭਾਵ, ਔਰਤਾਂ ਨਾਲ ਵਧੀਕੀਆਂ, ਬੇਜ਼ਮੀਨੇ ਦਲਿਤਾਂ ਨਾਲ ਧੱਕੇਸ਼ਾਹੀ ਕਰਨ ਵਾਲੇ ਅਨੇਕਾਂ ਵਰਤਾਰੇ ਨਾਵਲ ਦੇ ਘਟਨਾਵੀ ਸੰਗਠਨ ਦਾ ਹਿੱਸਾ ਬਣਾ ਕੇ ਪੇਸ਼ ਕੀਤੇ ਹਨ। ਲੇਖਕ ਨੇ ਦਿਹਾਤੀ ਸਮਾਜ ਵਿਚ ਕਾਰਸ਼ੀਲ ਜਗੀਰੂ ਮਾਨਸਿਕਤਾ ਦੇ ਅਨੇਕਾਂ ਪਾਸਾਰ ਨਾਵਲ ਦੇ ਨਿੱਕੇ ਨਿੱਕੇ ਬਿਰਤਾਂਤਕ ਪ੍ਰਸੰਗਾਂ ਵਿਚ ਪੇਸ਼ ਕੀਤੇ ਹਨ। ਬ੍ਰਾਹਮਣਵਾਦੀ ਅਤੇ ਸਾਮੰਤਵਾਦੀ ਵਿਵਸਥਾ ਵਿਚ ਦਲਿਤ ਅਤੇ ਅਖੌਤੀ ਸਵਰਨ ਜਾਤੀਆਂ ਦੀ ਪੁਰਾਣੀ ਪੀੜ੍ਹੀ ਦਾ ਅਵਚੇਤਨ ਨਾਵਲ ਵਿਚ ਪੂਰੇ ਆਵੇਸ਼ ਵਿਚ ਪ੍ਰਗਟ ਹੋਇਆ ਹੈ। ਦਲਿਤ ਧਿਰਾਂ ਹੀਣ ਭਾਵਨਾ ਅਤੇ ਅਪਰਾਧ ਬੋਧ ਵਾਲੇ ਖੇਮੇ ਵਿਚ ਦਿਸਦੀਆਂ ਹਨ ਜਦਕਿ ਜ਼ਿਮੀਂਦਾਰ ਵਰਗ ਸੁੱਚ ਭਿੱਟ ਵਾਲੀ ਨਫਰਤੀ ਭਾਵਨਾ ਤਹਿਤ ਦਲਿਤ ਮਜ਼ਦੂਰਾਂ ਨਾਲ ਗ਼ੈਰ-ਮਨੁੱਖੀ ਵਿਹਾਰ ਕਰਦਾ ਹੈ। ਹਰੀ ਕ੍ਰਾਂਤੀ ਤੋਂ ਪਹਿਲਾਂ ਅਤੇ ਬਾਅਦ ਦੇ ਸਮਾਜਕ ਵਰਤਾਰੇ ਨਾਵਲ ਵਿਚ ਪੇਸ਼ ਕਰਦਿਆਂ ਲੇਖਕ ਨੇ ਖੇਤੀ ਦੇ ਮਸ਼ੀਨੀਕਰਨ ਤੋਂ ਪਿੱਛੋਂ ਸੀਰੀਆਂ ਤੋਂ ਦਿਹਾੜੀਦਾਰ ਬਣੇ ਦਲਿਤਾਂ ਦੀ ਸਮਾਜਕ-ਆਰਥਿਕ ਸਥਿਤੀ ਦੇ ਵਸਤੂ ਵੇਰਵੇ ਵੀ ਪੇਸ਼ ਕੀਤੇ ਹਨ। ਬਾਅਦ ਵਿਚ ਸ਼ਹਿਰੀਕਰਨ, ਪਰਵਾਸ ਅਤੇ ਨੌਕਰੀ ਪੇਸ਼ਾ ਜੀਵਨ ਦਲਿਤ ਵਿਹੜਿਆਂ ਨੂੰ ਰਵਾਇਤੀ ਜਗੀਰੂ ਧੌਂਸ ਤੋਂ ਮੁਕਤੀ ਦਿੰਦਾ ਦਿਖਾਇਆ ਹੈ। ਇੰਝ ਇਹ ਨਾਵਲ ਆਪਣੇ ਬਿਰਤਾਂਤਕ ਕਾਲ ਵਿਚ ਸੱਤਵੇਂ ਦਹਾਕੇ ਤੋਂ ਇਕੀਵੀਂ ਸਦੀ ਦੇ ਪਹਿਲੇ ਦੂਜੇ ਦਹਾਕੇ ਤਕ ਦੀ ਸਮਾਜਕ ਤੋਰ ਨੂੰ ਪੇਸ਼ ਕਰਨ ਦਾ ਉੱਦਮ ਕਰਦਾ ਹੈ। ਪਰ ਨਾਵਲ ਦੀ ਵੱਡੀ ਕਮਜ਼ੋਰੀ ਰਹੀ ਹੈ ਕਿ ਇਕ ਦਲਿਤ ਪਰਿਵਾਰ ਦਾ ਵਿਅਕਤੀਗਤ ਜੀਵਨ ਸੰਘਰਸ਼ ਬਿਰਤਾਂਤ ਦਾ ਕੇਂਦਰ ਮੱਲਕੇ ਸਮੁੱਚੀ ਸਮਾਜਕ ਗਤੀ ਨੂੰ ਬਿਰਤਾਂਤ ਵਿਚ ਉਭਰਨ ਨਹੀਂ ਦਿੰਦਾ ਜਿਸ ਕਰਕੇ ਨਾਵਲ ਇਕਹਿਰੇ ਤੇ ਨਿੱਜੀ ਪ੍ਰਭਾਵ ਤਕ ਸਿਮਟ ਜਾਂਦਾ ਹੈ।

ਲੇਖਕ ਦੀ ਬਿਰਤਾਂਤਕ ਦ੍ਰਿਸ਼ਟੀ ਦਾ ਪ੍ਰਮੁੱਖ ਸੂਤਰਧਾਰ ਪਾਤਰ ਆਗੂ ਹੈ ਜਿਹੜਾ ਆਪਣੇ ਨਾਂ ਦੀ ਲੱਜ ਅਨੁਸਾਰ ਵਿਹੜੇ ਦੇ ਲੋਕਾਂ ਦੀ ਅਗਵਾਈ ਕਰਦਾ ਹੈ। ਵਿਹੜੇ ਵਿਚ ਲਾਇਬਰੇਰੀ ਬਣਾਉਣ, ਦਲਿਤ ਵਿਦਵਾਨਾਂ ਦੇ ਲੈਕਚਰ ਕਰਵਾਉਣ, ਪਿੰਡ ਦੀ ਸਾਫ ਸਫਾਈ, ਨਸ਼ੇ ਤੇ ਹੋਰ ਸਮਾਜਕ ਅਲਾਮਤਾਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਸਮੇਤ ਦਲਿਤਾਂ ਨੂੰ ਉਨ੍ਹਾਂ ਦੇ ਇਤਿਹਾਸ ਤੇ ਵਰਤਮਾਨ ਤੋਂ ਜਾਣੂੰ ਕਰਵਾਉਂਦਿਆਂ ਉਹ ਸਵਰਨ ਧਿਰਾਂ ਦੀ ਅੱਖ ਵਿਚ ਚੁੱਭਦਾ ਹੈ। ਨਾਵਲ ਵਿਚ ਇਕ ਦੋ ਥਾਂ ਪਿੰਡ ਵਿਚ ਜ਼ਿਮੀਂਦਾਰ ਧਿਰਾਂ ਦੇ ਵਾਰਤਾਲਾਪ ਵਿਚ ਰਤਨ ਸਿੰਘ ਆਖਦਾ ਹੈ, "ਅੱਜ ਵਿਹੜੇ ਵਾਲੇ ਗੁਰਦੁਆਰੇ ਦੀ ਕਮੇਟੀ ਵਿਚ ਮੈਂਬਰੀ ਮੰਗਦੇ ਹਨ, ਕਲ੍ਹ ਨੂੰ ਤੀਜੀ ਜਾਤ ਵੀ ਆਪਣੀ ਭਾਵਨਾ ਦੱਸ ਸਕਦੀ ਹੈ।"

ਪਿੰਡ ਵਿਚ 'ਤੀਜੀ ਜਾਤ' ਮਜ਼ਹਬੀਆਂ ਵੱਲ ਸੰਕੇਤ ਕਰਦਾ ਵਾਕੰਸ਼ ਹੈ। ਅੱਵਲ ਜਾਤ, ਦੋਇਮ ਜਾਤ ਅਤੇ ਤੀਜੀ ਜਾਤ ਦੀ ਵਰਗ ਵੰਡ ਪੇਂਡੂ ਸਮਾਜਕ ਵਿਵਸਥਾ ਦੇ ਜਾਤੀ ਸੁਭਾਅ ਦਾ ਹੋਰ ਚੀੜ੍ਹਾਪਨ ਦਰਸਾਉਂਦੀ ਹੈ। ਦਲਿਤ ਧਿਰਾਂ ਵੀ ਨਿਰੋਲ ਇਕ ਜਾਤੀ ਦੇ ਸਸ਼ਕਤੀਕਰਨ ਤਕ ਸਿਮਟਿਆ ਸੰਘਰਸ਼ ਕਰਦੀਆਂ ਆ ਰਹੀਆਂ ਹਨ ਜਿਸਦਾ ਕੇਂਦਰੀ ਨੁਕਤਾ ਰਾਖਵੇਂਕਰਨ ਦੁਆਰਾ ਨੌਕਰੀ ਹਾਸਲ ਕਰਨਾ ਰਿਹਾ ਹੈ।ਦਲਿਤਾਂ ਅੰਦਰ ਵੀ ਜਾਤੀ ਅੰਤਰ-ਵਿਰੋਧ ਦੇ ਹੋਰ ਘਿਣਾਉਣੇ ਪਾਸਾਰ ਹਨ ਜਿਹੜੇ ਬ੍ਰਾਹਮਣਵਾਦੀ ਤੇ ਸਾਮੰਤੀ ਮਾਨਸਿਕਤਾ ਤੋਂ ਕਿਸੇ ਵੀ ਪੱਖੋਂ ਵੱਖਰੇ ਨਹੀਂ। ਨਾਵਲ ਬੇਸ਼ੱਕ ਇਹਨਾਂ ਅੰਤਰ-ਵਿਰੋਧਾਂ ਦੇ ਬਿਰਤਾਂਤਕ ਪ੍ਰਗਟਾਵੇ ਵੱਲ ਨਹੀਂ ਗਿਆ ਪਰ ਨਾਵਲ ਵਿਚ ਦੋ ਥਾਂ 'ਤੀਜੀ ਜਾਤ' ਵਾਕੰਸ਼ ਭਾਰਤੀ ਸਮਾਜ ਵਿਚ ਜਾਤੀ ਪ੍ਰਬੰਧ ਦੀ ਕਰੂਰ ਜਟਿਲਤਾ ਨੂੰ ਰੂਪਮਾਨ ਕਰਦਾ ਹੈ।

ਰਘਬੀਰ ਸਿੰਘ ਮਾਨ ਦੇ ਨਾਵਲ ਦਾ ਅੰਤ ਸੁਖਾਂਤਕ ਭਾਵ-ਬੋਧ ਵਾਲਾ ਹੈ। ਪਾਸ਼ੋ ਅਖੌਤੀ ਉੱਚੀ ਜਾਤ ਵਾਲੀ ਆਪਣੀ ਨੂਹੰ ਨੂੰ ਨਫਰਤ ਕਰਦੀ ਰਹਿੰਦੀ ਹੈ ਪਰ ਆਖਿਰ ਵਿਚ ਨਾਨਕ ਸਿੰਘ ਦੇ ਨਾਵਲਾਂ ਵਾਂਗ ਵਿਅਕਤੀਵਾਦੀ ਹਿਰਦੇ ਪਰਿਵਰਤਣ ਦੀ ਰੂੜ੍ਹੀ ਤਹਿਤ ਉਸਦੇ ਸੁਭਾਅ ਵਿਚ ਬਦਲਾਅ ਆ ਜਾਂਦਾ ਹੈ। ਨਾਵਲ ਦੇ ਹੋਰ ਪਾਤਰ ਅਣਪੜ੍ਹ ਤੇ ਪੜ੍ਹੇ ਲਿਖੇ ਪਾਤਰਾਂ ਦੀ ਸ਼੍ਰੇਣੀ ਤਹਿਤ ਕ੍ਰਮਵਾਰ ਰੂੜ੍ਹੀਵਾਦੀ ਜਗੀਰੂ ਮਾਨਸਿਕਤਾ ਅਤੇ ਤਰਕਸ਼ੀਲ ਮਾਨਵਵਾਦੀ ਸੋਚਣੀ ਵਾਲੇ ਹਨ। ਲੇਖਕ ਕੋਲ਼ ਦਿਹਾਤੀ ਵਰਗ ਸਮਾਜ ਦੇ ਜਾਤੀ ਭੇਦ-ਭਾਵਾਂ ਨੂੰ ਪੇਸ਼ ਕਰਨ ਵਾਲੀ ਰਚਨਾਤਮਕ ਦ੍ਰਿਸ਼ਟੀ ਹੈ ਜਿਸਨੂੰ ਉਹ ਬਿਰਤਾਂਤ ਵਿਚ ਪੇਸ਼ ਕਰਦਿਆਂ ਪਿੱਛਲ ਝਾਤ, ਮਨਬਚਨੀ ਅਤੇ ਨਾਟਕੀ ਜੁਗਤਾਂ ਦਾ ਸਹਾਰਾ ਲੈਂਦਾ ਪਾਠਕਾਂ ਲਈ ਕਥਾ ਰਸ ਬਰਕਰਾਰ ਰੱਖਦਾ ਹੈ। ਪੰਜਾਬੀ ਦਲਿਤ ਸਾਹਿਤ ਵਿਚ 'ਰੋਹ ਵਿਦਰੋਹ' ਨਾਵਲ ਵਿਸ਼ੇਸ ਵਾਧਾ ਕਰਦਾ ਹੋਇਆ ਹਾਸ਼ੀਅਤ ਧਿਰਾਂ ਦੀ ਵੇਦਨਾ ਅਤੇ ਨਾਬਰ ਸੁਰ ਨੂੰ ਪੇਸ਼ ਕਰਦਾ ਮਾਨਵਵਾਦੀ ਭਰਾਤਰੀ ਭਾਵ ਵਾਲੀ ਅਤੇ ਤਰੱਕੀਪਸੰਦ ਬਿਰਤਾਂਤ ਦ੍ਰਿਸ਼ਟੀ ਦਾ ਸੰਚਾਰ ਕਰਦਾ ਹੈ।

**– ਜੇ. ਬੀ. ਸੇਖੋਂ**

## ਮੁੱਕਦੀ ਗੱਲ (ਕਹਾਣੀ ਸੰਗ੍ਰਹਿ) ਦਰਸ਼ਨ ਜੋਗਾ

'ਮੁੱਕਦੀ ਗੱਲ' ਦਰਸ਼ਨ ਜੋਗਾ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੇ 'ਨਮਸਕਾਰ' ਕਹਾਣੀ ਸੰਗ੍ਰਹਿ ਦੇ ਦੋ ਸੰਸਕਰਣ ਛਪ ਚੁੱਕੇ ਹਨ। ਹੱਥਲੇ ਕਹਾਣੀ ਸੰਗ੍ਰਹਿ ਵਿਚ ਕੁੱਲ ਸੱਤ ਕਹਾਣੀਆਂ ਹਨ। ਇਹਨਾਂ ਕਹਾਣੀਆਂ ਦੇ ਵਿਸ਼ੇ ਤਾਂ ਬਦਲਦੇ ਹਨ ਪਰ ਇਹਨਾਂ ਦੇ ਬਿਰਤਾਂਤੀਕਰਨ ਦੀ ਵਿਧੀ ਵਿਚ ਕੋਈ ਤਬਦੀਲੀ ਨਹੀਂ ਵਾਪਰਦੀ, ਸਗੋਂ ਬੁਣਤਰ ਪੱਖੋਂ ਸਾਰੀਆਂ ਕਹਾਣੀਆਂ ਦੁਹਰਾਉ ਦਾ ਸ਼ਿਕਾਰ ਹਨ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਹਾਣੀਕਾਰ ਇਕ ਹੀ ਪੈਟਰਨ 'ਤੇ ਸਾਰੇ ਸਮਾਜ-ਸਭਿਆਚਾਰਕ ਸੰਕਟਾਂ ਤੇ ਸਥਿਤੀਆਂ ਨੂੰ ਚਿਤਰ ਰਿਹਾ ਹੋਵੇ। ਇਹਨਾਂ ਕਹਾਣੀਆਂ ਦੇ ਪਾਤਰ ਦੁਬਿਧਾਵਾਂ ਦੁਚਿੱਤੀਆਂ ਦਾ ਸ਼ਿਕਾਰ ਹਨ। ਇਹ ਦੁਬਿਧਾਵਾਂ ਪਾਤਰਾਂ ਦੀ ਮਾਨਸਿਕ ਕਸ਼ਮਕਸ਼, ਆਕ੍ਰੋਸ਼ ਅਤੇ ਬੇਵਸੀ ਨੂੰ ਵੱਖੋ ਵੱਖਰੀਆਂ ਸਥਿਤੀਆਂ ਵਿਚ ਪੇਸ਼ ਕਰਦੀਆਂ ਹਨ। ਪਰ ਇਹਨਾਂ ਨੂੰ ਦਰਸਾਉਣ ਲਈ ਵਰਤੀ ਗਈ ਉਤਮ ਪੁਰਖੀ ਬਿਰਤਾਂਤਕੀ ਜੁਗਤ ਵਿਚ ਐਨੀ ਸਮਰੂਪਤਾ ਹੈ ਕਿ ਇਹ ਇਕ ਹੀ ਪਾਤਰ ਦੀਆਂ ਵੱਖ ਵੱਖ ਸਥਿਤੀਆਂ ਪਰਿਸਿਥਤੀਆਂ ਦਾ ਬਿਰਤਾਂਤ ਨਜ਼ਰ ਆਉਂਦੀਆਂ ਹਨ।

ਬਹੁਤੀਆਂ ਕਹਾਣੀਆਂ ਦੇ ਪਾਤਰ ਸਵੈ-ਚਿੰਤਨ ਮੰਥਨ ਤਾਂ ਕਰਦੇ ਹਨ ਪਰ ਵਿਹਾਰਕ ਰੂਪ ਵਿਚ ਉਹਨਾਂ ਨੂੰ ਅਪਣਾਉਣ ਤੋਂ ਖੁੰਝ ਜਾਂਦੇ ਹਨ। ਉਹਨਾਂ ਦੇ ਅੰਦਰ ਯਥਾਰਥਕ ਸਥਿਤੀਆਂ ਨਾਲ ਦਸਤਪੰਜਾ ਲੈਣ ਦੀ ਨਾ ਤਾਂ ਸਮਰੱਥਾ ਹੈ ਅਤੇ ਨਾ ਹੀ ਉਹ ਕੋਈ ਸੁਚੇਤ ਉਦਮ ਕਰਦੇ ਹਨ। ਸਗੋਂ ਆਪਣੀ ਸੀਮਤ ਸ਼ਕਤੀ ਤੇ ਸਮਰੱਥਾ ਦੇ ਸੰਯੋਗ ਵਿਚੋਂ ਉਪਜੀ ਸਥਿਤੀ ਨਾਲ ਜੋੜ ਕੇ ਸੰਤੁਸ਼ਟੀ ਦਾ ਅਹਿਸਾਸ ਕਰਦੇ ਹਨ ਅਤੇ ਇਸੇ ਨੂੰ ਹੀ ਆਪਣੀ ਪ੍ਰਾਪਤੀ ਸਮਝਣ ਦੇ ਭੁਲੇਖੇ ਦਾ ਸ਼ਿਕਾਰ ਹੁੰਦੇ ਹਨ। ਇਸ ਸੰਬੰਧ ਵਿਚ 'ਸ਼ੁਕਰ ਐ' ਅਤੇ 'ਤਪਦੀ ਮਿੱਟੀ' ਕਹਾਣੀਆਂ ਉਦਾਹਰਨ ਵਜੋਂ ਵੇਖੀਆਂ ਜਾ ਸਕਦੀਆਂ ਹਨ। 'ਤਪਦੀ ਮਿੱਟੀ' ਦੀ ਪੰਮੀ ਪੜ੍ਹੀ ਲਿਖੀ ਹੋਣ ਦੇ ਬਾਵਜੂਦ ਆਪਣੇ ਪਤੀ ਦੀਆਂ ਵਧੀਕੀਆਂ ਦਾ ਸਾਰੀ ਉਮਰ ਸ਼ਿਕਾਰ ਹੁੰਦੀ ਰਹਿੰਦੀ ਹੈ। ਜਦੋਂ ਉਸਦੀ ਧੀ ਰਣਜੋਧ ਨੂੰ ਵੀ ਸਨਕੀ ਤੇ ਸ਼ੱਕੀ ਸੁਭਾਅ ਵਾਲਾ ਪਤੀ ਟੱਕਰ ਜਾਂਦਾ ਹੈ, ਜਿਹੜਾ ਉਸ ਦੇ ਪੇਟ ਵਿਚਲੇ ਪਹਿਲੇ ਬੱਚੇ ਦਾ ਡੀ ਐੱਨ ਏ ਚੈੱਕ ਕਰਾਉਣ ਤਕ ਜਾਂਦਾ ਹੈ, ਤਾਂ ਉਹ ਅਜਿਹੇ ਪਤੀ ਤੋਂ ਅਲੱਗ ਰਹਿਣ ਦਾ ਨਿਰਣਾ ਕਰ ਲੈਂਦੀ ਹੈ। ਧੀ ਦੇ ਇਸ ਫੈਸਲੇ 'ਤੇ ਮੈਂ-ਪਾਤਰ ਮਾਂ ਦੀ ਸੰਤੁਸ਼ਟੀ ਦਾ ਅਹਿਸਾਸ ਐਨਾ ਨਿਰਬਲ ਹੈ ਕਿ ਉਹ ਇਸਦਾ ਬਾਹਰੀ ਪ੍ਰਗਟਾਅ ਕਰਨ ਦੇ ਵੀ ਸਮਰੱਥ ਨਹੀਂ। ਸਗੋਂ ਆਪਣੇ ਮਨ ਵਿਚ ਹੀ ਆਪਣੀ ਧੀ ਵੱਲੋਂ ਕੀਤੀ ਬਗ਼ਾਵਤ ਦੀ ਸ਼ਲਾਘਾ ਤੇ ਸਮਰਥਨ ਕਰਦੀ ਹੈ ਜਿਵੇਂ ਇਸ

ਪ੍ਰਾਪਤੀ ਪਿੱਛੇ ਉਸਦਾ ਹੀ ਹੱਥ ਹੋਵੇ।

'ਕੈਰਮ ਬੋਰਡ' ਕਹਾਣੀ ਵਿਚ ਮਧਕਾਲੀ ਪਾਤਰ ਪੂਰਨ ਭਗਤ ਦੇ ਕਿੱਸੇ ਦੀ ਪ੍ਰਤਿਧੁਨੀ ਪਈ ਹੋਈ ਹੈ, ਕਹਾਣੀ ਉਸੇ ਬਿਰਤਾਂਤਕ ਪੈਟਰਨ 'ਤੇ ਸਿਰਜੀ ਗਈ ਹੈ। ਜਿਵੇਂ ਲੂਣਾ ਪੂਰਨ ਉਪਰ ਇਲਜ਼ਾਮ ਲਗਾਉਂਦੀ ਹੈ, ਇਸ ਕਹਾਣੀ ਵਿਚ ਆਸਵੰਤ ਦੀ ਮਤਰੇਈ ਮਾਂ ਵੀ ਉਸ ਉਪਰ ਉਸੇ ਤਰ੍ਹਾਂ ਦੇ ਆਰੋਪ ਮੜ੍ਹਦੀ ਹੈ। ਨਤੀਜੇ ਵਜੋਂ ਮਾਤਾ ਪਿਤਾ ਵੱਲੋਂ ਲੋੜੀਂਦੇ ਪਿਆਰ ਦੀ ਅਣਹੋਂਦ ਕਰਕੇ ਦਸਵੀਂ ਵਿਚ ਪੜ੍ਹ ਰਿਹਾ ਆਸਵੰਤ ਡੋਲ ਜਾਂਦਾ ਹੈ ਅਤੇ ਨਸ਼ਿਆਂ ਦੀ ਟੇਕ ਵੱਲ ਧੱਕਿਆ ਜਾਂਦਾ ਹੈ। ਕਹਾਣੀ ਦਾ ਮੈਂ ਪਾਤਰ ਆਪਣੇ ਪੋਤੇ ਆਸਵੰਤ ਨੂੰ ਅਜਿਹੀ ਸਥਿਤੀ ਵਿਚੋਂ ਕੱਢਣ ਦਾ ਹਰ ਹੀਲਾ ਵਸੀਲਾ ਕਰਦਾ ਹੈ। ਕਹਾਣੀ ਦਾ ਬਿਰਤਾਂਤਕ ਫੋਕਸ ਵੀ ਇਸ ਪਾਤਰ ਦੇ ਮਨੋ ਸੰਕਟਾਂ ਤੇ ਸੰਸਿਆਂ ਉੱਤੇ ਕੇਂਦਰਤ ਹੈ ਜੋ ਆਪਣੀ ਅਗਲੀ ਪੀੜ੍ਹੀ ਦੇ ਚੰਗੇ ਭਵਿੱਖ ਦੀ ਆਸ ਲਗਾਈ ਬੈਠਾ ਹੈ, ਜਦਕਿ ਉਸਦਾ ਪੁੱਤਰ ਕੁਲਤਾਰ ਆਪਣੀ ਪਤਨੀ ਦੇ ਪਿੱਛੇ ਲੱਗ ਕੇ ਆਪਣੇ ਹੀ ਪੁੱਤਰ ਨੂੰ ਘਰੋਂ ਕੱਢਣ ਤੇ ਬੇਦਖ਼ਲ ਕਰਨ ਦੀਆਂ ਧਮਕੀਆਂ ਦੇ ਰਿਹਾ ਹੈ। ਡਾਕਟਰ ਦੇ ਨਿਰਣੇ ਉਪਰੰਤ ਆਸਵੰਤ ਦਾ ਦਾਦਾ ਉਸ ਨੂੰ ਮੋਹ-ਪਿਆਰ ਰਾਹੀਂ ਘਰ ਪਰਿਵਾਰ ਨਾਲ ਜੋੜਣ ਅਤੇ ਉਸ ਲਈ ਹੋਰ ਸੁਖਾਵਾਂ ਮਹੌਲ ਬਣਾਉਣ ਲਈ ਸੰਕਲਪ ਲੈਂਦਾ ਹੈ। ਪਰ ਇਸ ਨਾਲ ਤਣਾਉਸ਼ੀਲ ਮਾਹੌਲ ਤੇ ਸਥਿਤੀਆਂ ਵਿਚ ਕੋਈ ਪਰਿਵਰਤਨ ਨਹੀਂ ਵਾਪਰਦਾ,ਕਿਉਂਕਿ ਮਾਂ ਬਾਪ ਦੀ ਨਫਰਤ ਅਤੇ ਘਿਰਣਾ ਉਸੇ ਤਰ੍ਹਾਂ ਹੀ ਬਰਕਾਰ ਹੈ।

'ਮੁਕਦੀ ਗੱਲ' ਕਹਾਣੀ ਇਸ ਸੰਗ੍ਰਹਿ ਦੀਆਂ ਹੋਰ ਕਹਾਣੀਆਂ ਦੇ ਮੁਕਾਬਲੇ ਬਿਹਤਰੀਨ ਕਹਾਣੀ ਹੈ। ਇਸ ਕਹਾਣੀ ਦਾ ਮੈਂ ਪਾਤਰ ਦਿਲਦਾਰ ਬੈਂਕ ਮੁਲਾਜ਼ਮ ਹੈ ਅਤੇ ਹੁਣ ਸ਼ਹਿਰ ਰਹਿਣ ਕਾਰਨ ਆਪਣਾ ਪਿੰਡ ਵਾਲਾ ਘਰ ਵੇਚਣਾ ਚਾਹੁੰਦਾ ਹੈ। ਅਤਿ ਦਰਜੇ ਦਾ 'ਤਿਕੜਮਬਾਜ' ਅਤੇ 'ਘੜੱਮ ਚੌਧਰੀ' ਉਸਦਾ ਗੁਆਂਢੀ ਗੁਰਮੇਲ ਘਰ ਖਰੀਦਣਾ ਚਾਹੁੰਦਾ ਹੈ ਜਦੋਂ ਕਿ ਦਿਲਦਾਰ ਘਰ ਉਸ ਨੂੰ ਦੇਣ ਦਾ ਇਛੁੱਕ ਨਹੀਂ। ਇਹ ਟਕਰਾਉ ਮੈਂ ਪਾਤਰ ਦੀ 'ਅੰਦਰਲੀ ਟੁੱਟ-ਭੱਜ ਤੇ ਉਦਾਸੀ' ਦਾ ਕਾਰਨ ਵੀ ਬਣਦਾ ਹੈ। ਦੂਜੇ ਪਾਸੇ ਪੰਚਾਇਤ ਦਿਲਦਾਰ ਦੇ ਘਰ ਨੂੰ ਸਕੂਲ ਲਈ ਖਰੀਦਕੇ ਉੱਥੇ ਹੋਰ ਕਮਰਿਆਂ ਦੀ ਉਸਾਰੀ ਕਰਨਾ ਚਾਹੁੰਦੀ ਹੈ। ਅੰਤ ਵਿਚ ਗੁਰਮੇਲ ਦੀ ਇੱਛਾ ਨਾਲ ਟਕਰਉ ਦਾ ਨਿਤਾਰਾ ਤੇ ਨਿਬੇੜਾ ਦਿਲਦਾਰ ਸਿੰਘ ਆਪਣੇ ਘਰ ਨੂੰ ਪਿੰਡ ਦੀ ਪੰਚਾਇਤ ਨੂੰ ਦਾਨ ਕਰਕੇ ਕਰ ਦਿੰਦਾ ਹੈ। ਉਸ ਦਾ ਇਹ ਨਿਰਣਾ ਸਮੁੱਚੇ ਪਿੰਡ ਵਾਸੀਆਂ ਵੱਲੋਂ ਸ਼ਲਾਘਾ ਹਾਸਲ ਕਰਨ ਦੇ ਨਾਲ ਨਾਲ ਉਸਦੀ ਉਦਾਸੀ ਨੂੰ 'ਅੰਦਰਲੀ ਖ਼ੁਸ਼ੀ' ਵਿਚ ਵੀ ਤਬਦੀਲ ਕਰਨ ਦਾ ਸਬੱਬ ਬਣਦਾ ਹੈ।

ਉਤਮ ਪੁਰਖ ਬਿਰਤਾਂਤ ਵਿਚ ਲਿਖੀ ਕਹਾਣੀ 'ਕੀ ਅੰਤ ਐ...' ਇਕ ਅਜਿਹੇ ਪਾਤਰ ਦੀ ਕਹਾਣੀ ਹੈ ਜਿਸ ਦੀ ਪਤਨੀ ਮਰ ਚੁੱਕੀ ਹੈ ਅਤੇ ਉਹ ਆਪਣੀ ਅੰਦਰਲੀ ਬੇਚੈਨੀ, ਤਣਾਅ ਅਤੇ ਖਾਲੀਪਣ ਨੂੰ ਭਰਨ ਲਈ ਨਾਜਾਇਜ਼ ਰਿਸ਼ਤਿਆਂ ਦੀ ਉਸਾਰੀ ਰਾਹੀਂ ਸਰੀਰਕ ਤ੍ਰਿਪਤੀ ਵਿਚ ਰੁੱਝਿਆ ਰਹਿੰਦਾ ਹੈ। ਪਰ ਸਥਿਤੀ ਦਾ ਵਿਅੰਗ ਇਹ ਹੈ ਕਿ ਉਹ ਆਪਣੀ ਮਰ ਚੁੱਕੀ ਪਤਨੀ ਗੁਰਜੀਤ ਨੂੰ ਵੀ ਭੁਲਾ ਨਹੀਂ ਸਕਦਾ ਸਗੋਂ ਅਣ-ਚਾਹਿਆਂ ਵੀ ਉਸ ਦੀਆਂ ਯਾਦਾਂ ਰਾਹੀਂ ਆਪਣੀਆਂ ਮਾਨਸਿਕ ਲੋੜਾਂ ਦੀ ਪੂਰਤੀ ਕਰਦਾ ਹੈ। ਕਹਾਣੀ ਸਰੀਰਕ ਤੇ ਮਾਨਸਿਕ ਲੋੜਾਂ ਵਿਚ ਨਿਖੇੜ ਹੀ ਨਹੀਂ ਸਿਰਜਦੀ ਬਲਕਿ ਮਾਨਸਿਕ ਲੋੜਾਂ ਦੀ ਪੂਰਤੀ ਲਈ ਸੱਚੇ-ਸੁੱਚੇ ਰਿਸ਼ਤਿਆਂ ਦੀ ਅਹਿਮੀਤ ਨੂੰ ਵੀ ਚਿਹਨਤ ਕਰ ਜਾਂਦੀ ਹੈ।

ਕਹਾਣੀ 'ਚਰਪਰੀ' ਇਕ ਅਜਿਹੇ ਪਾਤਰ ਦੀ ਕਹਾਣੀ ਹੈ ਜੋ ਹਉਮੈ ਵੱਸ ਆਪਣੇ ਆਪ ਨੂੰ ਬਹੁਤ ਮਹਾਨ ਸਮਝਦਾ ਹੈ ਅਤੇ ਆਪਣੀ ਟੌਹਰ ਦਿਖਾਉਣ ਲਈ ਪਿੰਡ ਜਾਣਾ ਚਾਹੁੰਦਾ ਹੈ, ਤਾਂ ਜੋ ਉਹ ਆਪਣੀ ਸਹਿਪਾਠਣ ਹਰਲੀਨ ਬਰਾੜ, ਜਿਸ ਨੂੰ ਉਹ ਚਰਪਰੀ ਕਹਿੰਦਾ ਹੈ, ਨੂੰ ਦੱਸ ਸਕੇ ਕਿ ਉਸ ਨੇ ਜ਼ਿੰਦਗੀ ਵਿਚ ਕਿੰਨੀ ਤਰੱਕੀ ਕਰ ਲਈ ਹੈ ਤੇ ਉਹ ਹੁਣ 'ਘੋਗਾ' ਜਾਂ 'ਝੁਡੂ' ਨਹੀਂ ਰਿਹਾ,

ਸਗੋਂ ਡਾ. ਹਰਨੇਕ ਸਿੰਘ ਬਾਠ ਐ। ਪਰ ਉਸ ਦੀ ਇਸ ਟੌਹਰ ਦੀ ਹਵਾ ਉਸ ਵਕਤ ਨਿੱਕਲ ਜਾਂਦੀ ਹੈ ਜਦੋਂ ਉਸ ਨੂੰ ਪਤਾ ਚੱਲਦਾ ਹੈ ਕਿ ਹਰਲੀਨ ਬਰਾੜ ਉੱਚ ਘਰਾਣੇ ਦੀ ਨੂੰਹ ਹੈ, ਅਤੇ ਜਿਸ ਚੇਅਰਮੈਨ ਮੋਹਕਮ ਸਿੰਘ ਗਰੇਵਾਲ ਨੂੰ ਉਹ ਆਪਣੇ ਕਿਸੇ ਦੋਸਤ ਦੀ ਬਦਲੀ ਦੇ ਸੰਬੰਧ ਵਿਚ ਮਿਲਿਆ ਸੀ, ਉਹ ਉਸਦਾ ਸਹੁਰਾ ਹੈ। 'ਉਤਲਾ ਪੱਟ' ਕਹਾਣੀ ਦਲਿਤ ਪਾਤਰ ਚਰਨੋ ਦੀਆਂ ਆਸਾਂ ਤੇ ਅਕਾਂਖਿਆਵਾਂ ਦਾ ਬਿਰਤਾਂਤ ਹੈ। ਜਿਹੜੀ ਆਪਣੀਆਂ ਆਰਥਿਕ ਲੋੜਾਂ ਥੁੜਾਂ ਤੇ ਪਰਿਵਾਰਕ ਮੈਂਬਰਾਂ ਦੀ ਬਿਮਾਰੀ ਕਾਰਨ ਚੁੱਕੇ ਕਰਜ਼ੇ ਦੇ ਭਾਰ ਹੇਠ ਜੀਵਨ ਨਿਰਬਾਹ ਕਰਨ ਲਈ ਮਜਬੂਰ ਹੈ।

ਭਾਸ਼ਾਈ ਦ੍ਰਿਸ਼ਟੀ ਤੋਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਹਾਣੀਕਾਰ ਸ਼ਹਿਰੀ ਅਤੇ ਪੇਂਡੂ ਸੰਸਕ੍ਰਿਤੀ ਦੇ ਤਾਣੇ ਵਿਚ ਉਲਝ ਗਿਆ ਹੋਵੇ। ਬਿਰਤਾਂਤ ਸਿਰਜਣ ਵੇਲੇ ਉਹ ਚੇਤੰਨ ਤੌਰ 'ਤੇ ਠੇਠ ਮਲਵਈ ਉਪ-ਭਾਸ਼ਾ ਦਾ ਅਨੁਕਰਨ ਕਰਦਾ ਹੈ। ਕਈ ਵਾਰ ਇਹ ਭਾਸ਼ਾਈ ਰੰਗਤ ਐਨੀ ਗੂਹੜੀ ਹੋ ਜਾਂਦੀ ਹੈ ਕਿ ਪੜ੍ਹੇ ਲਿਖੇ ਪਾਤਰ ਵੀ ਅਣਪੜ੍ਹ ਅਤੇ ਪੇਂਡੂ ਪਾਤਰਾਂ ਵਾਂਗ ਵਿਹਾਰ ਕਰਨ ਲੱਗ ਪੈਂਦੇ ਹਨ। ਭਾਸ਼ਾਈ ਆਧਾਰ ‘ਤੇ ਜਿਹੜਾ ਵਾਤਾਵਰਨ ਪਾਠਕ ਦੇ ਮਨ ਵਿਚ ਬਿਰਤਾਂਤ ਦੇ ਆਰੰਭ ਵਿਚ ਸਾਕਾਰ ਹੁੰਦਾ ਹੈ, ਥੋੜ੍ਹੇ ਹੀ ਸਮੇਂ ਵਿਚ ਉਹ ਪ੍ਰਭਾਵ ਖੰਡਿਤ ਤੇ ਖੀਣ ਹੋਣ ਲੱਗਦਾ ਹੈ ਜਦੋਂ ਕੁਝ ਅੱਗੇ ਚੱਲਕੇ ਪਤਾ ਲੱਗਦਾ ਹੈ ਕਿ ਇਸ ਕਹਾਣੀ ਦਾ ਮੈਂ ਪਾਤਰ ਤਾਂ ਪੜ੍ਹਿਆ ਲਿਖਿਆ ਪਾਤਰ ਹੈ। ਉਦਾਹਰਨ ਦੇ ਤੌਰ ‘ਤੇ ਕਹਾਣੀ 'ਤਪੀ ਮਿੱਟੀ' ਦਾ ਆਰੰਭਕ ਭਾਗ ਵਿਚਾਰਿਆ ਜਾ ਸਕਦਾ ਹੈ।

ਦਰਸ਼ਨ ਜੋਗਾ ਨੇ ਛੋਟੀਆਂ ਛੋਟੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਕਹਾਣੀਆਂ ਦੀ ਰਚਨਾ ਕੀਤੀ ਹੈ। ਇਹ ਕਹਾਣੀਆਂ ਪ੍ਰਾਪਤ ਤੇ ਇਛੱਤ ਯਥਾਰਥ ਦੇ ਟਕਰਾਉ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦੀਆਂ ਹਨ।ਸਮੁੱਚੇ ਕਹਾਣੀ ਸੰਗ੍ਰਹਿ (‘ਮੁੱਕਦੀ ਗੱਲ', ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 110, ਕੀਮਤ 200 ਰੁਪਏ) ਦੀ ਸੀਮਾ ਇਹ ਹੈ ਕਿ ਜਿਸ ਕਿਸਮ ਦਾ ਬਿਰਤਾਂਤ ਸਮਕਾਲੀ ਕਹਾਣੀ ਵਿਚ ਸਾਹਮਣੇ ਆ ਰਿਹਾ ਹੈ, ਉਸ ਦੇ ਮੁਕਾਬਲੇ ਇਹ ਕਹਾਣੀਆਂ ਪਛੜ ਜਾਂਦੀਆਂ ਹਨ। ਪਰ ਫਿਰ ਵੀ ਭਵਿੱਖ ਵਿਚ ਦਰਸ਼ਨ ਜੋਗਾ ਤੋਂ ਚੰਗੀਆਂ ਰਚਨਾਵਾਂ ਦੀ ਆਸ ਤੋਂ ਇਨਕਾਰ ਨਹੀਂ ਕੀਤਾ ਸਕਦਾ। ਇਹਨਾਂ ਸੀਮਾਵਾਂ ਤੋਂ ਪਾਰ ਲੰਘਣ ਲਈ 'ਮੁੱਕਦੀ ਗੱਲ' ਕਹਾਣੀ ਦਾ ਬਿਰਤਾਂਤਕ ਮਾਡਲ ਵੀ ਸਹਾਈ ਹੋ ਸਕਦਾ ਹੈ।

**–ਸਤਿੰਦਰਪਾਲ ਸਿੰਘ ਬਾਵਾ**

## ਓਰੇ (ਕਵਿਤਾ) ਧਰਮ ਕੰਮੇਆਣਾ

ਧਰਮ ਕੰਮੇਆਣਾ ਨੇ ਆਪਣੀ ਰਚਨਾ ਦੀ ਸ਼ੁਰੂਆਤ ਕਵਿਤਾ ਤੋਂ ਕੀਤੀ ਸੀ ਪਰ ਪਿਛਲੇ ਨੇੜਲੇ ਸਮੇਂ ਵਿਚ ਨਾਵਲਕਾਰ ਅਤੇ ਬਾਲ ਸਾਹਿਤ ਲੇਖਕ ਦੇ ਤੌਰ 'ਤੇ ਵੀ ਉਸਨੇ ਚੰਗੀ ਪਛਾਣ ਸਥਾਪਤ ਕਰ ਲਈ ਹੈ। ਪਿਛਲੇ ਕਈ ਵਰ੍ਹਿਆਂ ਤੋਂ ਉਸ ਦਾ ਕਵੀ ਮਨ ਚੁੱਪ ਸੀ ਪਰ 'ਓਰੇ' (ਸਨਾਵਰ ਪਬਲੀਕੇਸ਼ਨਜ਼ ਪਟਿਆਲ਼ਾ, ਪੰਨੇ 64, ਕੀਮਤ 100 ਰੁਪਏ ਪੇਪਰ ਬੈਕ) ਨਾਲ਼ ਉਸ ਨੇ ਆਪਣੀ ਚੁੱਪ ਤੋੜੀ ਹੈ। ਭਾਵੇਂ ਇਸ ਸਮੇਂ ਦੌਰਾਨ ਉਸਦੇ ਕਈ ਨਾਵਲ ਪ੍ਰਕਾਸ਼ਤ ਹੋਏ ਪਰ ਧਰਮ ਕੰਮੇਆਣਾ ਦੀ ਕਵਿਤਾ ਦਾ ਆਪਣਾ ਹੀ ਰੰਗ ਹੈ, ਜਲੌਅ ਹੈ। ਉਸਦੀ ਨਵੀਂ ਕਾਵਿ ਕਿਤਾਬ ‘ਓਰੇ’ ਜਿੱਥੇ ਕੰਮੇਆਣਾ ਦੀ ਨਵੀਂ ਕਵਿਤਾ ਦਾ ਮੁਹਾਂਦਰਾ ਪੇਸ਼ ਕਰਦੀ ਹੈ ਓਥੇ ਹੀ ਇਹ ਕਈ ਹੋਰਨਾਂ ਪੱਖਾਂ ਤੋਂ ਵੀ ਅਹਿਮ ਹੈ। ਕੇਂਦਰ ਸਰਕਾਰ ਦੁਆਰਾ ਪੇਸ਼ ਕਰੇ ਤਿੰਨ ਕਾਲੇ ਖੇਤੀ ਬਿੱਲਾਂ ਦੇ ਵਿਰੋਧ ਵਜੋਂ ਤਤਕਾਲੀ ਸਮੇਂ ਪੰਜਾਬ ਅੰਦਰ ਪੈਦਾ ਹੋਈ ਕਿਸਾਨੀ ਲਹਿਰ ਲੋਕ ਲਹਿਰ ਬਣ ਕੇ ਜਾਬਰ ਦਾ ਮੁਕਾਬਲਾ ਕਰਨ ਲਈ ਅਧਾਰ ਕਾਇਮ ਕਰ ਚੁੱਕੀ ਹੈ। ਅਜਿਹੀ ਲਹਿਰ ਹੀ ਹੁੰਦੀ ਹੈ ਜਿਹੜੀ ਆਪਣੇ ਸਮੇਂ ਦੇ ਕਲਾਕਾਰਾਂ ਦੀ ਕਲਾ ਨੂੰ ਇਕ ਨਵਾਂ ਮੋੜ ਦਿੰਦੀ ਹੈ। ਇਸੇ ਨਵੇਂ ਮੋੜ ਦੀ ਲਖਾਇਕ ਹੈ ਕਿਤਾਬ ‘ਓਰੇ’। ਇਸ ਕਿਤਾਬ ਦੀਆਂ ਤਕਰੀਬਨ ਸਾਰੀਆਂ ਕਵਿਤਾਵਾਂ ਹੀ ਇਸ

ਜਨ ਅੰਦੋਲਨ ਨਾਲ਼ ਜੁੜੀਆਂ ਹੋਈਆਂ ਹਨ। ਕਿਤਾਬ ਦੀ ਭੂਮਿਕਾ ਵਿਚ ਲੇਖਕ ਦਾਅਵਾ ਕਰਦਾ ਹੈ ਕਿ ਇਸ ਅੰਦੋਲਨ ਨੇ ਉਸ ਅੰਦਰ ਸੁੱਤੀ ਪਈ ਕਵਿਤਾ ਨੂੰ ਜਗਾਇਆ ਹੈ, ਮੁੜ ਸੁਰਜੀਤ ਕੀਤਾ ਹੈ। ਲੋਕ ਲਹਿਰਾਂ ਦਾ ਇਤਿਹਾਸ ਇਹੋ ਰਿਹਾ ਹੈ ਕਿ ਉਹ ਆਪਣੇ ਸਮੇਂ ਹਰ ਸੂਝਵਾਨ ਇਨਸਾਨ ਨੂੰ ਜਿੱਥੇ ਪ੍ਰਭਾਵਤ ਕਰਦੀਆਂ ਹਨ ਓਥੇ ਹੀ ਕੁਝ ਕਰ ਗੁਜ਼ਰਨ ਲਈ ਵੀ ਪ੍ਰੇਰਦੀਆਂ ਹਨ। ਲੇਖਕ ਆਪਣੀ ਕਲਮ ਨਾਲ਼ ਉਸ ਲਹਿਰ ਦੀ ਦ੍ਰਿਸ਼ਕਾਰੀ ਕਰਦਾ ਹੈ, ਪੇਸ਼ਕਾਰੀ ਕਰਦਾ ਹੈ, ਹੋਰਨਾਂ ਲੋਕਾਂ ਲਈ ਜਾਗ੍ਰਿਤੀ ਦਾ ਹੋਕਾ ਲਾਉਂਦਾ ਹੈ। ਧਰਮ ਕੰਮੇਆਣਾ ਦੀ ਇਸ ਨਵੀਂ ਕਾਵਿ ਕਿਤਾਬ ਨੂੰ ਇਸੇ ਹੀ ਸੰਦਰਭ ਵਿਚ ਦੇਖਣ ਦੀ ਲੋੜ ਹੈ।

ਕਿਤਾਬ ਦੀ ਪਹਿਲੀ ਕਵਿਤਾ 'ਓਰੇ' ਇਸ ਲੋਕ ਲਹਿਰ ਨਾਲ਼ ਜਾਗ ਰਹੇ ਲੋਕਾਂ ਦੀ ਪ੍ਰਤੀਕ ਹੈ। ‘ਓਰੇ’ ਸ਼ਬਦ ਮਾਲਵੇ ਵਿਚ ਸਿਆੜ ਲਈ ਵਰਤਿਆ ਜਾਂਦਾ ਹੈ। ਵੱਤਰ ਭੋਂਇ ਵਿਚ ਕੱਢੇ ਸਿਆੜਾਂ ਵਿਚੋਂ ਨਵੀਂ ਰੁੱਤ ਦੀ ਨਵੀਂ ਫ਼ਸਲ ਦਾ ਗੋਭਲਾ ਫੁੱਟਦਾ ਹੈ। ਅਨੁਕੂਲ ਵਾਤਾਵਰਣ, ਸਿਹਤਮੰਦ ਬੀਜ ਤੇ ਸੁਘੜ ਕਿਰਸਾਨ ਭਰਵੀਂ ਫ਼ਸਲ ਲਈ ਜ਼ਰੂਰੀ ਕਾਰਕ ਹੁੰਦੇ ਹਨ। ਇਹ ਕਵਿਤਾ ਇਸੇ ਖੇਤੀ ਦੇ ਸੰਦਰਭ ਨੂੰ ਲੋਕ ਲਹਿਰ ਦੇ ਪ੍ਰਤੀਕ ਵਜੋਂ ਚਿਤਰਦੀ ਹੋਈ, ਇਸ ਲਹਿਰ ਦੁਆਰਾ ਕੱਢੇ ਸਿਆੜਾਂ ਵਿਚੋਂ ਜੁਝਾਰੂ ਤੇ ਜਾਗਰੂਕ ਲੋਕਾਂ ਦੀ ਫ਼ਸਲ ਪੈਦਾ ਹੋਣ ਦੀ ਬਾਤ ਪਾਉਂਦੀ ਹੈ।ਇਸ ਤਰ੍ਹਾਂ ਦੀ ਪ੍ਰਤੀਕਕ ਜੁਗਤ ਜਿੱਥੇ ਕਾਵਿ ਉਚਾਈ ਨੂੰ ਦ੍ਰਿਸ਼ਟ ਕਰਦੀ ਹੈ ਓਥੇ ਜਨ ਅੰਦੋਲਨ ਬਣੀ ਇਸ ਲਹਿਰ ਦੀ ਕਾਮਯਾਬੀ ਅਤੇ ਭਵਿੱਖਮਈ ਸਿੱਟਿਆਂ ਵੱਲ ਵੀ ਇਸ਼ਾਰਾ ਕਰਦੀ ਹੈ।

*ਭਾਵੇਂ ਅਜੇ ਇਹ ਹੈ ਸ਼ੁਰੂਆਤ*
*ਪਰ ਜਦੋਂ ਗੱਦੀਆਂ ਦੇ ਲੋਭੀ, ਲੋਕ ਮਸਲਿਆਂ ਤੋਂ ਦੂਰ*
*ਦੰਭੀ ਨੇਤਾਵਾਂ ਦੇ ਕੋਲੋਂ, ਵੋਟਰ ਪੁੱਛਦੇ ਨੇ ਸਵਾਲ*
*ਨੇਰ੍ਹ ਨੂੰ ਛਿੜ ਜਾਂਦਾ ਕਾਂਬਾ, ਲੱਗਦਾ ਕਿਤੇ ਨੇੜੇ ਹੀ ਹੈ ਪ੍ਰਭਾਤ*
*ਓਰਿਆਂ ‘ਚੋਂ ਫ਼ਸਲ ਨਵੀਂ, ਮਾਰਨ ਲੱਗੀ ਹੈ ਬਾਹਰ ਝਾਤ*

ਕਵੀ ਇਸ ਸ਼ੁਰੂਆਤ ਵਿਚੋਂ ਇਕ ਨਵੀਂ ਸਵੇਰ ਦਾ ਉਦੈ ਵੇਖਦਾ ਹੈ। ਸਾਰੇ ਦੇਸ਼ ਦੀਆਂ ਅੱਖਾਂ ਇਸ ਸੰਘਰਸ਼ ਦੇ ਨਤੀਜਿਆਂ ਵੱਲ ਹਨ, ਜਿਹਨਾਂ ਨੇ ਹੋਰ ਸੰਘਰਸ਼ਾਂ ਨੇ ਜਨਮ ਦੇਣਾ ਹੈ। ਨਵੀਂ ਫ਼ਸਲ ਲਈ ਬੀਜੇ ਜਾ ਰਹੇ ਨੇ ਇਹ ਸਿਆੜ, ਇਹ ਓਰੇ। ਇਹ ਸਮਾਂ ਇਕ ਇਤਿਹਾਸ ਸਿਰਜ ਰਿਹਾ ਹੈ, ਜਿਹੜਾ ਆਉਣ ਵਾਲ਼ੀਆਂ ਪੀੜੀਆਂ ਲਈ ਮਾਰਗ ਦਰਸ਼ਕ ਹੋਵੇਗਾ।

*ਅਸੀਂ ਸਿਰਜ ਰਹੇ ਹਾਂ ਨਵ-ਇਤਿਹਾਸ*
*ਸਾਡੀਆਂ ਅਗਲੇਰੀਆਂ ਨਸਲਾਂ ਲਈ*
*ਧਰਤੀ ਲਈ, ਫ਼ਸਲਾਂ ਲਈ*

ਪਾਸ਼ ਆਖਦਾ ਹੈ ਕਿ 'ਸਮਾਂ ਆਪਣੀ ਗੱਲ ਆਪ ਕਰਦਾ ਹੈ', ਧਰਮ ਕੰਮੇਆਣਾ ਦੀ ਇਹ ਕਵਿਤਾ ਇਸ ਸਮੇਂ ਦੀ ਪਾਈ ਗਈ ਬਾਤ ਹੈ, ਜਿਹੜੀ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸਕ ਸਰੋਤ ਦਾ ਕੰਮ ਕਰੇਗੀ। ਜਿਹੜੀ ਬਾਤ ਆਉਣ ਵਾਲੀਆਂ ਨਸਲਾਂ ਨੂੰ ਜਾਬਰ ਸਰਕਾਰਾਂ ਨਾਲ਼ ਲੋਕਾਂ ਦੇ ਕੀਤੇ ਘੋਲ਼ ਦੀ ਕਹਾਣੀ ਕਹੇਗੀ। ਅਸੀਂ ਇਸ ਕਿਸ ਤਰ੍ਹਾਂ ਦੇ ਸਮਿਆਂ ਵਿਚ ਰਹਿ ਰਹੇ ਹਾਂ ਜਿੱਥੇ ਨਿੱਤ ਨਵੀਆਂ ਮਦਾਂ ਸੁਣਨ ਨੂੰ ਮਿਲਦੀਆਂ ਹਨ, ਕਵੀ ਨੇ ਇਹਨਾਂ ਮਦਾਂ ਨੂੰ ਵਰਤਦਿਆਂ ਆਪਣੀਆਂ ਕਵਿਤਾਵਾਂ ਕਹੀਆਂ ਹਨ– 'ਮਨ ਦੀ ਬਾਤ', 'ਟਰਾਲੀ ਟਾਇਮਜ਼', 'ਅਰਬਨ ਨਕਸਲ', 'ਕੋਰੋਨਾ', 'ਮੀ-ਟੂ' ਕਵਿਤਾਵਾਂ ਇਸੇ ਸੰਦਰਭ ਵਾਲੀਆਂ ਹਨ। ਧਰਮ ਕੰਮੇਆਣਾ ਨੇ ਇਤਿਹਾਸ ਮਿਥਿਹਾਸ ('ਮਾਂ ਗੁਜਰੀ ਦੇ ਹੱਥਾਂ ਦਾ ਨਿੱਘ', 'ਜੈਕਾਰਾ', 'ਨਵੇਂ ਅਬਦਾਲੀ' ਆਦਿ ਅਤੇ ਕਈ ਹੋਰ ਕਵਿਤਾਵਾਂ ਵਿਚ ਵੀ ਇਸ ਤਰ੍ਹਾਂ ਦੇ ਹਵਾਲੇ ਦੇਖੇ ਜਾ ਸਕਦੇ ਹਨ) ਦੇ ਹਵਾਲਿਆਂ ਨਾਲ਼ ਇਸ ਲੋਕ ਲਹਿਰ ਨੂੰ ਹੋਰ ਨਵੇਂ ਆਯਾਮ ਬਖ਼ਸ਼ੇ ਹਨ, ਜਿਸ ਨਾਲ਼ ਲੜਦੇ ਲੋਕਾਂ ਦੀ

ਸਾਰਥਿਕਤਾ ਹੋਰ ਗਹਿਰੀ ਹੋ ਜਾਂਦੀ ਹੈ। ਕਵੀ ਨੇ ਰਾਜਿਆ ਰਾਜ ਕਰੇਂਦਿਆ ਤਾਂਈਂ ਉਸਦੇ ਮਨ ਦੀ ਬਾਤ ਰਾਹੀਂ ਹੀ ਵਿਅੰਗ ਕਸਿਆ ਹੈ। ਇਹ ਵਿਅੰਗ ਕਰਨ ਦੀ ਜੁਗਤ ਕਈ ਕਵਿਤਾਵਾਂ ਵਿਚ ਵੇਖੀ ਜਾ ਸਕਦੀ ਹੈ। ਪਿਛਲੇ ਸੱਤ ਸਾਲ ਤੋਂ ਪੂਰਾ ਦੇਸ਼ ਜਿਸ ਕਿਸਮ ਦੀ ਵਿਅੰਗ ਵਿਚੋਂ ਗੁਜ਼ਰ ਰਿਹਾ ਹੈ, ਉਸ ਦੀ ਇਕ ਝਲਕ ਇਸ ਕਾਵਿ ਪੋਥੀ ਵਿਚੋਂ ਵੀ ਵੇਖੀ ਜਾ ਸਕਦੀ ਹੈ।

*ਜੇ ਤੇਰੇ ਮਨ ਦੇ ਵਿਚ, ਸਾਡੀ ਬਾਤ ਹੁੰਦੀ*
*ਸਾਡੇ ਦਿਨ ਨਾ ਹੁੰਦੇ ਧੁੰਦਲੇ, ਉਦਾਸ ਰਾਤ ਨਾ ਹੁੰਦੀ*

ਲੋਕ ਲਹਿਰ ਵਿਚ ਜੋਸ਼/ਹੋਸ਼/ਚਾਅ/ਉਮੰਗ ਨਾਲ ਹੀ ਲੜਦੇ ਹਨ ਪਰ ਕਵੀ ਨੇ ਇਸ ਨੂੰ ਦਿਲ ਨਾਲ ਲੜਨ ਲਈ ਕਹਿਣ ਦਾ ਯਤਨ ਕੀਤਾ ਹੈ ਜਿਹੜਾ ਆਪਣੇ ਆਪ ਵਿਚ ਅਰਥ ਤੇ ਰੱਖਦਾ ਹੈ ਪਰ ਇਸ ਸਥਿਤੀ ਨੂੰ ਇਹਨਾਂ ਘਟਾ ਕੇ ਵੀ ਨਹੀਂ ਦੇਖਣਾ ਚਾਹੀਦਾ। ਧਰਮ ਕੰਮੇਆਣਾ ਦੀ ਕਵਿਤਾ ਦੀ ਖਾਸੀਅਤ ਉਸਦੇ ਦੁਆਰਾ ਚੁਣੇ ਗਏ ਵਿਸ਼ੇ ਹਨ। ਕਵੀ ਹਰ ਕਵਿਤਾ ਦਾ ਸੰਦਰਭ ਕਿਸਾਨੀ ਘੋਲ ਨਾਲ਼ ਜੋੜਦਾ ਹੈ ਅਤੇ ਇਸ ਦੇਸ਼ ਦੇ ਲੋਕਾਂ ਨੂੰ ਆਪਸੀ ਏਕੇ ਦਾ ਪਾਠ ਵੀ ਪੜ੍ਹਾਉਂਦਾ ਹੈ। ਪਰ ਕਿਤੇ ਕਿਤੇ ਇਹ ਉਸਦੀ ਸੀਮਾ ਵੀ ਬਣ ਜਾਂਦਾ ਹੈ, ਜਿੱਥੇ ਕਵਿਤਾ ਆਪਣੇ ਵਿਸ਼ੇ ਕਰਕੇ ਹੀ ਲਿਖੀ ਜਾਪਦੀ ਹੈ, ਕਾਵਿਕ ਘਾਟ ਸਾਫ਼ ਨਜ਼ਰ ਆਉਂਦੀ ਹੈ।

ਕਵੀ ਨੇ ਆਪਣੀ ਗੱਲ ਕਹਿਣ ਲਈ ਕੁਝ ਰਵਾਇਤੀ ਕਾਵਿ ਰੂਪ ਵੀ ਬਾਖੂਬੀ ਵਰਤੇ ਹਨ। ਬੋਲੀਆਂ, ਟੱਪੇ, ਗ਼ਜ਼ਲ ਆਦਿ ਨੂੰ ਇਸੇ ਰੂਪ ਵਿਚ ਵੇਖਿਆ ਜਾ ਸਕਦਾ ਹੈ, ਪਰ ਵਿਸ਼ੇ ਪੱਖੋਂ ਇਹਨਾਂ ਵਿਚ ਵੀ ਕੋਈ ਫ਼ਰਕ ਨਹੀਂ। ਗ਼ਜ਼ਲ ਦਾ ਇਕ ਸ਼ੇਅਰ ਵੇਖੋ ਜੋ ਰਾਜਨੀਤੀ ਦੀ ਗੰਧਲੀ ਤਸਵੀਰ ਪੇਸ਼ ਕਰਦਾ ਹੈ:

*ਨੇਤਾ ਜੀ ਜਦ ਹਾਰਦੇ ਲੱਗੇ*
*ਸ਼ਹਿਰ 'ਚ ਫਿਰਕੂ ਦੰਗੇ ਹੋ ਗਏ।*

ਅੰਤ ਵਿਚ 'ਓਰੇ' ਬਾਰੇ ਦੋ ਗੱਲਾਂ ਕਹੀਆਂ ਜਾ ਸਕਦੀਆਂ ਹਨ ਕਿ ਜਿੱਥੇ ਇਹ ਕਿਤਾਬ ਕਾਹਲੀ ਵਿਚ ਲਿਖੀ ਹੋਈ ਜਾਪਦੀ ਹੈ ਅਤੇ ਕਈ ਥਾਂ ਕਵਿਤਾ ਨਾਲ਼ ਸਮਝੌਤਾ ਵੀ ਕਰਦੀ ਹੈ ਓਥੇ ਹੀ ਦੂਸਰੀ ਗੱਲ ਇਹ ਹੈ ਕਿ ਇਹ ਕਿਤਾਬ ਇਸ ਸਮੇਂ ਦਾ ਇਤਿਹਾਸਿਕ ਦਸਤਾਵੇਜ਼ ਹੈ ਜਿਹੜਾ ਇਸ 2020-21 ਦੇ ਸੰਯੁਕਤ ਭਾਰਤ ਜਨ-ਅੰਦੋਲਨ ਨੂੰ ਆਪਣੇ ਵਿਚ ਸਮੋਈ ਬੈਠਾ ਹੈ ਅਤੇ ਭਵਿੱਖ ਵਿਚ ਆਪਣੀ ਸਾਰਥਿਕਤਾ ਪ੍ਰਗਟ ਕਰਦਾ ਰਹੇਗਾ। ਅਜਿਹੀਆਂ ਕਿਤਾਬਾਂ ਕਿਸੇ ਵੀ ਜਨ ਸਮੂਹ ਦਾ ਸਰਮਾਇਆ ਹੁੰਦੀਆਂ ਹਨ। **-ਹਰਵਿੰਦਰ ਸਿੰਘ**

## ਪਰਤਾਂ ਵਿਚ ਜਿਉਂਦੇ ਮਨੁੱਖ (ਕਹਾਣੀ ਸੰਗ੍ਰਹਿ) ਹਰਬੰਸ ਸਿੰਘ ਅਖਾੜਾ

'ਪਰਤਾਂ ਵਿਚ ਜਿਉਂਦੇ ਮਨੁੱਖ' (ਅਸਥੈਟਿਕਸ ਪ੍ਰਕਾਸ਼ਨ ਲੁਧਿਆਣਾ, ਪੰਨੇ 128, ਮੁੱਲ 150 ਰੁਪਏ) ਹਰਬੰਸ ਸਿੰਘ ਅਖਾੜਾ ਦਾ ਪ੍ਰਥਮ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਵਿਚ ਤੇਰਾਂ ਕਹਾਣੀਆਂ ਸ਼ਾਮਲ ਹਨ। ਹੱਥਲੇ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਭਾਵੇਂ ਨਵੀਂ ਕਹਾਣੀ ਦੀ ਕਲਾਤਮਕਤਾ ਦੇ ਉਤਕ੍ਰਿਸ਼ਟ ਮਾਡਲ ਦੀਆਂ ਧਾਰਨੀ ਨਹੀਂ ਪਰੰਤੂ ਕਹਾਣੀ ਦੇ ਬੁਨਿਆਦੀ ਮਾਡਲ ਦੇ ਸਮੁੱਚੇ ਗੁਣਾਂ ਦੀਆਂ ਧਾਰਨੀ ਜ਼ਰੂਰ ਹਨ। ਇਹਨਾਂ ਕਹਾਣੀਆਂ ਦਾ ਮੂਲ ਲੱਛਣ ਪ੍ਰਵਚਨ ਦੀ ਸੰਚਾਰਾਤਮਕਤਾ ਹੈ। ਸਮੁੱਚੀਆਂ ਕਹਾਣੀਆਂ ਸਰਲ, ਇਕਹਿਰੇ ਮਾਡਲ ਅਧੀਨ ਸੰਦੇਸ਼ ਦੀਆਂ ਸੁਚੱਜੀਆਂ ਵਾਹਕ ਹੋ ਨਿੱਬੜਦੀਆਂ ਹਨ।

'ਪੱਥਰ ਰੋ ਪਏ', 'ਵਿਦੇਸ਼ੀ ਲਾੜਾ', 'ਪਰਤਾਂ ਵਿਚ ਜਿਉਂਦੇ ਮਨੁੱਖ', 'ਮਿੱਧਿਆ ਫੁੱਲ' ਅਤੇ 'ਜੁਗਾੜ' ਆਦਿ ਕਹਾਣੀਆਂ ਅਣਜੋੜ ਵਿਆਹ ਸੰਬੰਧਾਂ ਅਤੇ ਵਿਆਹ ਬਾਹਰੇ ਸੰਬੰਧਾਂ ਦੀ ਪ੍ਰਿਸ਼ਟ ਭੂਮੀ ਵਿਚ ਵਿਚਰਦੀਆਂ ਅਣਕਿਆਸੀਆਂ ਤ੍ਰਾਸਦੀਆਂ ਨੂੰ ਅਭਿਵਿਅਕਤ ਕਰਦੀਆਂ ਹਨ।

'ਪੱਥਰ ਰੋ ਪਏ' ਅਤੇ 'ਵਿਦੇਸ਼ੀ ਲਾੜਾ' ਦੋਵੇਂ ਕਹਾਣੀਆਂ ਵਿਆਹ ਦੇ ਸ਼ੁਭ ਕਾਰਜ ਨਾਲ ਜੁੜੀਆਂ ਹੋਈਆਂ ਹਨ, ਇਹਨਾਂ ਕਹਾਣੀਆਂ ਵਿਚ ਲੜਕੀ ਦੇ ਲਈ ਇਕ ਵਰ ਚੁਣਿਆ ਜਾ ਰਿਹਾ ਹੈ। ਜਿੱਥੇ 'ਪੱਥਰ ਰੋ ਪਏ' ਕਹਾਣੀ ਵਿਚਲੀ ਲੜਕੀ ਦੇ ਪਰਿਵਾਰ ਦੀ ਪਰਿਵਾਰਕ ਮੰਦਹਾਲੀ ਕਾਰਨ ਉਸ ਨੂੰ ਆਪਣੇ ਸੁਪਨਿਆਂ ਦੇ ਮੇਚ ਦਾ ਵਰ ਨਹੀਂ ਮਿਲਦਾ ਸਗੋਂ ਆਪਣੇ ਤੋਂ ਵੱਡੀ ਉਮਰ ਦਾ ਦਹਾਜੂ ਲਾੜਾ ਅਪਨਾਉਣਾ ਪੈਂਦਾ ਹੈ,ਉੱਥੇ 'ਵਿਦੇਸ਼ੀ ਲਾੜਾ' ਕਹਾਣੀ ਦੀ ਪੜ੍ਹੀ-ਲਿਖੀ ਨੌਕਰੀ ਪੇਸ਼ਾ ਪਾਤਰ ਵਿਦੇਸ਼ੀ ਲਾੜੇ ਦੀ ਅਸਲੀਅਤ ਤੋਂ ਵਾਕਿਫ ਹੋਣ ਉਪਰੰਤ ਉਸ ਪ੍ਰਤੀ ਆਪਣਾ ਵਿਰੋਧ ਜ਼ਾਹਿਰ ਕਰਦੀ ਹੈ ਅਤੇ ਵਿਦੇਸ਼ੀ ਲਾੜਿਆਂ ਦੀ ਮਖੌਟਾ-ਨੁਮਾ ਵਾਸਤਵਿਕਤਾ ਤੋਂ ਜਾਣੂੰ ਕਰਵਾਉਂਦੀ ਹੈ।

'ਪਰਤਾਂ ਵਿਚ ਜਿਊਂਦੇ ਮਨੁੱਖ' ਅਤੇ 'ਮਿੱਧਿਆ ਫੁੱਲ' ਕਹਾਣੀਆਂ ਵਿਆਹ ਉਪਰੰਤ ਸਹੁਰੇ ਘਰ ਵਿਚ ਲੜਕੀ ਦੀ ਦੁਸ਼ਵਾਰੀ ਦੀ ਤ੍ਰਾਸਦੀ ਨੂੰ ਉਲੀਕਦੀਆਂ ਹਨ। ‘ਪਰਤਾਂ ਵਿਚ ਜਿਉਂਦੇ ਮਨੁੱਖ’ ਕਹਾਣੀ ਦੀ ਪਾਤਰ ਮਨਜੀਤ ਆਪਣੇ ਸ਼ਰਾਬੀ ਪਤੀ ਦੀਆਂ ਵਧੀਕੀਆਂ ਨੂੰ ਸਹਿਣ ਕਰਨ ਦੀ ਹੱਦ ਪਾਰ ਕਰ ਕੇ ਉਸ ਵਿਰੁੱਧ ਅਵਾਜ਼ ਉਠਾਉਂਦੀ ਹੈ, ਪਰੰਤੂ ‘ਮਿੱਧਿਆ ਫੁੱਲ’ ਦੀ ਗੁਰਸ਼ਰਨ ਕੌਰ ਗ਼ੈਰ-ਜ਼ਿੰਮੇਵਾਰ ਪਤੀ ਅਤੇ ਸਹੁਰੇ ਪਰਿਵਾਰ ਦੇ ਜ਼ੁਲਮਾਂ ਨੂੰ ਬਰਦਾਸ਼ਤ ਕਰਦੀ ਰਹਿੰਦੀ ਹੈ ਅਤੇ ਆਪਣੇ ਸਵੈਮਾਣ ਲਈ ਕਿਤੇ ਵੀ ਸੰਘਰਸ਼ ਵਿੱਢਦੀ ਵਿਖਾਈ ਨਹੀਂ ਦਿੰਦੀ। ਦੋਹਾਂ ਕਹਾਣੀਆਂ ਵਿਚ ਔਰਤ ਦੀ ਮਾਨਸਿਕ ਅਤੇ ਸਰੀਰਕ ਬਲਹੀਣਤਾ ਦੇ ਸਨਮੁੱਖ ਮਰਦ ਪ੍ਰਧਾਨ ਸਮਾਜ ਵਿਚਲੀ ਮਾਨਸਿਕ ਸੰਕੀਰਨਤਾ, ਬਰਬਰਤਾ ਅਤੇ ਅਮਾਨਵੀਅਤਾ ਨੂੰ ਚਿਤਰਿਆ ਗਿਆ ਹੈ।

'ਜੁਗਾੜ' ਇਸ ਸ਼੍ਰੇਣੀ ਦੀ ਖ਼ੂਬਸੂਰਤ ਕਹਾਣੀ ਹੈ ਜਿਸ ਦੇ ਬਿਰਤਾਂਤ ਵਿਚ ਵਿਆਹ ਬਾਹਰੇ ਸੰਬੰਧਾਂ ਦਾ ਇਕ ਨਵਾਂ ਸਾਕਾਰਾਤਮਕ ਪਾਸਾਰ ਸਾਹਵੇਂ ਆਉਂਦਾ ਹੈ। ਰਿਕਸ਼ੇ ਵਾਲੇ ਮੈਂ ਪਾਤਰ ਦੇ ਦੱਸਣ ਅਨੁਸਾਰ ਉਸ ਦੀ ਮੰਗ ਛੁੱਟਣ 'ਤੇ ਉਸ ਦੀ ਵਿਧਵਾ ਭਰਜਾਈ ਗੁਰਨਾਮੋ ਨੇ ਉਸ ਨਾਲ ਜਿਸਮਾਨੀ ਸੰਬੰਧ ਸਥਾਪਤ ਕਰ ਲਏ। ਪਰੰਤੂ ਇਹਨਾਂ ਸੰਬੰਧਾਂ ਦੀ ਕਾਰਕ ਭੂਮੀ ਜਿਸਮਾਨੀ ਲੋੜਾਂ ਦੀ ਪੂਰਤੀ ਘੱਟ ਅਤੇ ਆਰਥਿਕ ਮੰਦਹਾਲੀ ਦੇ ਪਾੜੇ ਨੂੰ ਘਟਾਉਣ ਦਾ ਜੁਗਾੜ ਜ਼ਿਆਦਾ ਪ੍ਰਤੀਤ ਹੁੰਦਾ ਹੈ। ਇਹ ਕਹਾਣੀ ਆਰਥਿਕ ਮੰਦਹਾਲੀ ਦੇ ਸੰਤਾਪੇ ਪਾਤਰਾਂ ਦੀ ਆਪਸੀ ਸਾਂਝ ਤੇ ਸਹਿਚਾਰ ਦੀ ਨਿਆਰੀ ਮਿਸਾਲ ਸਿਰਜਦੀ ਹੈ। 'ਤਿੱਖੜ ਦੁਪਹਿਰਾ' ਵੀ ਇਸੇ ਸ਼੍ਰੇਣੀ ਦੀ ਕਹਾਣੀ ਹੈ, ਜਿਸ ਵਿਚ ਵਿਆਹ ਬਾਹਰੇ ਸੰਬੰਧਾਂ ਦੀ ਪ੍ਰਿਸ਼ਟ-ਭੂਮੀ ਵਿਚ ਵਿਚਰਦੇ ਘਟਕ ਜਿਸਮਾਨੀ ਤ੍ਰਿਪਤੀਆਂ ਦੇ ਅੰਨ੍ਹੇ ਵਹਿਣ ਤੋਂ ਹਟ ਕੇ ਸਮਾਜਕ ਹੋਂਦ ਦੀ ਦ੍ਰਿੜਤਾ ਨੂੰ ਸਾਹਮਣੇ ਲਿਆਉਂਦੇ ਹਨ। ਦੀਪੋ ਸੁਰੈਣੇ ਦੀ ਦੂਜੀ ਪਤਨੀ ਹੈ। ਉਸ ਤੋਂ ਵਡੇਰੀ ਉਮਰ ਦਾ ਹੋਣ ਕਾਰਨ ਸੁਰੈਣਾ ਦੀਪੋ ਦੀਆਂ ਜਿਸਮਾਨੀ ਲੋੜਾਂ 'ਤੇ ਖਰਾ ਨਹੀਂ ਉਤਰਦਾ। ਦੀਪੋ ਦੀ ਸਰੀਰਕ ਅਤ੍ਰਿਪਤੀ ਦੇ ਨਿੱਜੀ ਵਿਸ਼ਾਦ ਦੇ ਟਾਕਰੇ ਔਲਾਦ ਨਾ ਹੋਣ ਕਾਰਨ ਸਮਾਜਕ ਪ੍ਰਤਿਸ਼ਠਤਾ ਨਾ ਮਿਲਣ ਦੀ ਮਾਨਸਿਕ ਪੀੜਾ ਵਧੇਰੇ ਹੈ। ਇਸ ਕਾਰਨ ਉਹ ਆਪਣੇ ਸੀਰੀ ਕੈਲੇ ਨਾਲ ਸੰਬੰਧ ਬਣਾਉਂਦੀ ਹੈ। ਇੱਥੇ ਉਸ ਦੀ ਸਰੀਰਕ ਤ੍ਰਿਪਤੀ ਦੇ ਨਾਲ ਨਾਲ ਉਸ ਦੀ ਔਲਾਦ ਪੂਰਤੀ ਦੀ ਅਕਾਂਖਿਆ ਵੀ ਪੂਰੀ ਹੁੰਦੀ ਪ੍ਰਤੀਤ ਹੁੰਦੀ ਹੈ। ਇੰਝ ਇਹ ਦੋਵੇਂ ਕਹਾਣੀਆਂ ਸਮਾਜਕ ਵਰਜਨਾਂ ਦੇ ਉਹਨਾਂ ਟੈਬੂਆਂ ਤੋਂ ਪਾਸਾ ਵੱਟਣ ਦੀ ਤਾਕੀਦ ਕਰਦੀਆਂ ਹਨ ਜੋ ਨੈਤਿਕ ਮੁੱਲਾਂ ਨੂੰ ਪ੍ਰਣਾਈਆਂ ਕਦਰਾਂ-ਕੀਮਤਾਂ ਦੇ ਵਿਰੋਧ ਵਿਚ ਖੜ੍ਹੇ ਹਨ।

'ਕੁੜਮੱਤ' ਗਲਪੀ ਵਿਅੰਗ-ਨੁਮਾ ਕਹਾਣੀ ਹੈ। ਇਸ ਕਹਾਣੀ ਦਾ ਬਿਰਤਾਂਤ ਸਮਾਜਕ ਪ੍ਰਬੰਧ ਵਿਚ ਕਾਰਜਸ਼ੀਲ ਰਸਮ ਬਜ਼ੁਰਗਾਂ ਦੇ ਭੋਗ ਸਮੇਂ ਸੋਗ ਅਤੇ ਦੁੱਖ ਪ੍ਰਗਟ ਕਰਨ ਦੀ ਬਜਾਏ ਕੀਤੀ ਜਾਣ ਵਾਲੇ ਮੂੰਹ-ਜ਼ੋਰ ਦਿਖਾਵੇ ਅਤੇ ਫਜ਼ੂਲ ਖਰਚੀ ਉਤੇ ਕੇਂਦਰਤ ਹੈ। ਕਹਾਣੀ ਦਾ ਕੇਂਦਰੀ ਪਾਤਰ

ਗਿਆਨੀ ਮਾਸਟਰ ਹੈ ਜਿਸ ਤੋਂ ਸਵਰਗਵਾਸੀ ਬਜ਼ੁਰਗ ਮਾਈ ਬਾਰੇ ਸ਼ੋਕ ਪ੍ਰਗਟ ਕਰਨ ਦੀ ਅਤੇ ਵਿਸ਼ੈ ਦੇ ਸੰਬੰਧ ਵਿਚ ਕੋਈ ਸਾਖੀ ਸੁਣਾਉਣ ਦੀ ਵਿਸ਼ੇਸ਼ ਤਵੱਕੋ ਰਹਿੰਦੀ ਹੈ, ਪਰੰਤੂ ਇਸ ਬਜ਼ੁਰਗ ਮਾਈ ਦੇ ਰਿਸ਼ਤੇਦਾਰ ਸਾਕ-ਸਬੰਧੀ ਸਮਾਜਕ ਵਿਸ਼ਸ਼ਿਟਤਾ ਦੇ ਪਾਖੰਡ ਨੂੰ ਦਰਸਾਉਣ ਹਿੱਤ ਰਚੇ ਪਰਪੰਚਾਂ ਨੂੰ ਨਜਿੱਠਣ ਲਈ ਕਾਹਲੇ ਜਾਪਦੇ ਹਨ। ਇਸ ਤਰ੍ਹਾਂ ਬਿਰਤਾਂਤ ਦਾ ਸੰਪੂਰਨ ਫੋਕਸ ਕੇਂਦਰੀ ਪਾਤਰ ਵੱਲੋਂ ਸਵਰਗਵਾਸ ਹੋ ਚੁੱਕੀ ਮਾਈ ਨੂੰ ਯਾਦ ਕਰਨ ਅਤੇ ਸਾਖੀ ਸੁਣਾਉਣ ਦੇ ਰਸਮੀ ਸੰਕਟ ਉੱਤੇ ਹੀ ਕੇਂਦਰਤ ਰਹਿੰਦਾ ਹੈ।

ਕਹਾਣੀ 'ਧੱਕਾ' ਜਿਥੇ ਪੰਜਾਬ ਸੰਕਟ ਦੌਰਾਨ ਭ੍ਰਿਸ਼ਟ ਹੋ ਚੁੱਕੀ ਪੁਲਿਸ ਵੱਲੋਂ ਆਮ ਲੋਕਾਂ ਨਾਲ ਹੁੰਦੀ ਧੱਕੇਸ਼ਾਹੀ ਦੇ ਵਿਭਿੰਨ ਪਾਸਾਰਾਂ ਨੂੰ ਸਨਮੁੱਖ ਕਰਦੀ ਹੈ, ਉੱਥੇ ਇਹ ਜਮਹੂਰੀ ਸੰਗਠਨਾਂ ਦੀ ਬਲਵਾਨ ਹੋਂਦ ਨੂੰ ਵੀ ਸਾਕਾਰ ਕਰਦੀ ਹੈ। ਇਸ ਕਹਾਣੀ ਵਿਚਲਾ ਕੇਂਦਰੀ ਪਾਤਰ ਯੂਨੀਅਨ ਦਾ ਆਗੂ ਮਾਸਟਰ ਨਿਹੱਥੇ, ਬੇਕਸੂਰ ਲੋਕਾਂ ਨੂੰ ਪ੍ਰੇਸ਼ਾਨ ਕਰਨ ਦੇ ਭ੍ਰਿਸ਼ਟ ਪ੍ਰਬੰਧ ਦੇ ਅੰਤਰਗਤ ਪੁਲਿਸ ਦੀ ਧੱਕੇ ਸ਼ਾਹੀ ਦਾ ਸ਼ਿਕਾਰ ਬਣਦਾ ਪ੍ਰਤੀਤ ਹੁੰਦਾ ਹੈ। ਪਰੰਤੂ ਤਣਾਉ ਦਾ ਤੋੜਾ ਉਦੋਂ ਟੁੱਟਦਾ ਹੈ ਜਦੋਂ ਉਹ ਥਾਣੇਦਾਰ ਨੂੰ ਦੱਸਦਾ ਹੈ ਕਿ ਉਹ ਯੂਨੀਅਨ ਦੀ ਮੀਟਿੰਗ ਵਿਚ ਸ਼ਾਮਲ ਸੀ ਅਤੇ ਆਪਣੇ ਬਾਰੇ ਫੈਡਰੇਸ਼ਨ ਇਕਾਈ ਦਾ ਪ੍ਰਧਾਨ ਹੋਣ ਦਾ ਖ਼ੁਲਾਸਾ ਕਰਦਾ ਹੈ। ਇਸ 'ਤੇ ਥਾਣੇਦਾਰ ਦੀ ਅਹੁਦਾਨੁਮਾ ਹਉਂ ਥਿੜਕ ਜਾਂਦੀ ਹੈ ਅਤੇ ਉਸ ਨੂੰ 'ਯੂਨੀਅਨ ਵਾਲਾ' ਹੋਣ ਕਰਕੇ ਛੱਡ ਦੇਣ ਲਈ ਮਜਬੂਰ ਕਰਦੀ ਹੈ। ਇਸ ਕਹਾਣੀ ਦੇ ਬਿਰਤਾਂਤ ਦੀ ਪ੍ਰਿਸ਼ਠ ਭੂਮੀ ਵਿਚੋਂ ਮਾਰਕਸਵਾਦੀ ਦ੍ਰਿਸ਼ਟੀ ਦੇ ਅੰਤਰਗਤ ਪ੍ਰਸਾਰਤ ਲੋਕ ਹਿਤੈਸ਼ੀ, ਜਮਹੂਰੀ ਇਕਜੁੱਟਤਾ ਦਾ ਸੰਦੇਸ਼ ਸੰਚਾਰਤ ਹੁੰਦਾ ਹੈ।

'ਨੈਗਿਟਵ' ਅਤੇ 'ਰੈਣ ਬਸੇਰਾ' ਕਹਾਣੀਆਂ ਵੀ ਉਲੇਖਯੋਗ ਹਨ, 'ਨੈਗਿਟਵ' ਕਹਾਣੀ ਲਾਇਲਾਜ ਬਿਮਾਰੀ ਨਾਲ ਜੂਝਦੇ ਮੁਖ ਪਾਤਰ ਗੁਰਮੀਤ ਦੀ ਮਨੋਵੇਦਨਾ ਅਤੇ ਮਨੋਵਿਸ਼ਾਦ ਦਾ ਬਿਰਤਾਂਤ ਹੈ। 'ਰੈਣ ਬਸੇਰਾ' ਕਹਾਣੀ ਖਪਤਵਾਦੀ ਸਭਿਆਚਾਰ ਵਿਚ ਤਿੜਕਦੇ ਪਰਿਵਾਰਕ ਰਿਸ਼ਤਿਆਂ ਦਾ ਬਿਰਤਾਂਤ ਸਿਰਜਦੀ ਹੋਈ ਪੁੱਤਰਾਂ ਵੱਲੋਂ ਪਰਿਵਾਰਕ ਸਾਂਝ ਅਤੇ ਪਿਆਰ ਨੂੰ ਤਿਲਾਂਜਲੀ ਦੇ ਕੇ ਆਰਥਿਕ ਹਿੱਤਾਂ ਨੂੰ ਤਰਜੀਹ ਦੇਣ ਸਦਕਾ ਉਪਜੀ ਪਰਿਵਾਰਕ ਵੰਡ ਰਾਹੀਂ ਕੇਂਦਰੀ ਪਾਤਰਾਂ ਦੇ ਤਿੜਕਦੇ ਰੈਣ ਬਸੇਰੇ ਨੂੰ ਬਿੰਬਤ ਕਰਦੀ ਹੈ।

ਸਮੱਚੇ ਤੌਰ 'ਤੇ 'ਪਰਤਾਂ ਵਿਚ ਜਿਉਂਦੇ ਮਨੁੱਖ' ਕਹਾਣੀ ਸੰਗ੍ਰਹਿ ਮਾਨਵੀ ਯਥਾਰਥਵਾਦ ਦੀਆਂ ਵਿਭਿੰਨ ਪਰਤਾਂ ਦੇ ਗਲਪੀ ਚਿੱਤਰ ਖਿੱਚਦਾ ਹੈ। ਜਿਸ ਵਿਚ ਅਸੰਤੁਲਤ ਸਮਾਜਕ ਪ੍ਰਬੰਧ ਵਿਚ ਪੀੜਤ ਔਰਤਾਂ ਦੇ ਦਰਦ ਅਤੇ ਸੰਘਰਸ਼ ਦੀ ਗਾਥਾ, ਖਪਤਵਾਦੀ ਸਭਿਆਚਾਰ ਦੇ ਅਕਹਿ ਅਤੇ ਮਾਰੂ ਪ੍ਰਭਾਵ, ਵਰਜਿਤ ਰਿਸ਼ਤਿਆਂ ਦੀ ਸਾਪੇਖਤਾ/ਨਿਰਪੇਖਤਾ ਦੇ ਪ੍ਰਸੰਗ ਅਤੇ ਭ੍ਰਿਸ਼ਟ ਨਿਜ਼ਾਮ ਦੀ ਬਰਬਰਤਾ ਬਨਾਮ ਜਮੂਹਰੀ ਏਕਤਾ ਦੀ ਮਹੱਤਵਸ਼ੀਲਤਾ ਦੇ ਕਥਾਤਮਕ ਬਿੰਬ ਪੇਸ਼ ਕੀਤੇ ਗਏ ਹਨ। ਇਹ ਕਥਾ ਸੰਗ੍ਰਹਿ ਕਹਾਣੀਆਂ ਦੇ ਇਕਹਿਰੇ ਬਿਰਤਾਂਤਕ ਸੰਗਠਨ ਪਰੰਤੂ ਸੰਚਾਰਮੁਖਤਾ ਦੇ ਵਿਸ਼ੇਸ਼ ਪਹਿਲੂ ਸਹਿਤ ਪੜ੍ਹਨਯੋਗਤਾ ਦਾ ਧਾਰਨੀ ਬਣਦਾ ਹੈ। **-(ਡਾ.) ਰਾਜਵੰਤ ਕੌਰ**

## ਯਾਦਾਂ ਦੀ ਬੁੱਕਲ (ਯਾਦਾਂ) ਗੁਰਚਰਨ ਰਾਮਪੁਰੀ

ਗੁਰਚਰਨ ਰਾਮਪੁਰੀ ਪੰਜਾਬੀ ਸਾਹਿਤ ਜਗਤ ਵਿਚ ਸਥਾਪਤ ਹਸਤਾਖਰ ਹੈ। ਉਹ ਪ੍ਰਗਤੀਵਾਦੀ ਧਾਰਾ ਦਾ ਪ੍ਰਮੁੱਖ ਕਵੀ ਅਤੇ ਪੰਜਾਹਵਿਆਂ ਵਿਚ ਸਥਾਪਤ ਹੋਈ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਸੰਸਥਾਪਕਾਂ ਤੇ ਮੁੱਢਲੇ ਮੈਂਬਰਾਂ ਵਿਚੋਂ ਇਕ ਹੈ। ਉਸ ਦੀ ਪਲੇਠੀ ਕਾਵਿ ਪੁਸਤਕ 'ਕਣਕਾਂ ਦੀ ਖੁਸ਼ਬੋ' 1953 ਵਿਚ ਪ੍ਰਕਾਸ਼ਤ ਹੋਈ। ਕੁਝ ਸਾਲਾਂ ਦੇ ਵਕਫੇ ਨਾਲ ਦੋ ਹੋਰ ਕਾਵਿ ਪੁਸਤਕਾਂ 'ਕੌਲ ਕਰਾਰ' 1960 ਵਿਚ ਅਤੇ 'ਕਿਰਨਾਂ ਦਾ ਆਲ੍ਹਣਾ' 1963 ਵਿਚ ਛਪੀਆਂ। 1964 ਵਿਚ ਉਹ

ਕੈਨੇਡਾ ਪਰਵਾਸ ਕਰ ਗਿਆ ਅਤੇ ਉੱਥੇ ਵੀ ਨਿਰੰਤਰ ਸਾਹਿਤ ਸਿਰਜਣਾ ਨਾਲ ਜੁੜਿਆ ਰਿਹਾ। 'ਅੰਨ੍ਹੀ ਗਲੀ','ਕੰਚਨੀ','ਕਤਲਗਾਹ' ਅਤੇ 'ਅਗਨਾਰ' ਉਸਦੀਆਂ ਤਿੰਨ ਕਾਵਿ ਪੁਸਤਕਾਂ ਹੋਰ ਪ੍ਰਕਾਸ਼ਤ ਹੋਈਆਂ। ਗੁਰਚਰਨ ਰਾਮਪੁਰੀ ਦੀ ਕਵਿਤਾ ਆਪਣੇ ਸਮੇਂ ਦੀ ਹਾਣ ਦੀ ਰਹੀ,ਜਿਸ ਨੇ ਪਾਠਕਾਂ ਦਾ ਧਿਆਨ ਵੀ ਖਿੱਚਿਆ ਅਤੇ ਸਾਹਿਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਰਹੀ।

ਤਿੰਨ ਸਾਲ ਪਹਿਲਾਂ ਗੁਰਚਰਨ ਰਾਮਪੁਰੀ ਚਲਾਣਾ ਕਰ ਗਿਆ ਸੀ ਅਤੇ ਆਪਣਾ ਲਿਖਿਆ ਕਾਫੀ ਕੁਝ ਪਿੱਛੇ ਛੱਡ ਗਿਆ ਸੀ ਜੋ ਉਸਦੇ ਜੀਵਨ ਕਾਲ ਵਿਚ ਪੁਸਤਕ ਰੂਪ ਵਿਚ ਛਪ ਨਹੀਂ ਸੀ ਸਕਿਆ। ਗੁਰਚਰਨ ਰਾਮਪੁਰੀ ਕਵੀ ਹੋਣ ਦੇ ਨਾਲ ਚੰਗਾ ਵਾਰਤਕ ਲੇਖਕ ਵੀ ਸੀ। 'ਯਾਦਾਂ ਦੀ ਬੁੱਕਲ' (ਪੰਨੇ 220, ਮੁੱਲ 500 ਰੁਪਏ, ਨਵਯੁੱਗ ਪਬਲਿਸ਼ਰਜ਼, ਦਿੱਲੀ) ਵਾਰਤਕ ਪੁਸਤਕ ਹੈ, ਜਿਸਨੂੰ ਰਾਮਪੁਰੀ ਦੇ ਦਿਹਾਂਤ ਉਪਰੰਤ ਡਾ. ਰਘਬੀਰ ਸਿੰਘ ਨੇ ਸੰਪਾਦਤ ਕਰ ਕੇ ਪਾਠਕਾਂ ਦੇ ਸਨਮੁਖ ਕੀਤਾ ਹੈ। ਸਿਰਨਾਵੇਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ 'ਯਾਦਾਂ ਦੀ ਬੁੱਕਲ' ਪੁਸਤਕ ਸੰਸਮਰਣ ਦੀ ਵੰਨਗੀ ਹੈ। ਇਸ ਪੁਸਤਕ ਵਿਚ ਲੇਖਕ ਨੇ ਆਪਣੇ ਜੀਵਨ ਵਿਚ ਆਏ ਉਤਰਾਅ-ਚੜ੍ਹਾਅ, ਮੁਸ਼ਕਿਲਾਂ, ਦੁਸ਼ਵਾਰੀਆਂ, ਮਿਲੇ ਕੰਮਕਾਜੀ ਤੇ ਸਾਹਿਤਕ ਵਿਅਕਤੀਆਂ ਦੀਆਂ ਅਣਮੁੱਲੀਆਂ ਯਾਦਾਂ ਨੂੰ ਕਲਮਬੱਧ ਕੀਤਾ ਹੈ।

ਪੁਸਤਕ ਨੂੰ 47 ਨਿਬੰਧਾਂ ਵਿਚ ਵੰਡਿਆ ਗਿਆ ਹੈ। ਪੁਸਤਕ ਦਾ ਆਰੰਭ 'ਲੰਗੋਟੀਆ ਅਤੇ ਉਸਤਾਦ' ਨਾਂ ਦੇ ਨਿਬੰਧ ਨਾਲ ਹੁੰਦਾ ਹੈ। ਇਸ ਨਿਬੰਧ ਵਿਚ ਲੇਖਕ ਆਪਣੇ ਖ਼ਾਸ ਮਿੱਤਰ ਸੁਰਜੀਤ ਰਾਮਪੁਰੀ, ਜੋ ਉਸ ਵਾਂਗ ਹੀ ਨਾਮਵਰ ਕਵੀ ਅਤੇ ਰਾਮਪੁਰ ਸਭਾ ਦਾ ਸੰਸਥਾਪਕਾ ਸੀ, ਨਾਲ ਬਿਤਾਏ ਸਮੇਂ ਦੀਆਂ ਯਾਦਾਂ ਨੂੰ ਪੇਸ਼ ਕਰਦਾ ਹੈ। ਸੁਰਜੀਤ ਰਾਮਪੁਰੀ ਦਾ ਗੁਰਚਰਨ ਰਾਮਪੁਰੀ ਦੀ ਜ਼ਿੰਦਗੀ ਵਿਚ ਬੜਾ ਅਹਿਮ ਸਥਾਨ ਰਿਹਾ ਹੈ। ਉਸ ਨੇ ਲੇਖਕ ਦੀ ਕਵਿਤਾ ਵਿਚ ਪਰੱਪਕਤਾ ਲਿਆਉਣ ਵਿਚ ਸਹਾਇਤਾ ਕੀਤੀ। 'ਕੰਪਨੀ, ਕਾਨੂੰਨ, ਕਰਜ਼ਾ' ਨਿਬੰਧ ਵਿਚ ਲੇਖਕ ਆਪਣੇ ਆਰੰਭਲੇ ਸਮੇਂ ਵਿਚਲੀ ਮੰਦਹਾਲੀ ਤੇ ਤੇਲ ਕੰਪਨੀ ਦੀ ਠੱਗੀ ਬਾਰੇ ਜ਼ਿਕਰ ਕਰਦਾ ਹੈ। ਉਹ ਆਪਣੇ ਰੁਜ਼ਗਾਰ ਦੇ ਵਸੀਲਿਆਂ ਲਈ ਕਈ ਯਤਨ ਕਰਦਾ ਹੈ ਪਰ ਬਹੁਤੀ ਥਾਂਈਂ ਨਿਰਾਸ਼ਾ ਉਸਦੇ ਪੱਲੇ ਪੈਂਦੀ ਹੈ। ਪਰ ਉਸਦੇ ਮਾਪੇ ਤੇ ਮਿੱਤਰ ਸੁਰਜੀਤ ਉਸਨੂੰ ਥਿੜਕਣ ਨਹੀਂ ਦਿੰਦੇ। ਲੇਖਕ ਆਪਣੇ ਮੁੱਢਲੇ ਸਮੇਂ ਤੋਂ ਲੈ ਕੇ ਜਵਾਨੀ ਤਕ, ਵਿਆਹ, ਪਹਿਲੀ ਪਤਨੀ, ਦੂਜੇ ਵਿਆਹ, ਦੁਕਾਨਦਾਰੀ, ਸ਼ੌਂਕ, ਕਵੀ ਦਰਬਾਰਾਂ, ਕੈਨੇਡਾ ਪਰਵਾਸ ਅਤੇ ਕੈਨੇਡਾ ਵਿਚਲੇ ਆਪਣੇ ਜੀਵਨ ਦੇ ਸੰਘਰਸ਼ ਨੂੰ ਵੱਖ-ਵੱਖ ਸਿਰਲੇਖਾਂ ਹੇਠ ਪੇਸ਼ ਕਰਦਾ ਹੈ।

ਗੁਰਚਰਨ ਆਪਣੇ ਮਾਪਿਆਂ ਦਾ ਸਾਊ ਪੁੱਤ ਸੀ। ਉਸਦਾ ਬਾਪ ਨਰਾਜ਼ਗੀ ਹੋਣ ਦੇ ਬਾਵਜੂਦ ਕਦੇ ਵੀ ਆਪਣੇ ਪੁੱਤ ਨੂੰ ਟੋਕਦਾ ਨਹੀਂ ਸੀ, ਬਲਕਿ ਹਮੇਸ਼ਾ ਉਸ ਨੂੰ ਅੱਗੇ ਵਧਣ ਦੀ ਹੱਲਾਸ਼ੇਰੀ ਦਿੰਦਾ ਸੀ। ਉਹ ਆਪਣੇ ਬਾਪ ਦੇ ਵਚਨ ਦੀ ਕਹਾਣੀ ਪੁਸਤਕ ਵਿਚ 'ਇਕ ਵਚਨ, ਦੋ ਵਿਆਹ, ਤਿੰਨ ਟੋਟਰੂ' ਨਿਬੰਧ ਰਾਹੀਂ ਬਿਆਨ ਕਰਦਾ ਹੈ। ਉਸਦਾ ਬਾਪ ਅਨਪੜ੍ਹ ਹੋਣ ਦੇ ਬਾਵਜੂਦ ਜ਼ਿੰਦਗੀ ਨੂੰ ਸਮਝਣ ਦੀ ਕਮਾਲ ਦੀ ਯੋਗਤਾ ਰੱਖਦਾ ਹੈ। ਇਹੀ ਗੁਣ ਲੇਖਕ ਦੀ ਜੀਵਨ ਸ਼ੈਲੀ ਅਤੇ ਲਿਖਤ ਵਿਚੋਂ ਵੀ ਝਲਕਦਾ ਹੈ।

ਗੁਰਚਰਨ ਰਾਮਪੁਰੀ ਹੱਥਲੀ ਪੁਸਤਕ ਵਿਚ ਕੈਨੇਡਾ ਵਿਚਲੇ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੇ ਆਪਣੇ ਸਾਹਿਤਕ ਦੋਸਤਾਂ ਦੀਆਂ ਯਾਦਾਂ ਨੂੰ ਕਲਮਬੱਧ ਕਰਦਾ ਹੈ। ਉਸਨੇ ਵਿਦੇਸ਼ ਪਹੁੰਚ ਕੇ ਵੀ ਸਾਹਿਤ ਦਾ ਪੱਲਾ ਨਹੀਂ ਛੱਡਿਆ ਅਤੇ ਨਿਰੰਤਰ ਸਿਰਜਣਾ ਕਰਦਾ ਰਿਹਾ ਹੈ। ਉਸਦੀ ਸਿਰਜਣਾ ਵਿਚ ਇਕਾਂਤ ਦਾ ਵਿਸ਼ੇਸ਼ ਸਥਾਨ ਰਿਹਾ ਹੈ, ਪਹਿਲਾਂ ਪਿੰਡ ਦੀ ਨਹਿਰ ਤੇ ਫਿਰ ਵਿਦੇਸ਼ ਜਾ ਕੇ ਉਹ ਪਾਰਕ ਵਿਚ ਸਿਰਜਣਾਤਮਕਤਾ ਵਿਚ ਲੀਨ ਹੁੰਦਾ ਰਿਹਾ। 'ਸੱਯਦ ਸਿਬਤੁਲ ਹਸਨ ਜ਼ੈਗਮ' ਤੇ 'ਲੋਕ ਕਵੀ ਉਸਤਾਦ ਦਾਮਨ' ਉਸਦੀ ਪਾਕਿਸਤਾਨ ਫੇਰੀ 'ਤੋਂ ਉਪਜੇ ਨਿਬੰਧ ਹਨ। ਇਹਨਾਂ

ਨਿਬੰਧਾਂ ਵਿਚ ਉਹ ਪਾਕਿਸਤਾਨ ਦੇ ਨਾਮਵਰ ਸਾਹਿਤਕਾਰਾਂ ਤੇ ਉਹਨਾਂ ਦੇ ਮਨਾਂ ਵਿਚਲੀ ਪੰਜਾਬ ਵੰਡ ਪ੍ਰਤੀ ਵੇਦਨਾ ਨੂੰ ਰੂਪਮਾਨ ਕਰਦਾ ਹੈ। 'ਲੋਕ ਕਵੀ ਉਸਤਾਦ ਦਾਮਨ' ਨਿਬੰਧ ਵਿਚ ਉਹ ਉਸਤਾਦ ਦਾਮਨ ਦਾ ਰੇਖਾ ਚਿਤਰ ਉਭਾਰਦਾ ਹੈ। ਉਸਤਾਦ ਦਾਮਨ ਪਹਿਲਾਂ ਆਜ਼ਾਦੀ ਦਾ ਸ਼ਾਇਰ ਰਿਹਾ, ਉਸਨੇ ਆਜ਼ਾਦੀ ਦੇ ਗੀਤ ਗਾਏ। ਉਹ ਪਾਕਿਸਤਾਨ ਵੰਡ ਦਾ ਵਿਰੋਧੀ ਸੀ ਅਤੇ ਵੰਡ ਤੋਂ ਬਾਅਦ ਉਸਨੇ ਪਾਕਿਸਤਾਨ ਦੇ ਅਵਾਮ ਦੀ ਹਕੀਕਤ ਤੇ ਆਵਾਜ਼ ਨੂੰ ਆਪਣੀ ਕਵਿਤਾ ਤੇ ਗੀਤਾਂ ਰਾਹੀਂ ਜ਼ੁਬਾਨ ਦਿੱਤੀ।

'ਯਾਦਾਂ ਦੀ ਬੁੱਕਲ' ਪੁਸਤਕ ਵਿਚ ਕਵੀ ਦੀ ਖੱਟੀ ਕਮਾਈ ਦਾ ਜ਼ਿਕਰ 'ਮੇਰੀਆਂ ਰਚਨਾਵਾਂ ਦੀ ਪ੍ਰਕਾਸ਼ਨਾ ਤੇ ਖੱਟੀ' ਨਿਬੰਧ ਵਿਚ ਮਿਲਦਾ ਹੈ। ਇਸ ਵਿਚ ਉਹ ਪੰਜਾਬੀ ਲੇਖਕਾਂ ਤੇ ਪ੍ਰਕਾਸ਼ਕਾਂ ਦੀ ਵਾਸਤਵਿਕਤਾ ਨੂੰ ਨਸ਼ਰ ਕਰਦਾ ਹੈ। ਜ਼ਿਆਦਾਤਰ ਪ੍ਰਕਾਸ਼ਕਾਂ ਨੇ ਪੈਸੇ ਲੈ ਕੇ ਗ਼ੈਰ ਮਿਆਰੀ ਲੇਖਕਾਂ ਨੂੰ ਵੀ ਛਾਪਣਾ ਸ਼ੁਰੂ ਕਰ ਦਿੱਤਾ ਹੈ ਜਿਸ ਦੇ ਨਤੀਜੇ ਵਜੋਂ ਹਰ ਕੋਈ ਆਪਣੇ ਪੱਲਿਓਂ ਪੈਸੇ ਖਰਚ ਕੇ ਲੇਖਕ ਬਣਨ ਦੀ ਇੱਛਾ ਦੀ ਪੂਰਤੀ ਕਰੀ ਜਾਂਦਾ ਹੈ। ਦੂਜੇ ਪਾਸੇ ਕੁਝ ਚੰਗੇ ਪ੍ਰਕਾਸ਼ਕ ਜਿੱਥੇ ਚੰਗਾ ਸਾਹਿਤ ਛਾਪ ਕੇ ਪੰਜਾਬੀ ਦੀ ਸੇਵਾ ਕਰ ਰਹੇ ਹਨ, ਉੱਥੇ ਪ੍ਰਕਾਸ਼ਨਾ ਦਾ ਕੰਮ ਵਿਚ ਪੈਣ ਵਾਲੇ ਲੇਖਕਾਂ ਨੇ ਸਗੋਂ ਵਧੇਰੇ ਲੁੱਟ ਮਚਾ ਦਿੱਤੀ ਹੈ।

ਰਾਮਪੁਰੀ ਆਪਣੇ ਆਰੰਭਲੇ ਸਮੇਂ ਵਿਚ ਮਾਰਕਸਵਾਦ ਅਤੇ ਖੱਬੀ ਲਹਿਰ ਤੋਂ ਪ੍ਰਭਾਵਤ ਸੀ ਅਤੇ ਉਸਦੀਆਂ ਲਿਖਤਾਂ ਵਿਚੋਂ ਵੀ ਇਸ ਦਾ ਝਲਕਾਰਾ ਮਿਲਦਾ ਹੈ। ਉਹ ਸੋਵੀਅਤ ਰੂਸ ਵੱਲ ਸਹਿਜੇ ਹੀ ਖਿੱਚਿਆ ਗਿਆ। ਇਸ ਸਾਂਝ ਸਦਕਾ ਹੀ ਉਸ ਦੀਆਂ ਕੁਝ ਕਵਿਤਾਵਾਂ ਰੂਸੀ ਵਿਚ ਅਨੁਵਾਦ ਹੋ ਕੇ ਛਪੀਆਂ ਸਨ ਅਤੇ ਉਹਨਾਂ ਦੀ, ਭਾਵੇਂ ਦੇਰੀ ਨਾਲ ਹੀ, ਉਸਨੂੰ ਰਾਇਲਟੀ ਵੀ ਮਿਲੀ ਸੀ। ਪਰ ਪੰਜਾਬੀ ਪ੍ਰਕਾਸ਼ਕਾਂ ਤੋਂ ਉਸਨੂੰ ਕਦੇ ਨਾ ਮਾਤਰ ਮੁਆਵਜ਼ਾ ਵੀ ਨਹੀਂ ਮਿਲਿਆ। ਰਾਮਪੁਰੀ ਨੇ ਆਪਣੇ ਖਰਚ 'ਤੇ ਸੁਰਿੰਦਰ ਕੌਰ, ਜਗਜੀਤ ਜ਼ੀਰਵੀ ਅਤੇ ਡੌਲੀ ਗੁਲੇਰੀਆ ਦੀ ਆਵਾਜ਼ ਵਿਚ ਆਪਣੇ ਗੀਤਾਂ ਗ਼ਜ਼ਲਾਂ ਦੀ ਇਕ ਕੈਸਟ ਵੀ ਤਿਆਰ ਕਰਵਾਈ ਸੀ। ਇਸ ਕੈਸਟ ਦੀ ਰਿਕਾਡਿੰਗ ਤੇ ਮਾਰਕਿਟਿੰਗ ਦੇ ਮਾੜੇ ਅਨੁਭਵਾਂ ਨੂੰ ਹਲਕੇ ਫੁਲਕੇ ਅੰਦਾਜ਼ ਵਿਚ ਬਿਆਨ ਕੀਤਾ ਹੈ। ਮਹਿੰਦਰ ਸਿੰਘ ਰੰਧਾਵਾ, ਹਰਪ੍ਰਕਾਸ਼ ਜਨਾਗਲ (ਚਿਤਰਕਾਰ) ਸਮੇਤ ਬਹੁਤ ਸਾਰੇ ਲੇਖਕਾਂ ਕਲਾਕਾਰਾਂ ਨਾਲ ਗੁਰਚਰਨ ਰਾਮਪੁਰੀ ਦੀਆਂ ਮੁਲਾਕਾਤਾਂ ਤੇ ਸਾਂਝਾਂ ਦਾ ਵੇਰਵਾ ਵੀ ਪੁਸਤਕ ਦੇ ਨਿਬੰਧਾਂ ਵਿਚੋਂ ਮਿਲਦਾ ਹੈ।

ਗੁਰਚਰਨ ਰਾਮਪੁਰੀ ਮੂਲ ਰੂਪ ਵਿਚ ਤਾਂ ਕਵੀ ਹੈ ਪਰ ਹੱਥਲੀ ਪੁਸਤਕ ਨੂੰ ਵਾਚਦਿਆਂ ਪਤਾ ਲੱਗਦਾ ਹੈ ਕਿ ਉਸਨੂੰ ਵਾਰਤਕ ਉੱਤੇ ਵੀ ਕਮਾਲ ਦੀ ਪਕੜ ਹਾਸਲ ਹੈ। ਉਸਦੀ ਵਾਰਤਕ ਵਿਚ ਗੁਰਬਖਸ ਸਿੰਘ ਪ੍ਰੀਤਲੜੀ ਵਰਗੀ ਸ਼ਬਦ ਜੜ੍ਹਤ ਅਤੇ ਬਲਵੰਤ ਗਾਰਗੀ ਦੇ ਵਾਕ ਬਣਤਰ ਦੀ ਚੁਸਤੀ ਉਘੜਦੀ ਹੈ। ਉਹ ਛੋਟੇ-ਛੋਟੇ ਵਾਕ ਵਰਤਦਾ ਹੈ ਅਤੇ ਸੰਵਾਦ ਰਚਣ ਵੇਲੇ ਪਾਤਰਾਂ ਦੇ ਧਰਾਤਲ ਤੇ ਰਹਿਤਲ ਅਨੁਸਾਰ ਵਾਕਕ੍ਰਮ ਨੂੰ ਢਾਲ਼ਦਾ ਹੈ, ਜਿਸ ਸਦਕਾ ਰੋਚਿਕਤਾ ਬਣੀ ਰਹਿੰਦੀ ਹੈ। ਸਮੁੱਚੇ ਤੌਰ 'ਤੇ ਪੰਜਾਬੀ ਵਾਰਤਕ ਸਾਹਿਤ ਵਿਚ ਮੁੱਲਵਾਨ ਵਾਧਾ ਕਰਦੀ ਮਰਹੂਮ ਗੁਰਚਰਨ ਰਾਮਪੁਰੀ ਦੀ ਇਸ ਪੁਸਤਕ 'ਯਾਦਾਂ ਦੀ ਬੁੱਕਲ' ਨੂੰ ਖੁਸ਼ਆਮਦੀਦ ਆਖਣਾ ਬਣਦਾ ਹੈ।

**-ਪਰਗਟ ਸਿੰਘ ਬਰਾੜ**

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜੁਲਾਈ, 2021

---

## ਪ੍ਰੌਢ ਗਲਪਕਾਰ ਜਰਨੈਲ ਸਿੰਘ ਸੇਖਾ ਦੀ ਸਵੈ-ਜੀਵਨੀ

# ਕੰਡਿਆਰੇ ਪੰਧ




'ਚੇਤਿਆਂ ਦੀ ਚਿਲਮਨ', 'ਚੇਤਿਆਂ ਦੀ ਚਿਤਵਨ' ਅਤੇ 'ਚੇਤਿਆਂ ਦੇ ਅੰਗ ਸੰਗ' ਤਿੰਨ ਭਾਗਾਂ ਵਿਚ ਲਿਖੀ ਜਰਨੈਲ ਸਿੰਘ ਸੇਖਾ ਦੀ ਸਵੈ-ਜੀਵਨੀ ਅੱਠ ਦਹਾਕਿਆਂ ਤਕ ਪਸਰੇ ਉਸਦੇ ਜੀਵਨ ਸਮਾਚਾਰਾਂ ਦਾ ਬਿਉਰਾ ਦਿੰਦੀ ਹੋਈ ਬਹੁਤ ਰੌਚਿਕ ਬਿਰਤਾਂਤ ਸਿਰਜਦੀ ਹੈ। ਯਥਾਰਥਕ ਵੇਰਵਿਆਂ ਉੱਤੇ ਆਧਾਰਤ ਇਸ ਪੁਸਤਕ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਵਿਚ ਗਲਪ ਰਚਨਾ ਵਾਲਾ ਰਸ ਵੀ ਹੈ। ਲੇਖਕ ਦੀਆਂ ਯਾਦਾਂ ਤਕ ਸੀਮਤ ਨਾ ਰਹਿੰਦੀ ਹੋਈ ਇਹ ਪੁਸਤਕ ਪੰਜਾਬੀ ਸਮਾਜ-ਸਭਿਆਚਾਰ ਦੀ ਇਕ ਇਤਿਹਾਸਕ ਦਸਤਾਵੇਜ਼ ਵੀ ਹੋ ਨਿਬੜਦੀ ਹੈ।

ਪੰਨੇ 497    ਸੁੰਦਰ ਦਿੱਖ    ਮੁੱਲ 795 ਰੁਪਏ

**ਚੇਤਨਾ ਪ੍ਰਕਾਸ਼ਨ** ਪੰਜਾਬੀ ਭਵਨ, ਲੁਧਿਆਣਾ

**SIRJANA** Literary Punjabi Quarterly Chandigarh
No. 201 ISSN 2455-1058 July-September 2021
Registered with the Registrar of Newspapers for India vide R.N. 10215/65

**ਪਹਿਲੀਆਂ ਰਚਨਾਵਾਂ ਨਾਲ ਹੀ ਪੰਜਾਬੀ ਕਹਾਣੀਕਾਰਾਂ ਦੀ ਮੂਹਰਲੀ ਸਫ ਵਿਚ ਵਿਚ ਆ ਜਾਣ ਵਾਲੀ ਚਰਚਿਤ ਲੇਖਿਕਾ**
**ਸਰਘੀ ਦਾ ਪਲੇਠਾ ਕਹਾਣੀ ਸੰਗ੍ਰਹਿ**




ਆਪਣੇ ਵਿਰਸੇ ਤੋਂ ਪ੍ਰੇਰਣਾ ਲੈਂਦੀ ਹੋਈ ਸਰਘੀ ਸਹਿਜਤਾ ਨਾਲ ਕਹਾਣੀ ਗੁੰਦਦੀ ਹੈ। ਨਾਰੀ ਪੀੜਾ ਅਤੇ ਨਾਰੀ ਹੋਂਦ ਦੇ ਮਸਲਿਆਂ ਨੂੰ ਛੋਂਹਦੀਆਂ ਉਸਦੀਆਂ ਕਹਾਣੀਆਂ ਸਮਾਜਕ ਜੀਵਨ ਦੀਆਂ ਕਈ ਪਰਤਾਂ ਆਪਣੇ ਵਿਚ ਸਮੋਈ ਬੈਠੀਆਂ ਹਨ। ਇਸ ਕਹਾਣੀ ਸੰਗ੍ਰਹਿ ਨਾਲ ਪੰਜਾਬੀ ਕਹਾਣੀ ਨਿਸਚੈ ਹੀ ਬਹੁਤ ਅਮੀਰ ਹੋਈ ਹੈ, ਜਿਸ ਵਿਚ 'ਹਾਲੀਡੇ ਵਾਈਫ', 'ਰਾਡ', 'ਆਪਣੇ ਆਪਣੇ ਮਰਸੀਏ' ਅਤੇ 'ਕੁੜੀਆਂ' ਵਰਗੀਆਂ ਸ਼ਾਨਦਾਰ ਕਹਾਣੀਆਂ ਸ਼ਾਮਲ ਹਨ।

**ਪੰਨੇ 120** **ਸੁੰਦਰ ਦਿੱਖ** **ਮੁੱਲ 200 ਰੁਪਏ**

**ਚੇਤਨਾ ਪ੍ਰਕਾਸ਼ਨ** ਪੰਜਾਬੀ ਭਵਨ, ਲੁਧਿਆਣਾ